26-AUG-PAGE-1.qxd 8/25/2024 10:33 PM Page 1


ਸੋਮਵਾਰ, 26 ਅਗਸਤ, 2024
11 ਭਾਦੋਂ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 73
ਅੰਕ/NO. : 85

# ਨਵਾਂ ਜ਼ਮਾਨਾ

DAILY NAWAN ZAMANA • MONDAY, 26 AUGUST, 2024 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ  Regd. No : L-4/Pb-JL-0023/2024-26, (R.N.I.)-00068/57  E-mail : nawanzamana@gmail.com  www.nawanzamana.in  ਸਫ਼ੇ : 12




**ਅੰਮ੍ਰਿਤਸਰ** : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਤੇ ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਐਤਵਾਰ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ। ਮੁੱਖ ਮੰਤਰੀ ਮਾਨ ਨੇ ਐੱਕਸ 'ਤੇ ਇਕ ਪੋਸਟ ਵਿਚ ਕਿਹਾ—ਅੱਜ ਗੁਰੂ ਨਗਰੀ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਜੀ ਨਾਲ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਣ ਦਾ ਸੁਭਾਗ ਪ੍ਰਾਪਤ ਹੋਇਆ। ਗੁਰੂ ਚਰਨਾਂ 'ਚ ਸੀਸ ਨਿਵਾਇਆ। ਦੇਸ਼ 'ਚ ਅਮਨ-ਸ਼ਾਂਤੀ ਤੇ ਆਪਸੀ ਭਾਈਚਾਰਕ ਸਾਂਝ ਬਣੇ ਰਹਿਣ ਲਈ ਗੁਰੂ ਸਾਹਿਬ ਅੱਗੇ ਅਰਦਾਸ, ਬੇਨਤੀਆਂ ਕੀਤੀਆਂ।

## ਨਸ਼ਿਆਂ 'ਤੇ ਕਾਬੂ ਪਾਉਣ ਲਈ ਸ਼ਾਹ ਦੇ ਚਾਰ ਫਾਰਮੂਲੇ

**ਰਾਏਪੁਰ** : ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਐਤਵਾਰ ਕਿਹਾ ਕਿ ਗੈਰਕਾਨੂੰਨੀ ਨਸ਼ਿਆਂ ਦਾ ਵਪਾਰ ਨਾ ਸਿਰਫ ਭਾਰਤ ਲਈ ਚੁਣੌਤੀ ਹੈ, ਬਲਕਿ ਇਹ ਆਲਮੀ ਮਸਲਾ ਵੀ ਹੈ। ਦੇਸ਼ ਇਸ ਅਲਾਮਤ ਨਾਲ ਦ੍ਰਿੜ੍ਹ ਸੰਕਲਪ ਤੇ ਮਜ਼ਬੂਤ ਰਣਨੀਤੀ ਨਾਲ ਹੀ ਲੜ ਸਕਦਾ ਹੈ। ਛੱਤੀਸਗੜ੍ਹ ਦੇ ਨਵਾਂ ਰਾਜਪੁਰ ਵਿਚ ਬੈਠਕ ਨੂੰ ਸੰਬੋਧਨ ਕਰਦਿਆਂ ਸ਼ਾਹ ਨੇ ਕਿਹਾ ਕਿ ਨਸ਼ਿਆਂ ਨੂੰ ਜੜ੍ਹੋਂ ਪੁੱਟਣ ਤੇ ਇਸ ਅਲਾਮਤ ਨਾਲ ਸਿੱਝਣ ਲਈ ਚਾਰ ਫਾਰਮੂਲਿਆਂ—'ਨਸ਼ਿਆਂ ਦੀ ਖੋਜ, ਨੈੱਟਵਰਕ ਤਬਾਹ ਕਰਨਾ, ਦੋਸ਼ੀਆਂ ਦੀ ਪਛਾਣ ਤੇ ਨਸ਼ੇ ਦੇ ਆਦੀ ਲੋਕਾਂ ਦਾ ਪੁਨਰਵਾਸ—ਨੂੰ ਅਪਣਾਉਣ ਦੀ ਲੋੜ ਹੈ।

## 'ਔਰਤਾਂ ਖਿਲਾਫ ਅਪਰਾਧ ਨਾਕਾਬਲੇ-ਮੁਆਫੀ ਪਾਪ'

**ਜਲਗਾਓਂ** : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਔਰਤਾਂ ਖਿਲਾਫ ਅਪਰਾਧ ਨੂੰ ਨਾਕਾਬਲੇ-ਮੁਆਫੀ ਪਾਪ ਕਰਾਰ ਦਿੰਦਿਆਂ ਕਿਹਾ ਕਿ ਦੋਸ਼ੀਆਂ ਨੂੰ ਬਖਸ਼ਿਆ ਨਹੀਂ ਜਾਣਾ ਚਾਹੀਦਾ। ਉੱਤਰੀ ਮਹਾਰਾਸ਼ਟਰ ਦੇ ਜਲਗਾਓਂ ਵਿਚ ਲੱਖਪਤੀ ਦੀਦੀ ਸੰਮੇਲਨ ਨੂੰ ਸੰਬੋਧਨ ਕਰਦਿਆਂ ਮੋਦੀ ਨੇ ਕਿਹਾ—ਮਾਵਾਂ, ਭੈਣਾਂ ਤੇ ਧੀਆਂ ਦੀ ਸੁਰੱਖਿਆ ਦੇਸ਼ ਦੀ ਤਰਜੀਹ ਹੈ। ਮੈਂ ਲਾਲ ਕਿਲ੍ਹੇ ਦੀ ਫਸੀਲ ਤੋਂ ਵਾਰ-ਵਾਰ ਇਹ ਮੁੱਦਾ ਚੁੱਕਿਆ ਹੈ। ਦੇਸ਼ ਦਾ ਕੋਈ ਵੀ ਰਾਜ ਹੋਵੇ, ਮੈਂ ਆਪਣੀਆਂ ਭੈਣਾਂ ਤੇ ਧੀਆਂ ਦੀ ਪੀੜ ਤੇ ਗੁੱਸੇ ਨੂੰ ਸਮਝਦਾ ਹਾਂ।

## ਯੂ ਪੀ ਐੱਸ ਦਲਿਤਾਂ, ਆਦਿਵਾਸੀਆਂ ਤੇ ਪੱਛੜੀਆਂ ਜਾਤਾਂ 'ਤੇ ਹਮਲਾ : ਕਾਂਗਰਸ

**ਨਵੀਂ ਦਿੱਲੀ** : ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਕਿਹਾ ਹੈ ਕਿ ਯੂਨੀਫਾਈਡ ਪੈਨਸ਼ਨ ਸਕੀਮ (ਯੂ ਪੀ ਐੱਸ) ਵਿਚ 'ਯੂ' ਦਾ ਮਤਲਬ ਮੋਦੀ ਸਰਕਾਰ ਦੇ ਯੂ-ਟਰਨਜ਼ ਹਨ। 4 ਜੂਨ ਤੋਂ ਬਾਅਦ ਲੋਕਾਂ ਦੀ ਤਾਕਤ ਸੱਤਾ ਦੇ ਹੰਕਾਰੀ ਪ੍ਰਧਾਨ ਮੰਤਰੀ 'ਤੇ ਭਾਰੂ ਰਹੀ ਹੈ। ਬਜਟ ਵਿਚ ਲੌਂਗ ਟਰਮ ਕੈਪੀਟਲ ਗੇਨ ਨੂੰ ਵਾਪਸ ਲੈਣਾ ਪਿਆ। ਵਕਫ ਬਿੱਲ ਜੇ ਪੀ ਸੀ ਨੂੰ ਭੇਜਣਾ ਪੈ ਗਿਆ। ਬਰੌਡਕਾਸਟ ਬਿੱਲ ਦੀ ਵਾਪਸੀ। ਲੇਟਰਲ ਐਂਟਰੀ ਦੀ ਵਾਪਸੀ। ਅਸੀਂ ਜਵਾਬਦੇਹੀ ਯਕੀਨੀ ਬਣਾਵਾਂਗੇ ਤੇ 140 ਕਰੋੜ ਭਾਰਤੀਆਂ ਨੂੰ ਇਸ ਆਪਹੁਦਰੀ ਸਰਕਾਰ ਤੋਂ ਬਚਾਵਾਂਗੇ। ਕਾਂਗਰਸ ਦੇ ਮੀਡੀਆ ਵਿੰਗ ਦੇ ਇੰਚਾਰਜ ਪਵਨ ਖੇੜਾ ਨੇ ਕਿਹਾ ਕਿ ਕਈ ਰਾਜਾਂ ਵਿਚ ਸਰਕਾਰੀ ਨੌਕਰੀਆਂ ਲਈ ਰਾਖਵੇਂ ਵਰਗਾਂ ਲਈ ਉਪਰਲੀ ਉਮਰ ਹੱਦ 40 ਸਾਲ ਹੈ। ਯੂ ਪੀ ਐੱਸ ਸੀ ਵਿਚ ਇਹ ਹੱਦ 37 ਸਾਲ ਹੈ। ਯੂਨੀਫਾਈਡ ਪੈਨਸ਼ਨ ਸਕੀਮ ਤਹਿਤ ਪੂਰੀ ਪੈਨਸ਼ਨ ਲੈਣ ਲਈ 25 ਸਾਲ ਦੀ ਸੇਵਾ ਹੋਣੀ ਲਾਜ਼ਮੀ ਹੈ। ਅਜਿਹੇ ਹਾਲਾਤ ਵਿਚ ਅਨੁਸੂਚਿਤ ਜਾਤਾਂ, ਅਨੁਸੂਚਿਤ ਕਬੀਲਿਆਂ ਤੇ ਹੋਰ ਪੱਛੜੀਆਂ ਸ਼੍ਰੇਣੀਆਂ ਦੇ ਮੁਲਾਜ਼ਮਾਂ ਨੂੰ ਇਹ ਸਹੂਲਤ ਕਿਵੇਂ ਮਿਲੇਗੀ। ਸਰਕਾਰ ਨੂੰ ਹੁਣ ਦੱਸਣਾ ਚਾਹੀਦਾ ਹੈ ਕਿ ਕੀ ਉਹ ਪੱਛੜਿਆਂ ਨੂੰ ਉਪਲੱਬਧ ਉਪਰਲੀ ਹੱਦ ਦੀ ਸੀਮਾ ਨੂੰ ਖਤਮ ਕਰਨਾ ਚਾਹੁੰਦੀ ਹੈ ਜਾਂ ਉਨ੍ਹਾਂ ਨੂੰ ਪੂਰੀ ਪੈਨਸ਼ਨ ਤੋਂ ਮਹਿਰੂਮ ਰੱਖਣਾ ਚਾਹੁੰਦੀ ਹੈ।

# ਇਜ਼ਰਾਈਲ ਤੇ ਹਿਜ਼ਬੁੱਲ੍ਹਾ ਫਸ ਪਏ

**ਯੇਰੂਸ਼ਲਮ** : ਇਜ਼ਰਾਈਲ ਨੇ ਐਤਵਾਰ ਤੜਕੇ ਦੱਖਣੀ ਲਿਬਨਾਨ ਵਿਚ ਹਵਾਈ ਹਮਲੇ ਕਰਕੇ ਹਿਜ਼ਬੁੱਲ੍ਹਾ ਦੇ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ। ਇਨ੍ਹਾਂ ਹਮਲਿਆਂ ਤੋਂ ਕੁਝ ਦੇਰ ਬਾਅਦ ਹਿਜ਼ਬੁੱਲਾ ਨੇ ਵੀ ਆਪਣੇ ਇਕ ਸਿਖਰਲੇ ਕਮਾਂਡਰ ਫੁਆਦ ਸ਼ੁਕੂਰ ਦੀ ਹੱਤਿਆ ਦਾ ਬਦਲਾ ਲੈਣ ਲਈ ਇਜ਼ਰਾਈਲ 'ਤੇ ਸੈਂਕੜੇ ਰਾਕੇਟਾਂ ਤੇ ਡਰੋਨਾਂ ਨਾਲ ਹਮਲਾ ਕਰ ਦਿੱਤਾ। ਇਨ੍ਹਾਂ ਹਮਲਿਆਂ ਕਰਕੇ ਜਿੱਥੇ ਖਿੱਤੇ ਵਿਚ ਅਮਰੀਕਾ, ਈਰਾਨ ਤੇ ਖੇਤਰ ਦੇ ਖਾੜਕੂ ਗਰੁੱਪਾਂ ਵਿਚਾਲੇ ਵੱਡੀ ਜੰਗ ਲੱਗਣ ਦਾ ਖਤਰਾ ਵਧ ਗਿਆ ਹੈ, ਉਥੇ ਪਿਛਲੇ ਦਸ ਮਹੀਨਿਆਂ ਤੋਂ ਗਾਜ਼ਾ ਵਿਚ ਜੰਗਬੰਦੀ ਸਮਝੌਤੇ ਲਈ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਨੂੰ ਸੱਟ ਵੱਜ ਸਕਦੀ ਹੈ।

ਇਜ਼ਰਾਇਲੀ ਫੌਜ ਨੇ ਕਿਹਾ ਕਿ ਹਿਜ਼ਬੁੱਲ੍ਹਾ ਵੱਲੋਂ ਇਜਰਾਈਲ ਵੱਲ ਰਾਕੇਟ ਤੇ ਮਿਜ਼ਾਈਲਾਂ ਨਾਲ ਹਮਲਾ ਕੀਤੇ ਜਾਣ ਦੀਆਂ ਵਿਉਂਤਾਂ ਘੜੀਆਂ ਜਾ ਰਹੀਆਂ ਸਨ। ਹਾਲਾਂਕਿ ਕੁਝ ਦੇਰ ਮਗਰੋਂ ਹਿਜ਼ਬੁੱਲ੍ਹਾ ਨੇ ਇਜ਼ਰਾਈਲ ਦੇ ਫੌਜੀ ਟਿਕਾਣਿਆਂ 'ਤੇ ਹਮਲੇ ਦਾ ਐਲਾਨ ਕਰ ਦਿੱਤਾ। ਦੋਵਾਂ ਧਿਰਾਂ ਵੱਲੋਂ ਇਹ ਹਮਲੇ ਅਜਿਹੇ ਮੌਕੇ ਕੀਤੇ ਗਏ ਹਨ, ਜਦੋਂ ਇਜ਼ਰਾਈਲ-ਹਮਾਸ ਜੰਗ ਦੇ ਖਾਤਮੇ ਲਈ ਮਿਸਰ ਗੱਲਬਾਤ ਦੇ ਇਕ ਹੋਰ ਗੇੜ ਦੀ ਮੇਜ਼ਬਾਨੀ ਕਰ ਰਿਹਾ ਹੈ। ਹਿਜ਼ਬੁੱਲ੍ਹਾ ਨੇ ਕਿਹਾ ਸੀ ਕਿ ਜੇ ਗਾਜ਼ਾ ਵਿਚ ਜੰਗਬੰਦੀ ਹੁੰਦੀ ਹੈ ਤਾਂ ਉਹ ਜੰਗ ਰੋਕਣ ਲਈ ਤਿਆਰ ਹੈ। ਉਧਰ, ਈਰਾਨ ਵੱਲੋਂ ਹਮਾਸ ਤੇ ਹਿਜ਼ਬੁੱਲ੍ਹਾ ਦੋਵਾਂ ਜਥੇਬੰਦੀਆਂ ਦੇ ਨਾਲ ਸੀਰੀਆ, ਇਰਾਕ ਤੇ ਯਮਨ ਵਿਚ ਖਾੜਕੂਆਂ ਦੀ ਹਮਾਇਤ ਕੀਤੀ ਜਾ ਰਹੀ ਹੈ। ਹਿਜ਼ਬੁੱਲ੍ਹਾ ਵੱਲੋਂ ਹਮਲਿਆਂ ਦੇ ਕੀਤੇ ਐਲਾਨ



ਮਗਰੋਂ ਪੂਰੇ ਉੱਤਰੀ ਇਜ਼ਰਾਈਲ ਵਿਚ ਸਾਇਰਨ ਵੱਜਦੇ ਰਹੇ ਤੇ ਇਜ਼ਰਾਈਲ ਦੇ ਬੈਨ-ਗੁਰੀਅਨ ਕੌਮਾਂਤਰੀ ਹਵਾਈ ਅੱਡੇ 'ਤੇ ਆਉਣ ਵਾਲੀਆਂ ਉਡਾਣਾਂ ਨੂੰ ਹੋਰ ਪਾਸੇ ਡਾਇਵਰਟ ਕਰਨਾ ਪਿਆ ਅਤੇ ਕੁਝ ਦੇਰ ਲਈ ਜਹਾਜ਼ਾਂ ਨੂੰ ਉਡਾਣ ਭਰਨ ਤੋਂ ਰੋਕ ਦਿੱਤਾ ਗਿਆ।

ਰੀਅਰ ਐਡਮਿਰਲ ਡੈਨੀਅਲ ਹਗਾਰੀ ਨੇ ਕਿਹਾ ਕਿ ਦਰਜਨਾਂ ਜੰਗੀ ਜਹਾਜ਼ਾਂ ਨੇ ਦੱਖਣੀ ਲਿਬਨਾਨ ਵਿਚ ਹਿਜ਼ਬੁੱਲ੍ਹਾ ਦੇ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ। ਉਨ੍ਹਾ ਕਿਹਾ ਕਿ ਹਵਾਈ ਸੈਨਾ, ਜੰਗੀ ਬੇੜਿਆਂ ਤੇ ਜੰਗੀ ਜਹਾਜ਼ਾਂ ਵੱਲੋਂ ਇਜ਼ਰਾਈਲ ਦੇ ਹਵਾਈ ਖੇਤਰ ਦੀ ਸੁਰੱਖਿਆ ਕੀਤੀ ਜਾ ਰਹੀ ਹੈ। ਉਧਰ ਹਿਜ਼ਬੁੱਲ੍ਹਾ ਨੇ ਉੱਤਰੀ ਇਜ਼ਰਾਈਲ ਵਿਚ 11 ਫੌਜੀ ਅੱਡਿਆਂ, ਬੈਰਕਾਂ ਤੇ ਹੋਰ ਟਿਕਾਣਿਆਂ ਦੇ ਨਾਲ ਗੋਲਾਨ ਪਹਾੜੀਆਂ ਨੂੰ ਵੀ ਨਿਸ਼ਾਨਾ ਬਣਾਇਆ। ਉਸ ਨੇ ਹਮਲਿਆਂ ਲਈ 320 ਕਾਤਯੁਸ਼ਾ ਰਾਕੇਟਾਂ ਦੀ ਵਰਤੋਂ ਕੀਤੀ। ਇਸ ਦੌਰਾਨ ਅਮਰੀਕਾ ਦੀ ਕੌਮੀ ਸੁਰੱਖਿਆ ਕੌਂਸਲ ਦੇ ਤਰਜਮਾਨ ਸੀਨ ਸਾਵੇਤ ਨੇ ਕਿਹਾ ਕਿ ਰਾਸ਼ਟਰਪਤੀ ਜੋਅ ਬਾਇਡਨ ਨੇ ਇਜ਼ਰਾਈਲ ਤੇ ਲਿਬਨਾਨ ਦੇ ਘਟਨਾਕ੍ਰਮ 'ਤੇ ਨੇੜਿਓਂ ਨਜ਼ਰ ਬਣਾਈ ਹੋਈ ਹੈ। ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੇ ਦਫਤਰ ਨੇ ਕਿਹਾ ਕਿ ਉਹ ਤੇ ਰੱਖਿਆ ਮੰਤਰੀ ਯੋਆਵ ਗੈਲੇਂਟ ਤਲ ਅਵੀਵ ਵਿਚ ਫੌਜੀ ਹੈੱਡਕੁਆਰਟਰ ਤੋਂ ਇਸ ਅਪਰੇਸ਼ਨ ਦਾ ਪ੍ਰਬੰਧ ਕਰ ਰਹੇ ਹਨ।

## ਪੰਜਾਬ ਲਈ ਬੀ ਐੱਸ ਐਫ ਦੀ ਇਕ ਹੋਰ ਬਟਾਲੀਅਨ ਮੰਗੀ

**ਨਵੀਂ ਦਿੱਲੀ** : ਬੀ ਐੱਸ ਐੱਫ ਨੇ ਭਾਰਤ-ਪਾਕਿਸਤਾਨ ਸਰਹੱਦ ਨਾਲ ਲੱਗਦੇ ਪੰਜਾਬ ਦੇ ਇਲਾਕੇ ਵਿਚ ਸਰਹੱਦ ਪਾਰੋਂ ਡਰੋਨਾਂ ਨਾਲ ਹੁੰਦੀ ਨਸ਼ਿਆਂ ਤੇ ਹਥਿਆਰਾਂ ਦੀ ਤਸਕਰੀ ਅਤੇ ਘੁਸਪੈਠ ਨੂੰ ਨੱਥ ਪਾਉਣ ਲਈ ਇਕ ਹੋਰ ਬਟਾਲੀਅਨ ਦੀ ਤਾਇਨਾਤੀ ਦੀ ਮੰਗ ਕੀਤੀ ਹੈ।

ਬੀ ਐੱਸ ਐੱਫ ਕੋਲ 500 ਕਿਲੋਮੀਟਰ ਲੰਮੀ ਸਰਹੱਦ ਦੀ ਰਾਖੀ ਲਈ ਇਸ ਵੇਲੇ ਕਰੀਬ 20 ਬਟਾਲੀਅਨਾਂ ਹਨ। ਇਨ੍ਹਾਂ ਵਿੱਚੋਂ 18 ਬਟਾਲੀਅਨਾਂ ਸਰਹੱਦ 'ਤੇ ਸਰਗਰਮੀ ਨਾਲ ਤਾਇਨਾਤ ਹਨ, ਜਦੋਂਕਿ ਬਾਕੀ ਬਚਦੀਆਂ ਦੋ ਬਟਾਲੀਅਨਾਂ ਅੰਮ੍ਰਿਤਸਰ ਵਿਚ ਅਟਾਰੀ ਇੰਟੈਗਰੇਟਿਡ ਚੈੱਕ ਪੋਸਟ ਤੇ ਗੁਰਦਾਸਪੁਰ ਜ਼ਿਲ੍ਹੇ ਵਿਚ ਡੇਰਾ ਬਾਬਾ ਨਾਨਕ ਵਿਖੇ ਕਰਤਾਰਪੁਰ ਲਾਂਘੇ 'ਤੇ ਲੋੜ ਮੁਤਾਬਕ ਤਾਇਨਾਤ ਹਨ। ਡਰੋਨਾਂ ਜ਼ਰੀਏ ਹਥਿਆਰਾਂ ਤੇ ਨਸ਼ਿਆਂ ਦੀ ਤਸਕਰੀ 2019-20 ਵਿਚ ਮੁੱਖ ਤੌਰ 'ਤੇ ਕੌਮਾਂਤਰੀ ਸਰਹੱਦ ਨਾਲ ਲੱਗਦੇ ਅੰਮ੍ਰਿਤਸਰ ਤੇ ਤਰਨ ਤਾਰਨ ਸਰਹੱਦੀ ਜ਼ਿਲ੍ਹਿਆਂ ਤੋਂ ਸ਼ੁਰੂ ਹੋਈ ਸੀ। ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਪੰਜਾਬ ਦੀ ਸਰਹੱਦ ਨੂੰ ਬਿਹਤਰ ਤਰੀਕੇ ਨਾਲ ਸੁਰੱਖਿਅਤ ਬਣਾਉਣ ਲਈ ਬੀ ਐੱਸ ਐੱਫ ਦੀ ਇਕ ਹੋਰ ਬਟਾਲੀਅਨ ਮੰਗੀ ਗਈ ਹੈ। ਇਸ 'ਤੇ ਕੇਂਦਰੀ ਗ੍ਰਹਿ ਮੰਤਰਾਲਾ ਵਿਚਾਰ ਕਰ ਰਿਹਾ ਹੈ। ਬੀ ਐੱਸ ਐੱਫ ਦੇ ਪੰਜਾਬ ਫਰੰਟੀਅਰ ਦੇ ਇੰਸਪੈਕਟਰ ਜਨਰਲ ਅਤੁਲ ਫੁਲਜ਼ੇਲੇ ਨੇ ਪਿਛਲੇ ਦਿਨੀਂ ਕਿਹਾ ਸੀ ਕਿ ਪਾਕਿਸਤਾਨ ਸਰਹੱਦ ਵਾਲੇ ਪਾਸਿਓਂ ਪੰਜਾਬ ਵਿਚ ਆਉਂਦਾ ਨਸ਼ਾ ਹੁਣ ਜ਼ਮੀਨੀ ਰੂਟ ਦੀ ਥਾਂ ਡਰੋਨਾਂ ਜ਼ਰੀਏ ਆਉਂਦਾ ਹੈ। ਸੁਰੱਖਿਆ ਏਜੰਸੀਆਂ ਨੇ ਇਸ ਸਾਲ ਹੁਣ ਤੱਕ 120 ਤੋਂ ਵੱਧ ਡਰੋਨ ਬਰਾਮਦ ਕੀਤੇ ਹਨ, ਜਦੋਂਕਿ ਪਿਛਲੇ ਸਾਲ ਇਹ ਅੰਕੜਾ 107 ਸੀ।

# ਕਾਮਰੇਡ ਜੰਗੀਰ ਸਿੰਘ ਜੋਗਾ ਦੀ 21ਵੀਂ ਬਰਸੀ ਮਨਾਈ

### ਫਿਰਕੂ ਤਾਕਤਾਂ ਭਾਈਚਾਰਕ ਸਾਂਝ ਨੂੰ ਖਤਮ ਕਰਨ ਦੀਆਂ ਗੋਂਦਾਂ ਗੁੰਦਣ 'ਚ ਮਸਰੂਫ : ਅਰਸ਼ੀ/ਧਾਲੀਵਾਲ

**ਮਾਨਸਾ/ਜੋਗਾ (ਆਤਮਾ ਸਿੰਘ ਪਮਾਰ)**

ਉੱਘੇ ਦੇਸ਼ ਭਗਤ ਤੇ ਪਰਜਾ ਮੰਡਲ ਲਹਿਰ ਦੇ ਮੋਢੀ ਕਾਮਰੇਡ ਜੰਗੀਰ ਸਿੰਘ ਜੋਗਾ ਦੀ ਐਤਵਾਰ 21ਵੀਂ ਬਰਸੀ ਜੋਗਾ ਵਿਖੇ ਕਾਮਰੇਡ ਜੰਗੀਰ ਸਿੰਘ ਜੋਗਾ ਸਰਕਾਰੀ ਸੈਕੰਡਰੀ ਸਕੂਲ (ਲੜਕੀਆਂ) ਵਿਖੇ ਮਨਾਈ ਗਈ। ਝੰਡਾ ਲਹਿਰਾਉਣ ਦੀ ਰਸਮ ਕਰਤਾਰ ਸਿੰਘ ਗਗੂਕਾ, ਸੀ ਪੀ ਆਈ ਦੇ ਨੈਸ਼ਨਲ ਕੌਂਸਲ ਮੈਂਬਰ ਅਤੇ ਸਾਬਕਾ ਵਿਧਾਇਕ ਹਰਦੇਵ ਸਿੰਘ ਅਰਸ਼ੀ, ਸੀ ਪੀ ਆਈ ਦੇ ਨੈਸ਼ਨਲ ਕੌਂਸਲ ਮੈਂਬਰ ਅਤੇ ਏਟਕ ਦੇ ਸੂਬਾ ਜਨਰਲ ਸਕੱਤਰ ਨਿਰਮਲ ਸਿੰਘ ਧਾਲੀਵਾਲ, ਸੰਯੁਕਤ ਕਿਸਾਨ ਮੋਰਚੇ ਦੇ ਸੂਬਾਈ ਆਗੂ ਰੁਲਦੂ ਸਿੰਘ ਮਾਨਸਾ, ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਕ੍ਰਿਸ਼ਨ ਚੌਹਾਨ, ਏਟਕ ਆਗੂ ਐਡਵੋਕੇਟ ਕੁਲਵਿੰਦਰ ਉਡਤ ਅਤੇ ਨਗਰ ਪੰਚਾਇਤ ਜੋਗਾ ਵੱਲੋਂ ਨਿਭਾਈ ਗਈ। ਬਰਸੀ ਸਮਾਗਮ ਦੌਰਾਨ ਵੱਖ-ਵੱਖ ਬੁਲਾਰਿਆਂ ਨੇ ਕਿਹਾ ਕਿ ਅੱਜ ਕਾਮਰੇਡ ਜੰਗੀਰ ਸਿੰਘ ਜੋਗਾ ਵਰਗੇ ਦੇਸ਼ ਭਗਤਾਂ ਦੀ ਸੋਚ ਨੂੰ ਬਚਾਉਣ ਦੀ ਸਾਨੂੰ ਲੋੜ ਹੈ। ਉਨ੍ਹਾ ਕਿਹਾ ਕਿ ਫਿਰਕੂ ਤਾਕਤਾਂ ਦੇਸ਼ ਦੇ ਭਾਈਚਾਰੇ ਨੂੰ ਵੰਡਣ ਵਿੱਚ ਲੱਗੀਆਂ ਹੋਈਆਂ ਹਨ, ਜਿਨ੍ਹਾਂ ਨੂੰ ਕਿਸੇ ਵੀ ਕੀਮਤ 'ਤੇ ਸਹਿਣ ਨਹੀਂ ਕੀਤਾ ਜਾਵੇਗਾ ।ਉਨ੍ਹਾਂ ਕਿਹਾ ਕਿ ਅਜ਼ਾਦ ਭਾਰਤ ਵਿੱਚ ਫਿਰਕਾਪ੍ਰਸਤ ਅਤੇ ਰਾਸ਼ਟਰਵਾਦ ਦੇ ਨਾਅਰੇ ਹੇਠ ਸੰਘ ਪਰਵਾਰ ਵੱਲੋਂ ਦੇਸ਼ ਨੂੰ ਵੰਡਣ ਦਾ ਕੰਮ ਕੀਤਾ ਜਾ ਰਿਹਾ ਹੈ, ਜਿਸ ਨੂੰ ਰੋਕਣ ਲਈ ਦੇਸ਼ ਦੀਆਂ ਜਮਹੂਰੀ ਸ਼ਕਤੀਆਂ ਅਤੇ ਧਰਮ ਨਿਰਪੱਖ ਤਾਕਤਾਂ ਨੂੰ ● ਬਾਕੀ ਸਫ਼ਾ 2 'ਤੇ



## ਐੱਨ ਆਰ ਆਈ ਸ਼ੂਟਿੰਗ ਕੇਸ 'ਚ 5 ਫੜੇ, ਸ਼ੂਟਰਾਂ ਦੀ ਭਾਲ

**ਅੰਮ੍ਰਿਤਸਰ** : ਪੁਲਸ ਨੇ ਐੱਨ ਆਰ ਆਈ ਸੁਖਚੈਨ ਸਿੰਘ ਸ਼ੂਟਿੰਗ ਕੇਸ ਵਿਚ ਪੰਜ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ, ਹਾਲਾਂਕਿ ਗੋਲੀ ਚਲਾਉਣ ਵਾਲੇ ਹੱਥ ਨਹੀਂ ਲੱਗੇ। ਗ੍ਰਿਫਤਾਰ ਕੀਤੇ ਵਿਅਕਤੀਆਂ ਵਿਚ ਸੁਖਚੈਨ ਸਿੰਘ ਦਾ ਸਹੁਰਾ ਸਰਵਣ ਸਿੰਘ ਵਾਸੀ ਟਾਂਡਾ (ਹੁਸ਼ਿਆਰਪੁਰ) ਵੀ ਸ਼ਾਮਲ ਹੈ। ਸਰਵਣ ਸਿੰਘ ਸੁਖਚੈਨ ਦੀ ਪਹਿਲੀ ਪਤਨੀ ਦਾ ਪਿਤਾ ਹੈ। ਕਾਬੂ ਕੀਤੇ ਗਏ ਹੋਰਨਾਂ 'ਚ ਜਗਜੀਤ ਸਿੰਘ ਤੇ ਚਮਕੌਰ ਸਿੰਘ ਦੋਵੇਂ ਵਾਸੀ ਪਿੰਡ ਠੱਠਾ (ਤਰਨ ਤਾਰਨ), ਹੋਟਲ ਮਾਲਕ ਦਿਗਾਂਬਰ ਅਤਰੀ ਤੇ ਹੋਟਲ ਮੈਨੇਜਰ ਅਭਿਲਾਸ਼ ਭਾਸਕਰ ਵਾਸੀ ਕਟੜਾ ਆਹਲੂਵਾਲੀਆ ਹਨ।

ਪੁਲਸ ਕਮਿਸ਼ਨਰ ਰਣਜੀਤ ਸਿੰਘ ਢਿੱਲੋਂ ਨੇ ਮੀਡੀਆ ਨੂੰ ਦੱਸਿਆ ਕਿ ਇਨ੍ਹਾਂ ਮੁਲਜ਼ਮਾਂ ਨੇ ਦੋਵਾਂ ਸ਼ੂਟਰਾਂ ਨੂੰ ਪਨਾਹ ਦਿੱਤੀ ਸੀ, ਜਦੋਂਕਿ ਹੋਟਲ ਮਾਲਕ ਤੇ ਮੈਨੇਜਰ ਨੂੰ ਇਸ ਲਈ ਕਾਬੂ ਕੀਤਾ ਗਿਆ, ਕਿਉਂਕਿ ਉਨ੍ਹਾਂ ਬਿਨਾਂ ਕੋਈ ਆਈ ਡੀ ਪਰੂਫ ਲਿਆਂ ਸ਼ੂਟਰਾਂ ਨੂੰ ਰੂਮ ਦਿੱਤੇ ਸਨ। ਜਗਜੀਤ ਤੇ ਚਮਕੌਰ ਸ਼ੂਟਰਾਂ ਨੂੰ ਜਾਣਦੇ ਸਨ ਤੇ ਉਨ੍ਹਾਂ ਦੋਵਾਂ ਨੂੰ ਤਰਨ ਤਾਰਨ ਇਲਾਕੇ ਵਿਚ ਪਨਾਹ ਦਿੱਤੀ ਸੀ। ਗੋਲੀਆਂ ਚਲਾਉਣ ਵਾਲੇ ਦੋਵਾਂ ਮਸ਼ਕੂਕਾਂ ਦੀ ਪਛਾਣ ਹੋ ਗਈ ਹੈ ਤੇ ਉਨ੍ਹਾਂ ਨੂੰ ਫੜਨ ਲਈ ਛਾਪੇਮਾਰੀ ਜਾਰੀ ਹੈ। ਇਕ ਮਸ਼ਕੂਕ ਖਿਲਾਫ ਕਤਲ, ਚੋਰੀ, ਲੁੱਟ-ਖੋਹ ਤੇ ਐੱਨ ਡੀ ਪੀ ਐੱਸ ਕੇਸਾਂ ਸਣੇ 10 ਫੌਜਦਾਰੀ ਕੇਸ ਦਰਜ ਹਨ। ਇਕ ਮਸ਼ਕੂਕ ਫਰਵਰੀ ਵਿਚ ਕਪੂਰਥਲਾ ਜੇਲ੍ਹ 'ਚੋਂ ਜ਼ਮਾਨਤ 'ਤੇ ਬਾਹਰ ਆਇਆ ਸੀ, ਜਦੋਂਕਿ ਉਸ ਦਾ ਸਾਥੀ, ਜਿਸ ਖਿਲਾਫ ਐੱਨ ਡੀ ਪੀ ਐੱਸ ਦੇ ਕੇਸ ਦਰਜ ਹਨ, ਪਿਛਲੇ ਸਾਲ ਸਤੰਬਰ ਵਿਚ ਇਸੇ ਜੇਲ੍ਹ 'ਚੋਂ ਛੁੱਟਿਆ ਸੀ।

ਇਸ ਤੋਂ ਪਹਿਲਾਂ ਪੁਲਸ ● ਬਾਕੀ ਸਫ਼ਾ 2 'ਤੇ






## ਬੇਰੁਜ਼ਗਾਰੀ ਤੇ ਮਹਿੰਗਾਈ ਨੇ ਕਚੂੰਬਰ ਕੱਢ ਦਿੱਤਾ : ਮਾੜੀਮੇਘਾ



**ਭਿੱਖੀਵਿੰਡ** : ਸੀ ਪੀ ਆਈ ਵੱਲੋਂ ਦੇਸ਼ ਦੇ ਆਜ਼ਾਦੀ ਦਿਵਸ 15 ਅਗਸਤ ਤੋਂ ਲੈ ਕੇ 15 ਸਤੰਬਰ ਤੱਕ ਪਿੰਡਾਂ, ਕਸਬਿਆਂ ਤੇ ਸ਼ਹਿਰਾਂ ਵਿੱਚ ਪਾਰਟੀ ਮੈਂਬਰਾਂ ਤੇ ਹਮਦਰਦਾਂ ਦੀਆਂ ਮੀਟਿੰਗਾਂ ਪੰਜਾਬ ਭਰ ਵਿੱਚ ਕੀਤੀਆਂ ਜਾ ਰਹੀਆਂ ਹਨ। ਸੀ ਪੀ ਆਈ ਭਿੱਖੀਵਿੰਡ ਬਲਾਕ ਦੇ ਸਕੱਤਰ ਨਰਿੰਦਰ ਸਿੰਘ ਅਲਗੋਂ ਨੇ ਦੱਸਿਆ ਕਿ ਇਸ ਪ੍ਰੋਗਰਾਮ ਦੇ ਮੱਦੇਨਜ਼ਰ ਪਾਰਟੀ ਵੱਲੋਂ 25 ਅਗਸਤ ਨੂੰ ਇਤਿਹਾਸਕ ਪਿੰਡ ਮਾੜੀ ਕੰਬੋਕੇ, ਮੱਦਰ, ਅਲਗੋਂ ਖੁਰਦ ਤੇ ਅਲਗੋਂ ਕੋਠੀ ਵਿਖੇ ਮੀਟਿੰਗਾਂ ਕੀਤੀਆਂ ਗਈਆਂ। ਇਨ੍ਹਾਂ ਮੀਟਿੰਗਾਂ ਨੂੰ ਸੀ ਪੀ ਆਈ ਦੇ ਕੌਮੀ ਕੌਂਸਲ ਮੈਂਬਰ ਪਿਰਥੀਪਾਲ ਸਿੰਘ ਮਾੜੀਮੇਘਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਲੋਕਾਂ ਦਾ ਮਹਿੰਗਾਈ ਨੇ ਕਚੂੰਬਰ ਕੱਢ ਦਿੱਤਾ ਹੈ ਤੇ ਗਰੀਬ ਲੋਕ ਤਾਂ ਤਿੰਨ ਵਕਤ ਰੋਟੀ ਖਾਣ ਤੋਂ ਆਤੁਰ ਹਨ। ਖਾਣ ਵਾਲੀਆਂ ਵਸਤਾਂ ਬਹੁਤ ਮਹਿੰਗੀਆਂ ਹਨ, ਦੂਜੇ ਪਾਸੇ ਲੋਕਾਂ ਕੋਲ ਕੋਈ ਕੰਮ-ਧੰਦਾ ਨਹੀਂ। ਬੇਰੁਜ਼ਗਾਰੀ ਸਭ ਹੱਦਾਂ-ਬੰਨੇ ਪਾਰ ਕਰ ਗਈ ਹੈ। ਸਰਕਾਰ ਦੀ ਜ਼ਿੰਮੇਵਾਰੀ ਹੈ ਕਿ ਹਰੇਕ ਮਨੁੱਖ ਨੂੰ ਰੁਜ਼ਗਾਰ ਦਿੱਤਾ ਜਾਵੇ। ਮਾੜੀਮੇਘਾ ਨੇ ਕਿਹਾ ਰੋਟੀ, ਰੋਜ਼ੀ ਤੋਂ ● ਬਾਕੀ ਸਫ਼ਾ 2 'ਤੇ

## ਅੱਜ-ਨਾਮਾ

ਛੁਡਾ ਗਿਆ ਹੱਥ ਸੁਖਬੀਰ ਦਾ ਹੋਰ ਆੜੀ,
ਲੱਗ ਗਿਆ ਪਾਰਟੀ ਨੂੰ ਝਟਕਾ ਹੋਰ ਬੇਲੀ।
ਸੁਣਿਆ ਪਲਾਂ ਵਿੱਚ ਗਿਆ ਖਿਸਕਾ ਕੰਨੀਂ,
ਲਾਇਆ ਰੋਕਣ ਨੂੰ ਬਹੁਤ ਸੀ ਜ਼ੋਰ ਬੇਲੀ।
ਮਿੱਤਰ ਛੱਡਣ ਨੂੰ ਸੁਣੇ ਕਈ ਹੋਰ ਕਾਹਲੇ,
ਹੱਥਾਂ ਤੋਂ ਖਿਸਕ ਰਹੀ ਜਾਪਦੀ ਡੋਰ ਬੇਲੀ।
ਲਾਉਣਾ ਬਾਹਰ ਤੋਂ ਕਿਸੇ ਨੇ ਜ਼ੋਰ ਕਾਹਦਾ,
ਆਪਣੀ ਬੁੱਕਲ ਦੇ ਅੰਦਰ ਹਨ ਚੋਰ ਬੇਲੀ।
'ਕੱਤੀ ਅਗਸਤ ਦਾ ਆ ਗਿਆ ਦਿਨ ਲਾਗੇ,
ਨਿੱਤ ਦਿਨ ਉੱਠਣ ਬਖੇੜੇ ਪਏ ਖੜੇ ਬੇਲੀ।
ਆਪਣੇ ਖਿਸਕਦੇ ਬਾਹਰ ਵੱਲ ਯਾਰ ਜਾਂਦੇ,
ਆਪਣੇ ਵਿਹੜੇ ਕੋਈ ਨਵਾਂ ਨਾ ਵੜੇ ਬੇਲੀ।

-ਤੀਸ ਮਾਰ ਖਾਂ

## ਟੈਲੀਗ੍ਰਾਮ ਦਾ ਮਾਲਕ ਪਾਵੇਲ ਦੁਰੋਵ ਗ੍ਰਿਫਤਾਰ



**ਪੈਰਿਸ** : ਰੂਸੀ-ਫਰੈਂਚ ਅਰਬਪਤੀ ਅਤੇ ਟੈਲੀਗ੍ਰਾਮ ਮੈਸੇਜਿੰਗ ਐਪ ਦੇ ਬਾਨੀ ਤੇ ਸੀ ਈ ਓ ਪਾਵੇਲ ਦੁਰੋਵ ਨੂੰ ਸਨਿੱਚਰਵਾਰ ਸ਼ਾਮ ਪੈਰਿਸ ਦੇ ਬਾਹਰ ਬੋਰਗੇਟ ਹਵਾਈ ਅੱਡੇ 'ਤੇ ਗ੍ਰਿਫਤਾਰ ਕਰ ਲਿਆ ਗਿਆ। ਪੁਲਸ ਦਾ ਮੰਨਣਾ ਹੈ ਕਿ ਟੈਲੀਗ੍ਰਾਮ 'ਤੇ ਸੰਚਾਲਕਾਂ ਦੀ ਕਮੀ ਕਾਰਨ ਮੈਸੇਜਿੰਗ ਐਪ 'ਤੇ ਅਪਰਾਧਕ ਸਰਗਰਮੀਆਂ ਬੇਰੋਕ ਜਾਰੀ ਹਨ। ਰੂਸੀ ਮੂਲ ਦੇ 39 ਸਾਲਾ ਦੁਰੋਵ ਨੇ 2013 'ਚ ਆਪਣੇ ਭਰਾ ਨਾਲ ਟੈਲੀਗ੍ਰਾਮ ਦੀ ਸਥਾਪਨਾ ਕੀਤੀ ਸੀ। ਇਸ ਦੌਰਾਨ ਰੂਸੀ ਬਲਾਗਰਾਂ ਨੇ ਦੁਰੋਵ ਦੀ ਗ੍ਰਿਫਤਾਰੀ ਦੇ ਵਿਰੋਧ ਵਿਚ ਵਿਸ਼ਵ ਭਰ ਦੀਆਂ ਫਰੈਂਚ ਅੰਬੈਸੀਆਂ ਅੱਗੇ ਰੋਸ ਮੁਜ਼ਾਹਰਿਆਂ ਦਾ ਸੱਦਾ ਦਿੱਤਾ ਹੈ। ਦੁਰੋਵ 2021 'ਚ ਫਰਾਂਸੀਸੀ ਨਾਗਰਿਕ ਬਣ ਗਿਆ ਸੀ।

## ਜੀ ਬੀ ਇੰਟਰਨੈਸ਼ਨਲ ਸਕੂਲ 'ਚ 'ਪੁਸਤਕ ਮੇਲਾ' ਲਗਾਇਆ




ਨਾਭਾ (ਵਰਿੰਦਰ ਵਰਮਾ)-ਜੀ ਬੀ ਇੰਟਰਨੈਸ਼ਨਲ ਸਕੂਲ ਨਾਭਾ ਵਿਖੇ 'ਪੁਸਤਕ ਮੇਲਾ' ਲਗਾਇਆ ਗਿਆ।ਇਸ ਮੌਕੇ ਮੇਲੇ ਦਾ ਉਦਘਾਟਨ ਸਕੂਲ ਦੀ ਡਾਇਰੈਕਟਰ ਅੰਸ਼ੂ ਬਾਂਸਲ ਨੇ ਕੀਤਾ। ਇਸ ਮੇਲੇ ਦਾ ਮਕਸਦ ਦੱਸਦਿਆਂ ਸਕੂਲ ਡਾਇਰੈਕਟਰ ਅੰਸ਼ੂ ਬਾਂਸਲ ਨੇ ਕਿਹਾ ਕਿ ਕਿਤਾਬ, ਜਿਸ ਨੂੰ ਮਨੁੱਖ ਦੀ ਸਭ ਤੋਂ ਚੰਗੀ ਦੋਸਤ ਕਿਹਾ ਜਾਂਦਾ ਹੈ, ਦੀ ਥਾਂ ਅੱਜ ਮੋਬਾਈਲ ਤੇ ਇੰਟਰਨੈੱਟ ਨੇ ਲੈ ਲਈ ਹੈ। ਕੰਪਿਊਟਰ ਤੇ ਮੋਬਾਈਲ ਦੇ ਯੁੱਗ ਵਿੱਚ ਨੌਜਵਾਨ ਪੀੜ੍ਹੀ ਕਿਤਾਬਾਂ ਤੋਂ ਦੂਰ ਹੋ ਕੇ ਮੋਬਾਈਲ ਫ਼ੋਨ ਨੂੰ ਆਪਣਾ ਸੱਚਾ ਮਿੱਤਰ ਸਮਝਣ ਲੱਗ ਪਈ ਹੈ, ਜਿਸ ਕਾਰਨ ਵਿਦਿਆਰਥੀਆਂ ਦਾ ਧਿਆਨ ਪੁਸਤਕਾਂ ਵੱਲ ਖਿੱਚਣ ਤੇ ਉਨ੍ਹਾਂ ਨੂੰ ਪੁਸਤਕਾਂ ਤੋਂ ਜਾਣੂ ਕਰਵਾਉਣ ਲਈ ਇਹ ਮੇਲਾ ਲਗਾਇਆ ਗਿਆ।ਉਨ੍ਹਾ ਕਿਹਾ ਕਿ ਨੌਜਵਾਨਾਂ ਨੂੰ ਰੀਲਾਂ ਤੇ ਵੀਡੀਓ ਬਣਾਉਣ ਦੀ ਬਜਾਏ ਕਿਤਾਬਾਂ ਨਾਲ ਸਮਾਂ ਬਤੀਤ ਕਰਨਾ ਚਾਹੀਦਾ ਹੈ ਅਤੇ ਜਦੋਂ ਵੀ ਤੁਸੀਂ ਕਿਸੇ ਦਾ ਸਨਮਾਨ ਕਰਨਾ ਚਾਹੁੰਦੇ ਹੋ, ਉਸ ਨੂੰ ਤੋਹਫ਼ੇ ਵਜੋਂ ਕਿਤਾਬਾਂ ਦੇਣੀਆਂ ਚਾਹੀਦੀਆਂ ਹਨ।ਪ੍ਰਿੰਸੀਪਲ ਪੂਨਮ ਰਾਣੀ ਨੇ ਕਿਹਾ ਕਿ ਅੱਜ ਦੇ ਮੇਲੇ ਨੇ ਵਿਦਿਆਰਥੀਆਂ ਨੂੰ ਨਾ ਸਿਰਫ ਪੜ੍ਹਾਈ ਕਰਨ ਲਈ ਪ੍ਰੇਰਿਤ ਕੀਤਾ, ਬਲਕਿ ਹੋਰ ਜ਼ਿਆਦਾ ਸੁਪਨੇ ਵੇਖਣ ਤੇ ਹੋਰ ਸਿੱਖਣ ਦੀ ਜੱਗਿਆਸਾ ਰੱਖਣ ਲਈ ਵੀ ਪ੍ਰੋਤਸਾਹਤ ਕੀਤਾ।ਵਾਈਸ ਪ੍ਰਿੰਸੀਪਲ ਦਿਵਿਆ ਸ਼ਰਮਾ ਨੇ ਵਿਦਿਆਰਥੀਆਂ ਨੂੰ ਪਾਠਕ੍ਰਮ ਤੋਂ ਇਲਾਵਾ ਹੋਰ ਕਿਤਾਬਾਂ ਪੜ੍ਹਨ ਲਈ ਵੀ ਪ੍ਰੇਰਿਤ ਕੀਤਾ।

## ਸਰਕਾਰੀ ਸਕੂਲਾਂ ਨੂੰ ਬੱਸ ਸਰਵਿਸ ਦੇ ਕੇ ਮਾਨ ਸਰਕਾਰ ਨੇ ਆਪਣਾ ਵਾਅਦਾ ਨਿਭਾਇਆ : ਉਂਕਾਰ ਸਿੱਧੂ



ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)-ਸਕੂਲ ਆਫ ਐਮੀਨੈਂਸ ਘਨੌਰੀ ਕਲਾਂ ਵਿਖੇ ਵਿਦਿਆਰਥੀਆਂ ਲਈ ਆਉਣ ਜਾਣ ਵਾਸਤੇ ਨਵੀਆਂ ਲਈਆਂ ਬੱਸਾਂ ਨੂੰ ਹਰੀ ਝੰਡੀ ਦੇ ਕੇ ਰਵਾਨਾ ਕਰਨ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਮਾਨ ਦੇ ਓ.ਐੱਸ.ਡੀ. ਇੰਜ. ਉਂਕਾਰ ਸਿੰਘ ਸਿੱਧੂ ਨੇ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਸਕੂਲਾਂ ਵਿੱਚ ਖਾਸ ਕਰ ਜਿਹੜੇ ਸਰਕਾਰੀ ਸਕੂਲਾਂ 'ਚ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਹਰ ਸੁਵਿਧਾ ਦੇਣ ਲਈ ਯਤਨ ਕਰ ਰਹੀ ਹੈ।ਉਨ੍ਹਾ ਕਿਹਾ ਕਿ ਸਰਕਾਰੀ ਬੱਸ ਪਿੰਡਾਂ ਤੋਂ ਇਨ੍ਹਾਂ ਵਿਦਿਆਰਥੀਆਂ ਨੂੰ ਲੈ ਕੇ ਆਵੇਗੀ, ਮਾਪੇ ਕੰਮਾਂ 'ਚ ਰੁਝੇ ਹੋਣ ਕਾਰਨ ਵਿਦਿਆਰਥੀਆਂ ਨੂੰ ਸਕੂਲ ਪਹੁੰਚਾਉਣ 'ਚ ਮੁਸ਼ਕਲ ਦਾ ਸਾਹਮਣਾ ਕਰਦੇ ਸਨ, ਉਸ ਨੂੰ ਦੇਖਦੇ ਹੋਏ ਸਰਕਾਰ ਵੱਲੋਂ ਇਹ ਬਸ ਦਿੱਤੀ ਗਈ ਹੈ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਸਕੂਲਾਂ ਦੇ ਸੁਧਾਰ ਲਈ ਨਵੀਂ ਪਹਿਲ ਸ਼ੁਰੂ ਕੀਤੀ ਹੈ ਤੇ ਸਰਕਰੀ ਸਕੂਲਾਂ ਨੂੰ ਬੱਸਾਂ ਦੇ ਕੇ ਮੁੱਖ ਮੰਤਰੀ ਭਗਵੰਤ ਮਾਨ ਨੇ ਆਪਣਾ ਵੱਡਾ ਵਾਅਦਾ ਨਿਭਾਇਆ ਹੈ।ਇਸ ਮੌਕੇ ਦਫ਼ਤਰ ਇੰਨਚਾਰਜ ਅੰਮ੍ਰਿਤਪਾਲ ਸਿੰਘ ਬਰਾੜ, ਅਮੀਰ ਸਿੰਘ, ਪੰਜਾਬ ਵਕਫ਼ ਬੋਰਡ ਦੇ ਮੈਂਬਰ ਡਾ. ਅਨਵਰ ਭਸੌੜ, ਬਲਾਕ ਮੀਡੀਆ ਕੋਆਰਡੀਨੇਟਰ ਅਮਨ ਖਾਂ ਖਨੌਰੀ, ਬਲਾਕ ਪ੍ਰਧਾਨ ਹੈਪੀ ਗਰਗ, ਯੂਥ ਆਗੂ ਪਰਮਿੰਦਰ ਸਿੰਘ ਨੂਰ ਔਲਖ ਤੇ ਘਨੌਰੀ ਕਲਾਂ ਆਮ ਆਦਮੀ ਪਾਰਟੀ ਟੀਮ ਮੌਜੂਦ ਰਹੀ।

## ਥਾਣਾ ਸਦਰ ਅੱਗੇ ਲੱਗਾ ਧਰਨਾ ਇੰਸਪੈਕਟਰ ਦੇ ਭਰੋਸੇ ਤੋਂ ਬਾਅਦ ਮੁਲਤਵੀ



ਮਾਨਸਾ (ਆਤਮਾ ਸਿੰਘ ਪਮਾਰ)-ਜ਼ਿਲ੍ਹਾ ਪ੍ਰਧਾਨ ਰਾਮਫਲ ਚੱਕ ਅਲੀਸ਼ੇਰ ਦੀ ਅਗਵਾਈ 'ਚ ਸਦਰ ਥਾਣੇ ਅੱਗੇ ਲੱਗਾ ਧਰਨਾ ਪ੍ਰਸ਼ਾਸਨ ਦੇ ਦਖਲ ਦੇਣ ਉਪਰੰਤ ਮੁਲਤਵੀ ਕਰ ਦਿੱਤਾ ਗਿਆ।ਧਰਨੇ ਨੂੰ ਸੰਬੋਧਨ ਕਰਦਿਆਂ ਆਗੂਆਂ ਕਿਹਾ ਕਿ ਥਰਮਲ ਦੇ ਚਾਰੇ ਪਾਸੇ ਲੱਗਦੀਆਂ ਜ਼ਮੀਨਾਂ ਨੂੰ ਖਾਲ 'ਤੇ ਰਸਤਾ ਬਣਵਾ ਕੇ ਦੇਣ ਦਾ ਕੰਮ ਪ੍ਰਸ਼ਾਸਨ ਸਥਾਈ ਤੌਰ 'ਤੇ ਕਰੇ। ਜੇਕਰ ਵਾਅਦੇ ਮੁਤਾਬਕ ਪ੍ਰਸ਼ਾਸਨ ਖਰਾ ਨਹੀਂ ਉਤਰਦਾ ਤਾਂ ਪਹਿਲੀ ਸਤੰਬਰ ਤੋਂ ਸੂਬਾ ਕਮੇਟੀ ਦੀ ਮੀਟਿੰਗ 'ਚ ਫੈਸਲਾ ਲੈ ਕੇ ਥਰਮਲ ਖਿਲਾਫ਼ ਇਹ ਲੜਾਈ ਸੂਬਾ ਪੱਧਰੀ ਤਿਆਰੀ ਨਾਲ ਲੜੀ ਜਾਵੇਗੀ। ਇਸ ਸਮੇਂ ਸੂਬਾ ਆਗੂ ਰੁਲਦੂ ਸਿੰਘ ਮਾਨਸਾ, ਗੋਰਾ ਸਿੰਘ ਮਾਨਸਾ, ਗੁਰਜੰਟ ਸਿੰਘ ਮਾਨਸਾ, ਪੰਜਾਬ ਸਿੰਘ ਅਕਲੀਆ, ਅਮਰੀਕ ਕੋਟਧਰਮੂੰ, ਤਰਸੇਮ ਤਲਵੰਡੀ ਅਕਲੀਆ, ਦਰਸ਼ਨ ਸਿੰਘ ਮੰਘਾਣੀਆਂ, ਬਿੱਕਰ ਸਿੰਘ ਦਾਨੇਵਾਲੀਆ ਨੇ ਵੀ ਸੰਬੋਧਨ ਕੀਤਾ। ਇਸ ਸਮੇਂ 26 ਅਗਸਤ ਨੂੰ ਸੋਲਸ ਟਰੈਕਟਰ ਏਜੰਸੀ ਅੱਗੇ ਲੱਗਣ ਵਾਲੇ ਧਰਨਾ ਨੂੰ ਜਨਮ ਅਸ਼ਟਮੀ ਹੋਣ ਕਾਰਨ 27 ਅਗਸਤ ਨੂੰ ਲਾਉਣ ਦਾ ਐਲਾਨ ਵੀ ਕੀਤਾ ਗਿਆ।

## ਟੈਗੋਰ ਵਿਦਿਆਲਿਆ ਦੇ ਖਿਡਾਰੀਆਂ ਦੀ ਸੂਬਾ ਪੱਧਰੀ ਖੇਡਾਂ ਲਈ ਚੋਣ



ਲੌਂਗੋਵਾਲ (ਕੁਲਦੀਪ ਅੱਤਰੀ, ਪ੍ਰਦੀਪ ਸਿੰਘ ਸੱਪਲ)-ਪਿੰਡ ਨਾਗਰਾ ਦੇ ਸਰਕਾਰੀ ਸਕੂਲ ਵਿੱਚ ਹੋਈਆਂ 68ਵੀਆਂ ਜ਼ਿਲ੍ਹਾ ਪੱਧਰੀ ਸਰਕਲ ਕਬੱਡੀ ਵਿੱਚ ਟੈਗੋਰ ਵਿਦਿਆਲਿਆ ਦੇ ਦੋ ਖਿਡਾਰੀਆਂ ਪਰਵਿੰਦਰ ਸਿੰਘ ਅਤੇ ਸਾਵਨਜੋਤ ਕੌਰ ਨੇ ਅੰਡਰ-19 ਸਰਕਲ ਕਬੱਡੀ ਵਿੱਚ ਭਾਗ ਲਿਆ ਤੇ ਦੋਵੇਂ ਖਿਡਾਰੀ ਸਟੇਟ ਲੈਵਲ ਲਈ ਸਿਲੈਕਟ ਹੋਏ, ਜੋ 17 ਸਤੰਬਰ ਤੋਂ 20 ਸਤੰਬਰ ਨੂੰ ਰੂਪਨਗਰ ਵਿੱਚ ਹੋ ਰਹੀ ਹੈ ਅਤੇ ਸਾਵਨਜੋਤ ਕੌਰ ਅੰਡਰ-19 ਕ੍ਰਿਕੇਟ ਦੇ ਸਟੇਟ ਲੈਵਲ ਲਈ ਵੀ ਸਿਲੈਕਟ ਹੋਈ, ਜੋ 15 ਅਕਤੂਬਰ ਤੋਂ 19 ਅਕਤੂਬਰ ਨੂੰ ਐਸ ਐਸ ਏ ਨਗਰ ਮੋਹਾਲੀ ਵਿੱਚ ਹੋ ਰਹੀ ਹੈ।ਇਸ ਮੌਕੇ ਖਿਡਾਰੀਆਂ ਦੇ ਵਧੀਆ ਪ੍ਰਦਰਸ਼ਨ ਲਈ ਪ੍ਰਿੰਸੀਪਲ ਮੈਡਮ ਜਸਵਿੰਦਰ ਕੌਰ, ਮਨੇਜਮੈਂਟ ਮੈਂਬਰ ਕੁਲਦੀਪ ਸਿੰਘ, ਗੋਬਿੰਦ ਸਿੰਘ, ਜਤਿੰਦਰ ਰਿਸ਼ੀ ਨੇ ਦੋਵੇਂ ਖਿਡਾਰੀਆਂ ਨੂੰ ਤੇ ਡੀ.ਪੀ.ਈ ਗੁਰਪ੍ਰੀਤ ਸਿੰਘ, ਡੀ.ਪੀ.ਈ ਮੈਡਮ ਸੁਨੀਤਾ ਸ਼ਰਮਾ ਤੇ ਪਰਮਿੰਦਰ ਸਿੰਘ ਨੂੰ ਵਧਾਈਆਂ ਦਿੱਤੀਆਂ।

## ਗੁਰੂਕੁਲ ਗਲੋਬਲ ਸਕੂਲ ਵੱਲੋਂ ਖੇਡਾਂ 'ਚ ਸ਼ਾਨਦਾਰ ਪ੍ਰਦਰਸ਼ਨ



ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)-ਗੁਰੂਕੁਲ ਗਲੋਬਲ ਕਰਿਐਂਜ਼ਾ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਨੇ ਜ਼ੋਨ ਪੱਧਰੀ ਖੇਡਾਂ ਵਿੱਚ ਮੱਲਾਂ ਮਾਰ ਕੇ ਸਕੂਲ ਅਤੇ ਇਲਾਕੇ ਦਾ ਨਾਂਅ ਰੌਸ਼ਨ ਕੀਤਾ।ਸਕੂਲ ਦੇ ਵਿਦਿਆਰਥੀਆਂ ਨੇ ਜ਼ੋਨ ਪੱਧਰ ਦੇ ਮੁਕਾਬਲਿਆਂ ਵਿੱਚ ਹਿੱਸਾ ਲਿਆ, ਜਿਸ ਵਿੱਚੋਂ 150 ਤੋਂ ਵੱਧ ਵਿਦਿਆਰਥੀਆਂ ਨੇ ਮੈਚ ਜਿੱਤ ਕੇ ਜ਼ਿਲ੍ਹਾ ਪੱਧਰ ਲਈ ਕੁਆਲੀਫਾਈ ਕੀਤਾ।ਇਸ ਮੌਕੇ ਸਕੂਲ ਦੇ ਚੇਅਰਮੈਨ ਸ੍ਰੀ ਰਕੇਸ਼ ਕੁਮਾਰ ਸਿੰਗਲਾ, ਵਾਈਸ ਚੇਅਰਮੈਨ ਸ਼੍ਰੀ ਸ਼ਾਮ ਸੁੰਦਰ, ਪ੍ਰਿੰਸੀਪਲ ਹਰਪ੍ਰੀਤ ਨਾਗਪਾਲ, ਵਾਈਸ ਪ੍ਰਿੰਸੀਪਲ ਯਾਦਵਿੰਦਰ ਸਿੰਘ, ਸੀਨੀਅਰ ਕੋਆਰਡੀਨੇਟਰ ਕਮਲਜੀਤ ਸਿੰਘ ਤੇ ਕੋਆਰਡੀਨੇਟਰ ਦਵਿੰਦਰਪਾਲ ਸਿੰਘ ਤੇ ਪਰਵਿੰਦਰ ਕੌਰ ਨੇ ਮਾਪਿਆਂ ਅਤੇ ਬੱਚਿਆਂ ਨੂੰ ਇਸ ਉਪਲਬਧੀ ਲਈ ਵਧਾਈ ਦਿੱਤੀ।ਇਸ ਦੌਰਾਨ ਸਕੂਲ ਪ੍ਰਬੰਧਕਾਂ ਨੇ ਸਕੂਲ ਦੇ ਸਰੀਰਕ ਸਿੱਖਿਆ ਅਧਿਆਪਕ ਸੋਹਨ ਸਿੰਘ, ਸ਼ਬਨਮ ਰਾਣੀ ਤੇ ਅਹਿਮਦ ਅਲੀ ਇਸ ਉਪਲਬਧੀ ਲਈ ਪ੍ਰਸੰਸਾ ਦੇ ਹੱਕਦਾਰ ਹਨ।

## ਵੱਖ-ਵੱਖ ਮਾਮਲਿਆਂ 'ਚ ਹੈਰੋਇਨ ਸਮੇਤ 5 ਕਾਬੂ



ਮਲੋਟ (ਗੁਰਮੀਤ ਸਿੰਘ ਮੱਕੜ)-ਜ਼ਿਲ੍ਹਾ ਪੁਲਸ ਮੁਖੀ ਵੱਲੋਂ ਚਲਾਈ ਨਸ਼ਾ ਵਿਰੋਧੀ ਮੁਹਿਮ ਤਹਿਤ ਸਬ ਡਵੀਜ਼ਨ ਮਲੋਟ ਪੁਲਸ ਨੂੰ ਉਸ ਸਮੇਂ ਸਫਲਤਾ ਮਿਲੀ, ਜਦੋਂ ਦੋ ਵੱਖ-ਵੱਖ ਮਾਮਲਿਆਂ ਵਿੱਚ 5 ਨੌਜਵਾਨਾਂ ਨੂੰ ਹੈਰੋਇਨ ਸਮੇਤ ਕਾਬੂ ਕੀਤਾ ਗਿਆ। ਮਲੋਟ ਪੁਲਸ ਦੇ ਉੱਪ ਕਪਤਾਨ ਇਕਬਾਲ ਸਿੰਘ ਨੇ ਪ੍ਰੈੱਸ ਕਾਨਫਰੰਸ ਦੌਰਾਨ ਦੱਸਿਆ ਕਿ ਥਾਣਾ ਸਿਟੀ ਮਲੋਟ ਦੇ ਥਾਣਾ ਮੁਖੀ ਜਸਕਰਨ ਸਿੰਘ ਦੀ ਅਗਵਾਈ ਹੇਠ ਪੁਲਸ ਵੱਲੋਂ ਇੱਕ ਨਾਕੇਬੰਦੀ ਦੌਰਾਨ ਇੱਕ ਗੱਡੀ ਦੀ ਤਾਲਾਸ਼ੀ ਦੌਰਾਨ 3 ਨੌਜਵਾਨਾਂ ਤੋਂ 150 ਗ੍ਰਾਮ ਹੈਰੋਇਨ ਬਰਾਮਦ ਕਰਕੇ ਉਨ੍ਹਾਂ ਖਿਲਾਫ ਮਾਮਲਾ ਦਰਜ ਕੀਤਾ, ਜਿਨ੍ਹਾਂ ਦੀ ਪਹਿਚਾਣ ਗੁਰਵਿੰਦਰ ਵਾਸੀ ਗੁਰੂਸਰ ਜੋਧਾ, ਸਗਰਪ੍ਰੀਤ ਵਾਸੀ ਸ਼ਾਮ ਖੇੜਾ, ਦਿਲਪ੍ਰੀਤ ਪਿੰਡ ਗੁਰੂਸਰਜੋਧਾ ਵਜੋਂ ਹੋਈ, ਜਿਨ੍ਹਾਂ ਖਿਲਾਫ ਮਾਮਲਾ ਦਰਜ ਕਰਕੇ ਅਦਾਲਤ ਵਿੱਚ ਪੇਸ਼ ਕੀਤਾ ਜਾ ਰਿਹਾ ਹੈ। ਉੱਧਰ ਥਾਣਾ ਲੱਖੇਵਾਲੀ ਪੁਲਸ ਵੱਲੋਂ ਦੋ ਨੌਜਵਾਨਾਂ ਤੋਂ 16 ਗ੍ਰਾਮ ਹੈਰੋਇਨ ਸਮੇਤ ਕਾਬੂ ਕਰਕੇ ਮਾਮਲਾ ਦਰਜ ਕਰਕੇ ਕਾਰਵਾਈ ਕੀਤੀ ਜਾ ਰਹੀ ਹੈ।

## ਕਰਾਟਿਆਂ ਦੇ ਮੁਕਾਬਲੇ 'ਚ ਸਟੈਨਫੋਰਡ ਸਕੂਲ ਅੱਵਲ



ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)-ਸਟੈਨਫੋਰਡ ਇੰਟਰਨੈਸ਼ਨਲ ਸਕੂਲ ਚੰਨਣਵਾਲ ਵਿਖੇ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਪ੍ਰਿੰਸੀਪਲ ਪ੍ਰਦੀਪ ਕੌਰ ਦੀ ਅਗਵਾਈ ਹੇਠ ਕਰਾਟਿਆਂ ਦੇ ਅੰਡਰ 14, 17 ਤੇ 19 ਸਾਲ ਵਰਗ ਦੇ ਜ਼ੋਨ ਪੱਧਰੀ ਮੁਕਾਬਲੇ ਕਰਵਾਏ ਗਏ।ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਹਰਿੰਦਰ ਪਾਲ ਸਿੰਘ ਨੇ ਖਿਡਾਰੀਆਂ ਨੂੰ ਆਸ਼ੀਰਵਾਦ ਦਿੰਦਿਆਂ ਪੜ੍ਹਾਈ ਦੇ ਨਾਲ ਨਾਲ ਖੇਡਾਂ 'ਚ ਵੱਧ ਚੜ੍ਹ ਕੇ ਭਾਗ ਲੈਣ ਲਈ ਪ੍ਰੇਰਿਤ ਕੀਤਾ।ਵਿਸ਼ੇਸ਼ ਤੌਰ 'ਤੇ ਪੁੱਜੇ ਕਰਾਟੇ ਕੋਚ ਗੋਬਿੰਦ ਸਿੰਘ ਨੇ ਦੱਸਿਆ ਕਿ ਮੁਕਾਬਲਿਆਂ 'ਚ ਭਾਗ ਲੈਣ ਵਾਲੇ ਸਾਰੇ ਹੀ ਪ੍ਰਤਿਯੋਗੀਆਂ ਦਾ ਪ੍ਰਦਰਸ਼ਨ ਕਾਬਲੇ ਤਰੀਫ਼ ਰਿਹਾ।ਇਨ੍ਹਾਂ ਮੁਕਾਬਲਿਆਂ ਦੌਰਾਨ ਸਟੈਨਫੋਰਡ ਇੰਟਰਨੈਸ਼ਨਲ ਸਕੂਲ ਚੰਨਣਵਾਲ ਦੇ ਵਿਦਿਆਰਥੀਆਂ ਨੇ ਪਹਿਲਾ, ਠੀਕਰੀਵਾਲ ਸਕੂਲ ਨੇ ਦੂਸਰਾ ਤੇ ਚੌਹਾਨਕੇ ਖ਼ੁਰਦ ਸਕੂਲ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ।ਜੇਤੂਆਂ ਨੂੰ ਪ੍ਰਬੰਧਕ ਕਮੇਟੀ ਦੇ ਆਗੂ ਡਾ: ਚਮਕੌਰ ਸਿੰਘ ਗਰੇਵਾਲ ਵੱਲੋਂ ਇਨਾਮਾਂ ਦੀ ਵੰਡ ਕੀਤੀ ਗਈ।

# ਵੱਖ-ਵੱਖ ਸਕੂਲਾਂ 'ਚ ਕ੍ਰਿਸ਼ਨ ਜਨਮ ਅਸ਼ਟਮੀ ਧੂਮ-ਧਾਮ ਨਾਲ ਮਨਾਈ

ਧੂਰੀ (ਸੁਖਦੇਵ ਧੂਰੀ)-ਵੱਖ ਵੱਖ ਸਕੂਲਾਂ 'ਚ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦਾ ਤਿਉਹਾਰ ਧੂਮ-ਧਾਮ ਨਾਲ ਮਨਾਇਆ ਗਿਆ। ਇਸੇ ਤਹਿਤ ਡੀ.ਏ.ਵੀ. ਪਬਲਿਕ ਸਕੂਲ ਕੱਕੜਵਾਲ ਵਿਖੇ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਧੂਮ-ਧਾਮ ਨਾਲ ਮਨਾਈ ਗਈ, ਜਿਸ ਵਿੱਚ ਸਾਰੇ ਵਿਦਿਆਰਥੀਆਂ ਨੇ ਵਧ ਚੜ੍ਹ ਕੇ ਹਿੱਸਾ ਲਿਆ।ਨਰਸਰੀ ਤੋਂ ਯੂ.ਕੇ.ਜੀ. ਤੱਕ ਦੇ ਵਿਦਿਆਰਥੀਆਂ ਨੇ ਸ੍ਰੀ ਕ੍ਰਿਸ਼ਨ ਭਗਵਾਨ ਦੀ ਪੁਸ਼ਾਕ ਪਹਿਨ ਕੇ ਫੰਕਸ਼ਨ ਵਿੱਚ ਭਾਗ ਲਿਆ।ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਸੰਤ ਸਿੰਘ ਨੇ ਵਿਦਿਆਰਥੀਆਂ ਨੂੰ ਸ੍ਰੀ ਕ੍ਰਿਸ਼ਨ ਦੇ ਉੱਚ ਜੀਵਨ ਚਰਿੱਤਰ ਨੂੰ ਅਪਨਾਣ ਲਈ ਕਿਹਾ ਤੇ ਸ੍ਰੀ ਕ੍ਰਿਸ਼ਨ ਦੇ ਬਾਲ ਅਵਤਾਰ ਨੂੰ ਝੂਲਾ ਵੀ ਝੁਲਾਇਆ।ਸਕੂਲ ਦੇ ਫਾਇਨਾਂਸ ਡਾਇਰੈਕਟਰ ਰਜਿੰਦਰ ਕੁਮਾਰ ਨੇ ੍ਰੀ ਕ੍ਰਿਸ਼ਨ ਜੀ ਦੀ ਫੋਟੋ ਅੱਗੇ ਸ਼ਰਧਾ ਦੇ ਫੁੱਲ ਭੇਟ ਕੀਤੇ ਤੇ ਐਜੂਕੇਸ਼ਨ ਡਾਇਰੈਕਟਰ ਸੁਖਵਿੰਦਰ ਪਾਲ ਨੇ ਵਿਦਿਆਰਥੀਆਂ ਨੂੰ ਸ਼੍ਰੀਮਦ ਭਗਵਤ ਗੀਤਾ ਦੁਆਰਾ ਸੁਚੱਜਾ ਜੀਵਨ ਬਤੀਤ ਕਰਨ ਦੀ ਪ੍ਰੇਰਣਾ ਦਿੱਤੀ।ਇਸ ਮੌਕੇ ਸਕੂਲ ਦੇ ਯੂ. ਡੀ. ਸੀ. ਜਤਿੰਦਰ ਸ਼ਰਮਾ, ਸੁਰਜੀਤ ਸਿੰਘ, ਮੈਡਮ ਕਮਲਦੀਪ ਸ਼ਰਮਾ, ਰਜਿੰਦਰ ਕੌਰ ਤੇ ਬਲਜੀਤ ਕੌਰ, ਮੈਡਮ ਕਮਲਦੀਪ ਸ਼ਰਮਾ ਅਤੇ ਵਿਦਿਆਰਥੀ ਤੇ ਸਟਾਫ ਹਾਜ਼ਰ ਸੀ।







ਜਗਰਾਉਂ (ਅਮਿਤ ਖੰਨਾ) : ਸਵਾਮੀ ਰੂਪ ਚੰਦ ਜੈਨ ਸਕੂਲ ਵਿੱਚ ਪ੍ਰਿੰਸੀਪਲ ਰਾਜਪਾਲ ਕੌਰ ਦੀ ਯੋਗ ਅਗਵਾਈ ਤੇ ਸਕੂਲ ਮੈਨੇਜਮੈਂਟ ਦੇ ਸਹਿਯੋਗ ਸਦਕਾ ਜਨਮ ਅਸ਼ਟਮੀ ਦਾ ਪਵਿੱਤਰ ਤਿਉਹਾਰ ਬੜੀ ਧੂਮ ਧਾਮ ਨਾਲ ਮਨਾਇਆ ਗਿਆ।ਭਗਵਾਨ ਸ੍ਰੀ ਕ੍ਰਿਸ਼ਨ ਜੀ ਦੀ ਵੇਸਭੂਸ਼ਾ ਵਿੱਚ ਆਏ ਬੱਚੇ ਇਦਾਂ ਲੱਗ ਰਹੇ ਸੀ ਜਿਵੇਂ ਭਗਵਾਨ ਸ੍ਰੀ ਕ੍ਰਿਸ਼ਨ ਜੀ ਖੁਦ ਬਿਰਾਜ਼ਮਾਨ ਹੋਣ।ਇਸ ਪ੍ਰੋਗਰਾਮ ਦੀ ਸ਼ੁਰੂਆਤ ਪ੍ਰਿੰਸੀਪਲ ਰਾਜਪਾਲ ਕੌਰ, ਅਧਿਆਪਕਾਂ ਤੇ ਵਿਦਿਆਰਥੀਆਂ ਵੱਲੋਂ ਸਾਂਝੇ ਤੌਰ 'ਤੇ ਭਗਵਾਨ ਕ੍ਰਿਸ਼ਨ ਦੀ ਤਸਵੀਰ ਸਾਹਮਣੇ ਜੋਤ ਜਗਾ ਕੇ ਕੀਤੀ ਗਈ।ਇਸ ਮੌਕੇ ਵਿਦਿਆਰਥੀਆਂ ਸ੍ਰੀ ਕ੍ਰਿਸ਼ਨ ਜੀ ਤੇ ਗੋਪੀਆਂ ਦੀ ਵੇਸਭੂਸ਼ਾ ਵਿੱਚ ਡਾਂਸ ਪੇਸ਼ ਕੀਤਾ ਤੇ ਰਾਧਾ-ਕ੍ਰਿਸ਼ਨ ਦੀ ਜੀਵਨ ਲੀਲ੍ਹਾ ਨੂੰ ਨਾਟਕ ਰਾਹੀਂ ਬੜੇ ਹੀ ਸ਼ਾਨਦਾਰ ਢੰਗ ਨਾਲ ਪੇਸ਼ ਕੀਤਾ।ਇਸ ਮੌਕੇ ਭਗਤੀ ਕਵਿਤਾ ਦਾ ਗਾਇਨ ਵੀ ਕੀਤਾ ਗਿਆ।ਇਸ ਤੋਂ ਬਾਅਦ ਸਕੂਲ ਪ੍ਰਿੰਸੀਪਲ ਰਾਜਪਾਲ ਕੌਰ, ਸਟਾਫ ਤੇ ਬੱਚਿਆਂ ਵੱਲੋਂ ਪੂਜਾ ਅਰਚਨਾ ਕੀਤੀ ਗਈ।ਉਪਰੰਤ ਸਾਰੇ ਬੱਚਿਆਂ ਨੂੰ ਪ੍ਰਸਾਦ ਵੰਡਿਆ ਗਿਆ। ਅੰਤ ਵਿੱਚ ਪ੍ਰਿੰਸੀਪਲ ਰਾਜਪਾਲ ਕੌਰ ਤੇ ਸਮੂਹ ਮੈਨੇਜਮੈਂਟ ਨੇ ਵਿਦਿਆਰਥੀਆਂ ਦੇ ਯਤਨਾਂ ਦੀ ਸ਼ਲਾਘਾ ਕੀਤੀ ਅਤੇ ਸਾਰਿਆਂ ਨੂੰ ਭਗਵਾਨ ਸ੍ਰੀ ਕ੍ਰਿਸ਼ਨ ਜੀ ਜਨਮ ਅਸ਼ਟਮੀ ਦੀਆਂ ਵਧਾਈਆਂ ਦਿੱਤੀਆਂ।




ਸਮਰਾਲਾ (ਸੁਰਜੀਤ ਸਿੰਘ) : ਕਿੰਡਰ ਗਾਰਟਨ ਐਂਡ ਸੀ.ਸੈਂ. ਸਕੂਲ ਵਿੱਚ ਜਨਮ ਅਸ਼ਟਮੀ ਦਾ ਤਿਉਹਾਰ ਮਨਾਇਆ ਗਿਆ।ਇਸ ਸਮੇਂ ਡਾਇਰੈਕਟਰ ਮੈਡਮ ਸ੍ਰੀਮਤੀ ਸਰਬਜੀਤ ਕੌਰ ਨੇ ਜਨਮ ਅਸ਼ਟਮੀ ਦੇ ਤਿਉਹਾਰ ਬਾਰੇ ਬੱਚਿਆਂ ਨੂੰ ਵਿਸਥਾਰਪੂਰਵਕ ਦੱਸਿਆ ਕਿ ਜਨਮ ਅਸ਼ਟਮੀ ਦਾ ਤਿਉਹਾਰ ਸ਼੍ਰੀ ਕ੍ਰਿਸ਼ਨ ਜੀ ਦੇ ਜਨਮ ਦਿਨ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ।ਜਨਮ ਅਸ਼ਟਮੀ ਦੇ ਦਿਨ ਦੇਸ਼ ਵਿੱਚ ਥਾਂ-ਥਾਂ ਤੇ ਦਹੀਂ -ਹਾਂਡੀ ਪ੍ਰਤੀਯੋਗਤਾ ਦਾ ਪ੍ਰਬੰਧ ਕੀਤਾ ਜਾਂਦਾ ਹੈ।ਦਹੀਂ ਨਾਲ ਭਰੀ ਮਟਕੀ ਰੱਸੀ ਦੀ ਮਦਦ ਨਾਲ ਬਹੁਤ ਉਚਾਈ ਵਿੱਚ ਬੰਨ੍ਹੀ ਜਾਂਦੀ ਹੈ ਅਤੇ ਬਾਲਾਂ ਦੁਆਰਾ ਮਟਕੀ ਤੋੜੀ ਜਾਂਦੀ ਹੈ।ਸਕੂਲ ਵਿਚ ਬੱਚੇ ਰਾਧਾ ਕ੍ਰਿਸ਼ਨ ਜੀ ਦੇ ਰੂਪ ਵਿੱਚ ਤਿਆਰ ਹੋ ਕੇ ਆਏ ਤੇ ਰਾਧਾ ਕ੍ਰਿਸ਼ਨ ਜੀ ਦੇ ਨਾਲ ਸੰਬੰਧਿਤ ਗੀਤਾਂ ਤੇ ਡਾਂਸ ਕੀਤਾ।ਇਸ ਸਮੇਂ ਡਾਇਰੈਕਟਰ ਮੈਡਮ ਸ੍ਰੀਮਤੀ ਸਰਬਜੀਤ ਕੌਰ,ਪ੍ਰਿੰਸੀਪਲ ਮੈਡਮ ਰਣਜੋਤ ਕੌਰ ਨੇ ਆਧਿਆਪਕਾਂ ਤੇ ਬੱਚਿਆਂ ਨੂੰ ਜਨਮ ਅਸ਼ਟਮੀ ਦੇ ਤਿਉਹਾਰ ਦੀ ਲੱਖ-ਲੱਖ ਵਧਾਈ ਦਿੱਤੀ।




ਜਗਰਾਉਂ (ਅਮਿਤ ਖੰਨਾ) : ਵਿਜ਼ਡਮ ਇੰਟਰਨੈਸ਼ਨਲ ਸਕੂਲ ਲੀਲ੍ਹਾ ਮੇਘ ਸਿੰਘ ਵਿੱਚ ਜਨਮ ਅਸ਼ਟਮੀ ਮਹੋਤਸਵ ਦਾ ਸ਼ਾਨਦਾਰ ਅਯੋਜਨ ਕੀਤਾ ਗਿਆ। ਪ੍ਰੋਗਰਾਮ ਦੇ ਸ਼ੁਰੂ ਵਿੱਚ ਸਕੂਲ ਦੇ ਡਾਇਰੈਕਟਰ ਨਿਖਿਲ ਕਾਲੜਾ, ਪ੍ਰਿੰਸੀਪਲ ਅਨੀਤਾ ਕਾਲੜਾ ਵੱਲੋਂ ਸ੍ਰੀ ਕ੍ਰਿਸ਼ਨ ਜੀ ਦੀ ਆਰਤੀ ਕੀਤੀ ਗਈ। ਉਪਰੰਤ ਕੇਕ ਕੱਟਿਆ ਗਿਆ। ਇਸ ਮੌਕੇ ਨੰਨ੍ਹੇ ਵਿਦਿਆਰਥੀ ਆਪਣੇ ਰੰਗਦਾਰ ਕੱਪੜਿਆਂ ਵਿੱਚ ਸ਼੍ਰੀ ਕ੍ਰਿਸ਼ਨ, ਰਾਧਾ, ਗਵਾਲੇ ਤੇ ਗੋਪੀਆਂ ਦੇ ਰੂਪ ਵਿੱਚ ਆਏ ਸਨ।ਇਨ੍ਹਾਂ ਵਿਦਿਆਰਥੀਆਂ ਨੇ ਆਪਣੇ ਅਧਿਆਪਕਾਂ ਦੀ ਯੋਗ ਅਗਵਾਈ ਹੇਠ ਸ੍ਰੀ ਕ੍ਰਿਸ਼ਨ ਤੇ ਰਾਧਾ ਦੇ ਜੀਵਨ 'ਤੇ ਅਧਾਰਤ ਡਾਂਸ ਪੇਸ਼ ਕੀਤਾ। ਸਕੂਲ ਚੇਅਰਮੈਨ ਸ੍ਰੀ ਸਤੀਸ਼ ਕਾਲੜਾ ਨੇ ਇਸ ਤਿਉਹਾਰ ਉੱਪਰ ਵਧਾਈ ਦਿੱਤੀ ਤੇ ਕਿਹਾ ਕਿ ਅਜਿਹੇ ਤਿਉਹਾਰਾਂ ਵਿੱਚ ਸਾਨੂੰ ਵੱਧ ਚੜ੍ਹ ਕੇ ਹਿੱਸਾ ਲੈਣਾ ਚਾਹੀਦਾ ਹੈ। ਪ੍ਰਿੰਸੀਪਲ ਮੈਡਮ ਅਨੀਤਾ ਕਾਲੜਾ ਨੇ ਸਾਰੇ ਵਿਦਿਆਰਥੀਆਂ ਤੇ ਸਮੂਹ ਸਟਾਫ ਨੂੰ ਜਨਮ ਅਸ਼ਟਮੀ ਦੀਆਂ ਵਧਾਈਆਂ ਦਿੱਤੀਆਂ।ਇਸ ਮੌਕੇ ਵਾਈਸ ਪ੍ਰਿੰਸੀਪਲ ਮੈਡਮ ਸਤਵਿੰਦਰਜੀਤ ਕੌਰ, ਮੈਡਮ ਜਸਵੰਤ ਕੌਰ, ਮੈਡਮ ਹਰਦੀਪ ਕੌਰ ਹਾਜ਼ਰ ਸਨ। ਮੈਡਮ ਪਾਇਲ, ਮੈਡਮ ਅਵਨੀਤ ਕੌਰ, ਮੈਡਮ ਅਰਸ਼, ਮੈਡਮ ਮੰਜੂ ਦੀ ਯੋਗ ਅਗਵਾਈ ਹੇਠ ਇਹ ਸਾਰਾ ਪ੍ਰੋਗਰਾਮ ਉਲੀਕਿਆ ਗਿਆ।

ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ) : ਨੇੜਲੇ ਪਿੰਡ ਜਖੇਪਲ ਦੇ ਸ਼ਹੀਦ ਬਾਬਾ ਦੀਪ ਸਿੰਘ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿਖੇ ਪ੍ਰਿੰਸੀਪਲ ਮਮਤਾ ਦੀ ਅਗਵਾਈ ਹੇਠ ਜਨਮ ਅਸ਼ਟਮੀ ਦਾ ਤਿਉਹਾਰ ਮਨਾਇਆ ਗਿਆ, ਜਿਸ ਨੂੰ ਲੈ ਕੇ ਛੋਟੇ-ਛੋਟੇ ਬੱਚੇ ਸ੍ਰੀ ਕ੍ਰਿਸ਼ਨ-ਰਾਧਾ ਦੇ ਰੂਪ ਵਿੱਚ ਸਕੂਲ ਵਿੱਚ ਪਹੁੰਚੇ।ਇਸ ਤਿਉਹਾਰ ਦੇ ਸਬੰਧ ਵਿੱਚ ਸਕੂਲ ਪ੍ਰਬੰਧਨ ਵੱਲੋਂ ਕਰਵਾਏ ਗਏ ਪ੍ਰੋਗਰਾਮ ਦੌਰਾਨ ਬੱਚਿਆਂ ਨੇ ਵੱਖ-ਵੱਖ ਭਜਨਾਂ ਦੀ ਤਾਲ ਤੇ ਨੱਚ ਕੇ ਆਪਣਾ ਪ੍ਰਦਰਸ਼ਨ ਕੀਤਾ।ਇਸ ਮੌਕੇ ਪ੍ਰਿੰਸੀਪਲ ਮਮਤਾ ਤੇ ਮੈਨੇਜਿੰਗ ਡਾਇਰੈਕਟਰ ਹਰੀਸ਼ ਗੱਖੜ ਨੇ ਆਖਿਆ ਕਿ ਇਨ੍ਹਾਂ ਤਿਉਹਾਰਾਂ-ਦਿਵਸਾਂ ਨੂੰ ਸਾਨੂੰ ਮਿਲ-ਜੁਲ ਕੇ ਮਨਾਉਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਭਗਵਾਨ ਕ੍ਰਿਸ਼ਨ ਨੇ ਸਾਨੂੰ ਭਗਵਾਨ ਕ੍ਰਿਸ਼ਨ ਦੇ ਉਪਦੇਸ਼ਾਂ ਨੂੰ ਯਾਦ ਕਰਨਾ ਚਾਹੀਦਾ ਹੈ ਤੇ ਉਨ੍ਹਾਂ ਦੇ ਉਪਦੇਸ਼ਾਂ ਨੂੰ ਮਨੁੱਖ ਨੂੰ ਆਪਣੇ ਜੀਵਨ ਵਿੱਚ ਉਤਾਰਨ ਦਾ ਯਤਨ ਕਰਨਾ ਚਾਹੀਦਾ ਹੈ।ਇਸ ਸਮੇਂ ਵਿਦਿਆਰਥੀ ਰਾਮਦਿਆਲ ਸ਼ਰਮਾ ਐਂਡ ਪਾਰਟੀ ਨੇ ਮਟਕੀ ਤੋੜ ਕੇ ਇਸ ਪ੍ਰੋਗਰਾਮ ਦੀ ਸਮਾਪਤੀ ਕੀਤੀ।

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ) : ਭਗਵਾਨ ਸ਼੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦਾ ਦਿਹਾੜਾ ਦਾ ਸੁਪੀਰੀਅਰ ਵਰਲਡ ਸਕੂਲ ਵਿੱਚ ਬੜੇ ਉਤਸ਼ਾਹ ਨਾਲ ਮਨਾਇਆ ਗਿਆ, ਜਿਸ ਵਿੱਚ ਬੱਚਿਆਂ ਨੇ ਵਧ-ਚੜ੍ਹ ਕੇ ਸ਼ਮੂਲੀਅਤ ਕੀਤੀ। ਸਕੂਲ ਦੇ ਤੀਜੀ ਤੋਂ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੇ ਮਟਕਾ ਸਜਾਵਟ, ਤਾਜ ਬਣਾਓ ਅਤੇ ਸ੍ਰੀ ਕ੍ਰਿਸ਼ਨ ਭਗਵਾਨ ਜੀ ਦੀ ਪੇਂਟਿੰਗ ਮੁਕਾਬਲੇ 'ਚ ਭਾਗ ਲਿਆ। ਨੰਨ੍ਹੇ-ਮੁੰਨੇ ਬੱਚੇ ਕ੍ਰਿਸ਼ਨ ਤੇ ਰਾਧਾ ਦੇ ਬਾਲ ਰੂਪ 'ਚ ਸਜੇ ਜਿਨ੍ਹਾਂ ਨੇ ਸਭ ਦਾ ਮਨ ਮੋਹ ਲਿਆ। ਇਸ ਤੋਂ ਬਿਨਾਂ ਵੱਖ-ਵੱਖ ਜਮਾਤਾਂ ਦੇ ਵਿਦਿਆਰਥੀਆਂ ਨੇ ਸ੍ਰੀ ਕ੍ਰਿਸ਼ਨ ਭਗਵਾਨ ਜੀ ਅਤੇ ਰਾਧਾ ਰਾਣੀ ਨਾਲ ਸਬੰਧਤ ਗੀਤਾਂ ਤੇ ਨਾਚ ਪ੍ਰਦਰਸ਼ਨ ਬੜੀ ਖ਼ੂਬਸੂਰਤੀ ਨਾਲ ਪੇਸ਼ ਕੀਤਾ। ਬੱਚਿਆਂ ਨੇ ਰਾਧਾ ਅਤੇ ਕ੍ਰਿਸ਼ਨ ਲਈ ਸੁੰਦਰ ਮੋਰ ਪੰਖ ਅਤੇ ਮੁਕਟ ਤਾਜ ਵੀ ਤਿਆਰ ਕੀਤੇ। ਪ੍ਰਗਤੀ ਵਰਮਾ ਤੇ ਹਿਮਾਨੀ ਜਮਾਤ ਗਿਆਰ੍ਹਵੀਂ ਤੇ ਹਰਮਨਪ੍ਰੀਤ ਕੌਰ ਜਮਾਤ ਛੇਵੀਂ ਦੀਆਂ ਵਿਦਿਆਰਥਣਾਂ ਨੇ ਰੰਗਮੰਚ ਦੀ ਐਂਕਰਿੰਗ ਬਹੁਤ ਖ਼ੂਬਸੂਰਤ ਢੰਗ ਨਾਲ ਪੇਸ਼ ਕੀਤੀ ਅਤੇ ਇਸ ਉਪਰੰਤ ਵਿਦਿਆਰਥੀਆਂ ਤੋਂ ਕ੍ਰਿਸ਼ਨ ਭਗਵਾਨ ਦੇ ਜੀਵਨ ਨਾਲ ਸਬੰਧਤ ਸਵਾਲ ਵੀ ਪੁੱਛੇ ਗਏ ਅਤੇ ਵਿਦਿਆਰਥੀਆਂ ਵਲੋਂ ਵਧ-ਚੜ੍ਹ ਕੇ ਸਹੀ ਜਵਾਬ ਵੀ ਦਿੱਤੇ ਗਏ। ਸਕੂਲ ਦੇ ਪ੍ਰਿੰਸੀਪਲ ਰਸ਼ਮੀ ਸ਼ਰਮਾ ਨੇ ਕ੍ਰਿਸ਼ਨ ਭਗਵਾਨ ਨਾਲ ਸਬੰਧਿਤ ਜਾਣਕਾਰੀ ਬੱਚਿਆਂ ਨਾਲ ਸਾਂਝੀ ਕੀਤੀ ਅਤੇ ਸੋਨਾਕਸ਼ੀ ਅਤੇ ਭਜਨ ਕੌਰ ਨੇ ਵਿਦਿਆਰਥੀਆਂ ਨੂੰ ਸ਼੍ਰੀ ਕ੍ਰਿਸ਼ਨ ਜਨਮ ਦੀ ਵਧਾਈ ਦਿੱਤੀ।




ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ) : ਸੰਤ ਕਬੀਰ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਵਿਖੇ ਭਗਵਾਨ ਸ੍ਰੀ ਕ੍ਰਿਸ਼ਨ ਜੀ ਦਾ ਜਨਮ ਦਿਹਾੜਾ ਬੜੀ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਸਕੂਲ ਵਿੱਚ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਛੋਟੇ ਬੱਚੇ ਨੇ ਕ੍ਰਿਸ਼ਨ ਦੇ ਰੂਪ ਵਿੱਚ ਸਾਰਿਆਂ ਦਾ ਮਨ ਮੋਹ ਲਿਆ। ਸ੍ਰੀ ਕ੍ਰਿਸ਼ਨ ਦੇ ਗਵਾਲਿਆਂ ਨੇ ਮਟਕੀ ਭੰਨ ਕੇ ਤੇ ਨੱਚ ਕੇ ਜਨਮ ਅਸ਼ਟਮੀ ਦੀਆਂ ਖੁਸ਼ੀਆਂ ਨੂੰ ਵਧਾਇਆ। ਸ੍ਰੀ ਕ੍ਰਿਸ਼ਨ ਦੇ ਜਨਮ ਉਤਸਵ ਨਾਲ ਸਬੰਧਤ ਝਾਕੀ ਪੇਸ਼ ਕੀਤੀ ਗਈ ਤੇ ਆਰਤੀ ਵੀ ਉਤਾਰੀ ਗਈ। ਪ੍ਰਿੰਸੀਪਲ ਸਮੇਤ ਸਟਾਫ਼ ਵੱਲੋਂ ਝੂਲੇ ਝੁਲਾਏ ਗਏ। ਅਧਿਆਪਕਾਂ ਤੇ ਵਿਦਿਆਰਥੀਆਂ ਵੱਲੋਂ ਭਜਨ ਵੀ ਗਾਏ ਗਏ। ਸਕੂਲ ਦੇ ਐੱਮ. ਡੀ. ਪ੍ਰੋਫੈਸਰ ਐੱਮ. ਐੱਲ. ਅਰੋੜਾ ਤੇ ਪ੍ਰਿੰਸੀਪਲ ਮੈਡਮ ਕੰਚਨ ਨੇ ਸਾਰਿਆਂ ਨੂੰ ਜਨਮ ਅਸ਼ਟਮੀ ਦੀ ਵਧਾਈ ਦਿੰਦਿਆਂ ਕਿਹਾ ਕਿ ਸਾਨੂੰ ਭਗਵਾਨ ਸ੍ਰੀ ਕ੍ਰਿਸ਼ਨ ਵੱਲੋਂ ਦਿੱਤੇ ਗੀਤਾ ਦੇ ਸੰਦੇਸ਼ 'ਤੇ ਚੱਲ ਕੇ ਚੰਗੇ ਕੰਮ ਕਰਨੇ ਚਾਹੀਦੇ ਹਨ। ਵਾਈਸ ਪ੍ਰਿੰਸੀਪਲ ਕੁਲਵੰਤ ਕੌਰ, ਹੈੱਡਮਿਸਟ੍ਰੈਸ ਸੋਨੀਆ ਧਵਨ ਤੇ ਰਚਨਾ ਜਿੰਦਲ ਨੇ ਵੀ ਜਨਮ ਅਸ਼ਟਮੀ ਦੀਆਂ ਵਧਾਈਆਂ ਦਿੱਤੀਆਂ।







ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ) : ਸਥਾਨਕ ਸ਼ਹਿਰ ਦੇ ਗੋਲਡਨ ਬੈੱਲਜ਼ ਗਲੋਬਲ ਸਕੂਲ ਵਿਖੇ ਕ੍ਰਿਸ਼ਨ ਜਨਮ ਅਸ਼ਟਮੀ ਦਾ ਤਿਉਹਾਰ ਮਨਾਇਆ ਗਿਆ।ਇਸ ਪ੍ਰੋਗਰਾਮ ਵਿੱਚ ਛੋਟੇ ਬੱਚਿਆਂ ਨੇ ਭਾਗ ਲਿਆ।ਸ਼ੁਰੂਆਤ ਵਿੱਚ ਬੱਚਿਆਂ ਤੇ ਸਕੂਲ ਸਟਾਫ਼ ਨੇ ਰਾਧਾ ਤੇ ਕ੍ਰਿਸ਼ਨ ਦੀ ਪ੍ਰਤਿਮਾ ਅੱਗੇ ਮੱਥਾ ਟੇਕਿਆ। ਪ੍ਰੋਗਰਾਮ ਦੌਰਾਨ ਬੱਚਿਆਂ ਨੇ ਸ੍ਰੀ ਕ੍ਰਿਸ਼ਨ ਦੇ ਭਜਨਾਂ 'ਤੇ ਡਾਂਸ ਵੀ ਕੀਤਾ।ਅੰਤ ਵਿੱਚ ਪ੍ਰਿੰਸੀਪਲ ਕੈਲਾਸ਼ ਬਾਂਸਲ ਨੇ ਕਿਹਾ ਕਿ ਇਹ ਤਿਉਹਾਰ ਸਾਨੂੰ ਆਪਣੀ ਸੱਭਿਅਤਾ, ਸੱਭਿਆਚਾਰ ਤੇ ਵਿਰਸੇ ਨਾਲ ਜੋੜਦੇ ਹਨ ਤੇ ਇਸ ਨਾਲ ਸਾਡੀ ਹੋਂਦ ਦੀ ਜੜ੍ਹਾਂ ਮਜ਼ਬੂਤ ਹੁੰਦੀਆਂ ਹਨ।ਉਨ੍ਹਾ ਇਸ ਤਿਉਹਾਰ ਨੂੰ ਮਨਾਉਣ ਲਈ ਸਾਰੇ ਬੱਚਿਆਂ ਦੀ ਹੌਸਲਾ ਅਫਜ਼ਾਈ ਕੀਤੀ।




ਗੁਰੂ ਹਰਸਹਾਏ (ਫ਼ਕੀਰ ਚੰਦ ਸਿਕਰੀ) : ਜੇ. ਐੱਨ. ਇੰਟਰਨੈਸ਼ਨਲ ਸਕੂਲ ਸੈਦੇ ਕੇ ਮੋਹਨ ਵਿਖੇ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਬੜੇ ਹੀ ਉਤਸ਼ਾਹ ਤੇ ਸ਼ਾਨਦਾਰ ਤਰੀਕੇ ਨਾਲ ਮਨਾਈ ਗਈ।ਇਸ ਮੌਕੇ ਸਕੂਲ ਦੇ ਚੇਅਰਮੈਨ ਜਨਕ ਰਾਜ ਮੁਜ਼ਾਲ ਨੇ ਵਿਦਿਆਰਥੀਆਂ ਨੂੰ ਜਨਮ ਅਸ਼ਟਮੀ ਦੀਆਂ ਮੁਬਾਰਕਾਂ ਦਿੱਤੀਆਂ।ਇਸ ਸਮੇਂ ਵਿਦਿਆਰਥੀਆਂ ਨੇ ਸ੍ਰੀ ਕ੍ਰਿਸ਼ਨ ਭਗਵਾਨ ਦੇ ਵੱਖ ਵੱਖ ਅਵਤਾਰਾਂ ਤੇ ਕ੍ਰਿਸ਼ਨ ਮਹਿਮਾ ਪ੍ਰਤੀ ਆਪਣੇ ਪਿਆਰ ਨੂੰ ਪ੍ਰਗਟ ਕਰਦਿਆਂ ਕਵਿਤਾਵਾਂ, ਕੋਰਿਓਗ੍ਰਾਫੀਆਂ ਤੇ ਭਜਨਾ ਰਾਹੀਂ ਖ਼ੂਬ ਰੌਣਕਾਂ ਲਾਈਆਂ।ਇਸ ਮੌਕੇ ਸਕੂਲ ਦੇ ਚੇਅਰਮੈਨ ਜਨਕ ਰਾਜ ਮੁਜ਼ਾਲ, ਮੈਨੇਜਿੰਗ ਡਾਇਰੈਕਟਰ ਅਰਜੁਨ ਮੁਜ਼ਾਲ, ਮੈਨੇਜਮੈਂਟ ਮੈਂਬਰ ਏਕਤਾ ਮੁਜ਼ਾਲ, ਮੈਨੇਜਮੈਂਟ ਮੈਂਬਰ ਅੰਜਲੀ ਚਾਨਣਾ ਤੇ ਸਕੂਲ ਪ੍ਰਿੰਸੀਪਲ ਡਾ: ਰਵਿੰਦਰ ਕੁਮਾਰ ਮੌਜੂਦ ਸਨ।ਇਸ ਮੌਕੇ ਪ੍ਰਿੰਸੀਪਲ ਡਾ: ਰਵਿੰਦਰ ਕੁਮਾਰ ਨੇ ਸਮੂਹ ਸਕੂਲ ਸਟਾਫ਼ ਤੇ ਵਿਦਿਆਰਥੀਆਂ ਨੂੰ ਸ੍ਰੀ ਕ੍ਰਿਸ਼ਨ ਭਗਵਾਨ ਜੀ ਦੇ ਜੀਵਨ ਤੇ ਉਪਦੇਸ਼ਾਂ ਨੂੰ ਆਪਣੇ ਜੀਵਨ ਵਿੱਚ ਧਾਰਨ ਕਰਨ ਲਈ ਪ੍ਰੇਰਿਆ।

ਲੌਂਗੋਵਾਲ (ਕੁਲਦੀਪ ਅੱਤਰੀ, ਪ੍ਰਦੀਪ ਸੱਪਲ) : ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਟੈਗੋਰ ਵਿਦਿਆਲਿਆ ਲੌਂਗੋਵਾਲ ਵਿਖੇ ਵਿਦਿਆਰਥੀਆਂ ਤੇ ਅਧਿਆਪਕਾਂ ਵੱਲੋਂ ਜਨਮ ਅਸ਼ਟਮੀ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ ਗਿਆ।ਇਸ ਸਮੇਂ ਸਕੂਲ ਦੇ ਵਿਦਿਆਰਥੀਆਂ ਨੇ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਤੇ ਬੱਚਿਆਂ ਨੇ ਭਗਵਾਨ ਸ੍ਰੀ ਕ੍ਰਿਸ਼ਨ ਦੇ ਰੂਪ ਵਿੱਚ ਪੌਸ਼ਾਕ ਪਾ ਕੇ ਰਾਧਾ-ਕ੍ਰਿਸ਼ਨ ਦਾ ਨ੍ਰਿਤ ਕੀਤਾ।ਇਸ ਤੋਂ ਇਲਾਵਾ ਵਿਦਿਆਰਥੀਆਂ ਵੱਲੋਂ ਧਾਰਮਿਕ ਗੀਤ, ਕਵਿਤਾਵਾਂ ਪੇਸ਼ ਕੀਤੀਆਂ ਗਈਆਂ।ਇਸ ਸਮੇਂ ਸਕੂਲ ਪ੍ਰਿੰਸੀਪਲ ਜਸਵਿੰਦਰ ਕੌਰ ਨੇ ਬੱਚਿਆਂ ਨੂੰ ਭਗਵਾਨ ਕ੍ਰਿਸ਼ਨ ਜੀ ਦੇ ਜੀਵਨ ਬਾਰੇ ਚਾਨਣਾ ਪਾਇਆ ਅਤੇ ਸਕੂਲ ਸਟਾਫ ਤੇ ਸਮੂਹ ਵਿਦਿਆਰਥੀਆਂ ਨੂੰ ਜਨਮ ਅਸ਼ਟਮੀ ਦੀ ਵਧਾਈ ਦਿੱਤੀ।ਇਸ ਮੌਕੇ ਮੈਨੇਜਮੈਂਟ ਮੈਂਬਰ ਕੁਲਦੀਪ ਸਿੰਘ ਮੰਡੇਰ, ਗੋਬਿੰਦ ਸਿੰਘ ਗਿੱਲ, ਜਤਿੰਦਰ ਰਿਸ਼ੀ ਨੇ ਵੀ ਸਟਾਫ ਮੈਂਬਰਾਂ ਤੇ ਵਿਦਿਆਰਥੀਆਂ ਨੂੰ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦੀ ਵਧਾਈ ਦਿੱਤੀ।

ਬਾਘਾ ਪੁਰਾਣਾ (ਮਨੀ ਸਿੰਗਲਾ) : ਸਪਰਿੰਗ ਫੀਲਡ ਸਕੂਲ ਬਾਘਾ ਪੁਰਾਣਾ ਵਿਖੇ ਜਨਮ ਅਸ਼ਟਮੀ ਦਾ ਤਿਉਹਾਰ ਮਨਾਇਆ ਗਿਆ।ਇਸ ਮੌਕੇ ਵਿਦਿਆਰਥੀਆਂ ਨੇ ਆਪਣੇ ਆਰਟ ਮੈਂਟਰ ਦੇ ਸਾਥ ਨਾਲ ਭਗਵਾਨ ਸ੍ਰੀ ਕ੍ਰਿਸ਼ਨ ਦੀ ਪ੍ਰਤਿਭਾ ਨੂੰ ਖ਼ੂਬ ਰੰਗਾਂ ਤੇ ਫੁੱਲਾਂ ਨਾਲ ਸਜਾਇਆ।ਸਭ ਨੇ ਇਕੱਠੇ ਹੋ ਕੇ ਭਗਵਾਨ ਦੀ ਤਸਵੀਰ ਅੱਗੇ ਸਿਰ ਝੁਕਾ ਕੇ ਪ੍ਰਣਾਮ ਕੀਤਾ।ਸਕੂਲ ਚੇਅਰਮੈਨ ਐਡਵੋਕੇਟ ਨਰ ਸਿੰਘ ਬਰਾੜ ਨੇ ਇਸ ਮੌਕੇ ਨੂੰ ਪੂਰੇ ਦੇਸ਼ ਵਾਸਤੇ ਖਾਸ ਦਿਨ ਦੱਸਿਆ।ਉਨ੍ਹਾਂ ਕਿਹਾ ਕਿ ਇਹ ਤਿਉਹਾਰ ਸਾਡੀ ਸੰਸਕ੍ਰਿਤੀ ਤੇ ਧਰਮ ਵਿੱਚ ਵਿਸ਼ੇਸ਼ ਸਥਾਨ ਰੱਖਦਾ ਹੈ, ਜਿਸ ਨੂੰ ਪੂਰਾ ਮੁਲਕ ਮਿਲ-ਜੁਲ ਕੇ ਮਨਾਉਂਦਾ ਹੈ।




# ਸਰਕਾਰੀ ਹਦਾਇਤਾਂ ਅੱਖੋਂ-ਪਰੋਖੇ, ਹੱਡਾਰੋੜੀ ਵਸੋਂ ਨਜ਼ਦੀਕ ਬਰਕਰਾਰ

### ਮੁਲਤਵੀ ਕੀਤਾ ਸੰਘਰਸ਼ ਮੁੜ ਸ਼ੁਰੂ ਕਰਨ ਦੀ ਚਿਤਾਵਨੀ




ਮਾਲੇਰਕੋਟਲਾ (ਅਸਗਰ ਪਰਿਹਾਰ)-ਨਗਰ ਕੌਂਸਲ ਮਾਲੇਰਕੋਟਲਾ ਵੱਲੋਂ ਮੁਹੱਲਾ ਗੋਬਿੰਦ ਨਗਰ ਤੇ ਗਾਂਧੀ ਨਗਰ ਨਜ਼ਦੀਕ ਨੌਧਰਾਣੀ ਫਾਟਕ 'ਤੇ ਲਗਾਈ ਹੱਡਾਰੋੜੀ ਚੁੱਕਵਾਉਣ ਲਈ ਪੀੜਤ ਮੁਹੱਲਾ ਨਿਵਾਸੀ, ਹੱਡਾਰੋੜੀ ਦੀ ਬਦਬੋ ਤੇ ਖੂੰਖਾਰ ਕੁੱਤਿਆਂ/ਪੰਛੀਆਂ ਤੋਂ ਪ੍ਰੇਸ਼ਾਨ ਹੋ ਕੇ ਪਿਛਲੇ ਸਮੇਂ ਤੋਂ ਸੰਘਰਸ਼ ਕਰਦੇ ਆ ਰਹੇ ਹਨ। ਬੀਤੀ 14 ਅਗਸਤ ਨੂੰ ਅੱਸ.ਡੀ.ਐੱਮ. ਮਾਲੇਰਕੋਟਲਾ ਦੇ ਦਫਤਰ ਅੱਗੇ ਈ ਓ ਨਗਰ ਕੌਂਸਲ ਦੀ ਅਰਥੀ ਫੂਕ ਕੇ ਰੋਸ ਮੁਜ਼ਾਹਰਾ ਵੀ ਕੀਤਾ ਗਿਆ। ਇਸ ਮੌਕੇ ਐੱਸ ਡੀ ਐੱਮ ਮੈਡਮ ਅਰਪਨਾ ਨੇ ਖੁੱਦ ਜਾ ਕੇ ਹੱਡਾਰੋੜੀ ਦਾ ਨਿਰੀਖਣ ਵੀ ਕੀਤਾ ਅਤੇ ਸਬੰਧਤ ਠੇਕੇਦਾਰ ਨੂੰ 16 ਅਗਸਤ ਤੱਕ ਹੱਡਾਰੋੜੀ ਚੁੱਕਣ ਦੇ ਆਦੇਸ਼ ਦਿੱਤੇ। ਮੁਹੱਲਾ ਨਿਵਾਸੀਆਂ ਵੱਲੋਂ ਦੁਖੀ ਹੋ ਕੇ ਪੰਜਾਬ ਦੇ ਮੁੱਖ ਮੰਤਰੀ ਤੱਕ ਤੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਸਮੇਤ ਨੈਸ਼ਨਲ ਗਰੀਨ ਟ੍ਰਿਬਿਊਨਲ ਨੀਊ ਦਿੱਲੀ ਤੱਕ ਗੁਹਾਰ ਲਾਉਣ ਦੇ ਬਾਵਜੂਦ ਠੋਸ ਕਾਰਵਾਈ ਅਮਲ ਵਿੱਚ ਨਹੀਂ ਹੋ ਰਹੀ। ਇਸੇ ਸਮੇਂ ਦੌਰਾਨ ਕਾਰਜ ਸਾਧਕ ਅਫਸਰ ਮਾਲੇਰਕੋਟਲਾ ਵੱਲੋਂ ਮੁਹੱਲਾ ਨਿਵਾਸੀਆਂ ਦੀ ਪੀ.ਜੀ.ਆਰ.ਐੱਸ. ਪੋਰਟਲ ਤੋਂ ਪ੍ਰਾਪਤ ਹੋਈ ਸ਼ਿਕਾਇਤ ਦੇ ਹਵਾਲੇ ਵਿੱਚ ਪੰਜਾਬ ਸ਼ਿਕਾਇਤ ਨਿਵਾਰਨ ਪੋਰਟਲ ਚੰਡੀਗੜ੍ਹ ਨੂੰ ਲਿਖੇ ਪੱਤਰ ਰਾਹੀਂ ਸੂਚਿਤ ਵੀ ਕੀਤਾ ਗਿਆ ਕਿ ਅਧਿਕਾਰੀਆਂ ਤੇ ਕਰਮਚਾਰੀਆਂ ਵੱਲੋਂ ਹੱਡਾਰੋੜੀ ਦੀ ਜਗ੍ਹਾ ਦਾ ਮੌਕਾ ਦੇਖਣ ਉਪਰੰਤ ਹੱਡਾਰੋੜੀ ਦੀ ਜਗ੍ਹਾ ਦੀ ਸਫਾਈ ਕਰਵਾ ਦਿੱਤੀ ਗਈ ਹੈ, ਕ੍ਰਿਪਾ ਕਰਕੇ ਸ਼ਿਕਾਇਤ ਦਫਤਰ ਦਖਲ ਕੀਤੀ ਜਾਵੇ।ਇਸ ਦੇ ਬਾਵਜੂਦ ਠੇਕੇਦਾਰ ਵੱਲੋਂ ਹੱਡਾਰੋੜੀ ਦੀ ਜਗ੍ਹਾ ਨੂੰ ਅਜੇ ਤੱਕ ਖਾਲੀ ਨਹੀਂ ਕੀਤਾ ਗਿਆ। ਇਸ ਸਬੰਧੀ ਮੁਹੱਲਾ ਨਿਵਾਸੀਆਂ ਵੱਲੋਂ ਈ.ਓ. ਮਾਲੇਰਕੋਟਲਾ ਦੇ ਮੁੜ ਧਿਆਨ ਵਿੱਚ ਲਿਆਂਦਾ ਗਿਆ ਹੈ। ਠੇਕੇਦਾਰ ਦੇ ਬੰਦੇ ਅਜੇ ਵੀ ਇਸ ਸਥਾਨ 'ਤੇ ਪੱਕਾ ਟੈਂਟ ਲਾ ਕੇ ਬੈਠੇ ਹਨ ਤੇ ਛੋਟੇ ਵਹੀਕਲਾਂ ਵਿੱਚ ਮਰੇ ਡੰਗਰ ਲਿਆ ਕੇ ਉਸੇ ਜਗ੍ਹਾ 'ਤੇ ਸੁੱਟੇ ਜਾ ਰਹੇ ਹਨ।ਇਸ ਸਬੰਧੀ 'ਹੱਡਾਰੋੜੀ ਚੁਕਾਓ, ਪਰਿਵਾਰ ਬਚਾਓ' ਕਮੇਟੀ ਦੀ ਮੀਟਿੰਗ ਸ੍ਰੀ ਮਹਿੰਦਰ ਸਿੰਘ (ਰੇਲਵੇ) ਦੀ ਪ੍ਰਧਾਨਗੀ ਹੇਠ ਗੁਰੂ ਰਵਿਦਾਸ ਮੰਦਰ (ਗਾਂਧੀ ਨਗਰ) ਵਿਖੇ ਹੋਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਮੁਹੱਲਾ ਨਿਵਾਸੀ ਰਣਜੀਤ ਸਿੰਘ ਰਾਣਵਾਂ, ਸਤਨਾਮ ਸਿੰਘ ਸੱਤੀ, ਲਾਲ ਸਿੰਘ, ਸੁਖਦੇਵ ਸਿੰਘ, ਅਜੇ ਕੁਮਾਰ, ਗੁਰਮੀਤ ਸਿੰਘ ਨੇ ਕਿਹਾ ਕਿ ਮਹੱਲਾ ਨਿਵਾਸੀ ਹੱਡਾਰੋੜੀ ਦੀ ਬਦਬੋ, ਖੂੰਖਾਰ ਕੁੱਤਿਆਂ/ਜਾਨਵਰਾਂ ਤੋਂ ਬਹੁਤ ਪ੍ਰੇਸ਼ਾਨ ਹਨ, ਜੇਕਰ ਪ੍ਰਸ਼ਾਸਨ ਵੱਲੋਂ ਇਸ ਹੱਡਾਰੋੜੀ ਨੂੰ ਮੁਕੰਮਲ ਤੌਰ 'ਤੇ ਬੰਦ ਨਾ ਕੀਤਾ ਤਾਂ ਮੁਲਤਵੀ ਕੀਤਾ ਸੰਘਰਸ਼ ਮੁੜ ਅਰੰਭ ਕਰਨ ਲਈ ਮਜਬੂਰ ਹੋਣਾ ਪਵੇਗਾ।ਇਸ ਮੌਕੇ ਸਤਨਾਮ ਸਿੰਘ, ਅਜੈ ਕੁਮਾਰ, ਮਹਿੰਦਰ ਸਿੰਘ, ਦਿਲਬਰ ਸਿੰਘ, ਯਾਸੀਨ, ਲਾਲ ਸਿੰਘ, ਗੁਰਮੀਤ ਸਿੰਘ, ਬਾਰਾ ਸਿੰਘ, ਦੀਵਾਨਾ ਹਾਜ਼ਰ ਸਨ।

# ਸਰਕਾਰ ਕਰੋੜਾਂ ਰੁਪਏ ਜੁਰਮਾਨਾ ਭਰ ਕੇ ਖ਼ਜ਼ਾਨੇ ਨੂੰ ਖੋਰਾ ਲਾ ਰਹੀ : ਸੇਖੋਂ

ਬਠਿੰਡਾ (ਬਖਤੌਰ ਢਿੱਲੋਂ)-ਰਾਜ ਦੇ ਆਮ ਲੋਕਾਂ ਲਈ ਸਿੱਖਿਆ ਜਾਂ ਸਿਹਤ ਸਹੂਲਤਾਂ ਵਰਗੀਆਂ ਮੁੱਢਲੀਆਂ ਸਹੂਲਤਾਂ ਮੁਹੱਈਆ ਕਰਨ 'ਚ ਅਸਫ਼ਲ ਰਹੀ ਸੂਬੇ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਆਪਣੇ ਕੁਪ੍ਰਬੰਧਾਂ ਸਦਕਾ ਕਰੋੜਾਂ ਰੁਪਏ ਜੁਰਮਾਨੇ ਦੇ ਰੂਪ ਵਿੱਚ ਭਰ ਕੇ ਖਜ਼ਾਨੇ ਨੂੰ ਖੋਰਾ ਲਾ ਰਹੀ ਹੈ। ਇਹ ਦੋਸ਼ ਲਾਉਂਦਿਆਂ ਸੀ ਪੀ ਆਈ ਐੱਮ ਪੰਜਾਬ ਦੇ ਸਕੱਤਰ ਕਾ. ਸੁਖਵਿੰਦਰ ਸਿੰਘ ਸੇਖੋਂ ਨੇ ਕਿਹਾ ਕਿ ਮੁੱਖ ਮੰਤਰੀ ਨੂੰ ਇਸ ਮਾਮਲੇ ਬਾਰੇ ਲੋਕਾਂ ਦੀ ਕਚਹਿਰੀ ਵਿੱਚ ਜਵਾਬ ਦੇਣਾ ਪਵੇਗਾ। ਦੱਸਣਾ ਜ਼ਰੂਰੀ ਹੈ ਕਿ ਬੀਤੇ ਦਿਨ ਨੈਸ਼ਨਲ ਗਰੀਨ ਟ੍ਰਿਬਿਊਨਲ ਵੱਲੋਂ ਰਾਜ ਵਿੱਚ ਜਮ੍ਹਾਂ ਹੋਏ ਕਚਰੇ ਤੇ ਸੀਵਰੇਜ ਡਿਸਚਾਰਜ ਕਰਨ ਵਿੱਚ ਅਸਫ਼ਲ ਰਹੀ ਪੰਜਾਬ ਸਰਕਾਰ ਨੂੰ 1026 ਕਰੋੜ ਰੁਪਏ ਦਾ ਜੁਰਮਾਨਾ ਕਰਦਿਆਂ ਇਹ ਰਾਸ਼ੀ ਤੁਰੰਤ ਅਦਾ ਕਰਨ ਦਾ ਆਦੇਸ਼ ਦਿੱਤਾ ਹੈ।

ਕਾ: ਸੇਖੋਂ ਨੇ ਦੱਸਿਆ ਕਿ ਪੰਜਾਬ ਵਿੱਚ ਸੱਤਾ 'ਤੇ ਕਾਬਜ਼ ਆਮ ਆਦਮੀ ਪਾਰਟੀ ਦੀ ਸਰਕਾਰ ਦੌਰਾਨ ਅਜਿਹਾ ਜੁਰਮਾਨਾ ਦੂਜੀ ਵਾਰ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਕਰੀਬ ਦੋ ਸਾਲ ਪਹਿਲਾਂ ਰਾਜ ਭਰ ਵਿੱਚ 66.66 ਲੱਖ ਟਨ ਕਚਰਾ ਜਮ੍ਹਾ ਪਿਆ ਸੀ, ਜਿਸਦਾ ਸਰਕਾਰ ਨਿਪਟਾਰਾ ਨਹੀਂ ਸੀ ਕਰ ਸਕੀ। 22 ਸਤੰਬਰ 2022 ਨੂੰ ਨੈਸ਼ਨਲ ਗਰੀਨ ਟ੍ਰਿਬਿਊਨਲ ਨੇ ਵਾਤਾਵਰਣ ਨੂੰ ਪਲੀਤ ਕਰਨ ਵਾਲੇ ਇਸ ਕਚਰੇ ਨੂੰ ਖਤਮ ਕਰਨ ਵਿੱਚ ਅਸਫ਼ਲ ਸੂਬਾ ਸਰਕਾਰ ਨੂੰ 2080 ਕਰੋੜ ਰੁਪਏ ਦਾ ਜੁਰਮਾਨਾ ਕੀਤਾ ਸੀ, ਜਿਸ 'ਚੋਂ ਸਰਕਾਰ ਕੇਵਲ 100 ਕਰੋੜ ਰੁਪਏ ਹੀ ਅਦਾ ਕਰ ਸਕੀ। ਉਸ ਤੋਂ ਬਾਅਦ ਵੀ ਟ੍ਰਿਬਿਊਨਲ ਦੇ ਹੁਕਮਾਂ ਦਾ ਸਹੀ ਪਾਲਣ ਨਹੀਂ ਕੀਤਾ ਗਿਆ, ਹੁਣ ਰਾਜ ਵਿੱਚ 53.87 ਲੱਖ ਟਨ ਕਚਰਾ ਜਮਾਂ ਪਿਆ ਹੈ। ਇਸ ਤੋਂ ਸਪੱਸ਼ਟ ਹੈ ਕਿ ਦੋ ਸਾਲਾਂ ਵਿੱਚ ਪੰਜਾਬ ਸਰਕਾਰ ਕਰੀਬ 12 ਲੱਖ ਟਨ ਕਚਰਾ ਹੀ ਖਤਮ ਕਰ ਸਕੀ ਹੈ। ਜੇਕਰ ਰਾਜ ਸਰਕਾਰ ਇਸ ਰਫ਼ਤਾਰ ਨਾਲ ਕੰਮ ਕਰਦੀ ਹੈ ਤਾਂ ਇਹ ਕਚਰਾ ਖਤਮ ਕਰਨ ਲਈ ਦਸ ਸਾਲ ਦਾ ਸਮਾਂ ਲੱਗ ਜਾਵੇਗਾ।

ਸੂਬਾ ਸਕੱਤਰ ਨੇ ਕਿਹਾ ਕਿ ਸਰਕਾਰ ਦੀ ਇਸ ਨਾਕਾਮੀ ਸਦਕਾ ਵਾਤਾਵਰਣ ਪ੍ਰਦੂਸ਼ਤਾ ਕਾਰਨ ਲੋਕ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ। ਰਾਜ ਸਰਕਾਰ ਲੋਕਾਂ ਨੂੰ ਸਿਹਤ ਜਾਂ ਸਿੱਖਿਆ ਵਰਗੀਆਂ ਸਹੂਲਤਾਂ ਮੁਹੱਈਆ ਕਰਨ ਦੀ ਬਜਾਏ ਖ਼ਜ਼ਾਨੇ ਦੀ ਕਰੋੜਾਂ ਰੁਪਏ ਦੀ ਰਾਸ਼ੀ ਜੁਰਮਾਨਿਆਂ ਤੇ ਬਰਬਾਦ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਲੁਧਿਆਣਾ ਬਠਿੰਡਾ ਵਰਗੇ ਸ਼ਹਿਰਾਂ ਦੇ ਲੋਕਾਂ ਵੱਲੋਂ ਕਚਰਾ ਸ਼ਹਿਰ ਤੋਂ ਦੂਰ ਸੁੱਟਣ ਜਾਂ ਖਤਮ ਕਰਨ ਲਈ ਸੰਘਰਸ਼ ਵੀ ਕੀਤੇ ਜਾਂਦੇ ਰਹੇ ਹਨ, ਪਰ ਸਰਕਾਰ ਇਸਦੇ ਨਿਪਟਾਰੇ ਲਈ ਫੇਲ੍ਹ ਸਾਬਤ ਹੋ ਰਹੀ ਹੈ। ਉਨ੍ਹਾਂ ਕਿਹਾ ਪੰਜਾਬ ਸਰਕਾਰ ਜਿੱਥੇ ਖ਼ਜ਼ਾਨੇ ਨੂੰ ਜੁਰਮਾਨਿਆਂ ਭਰ ਕੇ ਕੀਤੇ ਜਾਣ ਵਾਲੇ ਨੁਕਸਾਨ ਲਈ ਜ਼ਿੰਮੇਵਾਰ ਹੈ, ਉੱਥੇ ਲੋਕਾਂ ਦੀ ਸਿਹਤ ਦਾ ਖਿਲਵਾੜ ਕਰਨ ਲਈ ਵੀ ਪੂਰੀ ਤਰ੍ਹਾਂ ਜ਼ਿੰਮੇਵਾਰ ਹੈ, ਇਸਦਾ ਜਵਾਬ ਲੋਕਾਂ ਦੇ ਸਾਹਮਣੇ ਦੇਣਾ ਪਵੇਗਾ।

## ...ਸ.ਫ਼ਾ 1 ਦੇ ਬਾਕੀ

### ਕਾਮਰੇਡ ਜੰਗੀਰ ਸਿੰਘ...

ਇਕੱਠੇ ਹੋਣਾ ਸਮੇਂ ਦੀ ਲੋੜ ਹੈ। ਨਗਰ ਪੰਚਾਇਤ ਜੋਗਾ ਦੇ ਪ੍ਰਧਾਨ ਗੁਰਮੀਤ ਸਿੰਘ ਜੋਗਾ ਵੱਲੋਂ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ। ਕੁਲਵਿੰਦਰ ਸਿੰਘ ਉੱਡਤ ਵੱਲੋਂ ਸਟੇਜ ਦੀ ਕਾਰਵਾਈ ਬਾਖੂਬੀ ਨਿਭਾਈ ਗਈ। ਇਸ ਮੌਕੇ ਵੱਖ-ਵੱਖ ਸ਼ਖ਼ਸੀਅਤਾਂ ਨੂੰ ਸਨਮਾਨਤ ਕੀਤਾ ਗਿਆ।

ਇਸ ਮੌਕੇ ਕਾਰਜ ਸਾਧਕ ਅਫਸਰ ਹੈਪੀ ਜਿੰਦਲ, ਦਰਸ਼ਨ ਸਿੰਘ ਜੋਗਾ, ਕਰਨੈਲ ਸਿੰਘ ਭੀਖੀ, ਇਕਾਈ ਸਕੱਤਰ ਰਾਜਾ ਸਿੰਘ ਗੰਢਾ, ਜਥੇਦਾਰ ਮਲਕੀਤ ਸਿੰਘ ਕੌਂਸਲਰ, ਗੁਰਚਰਨ ਸਿੰਘ ਕਮੇਟੀ ਮੈਂਬਰ ਸਾਬਕਾ, ਸੁਖਦੇਵ ਰਿਖੀ, ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਦੇ ਸਾਬਕਾ ਪ੍ਰਧਾਨ ਮੇਘਾ ਸਿੰਘ, ਬਲਦੇਵ ਸਿੰਘ ਬਾਜੇ ਵਾਲਾ, ਕਰਨੈਲ ਭੀਖੀ, ਚਰਨਜੀਤ ਮਾਖਾ, ਮੇਘਾ ਸਿੰਘ ਜੋਗਾ ਅਤੇ ਨਗਰ ਪੰਚਾਇਤ ਜੋਗਾ ਦੇ ਸਮੂਹ ਕੌਂਸਲਰਾਂ ਹਾਜ਼ਰੀ ਲਗਵਾਈ। ਬਰਸੀ ਸਮਾਗਮ ਮੌਕੇ ਚੰਡੀਗੜ੍ਹ ਸਕੂਲ ਆਫ ਡਰਾਮਾ ਦੀ ਟੀਮ ਵੱਲੋਂ ਨਿਰਦੇਸ਼ਕ ਇਕੱਤਰ ਸਿੰਘ ਦੀ ਅਗਵਾਈ 'ਚ ਇਨਕਲਾਬੀ ਨਾਟਕ ਪੇਸ਼ ਕੀਤੇ ਗਏ। ਦੇਸ ਰਾਜ ਛਾਜਲੀ ਵੱਲੋਂ ਕਵੀਸ਼ਰੀ ਪੇਸ਼ ਕੀਤੀ ਗਈ। ਉਘੇ ਲੋਕ ਪੱਖੀ ਗਾਇਕ ਜਗਰਾਜ ਧੌਲਾ ਨੇ ਇਨਕਲਾਬੀ ਗੀਤ ਪੇਸ਼ ਕੀਤੇ।

### ਐੱਨ ਆਰ ਆਈ ਸ਼ੂਟਿੰਗ...

ਨੇ ਅਮਰੀਕਾ ਅਧਾਰਤ ਤਿੰਨ ਐੱਨ ਆਰ ਆਈ'ਜ਼-ਸੁਖਚੈਨ ਸਿੰਘ ਦੇ ਸਾਲੇ ਸੁਖਵਿੰਦਰ ਸਿੰਘ, ਸਾਲੀ ਕੁਲਜਿੰਦਰ ਕੌਰ ਤੇ ਉਸ ਦੇ ਪਤੀ ਜਸਵੀਰ ਸਿੰਘ ਤੇ ਸੱਸ ਨਿਸ਼ਾਨ ਕੌਰ ਖਿਲਾਫ ਕੇਸ ਦਰਜ ਕੀਤਾ ਸੀ। ਦੋ ਹਥਿਆਰਬੰਦ ਹਮਲਾਵਰਾਂ ਨੇ ਸਨਿੱਚਰਵਾਰ ਐੱਨ ਆਰ ਆਈ ਸੁਖਚੈਨ ਸਿੰਘ ਦੇ ਦਬੁਰਜੀ ਸਥਿਤ ਘਰ ਵਿਚ ਦਾਖਲ ਹੋ ਕੇ ਉਸ ਨੂੰ ਉਹਦੇ ਪਰਵਾਰਕ ਮੈਂਬਰਾਂ ਸਾਹਮਣੇ ਗੋਲੀਆਂ ਮਾਰੀਆਂ ਸਨ। ਇਸ ਦੌਰਾਨ ਗੋਲੀਆਂ ਚਲਾਉਂਦੇ ਹਮਲਾਵਰਾਂ ਦੇ ਪਿਸਤੌਲ ਫਸ ਗਏ ਤੇ ਉਹ ਉਥੋਂ ਫਰਾਰ ਹੋ ਗਏ। ਸੁਖਚੈਨ ਦੇ ਦੋ ਗੋਲੀਆਂ ਲੱਗੀਆਂ ਸਨ। ਉਸ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾਂਦੀ ਹੈ।

### ਬੇਰੁਜ਼ਗਾਰੀ ਤੇ ਮਹਿੰਗਾਈ...

ਇਲਾਵਾ ਪੰਜਾਬ ਦੇ ਮਸਲੇ ਵੀ ਉਸੇ ਤਰ੍ਹਾਂ ਲਟਕ ਰਹੇ ਹਨ। ਚੰਡੀਗੜ੍ਹ ਪੰਜਾਬ ਨੂੰ ਦਿੱਤਾ ਜਾਵੇ। ਪੰਜਾਬ ਦਾ ਪਾਣੀ ਖੋਹ ਕੇ ਗੁਆਂਢੀ ਸੂਬਿਆਂ ਨੂੰ ਦਿੱਤਾ ਜਾ ਰਿਹਾ ਹੈ। ਕੇਂਦਰੀ ਸ਼ਾਸਤ ਚੰਡੀਗੜ੍ਹ 'ਚੋਂ ਪੰਜਾਬ ਦੇ ਮੁਲਾਜ਼ਮਾਂ ਦੇ ਹੱਕ ਅਤੇ ਭਾਖੜਾ ਪ੍ਰੋਜੈਕਟ 'ਚੋਂ ਵੀ ਕੇਂਦਰੀ ਹਕੂਮਤ ਬਾਹਰ ਕਰਨ ਵਾਲੇ ਪਾਸੇ ਵਧਦੀ ਜਾ ਰਹੀ ਹੈ। ਕੇਂਦਰੀ ਹਕੂਮਤ ਪਹਿਲੀ ਜੁਲਾਈ ਤੋਂ ਤਿੰਨ ਅਪਰਾਧਿਕ ਕਾਨੂੰਨ ਲਾਗੂ ਕਰਕੇ ਸਰਕਾਰ ਦੀਆਂ ਨਾਕਾਮੀਆਂ ਵਿਰੁੱਧ ਜਿਹੜਾ ਆਵਾਜ਼ ਉਠਾਉਂਦਾ ਹੈ, ਉਸ ਨੂੰ ਜੇਲ੍ਹ ਡੱਕ ਦਿੱਤਾ ਜਾਂਦਾ ਹੈ। ਮੀਟਿੰਗਾਂ ਵਿੱਚ ਮਤੇ ਪਾਸ ਕੀਤੇ ਗਏ ਕਿ ਅਲਗੋਂ ਤੋਂ ਮੱਦਰ ਵਾਲੀ ਸੜਕ ਮਿੱਟੀ ਵਾਲੇ ਟਰੈਕਟਰਾਂ ਨੇ ਬਹੁਤ ਤੋੜ ਦਿੱਤੀ ਹੈ, ਜਿਸ ਤੋਂ ਮੋਟਰਸਾਈਕਲ ਤੇ ਕਾਰ 'ਤੇ ਲੰਘਣਾ ਬਹੁਤ ਮੁਸ਼ਕਲ ਹੈ, ਇਸ ਲਈ ਉਹ ਸੜਕ ਫੌਰੀ ਤੌਰ 'ਤੇ ਬਣਾਈ ਜਾਵੇ।ਸੀ ਪੀ ਆਈ ਇਨ੍ਹਾਂ ਅਪਰਾਧੀ ਕਾਨੂੰਨਾਂ ਨੂੰ ਵਾਪਸ ਕਰਾਉਣ ਤੇ ਬਾਕੀ ਮਸਲਿਆਂ ਦੇ ਫੌਰੀ ਹੱਲ ਲਈ ਪੰਜਾਬ ਵਿੱਚ ਸਥਾਨਕ ਪੱਧਰ 'ਤੇ ਲੋਕਾਂ ਨੂੰ ਸੁਚੇਤ ਕਰਨ ਲਈ ਮੀਟਿੰਗਾਂ ਕਰ ਰਹੀ ਹੈ। ਮੀਟਿੰਗਾਂ ਨੂੰ ਬਚਨ ਕੌਰ ਮਾੜੀ ਕੰਬੋਕੇ, ਗੁਲਜ਼ਾਰ ਸਿੰਘ ਮੱਦਰ, ਬਲਜਿੰਦਰ ਕੌਰ ਅਲਗੋਂ ਤੇ ਮਨਜੀਤ ਕੌਰ ਅਲਗੋਂ ਨੇ ਵੀ ਸੰਬੋਧਨ ਕੀਤਾ।

## ਹਨੀ ਫੱਤਣਵਾਲਾ ਨੇ ਕੀਤਾ ਜਸਵਿੰਦਰ ਕੌਰ ਥਾਂਦੇਵਾਲਾ ਦੀ ਮੌਤ 'ਤੇ ਦੁੱਖ ਸਾਂਝਾ



ਸ਼੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)-ਇਥੋਂ ਨੇੜਲੇ ਪਿੰਡ ਥਾਂਦੇਵਾਲਾ ਵਾਸੀ ਲੱਕੀ ਬਰਾੜ ਥਾਂਦੇਵਾਲਾ ਦੇ ਸਤਿਕਾਰਯੋਗ ਮਾਤਾ ਜਸਵਿੰਦਰ ਕੌਰ, ਜਿਨ੍ਹਾਂ ਦਾ ਬੀਤੇ ਦਿਨੀਂ ਦਿਹਾਂਤ ਹੋ ਗਿਆ ਸੀ, ਉਨ੍ਹਾਂ ਦੇ ਦਿਹਾਂਤ 'ਤੇ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਜਨਰਲ ਸਕੱਤਰ ਜਗਜੀਤ ਸਿੰਘ ਬਰਾੜ ਹਨੀ ਫੱਤਣਵਾਲਾ ਨੇ ਮ੍ਰਿਤਕ ਦੇ ਬੇਟੇ ਲੱਕੀ ਬਰਾੜ ਥਾਂਦੇਵਾਲਾ ਨਾਲ ਅਫਸੋਸ ਪ੍ਰਗਟ ਕੀਤਾ ਤੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕੀਤੀ।ਇਸ ਮੌਕੇ ਬੋਹੜ ਸਿੰਘ ਬਰਾੜ, ਮੋਹਨ ਸਿੰਘ ਚਹਿਲ, ਕੁਲਦੀਪ ਸਿੰਘ, ਗੁਰਪ੍ਰੀਤ ਸਿੰਘ, ਜਗਸੀਰ ਸਿੰਘ ਤੋਂ ਇਲਾਵਾ ਹੋਰ ਵੀ ਪਿੰਡ ਵਾਸੀ ਮੌਜੂਦ ਸਨ।

## ਆਸਰਾ ਫਾਊਂਡੇਸ਼ਨ ਵੱਲੋਂ ਅੱਖਾਂ ਦਾ ਮੁਫਤ ਚੈੱਕਅੱਪ ਕੈਂਪ

ਬਰੇਟਾ (ਗੀਤਵਾਲ)-ਆਸਰਾ ਫਾਊਂਡੇਸ਼ਨ ਬਰੇਟਾ ਵੱਲੋਂ ਮਹਿੰਦਰ ਸਿੰਘ ਬਰੇਟਾ ਚੇਅਰਮੈਨ ਦੁੱਖ ਭੰਜਨ ਚੈਰੀਟੇਬਲ ਵੈੱਲਫੇਅਰ ਐਜੂਕੇਸ਼ਨ ਟਰੱਸਟ ਚੰਡੀਗੜ੍ਹ ਤੇ ਉਨ੍ਹਾਂ ਦੀ ਟੀਮ ਦੇ ਸਹਿਯੋਗ ਨਾਲ ਹਰ ਮਹੀਨੇ ਦੇ ਆਖਰੀ ਐਤਵਾਰ ਨੂੰ ਲੱਗਣ ਵਾਲਾ ਅੱਖਾਂ ਦਾ 116ਵਾਂ ਕੈਂਪ ਗੁਰਦੁਆਰਾ ਸਾਹਿਬ ਭਾਈ ਘਨੱਈਆ ਜੀ ਵਿਖੇ ਸੰਕਰਾ ਆਈ ਹਸਪਤਾਲ ਲੁਧਿਆਣਾ ਦੇ ਡਾਕਟਰ ਸਾਹਿਬਾਨ ਦੀ ਟੀਮ ਵੱਲੋਂ ਲਗਾਇਆ ਗਿਆ, ਜਿਸ ਵਿੱਚ 565 ਮਰੀਜ਼ਾਂ ਦਾ ਚੈੱਕਅਪ ਕਰਕੇ 78 ਮਰੀਜ਼ ਫਰੀ ਲੈਂਜ ਪਾਉਣ ਲਈ ਸਿਲੈਕਟ ਕੀਤੇ ਗਏ, ਜਿਨ੍ਹਾਂ ਦੇ ਲੁਧਿਆਣਾ ਵਿਖੇ ਲਿਜਾ ਕੇ ਫਰੀ ਲੈਂਜ ਪਵਾਏ ਜਾਣਗੇ ਤੇ ਹੋਰ ਆਏ ਮਰੀਜ਼ਾਂ ਨੂੰ ਅੱਖਾਂ ਚੈੱਕ ਕਰਕੇ ਫਰੀ ਦਵਾਈਆਂ ਦਿੱਤੀਆਂ ਗਈਆਂ।ਟੀਮ ਆਸਰਾ ਦੇ ਪ੍ਰਧਾਨ ਡਾਕਟਰ ਗਿਆਨ ਚੰਦ ਆਜ਼ਾਦ, ਮਾਤਾ ਗੁਜਰੀ ਭਲਾਈ ਕੇਂਦਰ ਦੇ ਮਾਸਟਰ ਕੁਲਵੰਤ ਸਿੰਘ, ਜ਼ਿਲ੍ਹਾ ਰੂਰਲ ਯੂਥ ਕਲੱਬ ਐਸੋਸੀਏਸ਼ਨ ਦੇ ਰਜਿੰਦਰ ਕੁਮਾਰ ਮੋਨੀ ਨੇ ਅੱਖਾਂ ਦੀਆਂ ਬਿਮਾਰੀਆਂ ਤੇ ਸਾਂਭ ਸੰਭਾਲ ਬਾਰੇ ਦੱਸਿਆ।ਮੁੱਖ ਮਹਿਮਾਨ ਜਸਬੀਰ ਸਿੰਘ ਚਹਿਲ, ਗੁਰਤੇਜ ਸਿੰਘ ਸੈਣੀ, ਅਰਚਿਤ ਸਿੰਗਲਾ, ਰੋਹੀ ਰਾਮ ਸ਼ਰਮਾ ਵੱਲੋਂ ਟੀਮ ਆਸਰਾ ਦਾ ਧੰਨਵਾਦ ਕਰਦੇ ਹੋਏ 11000 ਰੁਪਏ ਲੋੜਵੰਦਾਂ ਦੀ ਸੇਵਾ ਦੇ ਲਈ ਦਿੱਤੇ ਅਤੇ ਅੱਗੇ ਤੋਂ ਹਰ ਤਰ੍ਹਾਂ ਦੇ ਸਹਿਯੋਗ ਦਾ ਭਰੋਸਾ ਦਿੱਤਾ।

## ਮਾਤਾ ਗੁਰਨਾਮ ਕੌਰ ਦੀ ਅੰਤਮ ਅਰਦਾਸ 'ਚ ਪਹੁੰਚੇ ਹਰਸਿਮਰਤ ਬਾਦਲ



ਮੋਗਾ (ਇਕਬਾਲ ਸਿੰਘ ਖਹਿਰਾ)-ਪਿੰਡ ਸੱਦਾ ਸਿੰਘ ਵਾਲਾ ਦੀ ਮਾਤਾ ਗੁਰਨਾਮ ਕੌਰ ਦੀ ਅੰਤਿਮ ਅਰਦਾਸ ਵਿੱਚ ਮੈਂਬਰ ਪਾਰਲੀਮੈਂਟ ਹਰਸਿਮਰਤ ਕੌਰ ਬਾਦਲ ਵੱਲੋਂ ਉਚੇਚੇ ਤੌਰ 'ਤੇ ਸ਼ਿਰਕਤ ਕਰਕੇ ਮਾਤਾ ਗੁਰਨਾਮ ਕੌਰ ਨੂੰ ਸ਼ਰਧਾਂਜਲੀ ਭੇਟ ਕੀਤੀ। ਸਮਾਗਮ ਉਪਰੰਤ ਜ਼ਿਲ੍ਹਾ ਪ੍ਰਧਾਨ ਅਮਰਜੀਤ ਸਿੰਘ ਲੰਢੇਕੇ, ਹਲਕਾ ਮੋਗਾ ਦੇ ਇੰਚਾਰਜ ਸੰਜੀਤ ਸਿੰਘ ਸਨੀ ਗਿੱਲ, ਹਲਕਾ ਧਰਮਕੋਟ ਦੇ ਇੰਚਾਰਜ ਬਰਜਿੰਦਰ ਸਿੰਘ ਮੱਖਣ ਬਰਾੜ, ਸੀਨੀਅਰ ਅਕਾਲੀ ਆਗੂ ਰਜਿੰਦਰ ਸਿੰਘ ਡੱਲਾ ਤੇ ਅਕਾਲੀ ਦਲ ਦੇ ਆਗੂਆਂ ਤੇ ਵਰਕਰਾਂ ਨਾਲ ਮੀਟਿੰਗ ਕੀਤੀ। ਇਸ ਮੌਕੇ ਮੈਂਬਰ ਪਾਰਲੀਮੈਂਟ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਜੋ ਪੰਜਾਬ ਤੇ ਪੰਜਾਬੀਆਂ ਤੇ ਖੇਤਰੀ ਪਾਰਟੀ ਹੈ, ਪਰ ਕੇਂਦਰ ਦੀ ਭਾਜਪਾ ਸਰਕਾਰ ਇਸ ਨੂੰ ਤੋੜਣ ਤੇ ਖਤਮ ਕਰਨ ਲਈ ਪੱਬਾਂ ਭਾਰ ਹੈ ਅਤੇ ਉਨ੍ਹਾਂ ਵੱਲੋਂ ਕੋਝੇ ਹੱਥਕੰਡੇ ਅਪਣਾਏ ਜਾ ਰਹੇ ਹਨ, ਪਰ ਪੰਜਾਬ ਦੇ ਲੋਕਾਂ ਕਿਸੇ ਵੀ ਕੀਮਤ ਤੇ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਵੱਲੋਂ ਕੀਤੇ ਪੰਜਾਬ ਦੇ ਸਰਬਪੱਖੀ ਵਿਕਾਸ ਨੂੰ ਨਹੀਂ ਭੁੱਲਣਗੇ ਤੇ ਹਮੇਸ਼ਾ ਸਾਥ ਦੇਣਗੇ। ਉਨ੍ਹਾਂ ਕਿਹਾ ਕਿ ਭਾਵੇਂ ਅਕਾਲੀ ਆਗੂਆਂ ਨੂੰ ਤੋੜਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ, ਪਰ ਸ਼੍ਰੋਮਣੀ ਅਕਾਲੀ ਦਲ ਦੀ ਰੀੜ੍ਹ ਦੀ ਹੱਡੀ ਅਕਾਲੀ ਵਰਕਰ ਅੱਜ ਵੀ ਸ਼੍ਰੋਮਣੀ ਅਕਾਲੀ ਦਲ ਨਾਲ ਚਟਾਨ ਵਾਂਗ ਖੜੇ ਹਨ। ਇਸ ਮੌਕੇ ਭਾਈ ਮੁਖਤਿਆਰ ਸਿੰਘ, ਸੀਨੀਅਰ ਅਕਾਲੀ ਆਗੂ ਬੂਟਾ ਸਿੰਘ ਦੌਲਤਪੁਰਾ, ਰਵਦੀਪ ਸਿੰਘ ਸੰਘਾ ਦਾਰਾਪੁਰ, ਜੱਸ ਮੰਗੇਵਾਲਾ, ਗੁਰਜੰਟ ਸਿੰਘ ਰਾਮੂੰਵਾਲਾ, ਗੁਰਪ੍ਰੀਤ ਸਿੰਘ ਧੱਲੇਕੇ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਅਕਾਲੀ ਆਗੂ ਤੇ ਵਰਕਰ ਹਾਜ਼ਰ ਸਨ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Singh @ Chand Fatehpuri
ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਰੋਸ ਪ੍ਰਦਰਸ਼ਨ ਦੌਰਾਨ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੇ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਦੇ ਸੱਦੇ 'ਤੇ ਜ਼ਿਲਾ ਕਨਵੀਨਰ ਜਵੰਦ ਸਿੰਘ, ਕੁਲਦੀਪ ਪੁਰੋਵਾਲ, ਬਲਵਿੰਦਰ ਕੌਰ, ਕਰਨੈਲ ਸਿੰਘ, ਰਜਨੀ ਪਰਕਾਸ਼, ਅਨਿਲ ਕੁਮਾਰ, ਲਵਪ੍ਰੀਤ ਰੋੜਾਂਵਾਲੀ, ਮਹੇਸ਼ ਲਾਲ, ਮਨਜੀਤ ਕੌਰ ਵੜੈਚ, ਬਲਵਿੰਦਰ ਅਲੀਸ਼ੇਰ, ਅਮਰਜੀਤ ਸ਼ਾਸਤਰੀ ਦੀ ਅਗਵਾਈ ਹੇਠ ਗੁਰੂ ਨਾਨਕ ਪਾਰਕ ਗੁਰਦਾਸਪੁਰ ਵਿਖੇ ਰੋਸ ਰੈਲੀ ਕਰਨ ਉਪਰੰਤ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ ਗਿਆ।ਇੱਸ ਮੌਕੇ ਆਗੂਆਂ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਹੋਂਦ ਵਿੱਚ ਆਉਣ ਤੋਂ ਲੈ ਕੇ ਹੁਣ ਤੱਕ ਪੰਜਾਬ ਦੇ ਮੁਲਾਜ਼ਮਾਂ, ਪੈਨਸ਼ਨਰਾਂ, ਕੱਚੇ ਵਰਕਰਾਂ, ਮਾਣ ਭੱਤਾ ਵਰਕਰਾਂ ਅਤੇ ਆਊਟਸੋਰਸ ਮੁਲਾਜ਼ਮਾਂ ਦੀਆਂ ਪੈਂਡਿੰਗ ਪਈਆਂ ਮੰਗਾਂ ਪ੍ਰਤੀ ਪੰਜਾਬ ਸਰਕਾਰ ਵੱਲੋਂ ਅਪਣਾਏ ਜਾ ਰਹੇ ਅਵੇਸਲੇਪਣ ਨੇ ਸਭ ਹੱਦਾਂ ਮੁਕਾ ਦਿੱਤੀਆਂ ਹਨ।ਸਰਕਾਰ ਵੱਲੋਂ 22 ਅਗਸਤ ਦੀ ਮੀਟਿੰਗ ਕੈਂਸਲ ਕਰਕੇ ਹੁਣ 12 ਸਤੰਬਰ ਨੂੰ ਮੰਤਰੀਆਂ ਦੀ ਬਣਾਈ ਕੈਬਨਿਟ ਸਬ ਕਮੇਟੀ ਨਾਲ ਦੇ ਦਿੱਤੀ।ਇਸ ਤੋਂ ਇਹ ਜਾਪਦਾ ਹੈ ਕਿ ਸਰਕਾਰ ਲਗਾਤਾਰ ਡੰਗ ਟਪਾਉਣ ਦੀ ਨੀਤੀ ਤੇ ਚਲ ਰਹੀ ਹੈ ਤੇ ਮੁੱਖ ਮੰਤਰੀ ਪਾਸ ਸਾਡੀਆਂ ਮੰਗਾਂ ਪ੍ਰਤੀ ਸਾਡੀਆਂ ਦਲੀਲਾਂ ਦਾ ਕੋਈ ਜਵਾਬ ਨਹੀਂ ਹੈ ਜਿਸ ਕਰਕੇ ਉਹ ਲਗਾਤਾਰ ਮੀਟਿੰਗਾਂ ਤੋਂ ਭੱਜ ਰਹੇ ਹਨ। 22 ਅਗਸਤ ਦੀ ਸੂਬਾਈ ਮੀਟਿੰਗ ਵਿੱਚ ਹੋਏ ਫੈਸਲੇ ਮੁਤਾਬਕ ਜੋ ਹੁਣ 12 ਸਤੰਬਰ ਨੂੰ ਕੈਬਿਨਟ ਸਬ ਕਮੇਟੀ ਨਾਲ ਮੀਟਿੰਗ ਦਿੱਤੀ ਹੈ, ਦਾ ਮੁਕੰਮਲ ਬਾਈਕਾਟ ਕੀਤਾ ਜਾਵੇਗਾ ਅਤੇ ਮੁੱਖ ਮੰਤਰੀ ਤੋਂ ਥੱਲੇ ਕਿਸੇ ਨਾਲ ਵੀ ਮੀਟਿੰਗ ਨਹੀਂ ਕੀਤੀ ਜਾਵੇਗੀ ਅਤੇ 2-3-4 ਸਤੰਬਰ ਨੂੰ ਵਿਧਾਨ ਸਭਾ ਦੇ ਚੱਲਣ ਵਾਲੇ ਸੈਸ਼ਨ ਦੌਰਾਨ 03 ਸਤੰਬਰ ਨੂੰ ਚੰਡੀਗੜ੍ਹ/ਮੋਹਾਲੀ ਰੈਲੀ ਕਰਨ ਉਪਰੰਤ ਵਿਧਾਨ ਸਭਾ ਵੱਲ ਮਾਰਚ ਕੀਤਾ ਜਾਵੇਗਾ।ਇਸ ਮੌਕੇ ਇਕੱਤਰ ਇੱਕਠ ਦੇ ਜੁਝਾਰੂ ਸਾਥੀਆਂ ਵੱਲੋਂ ਕਲਕੱਤਾ ਵਿੱਚ ਆਰ. ਜੀ. ਕਰ. ਹਸਪਤਾਲ ਦੀ ਡਾਕਟਰ ਬੇਟੀ ਨਾਲ ਵਾਪਰੇ ਦਰਦਨਾਕ ਅਤੇ ਵਹਿਸ਼ੀਆਨਾ ਕਾਂਡ ਅਤੇ ਉਤਰਾਖੰਡ ਦੇ ਇੱਕ ਹਸਪਤਾਲ ਦੀ ਨਰਸ ਦੇ ਦਰਦਨਾਕ ਕਤਲ ਤੇ ਦੋ ਮਿੰਟ ਦਾ ਮੌਨ ਰੱਖ ਕੇ ਸ਼ਰਧਾਂਜਲੀ ਦਿੱਤੀ ਗਈ ਅਤੇ ਕੇਂਦਰ ਸਰਕਾਰ ਤੋਂ ਦੋਸ਼ੀਆਂ ਲਈ ਸਖ਼ਤ ਤੋਂ ਸਖ਼ਤ ਸਜਾਵਾਂ ਦੇਣ ਦੀ ਮੰਗ ਕੀਤੀ ਗਈ। ਇਸ ਤੋਂ ਇਲਾਵਾ ਅਕਾਲ ਚਲਾਣਾ ਕਰ ਗਏ ਆਗੂਆਂ ਵੇਦ ਪਰਕਾਸ਼, ਰਣਬੀਰ ਢਿੱਲੋਂ, ਦੌਲਤ ਸਿੰਘ ਨੂੰ ਸ਼ਰਧਾਂਜਲੀ ਦਿੱਤੀ ਗਈ।ਇਸ ਮੌਕੇ ਅਮਰਜੀਤ ਭੌਰ, ਬਲਕਾਰ ਸਿੰਘ, ਮੰਗਲਦੀਪ, ਜੋਤ ਪਰਕਾਸ਼ ਸਿੰਘ, ਰੂਪ ਸਿੰਘ, ਵੀਰ ਸਿੰਘ, ਸਤਬੀਰ ਸਿੰਘ, ਸੁਖਵਿੰਦਰ ਪਾਲ, ਵਰਿੰਦਰ ਮੋਹਨ, ਮੱਖਣ ਕੋਹਾੜ, ਮੰਗਤ ਚੰਚਲ, ਜੇ ਪੀ ਸੈਣੀ, ਹਰਪ੍ਰੀਤ ਸਿੰਘ, ਸਵਿੰਦਰ ਕਲਸੀ, ਪਿਆਰਾ ਸਿੰਘ, ਗਿਆਨੀ ਪਰਕਾਸ਼ ਚੰਦ, ਗੁਰਵਿੰਦਰ ਸਿੰਘ, ਗੁਰਜਿੰਦਰ ਸਿੰਘ, ਅਵਿਨਾਸ਼ ਸਿੰਘ, ਨੀਤੂ ਜੀਵਾਂਵਾਲ, ਸੁਨੀਤਾ ਸਮੇਤ ਵੱਡੀ ਗਿਣਤੀ ਵਿੱਚ ਮੁਲਾਜ਼ਮ /ਪੈਨਸ਼ਨਰ ਹਾਜ਼ਰ ਸਨ।

# ਹੈਰੋਇਨ ਤੇ ਡਰੱਗ ਮਨੀ ਸਮੇਤ ਤਿੰਨ ਕਾਬੂ



**ਜਲੰਧਰ (ਸੁਰਿੰਦਰ ਕੁਮਾਰ)** ਸਥਾਨਕ ਜਲੰਧਰ ਦਿਹਾਤੀ ਪੁਲਸ ਦੇ ਅਧੀਨ ਪੈਂਦੇ ਥਾਣਾਂ ਲਾਬੜਾ ਦੇ ਪਿੰਡ ਅਵਾਦਾਨ ਦੇ ਅੱਡੇ ਤੋਂ ਨਸ਼ਾ ਵੇਚਣ ਦਾ ਕੰਮ ਕਰਦੇ ਇੱਕ ਨਸ਼ਾ ਤਸਕਰੀ ਦੇ ਗਿਰੋਹ ਦੇ ਤਿੰਨ ਮੈਂਬਰਾ ਨੂੰ 225 ਗਰਾਮ ਹੈਰੋਇਨ ਇੱਕ ਲੱਖ ਰੁਪਏ ਦੀ ਡਰੱਗ ਮਨੀ ਇੱਕ ਕਰੇਟਾ ਕਾਰ ਤੇ ਮੋਬਾਇਲ, ਨਸ਼ਾ ਤੋਲਣ ਵਾਲੇ ਕੰਡੇ ਸਮੇਤ ਕਾਬੂ ਕੀਤਾ। ਐਸ ਐਸ ਪੀ ਹਰਕਮਲਪ੍ਰੀਤ ਸਿੰਘ ਖੱਖ, ਜਸਰੂਪ ਕੌਰ ਆਈ ਪੀ ਐਸ ਐਸ ਪੀ ਇੰਵੈਸਟੀਗੇਸ਼ਨ ਲਖਵੀਰ ਸਿੰਘ, ਉਪ ਪੁਲਸ ਕਪਤਾਨ ਇੰਵੈਸਟੀਗੇਸ਼ਨ ਸੀ ਆਈ ਏ ਇੰਚਾਰਜ ਪੁਸ਼ਪਾ ਬਾਲੀ ਤੇ ਥਾਣਾ ਲਾਂਬੜਾ ਦੀ ਪੁਲਸ ਵੱਲੋਂ ਕੀਤੇ ਸਾਂਝੇ ਅਪ੍ਰੇਸ਼ਨ ਦੌਰਾਨ ਇਨ੍ਹਾਂ ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕਰਨ 'ਚ ਕਾਮਯਾਬੀ ਹਾਸਲ ਹੋਈ ਹੈ।

ਇਸ ਸਬੰਧ ਵਿੱਚ ਐਸ ਐਸ ਪੀ ਹਰਕਮਲਪ੍ਰੀਤ ਸਿੰਘ ਖੱਖ ਨੇ ਦੱਸਿਆ ਕਿ ਬੀਤੇ ਸ਼ੁੱਕਰਵਾਰ ਨੂੰ ਸੀ ਆਈ ਏ ਸਟਾਫ ਦੇ ਐਸ ਆਈ ਨਿਰਮਲ ਸਿੰਘ ਸਮੇਤ ਪੁਲਸ ਪਾਰਟੀ ਨੇ ਕਾਲਾ ਸਿੰਘਿਆ ਤੋਂ ਜਲੰਧਰ ਰੋਡ 'ਤੇ ਸਥਿਤ ਪਿੰਡ ਆਵਾਦਾਨ 'ਚ ਨਾਕਾ ਬੰਦੀ ਕਰਕੇ ਅਚਾਨਕ ਚੈਕਿੰਗ ਕੀਤੀ ਜਾ ਰਹੀ ਸੀ। ਇਸੇ ਦੌਰਾਨ ਕਾਲਾ ਸਿੰਘਿਆ ਵੱਲੋਂ ਇੱਕ ਕਰੇਟਾ ਕਾਰ ਨੰਬਰ ਪੀ ਬੀ 10 ਜੀ ਐਲ 4080 ਰੰਗ ਚਿੱਟਾਂ ਆਉਂਦੀ ਨੂੰ ਜਦੋ ਰੋਕਿਆ ਤੇ ਕਾਰ ਡਰਾਈਵਰ ਨੇ ਘਬਰਾ ਕੇ ਕਾਰ ਨੂੰ ਪਿੱਛੇ ਮੋੜਿਆ ਤੇ ਪੁਲਸ ਨੇ ਇਨ੍ਹਾ ਨੂੰ ਅੱਗੇ ਹੋ ਕੇ ਰੋਕਿਆ। ਜਦੋਂ ਇਨ੍ਹਾ ਤੋਂ ਪੁਲਸ ਨੇ ਰੋਕ ਕੇ ਤਲਾਸ਼ੀ ਲਈ ਤਾਂ ਇਨ੍ਹਾ ਕੋਲੋਂ 225 ਗਰਾਮ ਹੈਰੋਇਨ ਬਰਾਮਦ ਹੋਈ ਇਨ੍ਹਾਂ ਦੀ ਪਹਿਚਾਣ ਗੁਰਚਰਨ ਸਿੰਘ ਵਾਸੀ ਰਾਏਪਾਰ ਅਰਾਈਆ ਥਾਣਾ ਮਹਿਤਪੁਰ, ਬਲਵਿੰਦਰ ਸਿੰਘ ਉਰਫ ਮੋਟਾ ਨਿਵਾਸੀ ਰਾਏਪੁਰ ਅਰਾਈਆ ਥਾਣਾ ਮਹਿਤਪੁਰ ਜਲੰਧਰ, ਗੁਰਪ੍ਰੀਤ ਸਿੰਘ ਉਰਫ ਗੁਰੀ ਨਿਵਾਸੀ ਰਾਏਪੁਰ ਅਰਾਈਆ ਥਾਣਾ ਮਹਿਤਪੁਰ ਵੱਜੋਂ ਹੋਈ। ਇਨ੍ਹਾਂ ਤੋਂ ਬਰਾਮਦ ਹੋਈ ਕਾਰ ਵਿੱਚਲੇ ਡੈਸ਼ ਬੋਰਡ 'ਚੋਂ ਇੱਕ ਲਿਫਾਫੇ 'ਚ 225 ਗਰਾਮ ਹੈਰੋਇਨ ਬਰਾਮਦ ਹੋਈ ਤੇ ਨਾਲ ਇੱਕ ਲੱਖ ਰੁਪਏ ਇੱਕ ਮੋਬਾਇਲ ਕੰਡਾ ਤੇ ਕਰੇਟਾ ਕਾਰ ਬਰਾਮਦ ਹੋਈ ਹੈ। ਪੁਲਸ ਵੱਲੋਂ ਕੀਤੀ ਗਈ ਮੁੱਢਲੀ ਪੁੱਛਗਿੱਛ ਵਿੱਚ ਦੋਸ਼ੀਆ ਨੇ ਦੱਸਿਆ ਉਹ ਕਾਫੀ ਲੰਬੇ ਸਮੇਂ ਤੋ ਹੈਰੋਇਨ ਵੇਚਣ ਦਾ ਧੰਦਾ ਕਰਦੇ ਹਨ।

## ਆਗਾਮੀ ਸਰਪੰਚੀ ਦੀਆਂ ਚੋਣਾਂ 'ਚ ਸਰਪੰਚ ਕਾਂਗਰਸ ਪਾਰਟੀ ਦੇ ਬਣਨਗੇ : ਸਿੱਕੀ, ਪੱਖੋਕੇ



**ਝਬਾਲ (ਹਰਜਿੰਦਰ ਸਿੰਘ ਸੋਨੀ)**-ਹਲਕਾ ਖਡੂਰ ਸਾਹਿਬ ਦੇ ਵੱਖ-ਵੱਖ ਪਿੰਡਾਂ ਤੋਂ ਹੋ ਕਿ ਆਏ ਕਾਂਗਰਸ ਪਾਰਟੀ ਦੇ ਸਾਬਕਾ ਵਿਧਾਇਕ ਰਮਨਜੀਤ ਸਿੰਘ ਤੇ ਕੌਮੀ ਮੀਤ ਪ੍ਰਧਾਨ ਰਾਜਬੀਰ ਸਿੰਘ ਪੱਖੋਕੇ ਨੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਆਪ ਸਰਕਾਰ ਤੋਂ ਲੋਕਾਂ ਦਾ ਮੋਹ ਭੰਗ ਹੋ ਗਿਆ ਹੈ।ਕਿਸੇ ਵੀ ਵਿਅਕਤੀ ਦਾ ਕੋਈ ਵੀ ਕੰਮ ਨਹੀਂ ਹੋ ਰਿਹਾ। ਇਥੋਂ ਤੱਕ ਕਿ ਆਮ ਆਦਮੀ ਪਾਰਟੀ ਦੇ ਵਰਕਰਾਂ ਦੀ ਵੀ ਕੋਈ ਪੁਛ-ਗਿੱਛ ਨਹੀਂ ਹੈ। ਵਰਕਰ ਬਹੁਤ ਪ੍ਰੇਸ਼ਾਨ ਹਨ। ਸਿੱਕੀ ਤੇ ਪੱਖੋਕੇ ਨੇ ਕਿਹਾ ਕਿ ਅਕਾਲੀ ਦਲ ਦੀ ਹਾਲਤ ਬਹੁਤ ਤਰਸਯੋਗ ਹੈ, ਇਹ ਸਾਰਾ ਪੰਜਾਬ ਜਾਣਦਾ ਹੈ। ਅਕਾਲੀ ਲੀਡਰਾਂ ਨੇ ਜਿਥੇ ਸਰਕਾਰ ਦੌਰਾਨ ਪੰਜਾਬ ਦਾ ਨੁਕਸਾਨ ਕੀਤਾ ਹੈ, ਉਥੇ ਪਾਰਟੀ ਦਾ ਵੀ ਬਹੁਤ ਨੁਕਸਾਨ ਕੀਤਾ ਹੈ। ਪਾਰਟੀ ਦੇ ਪੱਲੇ ਕੁਝ ਨਹੀਂ ਛੱਡਿਆ। ਜਿੰਨੀ ਮਾੜੀ ਹਾਲਤ ਅਕਾਲੀ ਦਲ ਦੀ ਹੁਣ ਹੈ ਇੰਨੀ ਕਦੇ ਵੀ ਨਹੀਂ ਹੋਈ। ਸਿੱਕੀ ਤੇ ਪੱਖੋਕੇ ਨੇ ਕਿਹਾ ਕਿ ਆਉਣ ਵਾਲੀ ਸਰਕਾਰ ਕਾਂਗਰਸ ਪਾਰਟੀ ਦੀ ਹੋਵੇਗੀ।ਇਸ ਮੌਕੇ ਪੀਏ ਰਾਣਾ, ਨੰਬਰਦਾਰ ਕੁਲਦੀਪ ਸਿੰਘ ਪੱਖੋਕੇ, ਸਾਬਕਾ ਸਰਪੰਚ ਗੁਰਮੀਤ ਸਿੰਘ ਮਾਨੋਚਾਹਲ, ਜਸਵਿੰਦਰ ਸਿੰਘ ਜੱਸ, ਸੁਖਵੰਤ ਸਿੰਘ ਮਾਨੋਚਾਹਲ, ਸਰਪੰਚ ਕੁਲਬੀਰ ਸਿੰਘ ਆਦਿ ਹਾਜ਼ਰ ਸਨ।

## ਬਾਸਮਤੀ ਐਕਸਪੋਰਟਰਾਂ ਤੇ ਕੇਂਦਰ ਸਰਕਾਰ ਦੇ ਰਲੇ-ਰਪੇ 'ਚ ਕਿਸਾਨਾਂ ਦਾ ਹੋ ਸਕਦੈ ਘਾਣ



**ਤਰਨ ਤਾਰਨ (ਪ੍ਰਿਤਪਾਲ ਸਿੰਘ)**-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜ਼ਿਲਾ ਤਰਨਤਾਰਨ ਦੀ ਜੋਨ ਬਾਬਾ ਬੀਰ ਸਿੰਘ ਦੇ ਪਿੰਡ ਰਸੂਲਪੁਰ, ਆਲਾਦੀਨਪੁਰ ਤੇ ਸੇਰੋ ਵਿੱਚ ਅੱਜ ਮੀਟਿੰਗਾਂ ਕੀਤੀਆਂ ਗਈਆਂ ਮੀਟਿੰਗਾਂ ਵਿੱਚ 31 ਅਗਸਤ ਨੂੰ ਸ਼ੰਭੂ ਮੋਰਚੇ ਵਿੱਚ ਜਾਣ ਦੀਆਂ ਤਿਆਰੀਆਂ ਦੀ ਸਮੀਖਿਆ ਕੀਤੀ ਗਈ ਪਿੰਡਾਂ ਵਿੱਚ ਫੰਡ ਦੀ ਸਥਿਤੀ ਤੇ ਪਿੰਡਾਂ ਵਿੱਚ ਮੋਰਚੇ ਦੇ ਲੰਗਰ ਲਈ ਇਕੱਠੀ ਕੀਤੀ ਗਈ ਕਣਕ ਦੀ ਸਾਂਭ ਸੰਭਾਲ ਤੇ ਮੋਰਚੇ ਵਿੱਚ ਹੋਰ ਰਸਦ ਪਾਣੀ ਲੈ ਕੇ ਜਾਣ ਦਾ ਪ੍ਰੋਗਰਾਮ ਬਣਾਇਆ ਗਿਆ। ਸੰਬੋਧਨ ਕਰਦਿਆਂ ਜ਼ਿਲ੍ਹਾ ਖਜਾਨਚੀ ਫਤਿਹ ਸਿੰਘ ਪਿੱਦੀ ਜੋਨ ਪ੍ਰਧਾਨ ਸੁਖਵਿੰਦਰ ਸਿੰਘ ਦੁਗਲਵਾਲਾ, ਜਨਰਲ ਸਕੱਤਰ ਬਲਜਿੰਦਰ ਸਿੰਘ ਸੇਰੋ ਤੇ ਨਿਸ਼ਾਨ ਸਿੰਘ ਸਹਾਬਪੁਰ ਨੇ ਕਿਹਾ ਕਿ ਦੇਸ਼ ਦੇ ਅਨਾਜ ਭੰਡਾਰ ਵਿੱਚ ਪੰਜਾਬ 50% ਤੋਂ ਵੱਧ ਯੋਗਦਾਨ ਪਾਉਂਦਾ ਹੈ। ਕਣਕ ਝੋਨਾ ਵਿੱਚ ਰਿਕਾਰਡ ਪੈਦਾਵਾਰ ਕੀਤੀ ਜਾਂਦੀ ਹੈ। ਅਫਸੋਸ ਪੰਜਾਬ ਵਿੱਚ ਫਸਲਾਂ ਦੇ ਸਹੀ ਮੰਡੀਕਰਨ ਦਾ ਪ੍ਰਬੰਧ ਨਹੀਂ ਹੈ। ਇਸ ਸਾਲ ਬਾਸਮਤੀ ਐਕਸਪੋਰਟਰਾਂ ਤੇ ਕੇਂਦਰ ਸਰਕਾਰ ਦੀ ਬਾਸਮਤੀ ਦੇ ਘੱਟੋ ਘੱਟ ਰੇਟ ਤੇ ਅੜਿਕਾ ਪਿਆ ਹੋਇਆ ਹੈ ਜਿਸ ਨਾਲ ਲੱਗਦਾ ਇਸ ਵਾਰ ਕਿਸਾਨਾਂ ਦਾ ਆਰਥਿਕ ਨੁਕਸਾਨ ਹੋਵੇਗਾ। ਅਖੀਰ ਵਿੱਚ ਕਿਸਾਨ ਆਗੂਆਂ ਨੇ ਕਿਸਾਨਾਂ ਮਜ਼ਦੂਰਾ ਨੂੰ ਅਪੀਲ ਕੀਤੀ ਕਿ 31 ਅਗਸਤ ਨੂੰ ਹਰ ਪਿੰਡ ਵਿੱਚ ਵੱਡੇ ਕਾਫਲਿਆਂ ਦੇ ਰੂਪ ਵਿੱਚ ਸ਼ੰਭੂ ਬਾਰਡਰ ਵੱਲ ਜਾਇਆ ਜਾਣਾ ਹੈ। ਇਸ ਮੌਕੇ ਮਨਜੀਤ ਸਿੰਘ ਖਜਾਨਚੀ, ਅਜੀਤ ਸਿੰਘ ਫੌਜੀ, ਸਤਨਾਮ ਸਿੰਘ, ਅੰਗਰੇਜ ਸਿੰਘ, ਨਵਜੋਤ ਸਿੰਘ, ਰਣਜੀਤ ਸਿੰਘ, ਨਿਸ਼ਾਨ ਸਿੰਘ, ਜੱਸਾ ਸਿੰਘ ਗ੍ਰੰਥੀ, ਮੈਂਬਰ ਸਤਪਾਲ ਸਿੰਘ, ਨਿਰਮਲ ਸਿੰਘ ਆੜਤੀਆ, ਬੀਬੀ ਅਮਰੀਕ ਕੌਰ, ਬੀਬੀ ਮਨਜੀਤ ਕੌਰ, ਕੁਲਵੰਤ ਕੌਰ, ਬਲਵਿੰਦਰ ਕੌਰ,ਗੁਰਮੀਤ ਕੌਰ, ਕੁਲਵਿੰਦਰ ਕੌਰ, ਮਹਿੰਦਰ ਕੌਰ ਆਦਿ ਹਾਜ਼ਰ ਸਨ।

## ਯੋਗਾ ਮੁਕਾਬਲੇ 'ਚ ਕੁੜੀਆਂ ਦੀ ਝੰਡੀ



**ਬਟਾਲਾ (ਡਾ. ਮਲਵਿੰਦਰ ਸਿੰਘ)**—ਆਰ. ਡੀ. ਖੋਸਲਾ ਡੀਏਵੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਬਟਾਲਾ ਦੀ ਅੰਡਰ 14, 17 ਅਤੇ 19 ਲੜਕੀਆਂ ਦੀ ਟੀਮ ਨੇ ਪੰਜਾਬ ਸਕੂਲ ਖੇਡਾਂ ਦੇ ਤਹਿਤ ਕਰਵਾਏ ਗਏ ਯੋਗਾ ਮੁਕਾਬਲੇ ਵਿੱਚ ਪਹਿਲਾ ਸਥਾਨ ਹਾਸਲ ਕਰਕੇ ਸਕੂਲ ਦਾ ਨਾਂ ਰੌਸ਼ਨ ਕੀਤਾ। ਜ਼ਿਲ੍ਹਾ ਪੱਧਰ ਤੇ ਹੋਏ ਮੁਕਾਬਲੇ ਲਈ ਅੰਡਰ -14 ਟੀਮ ਵਿੱਚ ਰਾਜਵੀਰ ਕੌਰ ਅਤੇ ਮਨੁਲੀਨ ਨੇ ਪਹਿਲਾ ਸਥਾਨ ਹਾਸਲ ਕੀਤਾ।ਅੰਡਰ-17 ਲੜਕੀਆਂ ਦੀ ਟੀਮ ਵਿੱਚ ਅਨੁਰੀਤ ਕੌਰ, ਖੁਸ਼ਮੀਤ ਕੌਰ ਨੇ ਪਹਿਲਾ ਅਤੇ ਅੰਡਰ-19 ਲੜਕੀਆਂ ਦੀ ਟੀਮ ਵਿੱਚ ਅਸ਼ਮਨ ਪ੍ਰੀਤ ਕੌਰ ਨੇ ਪਹਿਲਾ ਸਥਾਨ ਹਾਸਲ ਕੀਤਾ।ਕਲਾਤਮਕ ਯੋਗਾ ਵਿੱਚ ਮਨੁਲੀਨ ਕੌਰ ਅਤੇ ਖੁਸ਼ਮੀਤ ਕੌਰ ਪਹਿਲੇ ਸਥਾਨ 'ਤੇ ਰਹੀਆਂ।ਸਕੂਲ ਦੇ ਚੇਅਰਮੈਨ ਅਰਵਿੰਦ ਖੋਸਲਾ, ਪ੍ਰਧਾਨ ਅਜੇ ਖੋਸਲਾ ਅਤੇ ਪ੍ਰਿੰ. ਡਾ. ਬਿੰਦੂ ਭੱਲਾ ਨੇ ਜੇਤੂ ਵਿਦਿਆਰਥਣਾਂ, ਉਨ੍ਹਾਂ ਦੇ ਮਾਤਾ-ਪਿਤਾ ਅਤੇ ਕੋਚ ਵਿਨੈ ਪੁਸ਼ਕਰਨ ਅਤੇ ਊਸ਼ਾ ਕਿਰਨ ਨੂੰ ਹਾਰਦਿਕ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਨੂੰ ਅਜਿਹੇ ਮੁਕਾਬਲਿਆਂ ਵਿੱਚ ਉਤਸ਼ਾਹ ਨਾਲ ਭਾਗ ਲੈਣ ਲਈ ਪ੍ਰੇਰਿਤ ਕੀਤਾ।

## ਚੰਦੂ ਨੰਗਲ, ਜੌੜੀਆਂ ਖੁਰਦ ਨੇੜੇ ਖੁੱਲ੍ਹਿਆ ਮੋਹਨ ਮਲਟੀ ਹੈੱਲਥ ਹਸਪਤਾਲ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਸਥਾਨਕ ਕਸਬਾ ਡੇਰਾ ਬਾਬਾ ਨਾਨਕ ਤੋਂ ਬਟਾਲਾ ਰੋਡ 'ਤੇ ਪਿੰਡ ਚੰਦੂ ਨੰਗਲ- ਜੋੜੀਆਂ ਖੁਰਦ ਦੇ ਨਜ਼ਦੀਕ ਡੇਰਾ ਬਾਬਾ ਨਾਨਕ ਦੇ ਨਾਮਵਰ ਡਾਕਟਰ ਮੋਹਨ ਮਹਾਜਨ ਵੱਲੋਂ ਸਰਹੱਦੀ ਖੇਤਰ ਦੇ ਲੋਕਾਂ ਨੂੰ ਮਿਆਰੀ ਸਿਹਤ ਸਹੂਲਤਾਂ ਦੇਣ ਦੇ ਮੰਤਵ ਨਾਲ ਨਵੇ ਬਣਾਏ ਗਏ ਮੋਹਨ ਮਲਟੀ ਹੈਲਥ ਹਸਪਤਾਲ ਦਾ ਉਦਘਾਟਨ ਅੱਜ ਉਨਾਂ ਦੀ ਮਾਤਾ ਸ਼੍ਰੀਮਤੀ ਪੁਸ਼ਪਾਂ ਰਾਣੀ ਮਹਾਜਨ ਧਰਮ ਸੁਪੱਤਨੀ ਸਵਰਗਵਾਸੀ ਪ੍ਰਸ਼ੋਤਮ ਲਾਲ ਮਹਾਜਨ ਵੱਲੋਂ ਰੀਬਨ ਕੱਟ ਕੇ ਕੀਤਾ ਗਿਆ।ਇਸ ਮੌਕੇ ਪਹਿਲਾ ਸ਼੍ਰੀ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ ਗਿਆ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਨਗਰ ਕੌਂਸਲ ਡੇਰਾ ਬਾਬਾ ਨਾਨਕ ਦੇ ਸਾਬਕਾ ਪ੍ਰਧਾਨ ਐਡਵੋਕੇਟ ਪ੍ਰਮੀਤ ਸਿੰਘ ਬੇਦੀ ਨੇ ਕਿਹਾ ਕਿ ਮੋਹਨ ਮਲਟੀ ਹੈਲਥ ਹਸਪਤਾਲ ਡੇਰਾ ਬਾਬਾ ਨਾਨਕ ਸਰਹੱਦੀ ਖੇਤਰ ਦੇ ਲੋਕਾਂ ਲਈ ਵਰਦਾਨ ਸਾਬਤ ਹੋਵੇਗਾ। ਲੰਮੇ ਸਮੇ ਤੋਂ ਮਿਆਰੀ ਸਿਹਤ ਸਹੂਲਤਾਂ ਦੀ ਕਮੀ ਮਹਿਸੂਸ ਕੀਤੀ ਜਾ ਰਹੀ ਸੀ। ਡਾ. ਮਦਨ ਮੋਹਨ ਮਹਾਜਨ ਨੇ ਇਹ ਹਸਪਤਾਲ ਖੋਲ ਕੇ ਇਸ ਕਮੀ ਨੂੰ ਦੂਰ ਕੀਤਾ ਹੈ।ਇਸ ਮੌਕੇ ਹਸਪਤਾਲ ਦੇ ਮਾਲਕ ਡਾ. ਮਦਨ ਮੋਹਨ ਮਹਾਜਨ ਨੇ ਆਏ ਹੋਏ ਪਤਵੰਤੇ ਸੱਜਣਾਂ ਦਾ ਧੰਨਵਾਦ ਕਰਦਿਆ ਕਿਹਾ ਕਿ ਇਸ ਹਸਪਤਾਲ ਵਿੱਚ ਗਰੀਬ ਤੇ ਲੋੜਵੰਦ ਮਰੀਜ਼ਾਂ ਦਾ ਇਲਾਜ ਮੁਫ਼ਤ ਕੀਤਾ ਜਾਵੇਗਾ।ਇਸ ਮੌਕੇ ਜਥੇਦਾਰ ਨਿਰਮਲ ਸਿੰਘ ਰੱਤਾ, ਬਲਜਿੰਦਰ ਸਿੰਘ ਰਿੰਕੂ ਸ਼ਕਰੀ, ਕੇਵਲ ਕ੍ਰਿਸ਼ਨ ਮਹਾਜਨ, ਰਾਜੀਵ ਕਪੂਰ ਅੰਮ੍ਰਿਤਸਰ, ਜੇ ਈ ਚੰਦਰ ਮੋਹਨ ਮਹਾਜਨ, ਰਿਖਿਲ ਕਪੂਰ, ਤਨਿਸ਼ਾ ਮਹਾਜਨ, ਰੀਤੂ ਗੁਪਤਾ, ਨੀਲੂ ਮਹਾਜਨ, ਵਿਪਨ ਕੁਮਾਰ ਅੰਮ੍ਰਿਤਸਰ, ਅਸ਼ਵਨੀ ਕੁਮਾਰ ਨੂਰਪੁਰ, ਰਜਨੀ ਮਹਾਜਨ, ਰਾਜੇਸ਼ ਕੁਮਾਰ ਬਿੱਟਾ, ਹੀਰਾ ਲਾਲ ਜੰਡਿਆਲ, ਡਾਕਟਰ ਵੰਸ਼ਜ ਮਹਾਜਨ, ਡਾ. ਸੁਧੀਰ ਸ਼ਰਮਾ, ਡਾ. ਸੁਮਿਤ, ਡਾ. ਨਵੀਨ ਧੀਰ, ਡਾ. ਰਾਜਬੀਰ ਬਾਜਵਾ, ਡਾ. ਜੋਗਿੰਦਰ ਸਿੰਘ, ਡਾ. ਨਿਰਵੈਰ ਸਿੰਘ, ਡਾ. ਸੈਮ, ਡਾ. ਜਗਦੀਪ ਕੌਰ ਕਾਹਲੋ, ਡਾ. ਜੋਬਨਪ੍ਰੀਤ ਸਿੰਘ, ਕੁਲਵਿੰਦਰ ਸਿੰਘ ਬੇਦੀ, ਡਾ. ਅਸ਼ੋਕ ਸੋਨੀ, ਜੇ ਈ ਬਲਦੇਵ ਰਾਜ, ਜੇ ਈ ਰੁਪਿੰਦਰ ਕੁਮਾਰ, ਜੇ ਈ ਬਲਵਿੰਦਰ ਸਿੰਘ, ਡਾ. ਮਨਮੋਹਨ ਸਿੰਘ ਭੱਟੀ, ਧਰਮਪਾਲ ਸਿੰਘ, ਐਸਡੀਓ ਹਰਸ਼ ਚੰਦਰ ਸ਼ਰਮਾ, ਅਸ਼ੋਕ ਕਾਮਰੇਡ, ਇੰਦਰਜੀਤ ਸਿੰਘ ਸ਼ਹਿਜ਼ਾਦਾ, ਪਟਵਾਰੀ ਐਸ ਪੀ ਸਿੰਘ, ਜਸਪਾਲ ਸਿੰਘ ਬੇਦੀ, ਦਵਿੰਦਰ ਪਾਲ ਸਿੰਘ ਬੇਦੀ, ਪਵਨ ਕੁਮਾਰ ਪੰਮਾ, ਰਾਜ ਕੁਮਾਰ, ਸ਼ਾਮ ਅਵੱਸਥੀ, ਸੁਰਿੰਦਰ ਸਿੰਘ ਰਿਪਲ, ਰਾਜੀਵ ਸੋਨੀ, ਕਪਲ ਧਵਨ, ਜਗਦੀਪ ਸਿੰਘ ਖਾਸਾਵਾਲੀ, ਅਮਰ ਮਹਾਜਨ, ਦੀਪਕ ਸ਼ਰਮਾ, ਰਣਜੀਤ ਸਿੰਘ ਬਾਜਵਾ, ਪਰਮਜੀਤ ਸਿੰਘ ਸਾਬੀ, ਦੀਪਕ ਨਈਅਰ, ਸਰਬਜੀਤ ਸਿੰਘ ਬੇਦੀ, ਹਰਪ੍ਰੀਤ ਸਿੰਘ ਬੇਦੀ, ਮੰਗਲ ਸਿੰਘ ਖਾਸਾਂਵਾਲੀ ਆਦਿ ਹਾਜ਼ਰ ਸਨ।

## ਸ਼੍ਰੋਮਣੀ ਕਮੇਟੀ ਦੀਆਂ ਵੋਟਾਂ ਤੇ ਨੈਸ਼ਨਲ ਹਾਈਵੇ ਦੇ ਪ੍ਰੋਜੈਕਟਾਂ ਨੂੰ ਲੈ ਕੇ ਮੁੱਖ ਸਕੱਤਰ ਪੰਜਾਬ ਦੀ ਡੀ ਸੀ ਨਾਲ ਮੀਟਿੰਗ

**ਅੰਮ੍ਰਿਤਸਰ (ਨਰਿੰਦਰਜੀਤ ਸਿੰਘ)**—ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਬੋਰਡ) ਦੀਆਂ ਚੋਣਾਂ ਨੂੰ ਲੈ ਕੇ ਵੱਧ ਤੋਂ ਵੱਧ ਵੋਟਰਾਂ ਦੀ ਰਜਿਸਟਰੇਸ਼ਨ ਯਕੀਨੀ ਬਣਾਈ ਜਾਵੇ ਅਤੇ ਛੁੱਟੀਆਂ ਵਾਲੇ ਦਿਨਾਂ ਵਿੱਚ ਵੀ ਵਿਸ਼ੇਸ਼ ਕੈਂਪ ਲਗਾ ਕੇ ਯੋਗ ਕੇਸਾਧਾਰੀ ਸਿੱਖ ਵੋਟਰਾਂ ਦੀ ਵੱਧ ਤੋਂ ਵੱਧ ਰਜਿਸਟਰੇਸ਼ਨ ਕੀਤੀ ਜਾਵੇ ਅਤੇ ਜਿਲ੍ਹੇ ਅੰਦਰ ਚਲ ਰਹੇ ਨੈਸ਼ਨਲ ਹਾਈਵੇ ਦੇ ਪ੍ਰੋਜੈਕਟਾਂ ਨੂੰ ਸਮੇਂ ਸਿਰ ਪੂਰਾ ਕੀਤਾ ਜਾਵੇ।ਇਸ ਸਬੰਧੀ ਮੁੱਖ ਸਕੱਤਰ ਪੰਜਾਬ ਅਨੁਰਾਗ ਵਰਮਾ ਨੇ ਡਿਪਟੀ ਕਮਿਸ਼ਨਰ ਘਨਸ਼ਾਮ ਥੋਰੀ ਨਾਲ ਵੀਡੀਓ ਕਾਨਫਰੰਸਿੰਗ ਰਾਹੀਂ ਮੀਟਿੰਗ ਕਰਦੇ ਹੋਏ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਬੋਰਡ) ਦੀਆਂ ਚੋਣਾਂ ਦੇ ਵੋਟਰਾਂ ਦੇ ਰਜਿਸਟਰੇਸ਼ਨ ਦੀ ਆਖਿਰੀ ਮਿਤੀ 15 ਸਤੰਬਰ 2024 ਹੈ। ਉਨ੍ਹਾਂ ਕਿਹਾ ਕਿ ਇਸ ਮਿਤੀ ਤੋਂ ਪਹਿਲਾਂ ਪਹਿਲਾਂ ਯੋਗ ਵੋਟਰਾਂ ਦੀ ਰਜਿਸਟਰੇਸ਼ਨ ਨੂੰ ਯਕੀਨੀ ਬਣਾਇਆ ਜਾਵੇ।ਉਨ੍ਹਾਂ ਨੇ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਬੋਰਡ) ਦੀਆਂ ਚੋਣਾਂ ਨੂੰ ਲੈ ਕੇ ਵੱਧ ਤੋਂ ਵੱਧ ਰਜਿਸਟਰੇਸ਼ਨ ਕਰਨ ਲਈ ਬੀ.ਐਲ.ਓਜ਼ ਨੂੰ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਹਨ ਅਤੇ ਉਹ ਘਰ ਘਰ ਜਾ ਕੇ ਵੋਟਾਂ ਦੀ ਰਜਿਸਟਰੇਸ਼ਨ ਕਰ ਰਹੇ ਹਨ।ਜ਼ਿਲ੍ਹੇ ਅੰਦਰ ਚਲ ਰਹੇ ਨੈਸ਼ਨਲ ਹਾਈਵੇ ਪ੍ਰੋਜੈਕਟ ਦਿੱਲੀ-ਕਟੜਾ ਐਕਸਪ੍ਰੈਸ ਹਾਈਵੇ ਦੀ ਗੱਲ ਕਰਦਿਆਂ ਸ਼੍ਰੀ ਥੋਰੀ ਨੇ ਦੱਸਿਆ ਕਿ ਜਿਨ੍ਹਾਂ ਲੋਕਾਂ ਦੀ ਜ਼ਮੀਨ ਅਕਵਾਈਰ ਕੀਤੀ ਗਈ ਹੈ ਉਨ੍ਹਾਂ ਨੂੰ ਸਮੇਂ ਸਿਰ ਅਵਾਰਡ ਦਿੱਤੇ ਜਾ ਰਹੇ ਹਨ।ਡਿਪਟੀ ਕਮਿਸ਼ਨਰ ਨੇ ਮੁੱਖ ਸਕੱਤਰ ਨੂੰ ਯਕੀਨ ਦਿਵਾਇਆ ਕਿ ਜ਼ਿਲ੍ਹੇ ਵਿੱਚ ਚਲ ਰਹੇ ਪ੍ਰੋਜੈਕਟਾਂ ਨੂੰ ਸਮੇਂ ਸਿਰ ਪੂਰਾ ਕੀਤਾ ਜਾਵੇਗਾ।ਇਸ ਮੌਕੇ ਐੱਸਡੀਐੱਮ ਅਜਨਾਲ ਅਰਵਿੰਦਰਪਾਲ ਸਿੰਘ, ਐੱਸਡੀਐੱਮ ਬਾਬਾ ਬਕਾਲਾ ਸਾਹਿਬ ਸ੍ਰੀ ਰਵਿੰਦਰ ਅਰੋੜਾ, ਐੱਸਡੀਐੱਮ ਅੰਮ੍ਰਿਤਸਰ -2 ਲਾਲ ਵਿਸ਼ਵਾਸ਼, ਚੋਣ ਤਹਿਸੀਲਦਾਰ ਸ: ਇੰਦਰਜੀਤ ਸਿੰਘ ਤੋਂ ਇਲਾਵਾ ਹੋਰ ਅਧਿਕਾਰੀ ਵੀ ਹਾਜ਼ਰ ਸਨ।

## ਮੇਲਾ ਬਾਬਾ ਗੁਲਾਬ ਸ਼ਾਹ ਚੂੰਗ 'ਚ ਜੈਲੀ ਨੇ ਕਰਵਾਈ ਬੱਲੇ-ਬੱਲੇ

**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**-ਪਿੰਡ ਚੂੰਗ ਵਿਖੇ ਐਂਨ. ਆਰ. ਆਈ. ਵੀਰਾਂ ਤੇ ਇਲਾਕੇ ਦੀ ਸੰਗਤ ਦੇ ਸਹਿਯੋਗ ਸਦਕਾ ਧੰਨ-ਧੰਨ ਬਾਬਾ ਗੁਲਾਬ ਸ਼ਾਹ ਚੂੰਗ ਦੀ ਯਾਦ 'ਚ ਦਰਗਾਹ 'ਤੇ ਮਨਾਏ ਗਏ ਸਾਲਾਨਾ ਮੇਲੇ ਦੌਰਾਨ ਜਿੱਥੇ ਪੰਜਾਬ ਦੇ ਨਾਮਵਰ ਗਾਇਕ 'ਜੈਲੀ' ਨੇ ਆਪਣੀ ਦਿਲਕਸ਼ ਤੇ ਸੁਰੀਲੀ ਗਾਇਕੀ ਨਾਲ ਸਰੋਤਿਆਂ ਦੀ ਮਨਪਸੰਦ ਦੇ ਗੀਤ ਤੈਨੂੰ ਸੋਹਣੀਏ ਬਲਾਉਂਦੇ ਜਾਨ-ਜਾਨ ਤੇ ਹੋਰ ਮਸ਼ਹੂਰ ਗੀਤ ਗਾ ਕੇ 'ਕਮਾਲ' ਕਰ ਦਿੱਤੀ।ਇਸ ਤੋਂ ਇਲਾਵਾ ਦੋਗਾਣਾ ਜੋੜੀ ਅਮਰੀਕ ਬੱਲ ਤੇ ਮਨਜੀਤ ਸੋਨੀਆ, ਸੁਖਜਿੰਦਰ ਸਿੰਘ ਰਾਜੂ,ਸਾਜਨ ਬਾਜਵਾ,ਨੇ ਵੀ ਖੁੱਲ੍ਹੇ ਅਖਾੜ੍ਹੇ ਦਾ ਪੂਰਾ ਰੰਗ ਬੰਨ੍ਹਿਆ।ਮੁੱਖ ਪ੍ਰਬੰਧਕ ਸਾਬਕਾ ਸਰਪੰਚ ਮਹਿੰਗਾ ਸਿੰਘ ਚੂੰਗ, ਪ੍ਰਧਾਨ ਕੁਲਬੀਰ ਸਿੰਘ, ਅਮਨ ਵੜੈਚ, ਇੰਦਰਜੀਤ ਸਿੰਘ ਕਾਕੂ ਰੰਧਾਵਾ, ਮਨਪ੍ਰੀਤ ਸਿੰਘ ਬੋਬੀ,ਦੀ ਅਗਵਾਈ ਹੇਠ ਸ਼ੁਰੂ ਹੋਏ ਇਸ ਸੱਭਿਆਚਾਰਕ ਮੇਲੇ ਅੰਦਰ ਹਜ਼ਾਰਾਂ ਦੀ ਗਿਣਤੀ 'ਚ ਪੁੱਜੇ ਦਰਸ਼ਕਾਂ ਨੇ ਭਾਰੀ ਗਰਮੀ ਦੇ ਬਾਵਜੂਦ ਲੰਬਾ ਸਮਾਂ ਬੈਠ ਕੇ ਆਪਣੇ ਮਹਿਬੂਬ ਕਲਾਕਾਰਾਂ ਦੀ ਪੇਸ਼ਕਾਰੀ ਦਾ ਆਨੰਦ ਮਾਣਿਆ।ਮੇਲੇ ਦੌਰਾਨ ਕੁਲਬੀਰ ਸਿੰਘ ਚੂੰਗ ਨੇ ਮੰਚ ਸੰਚਾਲਨ ਦਾ ਕੰਮ ਬਾਖੂਬੀ ਨਿਭਾਇਆ ਤੇ ਅਮਨ ਵੜੈਚ, ਤੇ ਇੰਦਰਜੀਤ ਸਿੰਘ ਕਾਕੂ ਰੰਧਾਵਾ ਨੇ ਸਮਾਗਮ 'ਚ ਹਾਜ਼ਰ ਪ੍ਰਮੁੱਖ ਸ਼ਖਸ਼ੀਅਤਾਂ ਦਾ ਧੰਨਵਾਦ ਕਰਦੇ ਹੋਏ ਉਨ੍ਹਾਂ ਨੂੰ ਕਮੇਟੀ ਵੱਲੋਂ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ।ਇਸ ਮੌਕੇ ਮੁੱਖ ਸੇਵਾਦਾਰ ਬਾਬਾ ਸਤਨਾਮ ਸਿੰਘ, ਸਰਪੰਚ ਕਸ਼ਮੀਰ ਸਿੰਘ ਮਹਿਤਾ, ਸਰਪੰਚ ਮਨਦੀਪ ਸਿੰਘ ਸੋਨਾ, ਸਰਪੰਚ ਸੁਖਦੇਵ ਸਿੰਘ ਸੈਦੋਕੇ, ਰਾਜਬੀਰ ਸਿੰਘ ਮਹਿਤਾ,ਚੇਅਰਮੈਨ ਸਤਨਾਮ ਸਿੰਘ ਚੂੰਗ, ਡਾ ਗੁਰਪ੍ਰੀਤ ਸਿੰਘ ਗੋਰਾ,ਕੰਵਲਜੀਤ ਸਿੰਘ, ਪ੍ਰਧਾਨ ਗੁਰਪ੍ਰੀਤ ਸਿੰਘ ਗੋਪਾਲ, ਡਾ ਅਮਰਜੀਤ ਸਿੰਘ ਅੰਬਾ, ਬਲਜਿੰਦਰ ਸਿੰਘ ਬਿੱਟੂ, ਰਸ਼ਪਾਲ ਸਿੰਘ, ਸ਼ਮਸ਼ੇਰ ਸਿੰਘ, ਇੰਦਰਜੀਤ ਸਿੰਘ, ਨੰਬਰਦਾਰ ਗੁਰਦਿਆਲ ਸਿੰਘ, ਹਰਪ੍ਰੀਤ ਸਿੰਘ ਹੈਪੀ,ਵਿਸਾਲਦੀਪ ਸਿੰਘ ਸ਼ੈਲੀ, ਮਨਜੀਤ ਸਿੰਘ ਰਵੀ, ਹਰਵਿੰਦਰ ਸਿੰਘ, ਪਲਵਿੰਦਰ ਸਿੰਘ, ਗਗਨਦੀਪ ਸਿੰਘ ਪ੍ਰਿੰਸ, ਸਾਹਬ ਸਿੰਘ, ਜਸਵਿੰਦਰ ਸਿੰਘ, ਅਰਨਬੀਰ ਸਿੰਘ, ਮਨਬੀਰ ਸਿੰਘ, ਸਾਗਰ, ਰਣਜੀਤ ਸਿੰਘ ਸੋਢੀ, ਗੁਰਵਿੰਦਰ ਸਿੰਘ ਬੱਲ, ਜ਼ੋਬਨ ਸਿੰਘ ਰੰਧਾਵਾ, ਜੱਗਾ ਰੰਧਾਵਾ, ਮਿੰਟੂ ਬੁੱਟਰ, ਗੁਰਮੀਤ ਸਿੰਘ, ਹਰਮਨਦੀਪ ਸਿੰਘ ਵੜੈਚ ਆਦਿ ਹਾਜ਼ਰ ਸਨ।

## ਜ਼ਿਲ੍ਹਾ ਗੱਤਕਾ ਐਸੋਸੀਏਸ਼ਨ ਨੇ ਵਿਆਹ ਪੁਰਬ ਦੀਆਂ ਤਿਆਰੀਆਂ ਨੂੰ ਲੈ ਕੇ ਬਣਾਈ ਵਿਉਂਤਬੰਦੀ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਜ਼ਿਲਾ ਗਤਕਾ ਐਸੋਸੀਏਸ਼ਨ ਗੁਰਦਾਸਪੁਰ ਦੇ ਪ੍ਰਧਾਨ ਕਮ ਚੇਅਰਮੈਨ ਰਵਿੰਦਰ ਸਿੰਘ ਮਠਾਰੂ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਗਤਕਾ ਐਸੋਸੀਏਸਨ ਦੇ ਅਹੁਦੇਦਾਰਾਂ ਤੇ ਮੈਂਬਰਾਂ ਵੱਲੋਂ ਖਾਲਸਾ ਗੱਤਕਾ ਸੁਸਾਇਟੀ ਦੇ ਅਹੁਦੇਦਾਰਾਂ ਦੇ ਨਾਲ ਮੀਟਿੰਗ ਕਰਕੇ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੌਕੇ ਜ਼ਿਲ੍ਹਾ ਗਤਕਾ ਐਸੋਸੀਏਸ਼ਨ ਦੇ ਪ੍ਰਧਾਨ ਕੰਮ ਚੇਅਰਮੈਨ ਰਵਿੰਦਰ ਸਿੰਘ ਮਠਾਰੂ ਅਤੇ ਖਾਲਸਾ ਗਤਕਾ ਸੁਸਾਇਟੀ ਦੇ ਚੇਅਰਮੈਨ ਸਰਬਜੀਤ ਸਿੰਘ ਰਿੰਕੂ, ਪ੍ਰਧਾਨ ਹਰਮਨਪ੍ਰੀਤ ਸਿੰਘ ਡੀ ਪੀ, ਸੀਨੀਅਰ ਵਾਈਸ ਪ੍ਰਧਾਨ ਭੁਪਿੰਦਰ ਸਿੰਘ ਪ੍ਰਿੰਸ ਤੋਂ ਇਲਾਵਾ ਜ਼ਿਲ੍ਹਾ ਗਤਕਾ ਐਸੋਸੀਏਸਨ ਦੇ ਜਨਰਲ ਸੈਕਟਰੀ ਜੋਧਵੀਰ ਸਿੰਘ ਜੋਧਾ, ਸੀਨੀਅਰ ਮੀਤ ਪ੍ਰਧਾਨ ਰਜਿੰਦਰ ਸਿੰਘ ਹੈਪੀ, ਮੀਤ ਪ੍ਰਧਾਨ ਹਰਵਿੰਦਰ ਸਿੰਘ ਟਿੰਕੂ, ਖਜਾਨਚੀ ਤੇਜਪਾਲ ਸਿੰਘ ਪਾਲ, ਜੁਆਇੰਟ ਸਕੱਤਰ ਇੰਦਰਪ੍ਰੀਤ ਸਿੰਘ ਰਿੱਕੀ, ਪ੍ਰੈੱਸ ਸਕੱਤਰ ਰਜਿੰਦਰ ਸਿੰਘ ਰਾਜੂ, ਮੈਂਬਰ ਗਗਨਦੀਪ ਸਿੰਘ ਤੋਂ ਇਲਾਵਾ ਹੋਰ ਵੀ ਮੈਂਬਰਾਂ ਨੇ ਸਮੂਲੀਅਤ ਕੀਤੀ। ਇਸ ਦੌਰਾਨ ਜਿਲਾ ਗਤਕਾ ਐਸੋਸੀਏਸਨ ਦੇ ਪ੍ਰਧਾਨ ਕਮ ਚੇਅਰਮੈਨ ਰਵਿੰਦਰ ਸਿੰਘ ਮਠਾਰੂ ਅਤੇ ਖਾਲਸਾ ਗੱਤਕਾ ਸੁਸਾਇਟੀ ਦੇ ਚੇਅਰਮੈਨ ਸਰਬਜੀਤ ਸਿੰਘ ਰਿੰਕੂ ਸਮੇਤ ਹੋਰ ਮੈਂਬਰਾਂ ਨੇ ਪਹਿਲੇ ਪਾਤਸਾਹ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਜਗਤ ਮਾਤਾ ਸੁਲੱਖਣੀ ਜੀ ਦੇ ਵਿਆਹ ਪੁਰਬ ਨੂੰ ਲੈ ਕੇ ਗਤਕੇ ਦੀਆਂ ਤਿਆਰੀਆਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਜਦਕਿ ਵਿਆਹ ਪੁਰਬ ਦੇ ਸਮਾਗਮਾਂ ਵਿੱਚ ਗਤਕੇ ਦੀਆਂ ਤਿਆਰੀਆਂ ਨੂੰ ਲੈ ਕੇ ਵਿਉਂਤਬੰਦੀ ਵੀ ਬਣਾਈ ਗਈ। ਜ਼ਿਲਾ ਗਤਕਾ ਐਸੋਸੀਏਸ਼ਨ ਦੇ ਪ੍ਰਧਾਨ ਕਮ ਚੇਅਰਮੈਨ ਰਵਿੰਦਰ ਸਿੰਘ ਮਠਾਰੂ ਨੇ ਸਮੁੱਚੇ ਸਾਥੀਆਂ ਨੂੰ ਭਰੋਸਾ ਦਿੱਤਾ ਕਿ ਸਾਰਿਆਂ ਨੂੰ ਨਾਲ ਲੈ ਕੇ ਚਲਿਆ ਜਾਵੇਗਾ।

## ਵਿਧਾਨ ਸਭਾ ਹਲਕਾ ਭੋਆ ਦੀਆਂ ਪੰਚਾਇਤਾਂ ਨਾਲ ਕਟਾਰੂ ਚੱਕ ਵੱਲੋਂ ਰੀਵਿਊ ਮੀਟਿੰਗ



**ਪਠਾਨਕੋਟ (ਦਵਿੰਦਰ ਸਿੰਘ)**-ਕੈਬਨਿਟ ਮੰਤਰੀ ਪੰਜਾਬ ਲਾਲ ਚੰਦ ਕਟਾਰੂਚੱਕ ਵੱਲੋਂ ਜਸਵਾਲੀ ਵਿਖੇ ਸਥਿਤ ਰੈਸਟ ਹਾਊਸ ਵਿੱਚ ਵਿਧਾਨ ਸਭਾ ਹਲਕਾ ਭੋਆ ਦੀਆਂ ਬਲਾਕ ਸੁਜਾਨਪੁਰ ਅਧੀਨ ਆਉਂਦੀਆਂ ਪੰਚਾਇਤਾਂ ਨਾਲ ਇੱਕ ਮੀਟਿੰਗ ਕੀਤੀ ਗਈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਜੀਤ ਕੌਰ ਬਲਾਕ ਵਿਕਾਸ ਤੇ ਪੰਚਾਇਤ ਅਫਸਰ ਸੁਜਾਨਪੁਰ, ਰਜਿੰਦਰ ਭਿੱਲਾ ਸਰਪੰਚ ਬਨੀ ਲੋਧੀ ਅਤੇ ਬਲਾਕ ਪ੍ਰਧਾਨ, ਬਲਾਕ ਸਮਿਤੀ ਮੈਂਬਰ ਸੁਭਾਸ਼ ਜੱਗੀ, ਬਲਾਕ ਪ੍ਰਧਾਨ ਸੰਦੀਪ ਕੁਮਾਰ, ਦੀਪਕ ਕੁਮਾਰ ਬਲਾਕ ਪ੍ਰਧਾਨ, ਰਜਨੀ ਪਿੰਡ ਆਸ਼ਾ ਬਾਨੋ, ਰਮੇਸ ਕੁਮਾਰ ਜਨਰਲ ਸਕੱਤਰ, ਹੰਸ ਰਾਜ ਮੈਰਾ ਕਲੋਨੀ, ਪਿੰਡ ਐਮਾਂ ਤੋਂ ਅਭਿਨਾਸ਼ ਅਤੇ ਹੋਰ ਪਾਰਟੀ ਦੇ ਅਹੁਦੇਦਾਰ ਵੀ ਹਾਜ਼ਰ ਸਨ।ਮੀਟਿੰਗ ਦੌਰਾਨ ਵੱਖ ਵੱਖ ਪਿੰਡਾਂ ਤੇ ਚਰਚਾ ਕਰਦਿਆਂ ਕੁਝ ਸਵਾਲ ਸਾਹਮਣੇ ਆਏ। ਪਿੰਡਾਂ ਅੰਦਰ ਸਮਸਾਨ ਘਾਟ ਦੀ ਰਿਪੇਅਰ ਜਾਂ ਰਸਤਿਆਂ ਨੂੰ ਪੱਕਾ ਕਰਨ, ਪਿੰਡਾਂ ਅੰਦਰ ਜੰਞਘਰ ਦਾ ਨਿਰਮਾਣ, ਖੇਡਾਂ ਦੇ ਲਈ ਪਲੇ ਗਰਾਉਂਡ ਦਾ ਨਿਰਮਾਣ ਆਦਿ ਕਈ ਜ਼ਰੂਰਤਾਂ ਹਨ ਜਿਨ੍ਹਾਂ ਨਿਪਟਾਰਾ ਛੇਤੀ ਹੀ ਕੀਤਾ ਜਾਵੇਗਾ। ਇਸ ਤੋਂ ਇਲਾਵਾ ਕੈਬਨਿਟ ਮੰਤਰੀ ਵੱਲੋਂ ਪਿੰਡ ਕਟਾਰੂਚੱਕ ਵਿਖੇ ਬਣਾਏ ਦਫਤਰ ਵਿਖੇ ਖੁੱਲਾ ਦਰਬਾਰ ਲਗਾ ਕੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਸਮੱਸਿਆਵਾਂ ਦਾ ਹੱਲ ਕੀਤਾ ਗਿਆ।

## ਪੰਜਵੜ ਖੁਰਦ 'ਚ ਪਾਰਕ ਦਾ ਵਿਧਾਇਕ ਡਾ. ਸੋਹਲ ਨੇ ਰੱਖਿਆ ਨੀਂਹ ਪੱਥਰ

**ਸਰਾਏ ਅਮਾਨਤ ਖਾਂ (ਮੱਖਣ ਮਨੋਜ)**-ਵਿਧਾਨ ਸਭਾ ਹਲਕਾ ਤਰਨ ਤਰਨ ਦੇ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ ਵੱਲੋਂ ਹਲਕੇ ਦੇ ਵਿਕਾਸ ਕਾਰਜ ਜੰਗੀ ਪੱਧਰ 'ਤੇ ਕਰਵਾਏ ਜਾ ਰਹੇ ਹਨ ਅਤੇ ਪਿੰਡਾਂ ਨੂੰ ਵੀ ਸ਼ਹਿਰਾਂ ਵਰਗੀਆਂ ਸਹੂਲਤਾਂ ਦੇਣ ਦੇ ਅਣਥੱਕ ਯਤਨ ਕੀਤੇ ਜਾ ਰਹੇ ਹਨ ਤਾਂ ਜੋ ਪਿੰਡਾਂ ਦੇ ਲੋਕ ਵੀ ਸ਼ਹਿਰਾਂ ਵਰਗੀਆਂ ਸਹੂਲਤਾਂ ਦਾ ਆਨੰਦ ਮਾਣ ਸਕਣ। ਇਸੇ ਹੀ ਤਰ੍ਹਾਂ ਹਲਕਾ ਤਰਨ ਤਰਨ ਦੇ ਪਿੰਡ ਪੰਜਵੜ 'ਚ ਬੀਤੇ ਦਿਨੀਂ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ ਨੇ ਪਾਰਕ ਦਾ ਨੀਂਹ ਪੱਥਰ ਰੱਖਿਆ। ਇਸ ਪਾਰਕ 'ਤੇ 12 ਲੱਖ ਦੇ ਕਰੀਬ ਲਾਗਤ ਆਵੇਗੀ ਅਤੇ ਪਾਰਕ ਆਧੁਨਿਕ ਸਹੂਲਤਾਂ ਨਾਲ ਲੈਸ ਹੋਵੇਗੀ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ ਨੇ ਦੱਸਿਆ ਕਿ ਲੋਕਾਂ ਵਿੱਚ ਆਪਸੀ ਪ੍ਰੇਮ ਪਿਆਰ ਬਣਾਏ ਰੱਖਣਾ ਅਤੇ ਪਿੰਡਾਂ ਨੂੰ ਵੀ ਸ਼ਹਿਰਾਂ ਵਰਗੀਆਂ ਸਹੂਲਤਾਂ ਦੇਣ ਦੇ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪਿੰਡ ਵਿੱਚ ਪਾਰਕ ਬਣਨ ਨਾਲ ਲੋਕਾਂ ਵਿੱਚ ਆਪਸੀ ਪ੍ਰੇਮ ਪਿਆਰ ਅਤੇ ਮੇਲ ਜੋਲ ਵਧੇਗਾ।ਇਸ ਮੌਕੇ ਬੀਡੀਓ ਗੁਰਮੁਖ ਸਿੰਘ, ਸੈਕਟਰੀ ਕਿਰਨਪ੍ਰੀਤ ਸਿੰਘ, ਐਡਵੋਕੇਟ ਕੋਮਲਪ੍ਰੀਤ ਸਿੰਘ ਪੀਏ, ਗਗਨਦੀਪ ਸਿੰਘ, ਸ਼ਹਿਬਾਜ ਢਿੱਲੋਂ, ਮੈਨੇਜਰ ਮੁਖਵਿੰਦਰ ਸਿੰਘ ਬਿੱਟੂ ਪੰਜਵੜ, ਗੁਰਪ੍ਰੀਤ ਸਿੰਘ, ਸਰਪੰਚ ਸੰਤੋਖ ਕੌਰ, ਸਰਪੰਚ ਅਵਤਾਰ ਸਿੰਘ, ਹਰਦੇਵ ਸਿੰਘ ਦੇਵ, ਆਕਾਸ਼ ਦੀਪ ਸਿੰਘ, ਪ੍ਰਭਜੀਤ ਸਿੰਘ, ਮੰਨੂ ਭਲਵਾਨ, ਵਰਿੰਦਰ ਸਿੰਘ, ਗੁਰਜੀਤ ਸਿੰਘ, ਸ਼ਰਨਜੀਤ ਸਿੰਘ, ਸਾਹਿਬ ਸਿੰਘ, ਰਜਵੰਤ ਸਿੰਘ, ਮੁਖਤਿਆਰ ਸਿੰਘ ਅਤੇ ਆਲਮਵੀਰ ਸਿੰਘ ਆਦਿ ਹਾਜ਼ਰ ਸਨ।

## 'ਅੱਗ ਤੋਂ ਬਚਾਅ ਤੇ ਖਾਸ ਸਾਵਧਾਨੀਆਂ' ਵਿਸ਼ੇ 'ਤੇ ਕੈਂਪ ਲਗਾਇਆ

**ਬਟਾਲਾ, (ਤਰਲੋਕ ਬੱਗਾ)**-ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਮਾਤਾ ਸੁਲੱਖਣੀ ਜੀ ਦੀ ਯਾਦ ਵਿਚ ਵਿਆਹ-ਪੁਰਬ (ਸਲਾਨਾ ਜੋੜ ਮੇਲਾ) ਮੌਕੇ ਸੰਗਤਾਂ ਦੇ ਭਾਰੀ ਇੱਕਠ ਦੇ ਮੱਦੇਨਜ਼ਰ, ਕਮਿਸ਼ਨਰ, ਨਗਰ ਨਿਗਮ -ਕਮ-ਡਿਪਟੀ ਕੰਟਰੋਲਰ ਸਿਵਲ ਡਿਫੈਂਸ ਬਟਾਲਾ ਦੀ ਹਦਾਇਤਾਂ ਅਨੁਸਾਰ ਦਫ਼ਤਰ ਫਾਇਰ ਬ੍ਰਿਗੇਡ ਬਟਾਲਾ ਤੇ ਸਿਵਲ ਡਿਫੈਂਸ ਵਲੋ ਗੁਰਦੁਆਰਾ ਸਤਿਕਰਤਾਰੀਆਂ ਸਾਹਿਬ ਤੇ ਗੁਰਦੁਆਰਾ ਸ੍ਰੀ ਕੰਧ ਸਾਹਿਬ ਵਿਖੇ ਅੱਗ ਤੋ ਬਚਾਅ ਤੇ ਸਾਵਧਾਨੀਆਂ ਵਿਸ਼ੇ 'ਤੇ ਕੈਂਪ ਦਾ ਆਯੋਜਨ ਕੀਤਾ ਗਿਆ।ਇਸ ਕੈਂਪ ਵਿਚ ਫਾਇਰ ਸਟੇਸ਼ਨ ਇੰਚਾਰਜ ਸੁਰਿੰਦਰ ਸਿੰਘ ਢਿੱਲੋਂ ਦਿਸ਼ਾ ਨਿਰਦੇਸ਼ 'ਚ ਫਾਇਰ ਅਫ਼ਸਰ ਨੀਰਜ਼ ਸ਼ਰਮਾਂ ਤੇ ਰਾਕੇਸ਼ ਸ਼ਰਮਾਂ, ਪੋਸਟ ਵਾਰਡਨ ਹਰਬਖਸ਼ ਸਿੰਘ, ਮੈਨਜਰ ਮਨਜੀਤ ਸਿੰਘ ਤੇ ਸੁਖਵਿੰਦਰ ਸਿੰਘ, ਲੰਗਰ ਸੇਵਾਦਾਰ, ਇਲੈਕਟ੍ਰੀਸ਼ਨ, ਸਟਾਫ ਤੇ ਫਾਇਰਮੈਨਾਂ ਨੇ ਹਿੱਸਾ ਲਿਆ।ਇਸ ਮੌਕੇ ਫਾਇਰ ਅਫ਼ਸਰ ਨੀਰਜ ਸ਼ਰਮਾ ਨੇ ਦਸਿਆ ਕਿ ਵਿਆਹ ਪੁਰਬ ਮੌਕੇ ਲੱਖਾਂ ਵਿਚ ਸੰਗਤਾਂ ਬਟਾਲਾ ਸ਼ਹਿਰ ਵਿਚ ਆਉਂਦੀਆਂ ਹਨ। ਉਨ੍ਹਾਂ ਦੇ ਰਹਿਣ ਸਹਿਣ ਦੇ ਨਾਲ ਛਕਣ ਲਈ ਲੰਗਰ ਵੀ ਤਿਆਰ ਹੁੰਦੇ ਹਨ।ਲੰਗਰ ਤਿਆਰ ਕਰਨ ਸਮੇਂ ਗੈਸ ਸਲੰਡਰਾਂ ਦੀ ਵਰਤੋਂ ਕੀਤੀ ਜਾਂਦੀ ਹੈ ਅਤੇ ਇਸ ਦੌਰਾਨ ਕੋਈ ਅਣਸੁਖਾਵੀਂ ਘਟਨਾ ਨਾ ਵਾਪਰੇ, ਇਸ ਲਈ ਪ੍ਰਬੰਧਕਾਂ ਨੂੰ ਅੱਗ ਤੋਂ ਬਚਾਅ ਦੇ ਸੁਰੱਖਿਆ ਦੇ ਗੁਰ ਤੇ ਅੱਗ ਬੁਝਾਊ ਯੰਤਰਾਂ ਬਾਰੇ ਜਾਣਕਾਰੀ ਦਿੱਤੀ।ਉਨ੍ਹਾਂ ਵੱਲੋਂ ਸਾਰਿਆਂ ਨੂੰ ਫਾਇਰ ਬ੍ਰਿਗੇਡ ਬਟਾਲਾ ਦਾ ਸਹਾਇਤਾ ਨੰਬਰ 91157-96801 ਬਟਾਲਾ ਸੇਵ ਵੀ ਕਰਵਾਇਆ।

## ਕਾਲਾ ਗੰਡੀਵਿੰਡ ਵੱਲੋਂ ਡੀ ਐੱਸ ਪੀ ਕਮਲਮੀਤ ਸਿੰਘ ਸਨਮਾਨਤ

**ਸਰਾਏ ਅਮਾਨਤ ਖਾਂ (ਮੱਖਣ ਮਨੋਜ)**-ਹਲਕਾ ਤਰਨਤਾਰਨ ਦੇ ਪਿੰਡ ਗੰਡੀਵਿੰਡ ਤੋਂ ਉਦਯੋਗਪਤੀ ਤੇ ਪ੍ਰਸਿੱਧ ਸਮਾਜ ਸੇਵੀ ਤੇ ਸੁਖਰਾਜ ਸਿੰਘ ਕਾਲਾ ਗੰਡੀਵਿੰਡ ਨੇ ਸਬ ਡਵੀਜ਼ਨ ਤਰਨਤਾਰਨ ਦੇ ਨਵ-ਨਿਯੁਕਤ ਡੀਐੱਸਪੀ ਕਮਲਮੀਤ ਸਿੰਘ ਨਾਲ ਮੁਲਾਕਾਤ ਕੀਤੀ ਤੇ ਉਨ੍ਹਾਂ ਸਬ ਡਵੀਜ਼ਨ ਤਰਨਤਾਰਨ ਵਿਖੇ ਆਉਣ 'ਤੇ ਫੁੱਲਾਂ ਦਾ ਗੁਲਦਸਤਾ ਦੇ ਕੇ ਸਵਾਗਤ ਕੀਤਾ ਤੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ।ਸ. ਸੁਖਰਾਜ ਸਿੰਘ ਕਾਲਾ ਗੰਡੀਵਿੰਡ ਨੇ ਕਿਹਾ ਕਿ ਪੁਲਸ ਪ੍ਰਸ਼ਾਸਨ ਵੱਲੋਂ ਨਸ਼ਿਆਂ ਅਤੇ ਸਮਾਜ ਵਿਰੋਧੀ ਅਨਸਰਾਂ ਵਿਰੁੱਧ ਪੁਲਸ ਪ੍ਰਸ਼ਾਸਨ ਨੂੰ ਪੂਰਾ ਸਹਿਯੋਗ ਦਿੱਤਾ ਜਾਵੇਗਾ।

## ਗਾਜੀਕੋਟ ਦੇ ਦਰਜਨਾਂ ਪਰਵਾਰਾਂ ਦਾ ਆਮ ਆਦਮੀ ਪਾਰਟੀ 'ਚ ਰਲੇਵਾਂ



**ਦੀਨਾਨਗਰ-(ਬਲਵਿੰਦਰ ਸਿੰਘ ਬਿੱਲਾ)**-ਵਿਧਾਨਸਭਾ ਹਲਕਾ ਦੀਨਾਨਗਰ ਅੰਦਰ ਆਮ ਆਦਮੀ ਪਾਰਟੀ ਦਾ ਕਾਫਲਾ ਲਗਾਤਾਰ ਲੰਮਾਂ ਹੁੰਦਾ ਜਾ ਰਿਹਾ ਹੈ ਅਤੇ ਲੋਕ ਧੜਾਧੜ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ। ਹਲਕੇ ਦੇ ਪਿੰਡ ਗਾਜ਼ੀਕੋਟ ਵਿਖੇ ਆਪ ਆਗੂ ਸੁਰਜੀਤ ਸਿੰਘ ਦੇ ਪ੍ਰਬੰਧਾਂ ਹੇਠ ਹੋਈ ਪਾਰਟੀ ਦੀ ਇਕ ਮੀਟਿੰਗ ਦੌਰਾਨ ਪਿੰਡ ਦੇ ਦਰਜਨਾਂ ਪਰਿਵਾਰਾਂ ਨੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ।ਆਪ ਆਗੂ ਸੁਰਜੀਤ ਸਿੰਘ ਗਾਜੀਕੋਟ ਦੀ ਪ੍ਰੇਰਣਾ ਸਦਕਾ ਪਾਰਟੀ ਵਿੱਚ ਸ਼ਾਮਲ ਹੋਣ ਵਾਲਿਆਂ ਵਿੱਚ ਜਸਵੰਤ ਸਿੰਘ, ਸਤਨਾਮ ਸਿੰਘ, ਸ਼ੇਰ ਸਿੰਘ, ਰਵਿੰਦਰ ਸਿੰਘ, ਅਮ੍ਰਿਤਪਾਲ ਸਿੰਘ, ਜੋਗਿੰਦਰ ਸਿੰਘ, ਜਗਬੀਰ ਸਿੰਘ, ਹਰਜਿੰਦਰ ਸਿੰਘ, ਰਵਿੰਦਰ ਸਿੰਘ ਸਾਬੀ, ਬਲਵੀਰ ਸਿੰਘ, ਸੁਰਜੀਤ ਸਿੰਘ, ਦਲਜੀਤ ਸਿੰਘ, ਜਗੀਰ ਸਿੰਘ, ਤਰਸੇਮ ਸਿੰਘ, ਕਾਲਾ, ਰਾਜੂ, ਨਰਿੰਦਰ ਸਿੰਘ, ਗੁਰਵਿੰਦਰ ਸਿੰਘ, ਵਰਿੰਦਰ ਸਿੰਘ, ਕੁਲਵਿੰਦਰ ਸਿੰਘ, ਅਜੀਤ ਸਿੰਘ, ਸੁਖਵਿੰਦਰ ਪਾਲ ਸਿੰਘ, ਗੁਰਮੀਤ ਕੌਰ, ਹਰਜੀਤ ਕੌਰ, ਜਸਵਿੰਦਰ ਕੌਰ, ਸਰਬਜੀਤ ਕੌਰ, ਬਲਜੀਤ ਕੌਰ, ਜਸਵੀਰ ਕੌਰ, ਨਰਮੀਤ ਕੌਰ, ਰੀਨਾ, ਰਾਜ ਰਾਣੀ ਸ਼ਰਮਾ, ਪਰਮਜੀਤ ਕੌਰ, ਪਲਵਿੰਦਰ ਕੌਰ, ਗੁਰਪ੍ਰੀਤ ਕੌਰ, ਸ਼ਰਨਜੀਤ ਕੌਰ, ਜਸਵਿੰਦਰ ਕੌਰ ਤੇ ਪੂਜਾ ਦੇ ਨਾਂ ਮੁੱਖ ਤੌਰ ਤੇ ਸ਼ਾਮਲ ਹਨ।ਪਾਰਟੀ ਵਿੱਚ ਸ਼ਾਮਲ ਹੋਣ ਵਾਲਿਆਂ ਨੂੰ ਸਨਮਾਨਿਤ ਕਰਨ ਮੌਕੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਪਾਰਟੀ ਅੰਦਰ ਪੂਰੇ ਮਾਣ ਸਨਮਾਨ ਦਾ ਭਰੋਸਾ ਦਿਵਾਇਆ ਅਤੇ ਕਿਹਾ ਕਿ ਆਮ ਆਦਮੀ ਪਾਰਟੀ ਆਮ ਲੋਕਾਂ ਦੀ ਪਾਰਟੀ ਹੈ ਜਿਸ ਵਿੱਚ ਮਿਹਨਤ ਦੇ ਬਲਬੂਤੇ ਕੋਈ ਵੀ ਆਮ ਵਿਅਕਤੀ ਅੱਗੇ ਵਧ ਸਕਦਾ ਹੈ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦੂਰ ਅੰਦੇਸ਼ੀ ਵਾਸੀ ਸੋਚ ਸਦਕਾ ਦੀਨਾਨਗਰ ਵਿਧਾਨ ਸਭਾ ਹਲਕੇ ਅੰਦਰ ਵਿਕਾਸ ਦੀ ਕੋਈ ਕਸਰ ਨਹੀਂ ਛੱਡੀ ਜਾਵੇਗੀ ਅਤੇ ਹਲਕੇ ਦਾ ਬਿਨਾਂ ਕਿਸੇ ਪੱਖਪਾਤ ਸਰਬਪੱਖੀ ਵਿਕਾਸ ਕੀਤਾ ਜਾਵੇਗਾ।

## ਜ਼ਿਮਨੀ ਚੋਣ ਨੂੰ ਲੈ ਕੇ ਚੇਅਰਮੈਨ ਬਾਠ ਨੇ ਕਰਵਾਈ ਮੀਟਿੰਗ ਨੇ ਧਾਰਿਆ ਰੈਲੀ ਦਾ ਰੂਪ

**ਕਲਾਨੌਰ (ਮਨਦੀਪ ਕੋਹਲੀ)**-ਡੇਰਾ ਬਾਬਾ ਨਾਨਕ ਦੀ ਜ਼ਿਮਨੀ ਚੋਣ ਨੂੰ ਲੈ ਕੇ ਹਲਕਾ ਡੇਰਾ ਬਾਬਾ ਨਾਨਕ ਤੇ ਵੱਖ-ਵੱਖ ਆਮ ਆਦਮੀ ਪਾਰਟੀ ਦੇ ਲੀਡਰਾਂ ਵੱਲੋਂ ਆਪਣੇ ਆਪਣੇ ਪੱਧਰ 'ਤੇ ਮੀਟਿੰਗਾਂ ਕਰਵਾਈਆਂ ਜਾ ਰਹੀਆਂ ਹਨ।ਇਸੇ ਸਬੰਧ ਵਿੱਚ ਹਲਕਾ ਡੇਰਾ ਬਾਬਾ ਨਾਨਕ ਦੇ ਪਿੰਡ ਵਡਾਲਾ ਬਾਂਗਰ ਦੀ ਦਾਣਾ ਮੰਡੀ ਵਿੱਚ ਕਲਾਨੌਰ ਤੋਂ ਮਾਰਕੀਟ ਕਮੇਟੀ ਦੇ ਚੇਅਰਮੈਨ ਰਣਜੇਤ ਸਿੰਘ ਬਾਠ ਵੱਲੋਂ ਇੱਕ ਵਿਸ਼ਾਲ ਮੀਟਿੰਗ ਕਰਵਾਈ ਗਈ ਲੋਕਾਂ ਦੀ ਭੀੜ ਨਾਲ ਇਸ ਮੀਟਿੰਗ ਨੇ ਰੈਲੀ ਦਾ ਰੂਪ ਧਾਰਨ ਕਰ ਲਿਆ।ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਪੰਜਾਬ ਦੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਅਤੇ ਬਟਾਲਾ ਤੋਂ ਵਿਧਾਇਕ ਅਮਨ ਸ਼ੇਰ ਸਿੰਘ ਸ਼ੈਰੀ ਕਲਸੀ ਪਹੁੰਚੇ। ਇਸ ਦੌਰਾਨ ਮੰਚ ਤੋਂ ਸੰਬੋਧਨ ਕਰਦਿਆਂ ਹਲਕਾ ਡੇਰਾ ਬਾਬਾ ਨਾਨਕ ਤੇ ਵੱਖ-ਵੱਖ ਆਗੂਆਂ ਚੇਅਰਮੈਨ ਰਣਜੇਤ ਸਿੰਘ ਬਾਠ, ਸਤਨਾਮ ਸਿੰਘ ਹਰੂਵਾਲ, ਅਮਰਜੀਤ ਸਿੰਘ ਉਦੋਵਾਲੀ, ਗੁਰਦੀਪ ਸਿੰਘ ਰੰਧਾਵਾ, ਚੰਨਣ ਸਿੰਘ ਖਾਲਸਾ, ਗੁਰਪ੍ਰੀਤ ਸਿੰਘ ਨਬੀਪੁਰ, ਕਸ਼ਮੀਰ ਸਿੰਘ ਵਾਹਲਾ, ਜਗਜੀਤ ਸਿੰਘ ਕਾਹਲੋਂ, ਗੁਰਮੀਤ ਸਿੰਘ ਰੂੜਾ ਆਦਿ ਨੇ ਆਈ ਹੋਈ ਆਮ ਆਦਮੀ ਪਾਰਟੀ ਦੀ ਲੀਡਰਸ਼ਿਪ ਨੂੰ ਵਿਸ਼ਵਾਸ ਦਿਵਾਇਆ ਕਿ ਪਾਰਟੀ ਹਲਕੇ ਵਿੱਚ ਜਿਸ ਨੂੰ ਵੀ ਟਿਕਟ ਦੇ ਕੇ ਨਿਵਾਜ਼ੇਗੀ ਉਹ ਖੁੱਲ੍ਹ ਕੇ ਉਸ ਦਾ ਸਾਥ ਦੇਣਗੇ ਅਤੇ ਹਰ ਹਾਲਤ ਵਿੱਚ ਆਮ ਆਦਮੀ ਪਾਰਟੀ ਦੀ ਝੋਲੀ ਵਿੱਚ ਸੀਟ ਜਿੱਤ ਕੇ ਆਉਣਗੇ।ਇਸ ਮੌਕੇ ਵਿਸ਼ੇਸ਼ ਤੌਰ ਤੇ ਪਹੁੰਚੇ ਬਟਾਲਾ ਤੋਂ ਵਿਧਾਇਕ ਅਮਨ ਸ਼ੇਰ ਸਿੰਘ ਸ਼ੈਰੀ ਕਲਸੀ ਨੇ ਕਿਹਾ ਕਿ ਅੱਜ ਦੀ ਇਸ ਮੀਟਿੰਗ ਵਿੱਚ ਪਹੁੰਚ ਕੇ ਵਧੀਆ ਲੱਗਾ ਕਿਉਂਕਿ ਰਣਜੇਤ ਸਿੰਘ ਬਾਠ ਵੱਲੋਂ ਕਰਵਾਈ ਮੀਟਿੰਗ ਵਿੱਚ ਕਈ ਨਵੇਂ ਲੋਕਾਂ ਨੂੰ ਮਿਲਣ ਦਾ ਮੌਕਾ ਮਿਲਿਆ ਹੈ।ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਹਲਕਾ ਡੇਰਾ ਬਾਬਾ ਨਾਨਕ ਵਿੱਚ ਜ਼ਿਮਨੀ ਚੋਣਾਂ ਨੂੰ ਲੈ ਕੇ ਇਹ ਛੇਵੀਂ ਮੀਟਿੰਗ ਹੈ।ਉਨ੍ਹਾਂ ਕਿਹਾ ਕਿ ਮੀਟਿੰਗਾਂ ਦਾ ਮੁੱਖ ਮੰਤਵ ਜ਼ਿਮਨੀ ਚੋਣਾਂ ਨੂੰ ਲੈ ਕੇ ਲੋਕਾਂ ਨੂੰ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਤੋਂ ਜਾਗਰੂਕ ਕਰਵਾ ਕੇ ਲਾਮਬੰਦ ਕਰਨਾ ਹੈ ਅਤੇ ਹਲਕਾ ਡੇਰ ਬਾਬਾ ਨਾਨਕ ਦੀ ਸੀਟ ਜਿਤਨਾ ਉਨ੍ਹਾਂ ਦਾ ਮੁੱਖ ਨਿਸ਼ਾਨਾ ਹੈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਅਰਸ਼ਦੀਪ ਸਿੰਘ ਜੂਥ ਜੁਆਇੰਟ ਸੈਕਟਰੀ ਪੰਜਾਬ, ਸਤਨਾਮ ਸਿੰਘ ਬਾਜਵਾ ਬਲਾਕ ਪ੍ਰਧਾਨ, ਨਵਪ੍ਰੀਤ ਸਿੰਘ ਪਵਾਰ ਬਲਾਕ ਪ੍ਰਧਾਨ, ਪ੍ਰਭ ਬਾਠ, ਜਗਮੋਹਣ ਸਿੰਘ ਬਾਠ, ਹਰਭਜਨ ਸਿੰਘ ਠੇਕੇਦਾਰ, ਮਨਜੀਤ ਸਿੰਘ ਜਾਜਣ ਵਾਲੀਆ, ਕੁਲਬੀਰ ਕਾਹਲੋਂ, ਲਖਬੀਰ ਸਿੰਘ, ਵਰਿੰਦਰ ਸਿੰਘ ਵਾਹਲਾ, ਸਾਜਨ ਮਸੀਹ ਬਲਾਕ ਪ੍ਰਧਾਨ, ਸਰਬਜੀਤ ਸਿੰਘ ਪਰਾਚਾ, ਕਵਲਜੀਤ ਸਿੰਘ, ਸੁਵਿੰਦਰ ਸਿੰਘ ਅਬਦਾਲ, ਗੁਰਪ੍ਰੀਤ ਸਿੰਘ, ਗੁਰਵਿੰਦਰ ਸਿੰਘ ਨਬੀਪੁਰ, ਕਰਮਜੀਤ ਸਿੰਘ ਅਟਾਰੀ, ਮੰਨਾ ਭੋਜਰਾਜ, ਹਰਜਿੰਦਰ ਕੁਮਾਰ ਡਿੱਕੀ, ਸਤੀਸ਼ ਕੁਮਾਰ ਸਿਆਲ ਵਡਾਲਾ ਬਾਂਗਰ, ਸਤਿੰਦਰ ਸਿੰਘ, ਸੁਰਿੰਦਰ ਪਾਲ ਸਿੰਘ ਭੱਡਵਾਂ, ਹਰਦੇਵ ਸਿੰਘ ਹਰੂਵਾਲ, ਸਤਨਾਮ ਸਿੰਘ ਐਕਸ ਸਰਵਿਸਮੈਨ, ਸਤਨਾਮ ਸਿੰਘ ਬੋਪਾਰਾਏ, ਸਤਵੰਤ ਸਿੰਘ ਮੇਤਲਾ, ਨਿਸ਼ਾਨ ਸਿੰਘ ਸਿੰਘਪੁਰਾ, ਬਲਜੀਤ ਸਿੰਘ ਸ਼ਾਮਪੁਰਾ, ਬਲਜੀਤ ਸਿੰਘ ਵਰਾਨ ਕੋਟਲਾ, ਮਨਦੀਪ ਸਿੰਘ ਵਡਾਲਾ ਬਾਂਗਰ, ਬੂਟਾ ਸਿੰਘ ਵਡਾਲਾ ਬਾਂਗਰ, ਜਸਬੀਰ ਸਿੰਘ ਵਡਾਲਾ ਬਾਂਗਰ, ਅਮਰੀਕ ਸਿੰਘ ਸਾਬਕਾ ਚੇਅਰਮੈਨ, ਗੁਰਪ੍ਰੀਤ ਸਿੰਘ ਗੋਰਾ, ਗਗਨਦੀਪ ਸਿੰਘ ਮੌੜ, ਬਲਜੀਤ ਸਿੰਘ ਮੌੜ, ਜਗਮੋਹਣ ਸਿੰਘ ਖਹਿਰਾ, ਗੁਰਦੇਵ ਸਿੰਘ ਭੰਡਾਲ, ਸੰਪੂਰਨ ਸਿੰਘ ਬਲਾਕ ਪ੍ਰਧਾਨ, ਸਾਹਿਲ ਪ੍ਰੀਤ ਸਿੰਘ ਭਗਵਾਂ, ਜਗਮੋਹਨ ਸਿੰਘ ਸੋਹਲ, ਅਮਨਦੀਪ ਸਿੰਘ ਬਹਿਲੋਲਪੁਰ, ਮਲਕੀਅਤ ਸਿੰਘ ਰੱਤਾ, ਜਰਨੈਲ ਸਿੰਘ ਸਾਬਕਾ ਸਰਪੰਚ ਤਲਵੰਡੀ ਤੋਂ ਇਲਾਵਾ ਸੈਂਕੜੇ ਆਮ ਆਦਮੀ ਪਾਰਟੀ ਦੇ ਵੋਟਰ ਸਪੋਰਟਰ ਅਤੇ ਵਲੰਟੀਅਰ ਹਾਜ਼ਰ ਸਨ।

## ਈ.ਟੀ.ਓ. ਵੱਲੋਂ ਬਲਾਕ ਤਰਸਿੱਕਾ ਦੇ ਪਿੰਡਾਂ 'ਚ ਲਿੰਕ ਸੜਕਾਂ ਦੇ ਉਦਘਾਟਨ



**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**-ਕੈਬਨਿਟ ਮੰਤਰੀ ਹਰਭਜਨ ਸਿੰਘ ਈ. ਟੀ. ਓ. ਵੱਲੋਂ ਹਲਕਾ ਜੰਡਿਆਲਾ ਗੁਰੂ ਨਾਲ ਸੰਬੰਧਿਤ ਬਲਾਕ ਤਰਸਿੱਕਾ ਦੇ ਅੰਦਰ ਵੱਖ ਵੱਖ ਪਿੰਡਾਂ ਦਾ ਦੌਰਾ ਕਰਦਿਆਂ ਲੱਖਾਂ ਰੁਪਏ ਦੇ ਵਿਕਾਸ ਕੰਮਾਂ ਦਾ ਉਦਘਾਟਨ ਕੀਤਾ ਗਿਆ।ਹਰਭਜਨ ਸਿੰਘ ਈ. ਟੀ. ਓ. ਵੱਲੋਂ ਕੀਤੇ ਗਏ ਉਦਘਾਟਨਾਂ ਵਿੱਚ ਉਦੋਨੰਗਲ ਸ਼ਮਸ਼ਾਨਘਾਟ ਤੋਂ ਆਦੋਵਾਲੀ ਵੱਡੇ ਸੂਏ ਨੂੰ ਆਪਸ ਵਿਚ ਜੋੜਦੀ ਲਿੰਕ ਸ਼ੜਕ ਨੂੰ ਪੱਕਾ ਕਰਨ ਦੀ ਸ਼ੁਰੂਆਤ ਕੀਤੀ ਗਈ। ਮੰਤਰੀ ਈ. ਟੀ. ਓ. ਨੇ ਦੱਸਿਆ ਕਿ ਇਹ ਸੜਕ ਕਰੀਬ 24 ਲੱਖ ਰੁਪਏ ਦੀ ਲਾਗਤ ਨਾਲ ਬਹੁਤ ਜਲਦ ਬਣਨ ਕੇ ਤਿਆਰ ਹੋਵੇਗੀ।ਇਸ ਤੋਂ ਇਲਾਵਾ ਉਨ੍ਹਾਂ ਵੱਲੋਂ ਅੱਜ ਭੱਟੀਕੇ, ਨੰਗਲੀ ਕਲਾ, ਬੁੱਟਰ ਕਲਾ ਅਤੇ ਦਿਆਲਗੜ੍ਹ ਆਦਿ ਪਿੰਡਾਂ ਦੀਆਂ ਲਿੰਕ ਸ਼ੜਕਾਂ ਦਾ ਉਦਘਾਟਨ ਵੀ ਕੀਤਾ ਗਿਆ ਹੈ।ਇਨ੍ਹਾਂ ਉੱਤੇ 92.56 ਲੱਖ ਰੁਪਏ ਦੀ ਲਾਗਤ ਆਵੇਗੀ ਅਤੇ ਸੜਕਾਂ ਦੀ ਉਸਾਰੀ ਪੰਜਾਬ ਮੰਡੀ ਬੋਰਡ ਦੇ ਫੰਡ ਨਾਲ ਕਰਵਾਈ ਜਾ ਰਹੀ ਹੈ। ਉਹਨਾਂ ਦੱਸਿਆ ਕਿ ਸੜਕਾਂ ਦੀ ਉਸਾਰੀ ਦਾ ਕੰਮ 31.03.2025 ਤੱਕ ਮੁਕੰਮਲ ਕਰ ਲਿਆ ਜਾਵੇਗਾ।ਮੰਤਰੀ ਈ. ਟੀ. ਓ. ਨੇ ਆਖਿਆ ਕਿ ਆਉਣ ਵਾਲੇ ਸਮੇਂ ਵਿਚ ਹਲਕਾ ਜੰਡਿਆਲਾ ਗੁਰੂ ਦੇ ਪਿੰਡਾਂ ਦੀ ਹਰ ਸੜਕ ਨੂੰ ਪੱਕਾ ਕੀਤਾ ਜਾਵੇਗਾ।ਬਲਾਕ ਪ੍ਰਧਾਨ ਜਰਮਨ ਉਦੋਨੰਗਲ ਦੇ ਗ੍ਰਹਿ ਵਿਖ਼ੇ ਇਕੱਤਰ ਹੋਏ ਲੋਕਾਂ ਦੀਆਂ ਮੁਸ਼ਕਿਲਾਂ ਸੁਣਦਿਆਂ ਉਨ੍ਹਾਂ ਆਖਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਸੂਬੇ ਦਾ ਵਿਕਾਸ ਜੰਗੀ ਪੱਧਰ ਤੇ ਜਾਰੀ ਹੈ ਅਤੇ ਸਰਕਾਰ ਸੂਬੇ ਦੀ ਜਨਤਾ ਨੂੰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਦੇ ਲਈ ਵਚਨਬੱਧ ਹੈ।

## ਅੰਬ ਕੋਟਲੀ ਦੇ ਰਸਤੇ 'ਤੇ ਵੀਹ ਸਾਲਾਂ ਤੋਂ ਲੱਗੇ ਕੂੜੇ ਦੇ ਢੇਰ ਨੂੰ ਹਟਾਉਣ ਦਾ ਕੰਮ ਸ਼ੁਰੂ



**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**—ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਅਜਨਾਲਾ ਸ਼ਹਿਰ ਦੇ ਬਾਹਰਵਾਰ ਅੰਬ ਕੋਟਲੀ ਪਿੰਡ ਦੇ ਰਸਤੇ ਉਤੇ ਵੀਹ ਸਾਲਾਂ ਤੋਂ ਲੱਗੇ ਕੂੜੇ ਦੇ ਢੇਰ ਨੂੰ ਹਟਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਹੈ।ਮੌਕੇ 'ਤੇ ਪਹੁੰਚੇ ਧਾਲੀਵਾਲ ਨੇ ਦੱਸਿਆ ਕਿ ਕੂੜੇ ਦਾ ਇਹ ਢੇਰ ਜੋ ਕਿ ਇੱਥੇ ਰਹਿਣ ਵਾਲੇ ਲੋਕਾਂ ਲਈ ਵੱਡੀ ਸਿਰਦਰਦੀ ਅਤੇ ਪਰੇਸ਼ਾਨੀ ਦਾ ਕਾਰਨ ਬਣਿਆ ਸੀ, ਨੂੰ ਹੁਣ ਕੁਝ ਹੀ ਦਿਨਾਂ ਵਿੱਚ ਹਟਾ ਦਿੱਤਾ ਜਾਵੇਗਾ।ਉਨ੍ਹਾਂ ਦੱਸਿਆ ਕਿ ਇਸ ਕੰਮ ਲਈ ਨਗਰ ਕੌਂਸਲ ਅਜਨਾਲਾ ਵੱਲੋਂ 1. 26 ਕਰੋੜ ਰੁਪਏ ਦੀ ਲਾਗਤ ਨਾਲ ਪ੍ਰੋਜੈਕਟ ਲਗਾਇਆ ਗਿਆ ਹੈ, ਜਿੱਥੇ ਇਸ ਕੂੜੇ ਵਿੱਚੋਂ ਪਲਾਸਟਿਕ ਅਤੇ ਮਿੱਟੀ ਨੂੰ ਵੱਖਰਾ ਕੀਤਾ ਜਾਵੇਗਾ।ਅਸੀਂ ਸ਼ਹਿਰ ਦਾ ਗਿੱਲਾ ਅਤੇ ਸੁੱਕਾ ਕੂੜਾ ਵੱਖੋ ਵੱਖਰਾ ਚੁੱਕਾਂਗੇ ਅਤੇ ਉਸ ਨੂੰ ਵਿਦੇਸ਼ਾਂ ਦੀ ਤਰ੍ਹਾਂ ਮਿੱਟੀ ਵਿੱਚ ਬਦਲ ਕੇ ਇੱਥੇ ਲਿਆਂਦਾ ਜਾਵੇਗਾ। ਉਨ੍ਹਾਂ ਇਲਾਕਾ ਵਾਸੀਆਂ ਨੂੰ ਭਰੋਸਾ ਦਿੱਤਾ ਕਿ ਹੁਣ ਅਜਨਾਲਾ ਹਲਕਾ ਦਾ ਹਰੇਕ ਸ਼ਹਿਰ ਅਤੇ ਪਿੰਡ ਸਾਫ ਸੁਥਰਾ ਬਣੇਗਾ ਅਤੇ ਇਸ ਕੰਮ ਲਈ ਸਾਡੀ ਪੂਰੀ ਤਿਆਰੀ ਹੈ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਵੀ ਸਵੱਛਤਾ ਦੀ ਇਸ ਮੁਹਿੰਮ ਵਿੱਚ ਸਾਡਾ ਸਾਥ ਦੇਣ। ਇਸ ਮੌਕੇ ਨਗਰ ਪੰਚਾਇਤ ਅਜਨਾਲਾ ਦੇ ਪ੍ਰਧਾਨ ਜਸਪਾਲ ਸਿੰਘ ਭੱਟੀ, ਮਾਰਕੀਟ ਕਮੇਟੀ ਅਜਨਾਲਾ ਦੇ ਚੇਅਰਮੈਨ ਬੱਬੂ ਚੇਤਨਪੁਰਾ, ਮਾਸਟਰ ਸਰਫਰਾਜ਼ ਸਿੰਘ ਅੰਬਕੋਟਲੀ, ਦਵਿੰਦਰ ਸਿੰਘ ਸੋਨੂ ਬਲਾਕ ਪ੍ਰਧਾਨ ਅਮਿਤ ਔਲ ਜ਼ਿਲਾ ਸੀਨੀਅਰ ਮੀਤ ਪ੍ਰਧਾਨ ਅਜਨਾਲਾ ਸ਼ਹਿਰੀ ਅਮਿਤ ਪੁਰੀ ਤੋਂ ਇਲਾਵਾ ਕਈ ਪਤਵੰਤੇ ਹਾਜ਼ਰ ਸਨ।

ਨਵਾਂ ਜ਼ਮਾਨਾ
ਸੋਮਵਾਰ, 26 ਅਗਸਤ 2024

# ਮੁਲਾਜ਼ਮਾਂ ਨਾਲ ਇਕ ਹੋਰ ਛਲ

ਪੁਰਾਣੀ ਪੈਨਸ਼ਨ ਸਕੀਮ ਦੀ ਥਾਂ ਲਿਆਂਦੇ ਨੈਸ਼ਨਲ ਪੈਨਸ਼ਨ ਸਿਸਟਮ (ਐੱਨ ਪੀ ਐੱਸ), ਜਿਸ ਨੂੰ ਨਵੀਂ ਪੈਨਸ਼ਨ ਸਕੀਮ ਵੀ ਕਹਿੰਦੇ ਹਨ, ਦਾ ਵਿਆਪਕ ਵਿਰੋਧ ਹੋਣ ਤੋਂ ਬਾਅਦ ਕੇਂਦਰ ਸਰਕਾਰ ਨੇ ਸ਼ਨੀਵਾਰ ਯੂਨੀਫਾਈਡ ਪੈਨਸ਼ਨ ਸਕੀਮ (ਯੂ ਪੀ ਐੱਸ) ਨਾਂਅ ਦੀ ਨਵੀਂ ਸਕੀਮ ਪਹਿਲੀ ਅਪ੍ਰੈਲ 2025 ਤੋਂ ਲਾਗੂ ਕਰਨ ਦਾ ਐਲਾਨ ਕੀਤਾ ਹੈ। ਇਸ ਸਕੀਮ ਵਿਚ ਘੱਟੋ-ਘੱਟ 25 ਸਾਲ ਤੱਕ ਕੰਮ ਕਰਨ ਵਾਲੇ ਸਰਕਾਰੀ ਮੁਲਾਜ਼ਮਾਂ ਨੂੰ ਪੂਰੀ ਪੈਨਸ਼ਨ ਮਿਲੇਗੀ, ਯਾਨੀ ਕਿ ਰਿਟਾਇਰਮੈਂਟ ਤੋਂ ਪਹਿਲਾਂ ਆਖਰੀ 12 ਮਹੀਨੇ ਦੀ ਔਸਤ ਤਨਖਾਹ ਦਾ ਘੱਟੋ-ਘੱਟ 50 ਫੀਸਦੀ ਪੈਨਸ਼ਨ ਦੇ ਰੂਪ ਵਿਚ ਮਿਲੇਗਾ। ਯੂ ਪੀ ਐੱਸ ਵਿਚ 10 ਸਾਲ ਦੀ ਨੌਕਰੀ ਕਰਨ ਦੇ ਬਾਅਦ ਮੁਲਾਜ਼ਮ ਨੂੰ ਘੱਟੋ-ਘੱਟ 10 ਹਜ਼ਾਰ ਰੁਪਏ ਪੈਨਸ਼ਨ ਮਿਲੇਗੀ।

ਦੇਖਣ ਨੂੰ ਲਗਦਾ ਹੈ ਕਿ ਸਰਕਾਰ ਨੇ ਮੁਲਾਜ਼ਮਾਂ ਦਾ ਭਲਾ ਸੋਚਿਆ ਹੈ, ਪਰ ਮੁਲਾਜ਼ਮਾਂ ਦਾ ਕਹਿਣਾ ਹੈ ਕਿ ਉਨ੍ਹਾਂ ਨਾਲ ਛਲ ਕੀਤਾ ਗਿਆ ਹੈ। ਏਟਕ ਦੀ ਜਨਰਲ ਸਕੱਤਰ ਕਾਮਰੇਡ ਅਮਰਜੀਤ ਕੌਰ ਮੁਤਾਬਕ ਯੂ ਪੀ ਐੱਸ ਐੱਨ ਪੀ ਐੱਸ ਦਾ ਹੀ ਵਿਸਥਾਰ ਹੈ। ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਲਈ ਸੰਘਰਸ਼ ਜਾਰੀ ਰਹੇਗਾ। ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਲਈ ਲੰਮੇ ਸਮੇਂ ਤੋਂ ਅੰਦੋਲਨ ਚਲਾਉਣ ਵਾਲੇ 'ਨੈਸ਼ਨਲ ਮਿਸ਼ਨ ਫਾਰ ਓਲਡ ਪੈਨਸ਼ਨ ਸਕੀਮ ਭਾਰਤ' ਦੇ ਕੌਮੀ ਪ੍ਰਧਾਨ ਡਾ. ਮਨਜੀਤ ਸਿੰਘ ਪਟੇਲ ਮੁਤਾਬਕ ਸਰਕਾਰ ਨੇ ਯੂ ਪੀ ਐੱਸ ਵਿਚ ਆਪਣਾ ਯੋਗਦਾਨ 14 ਫੀਸਦੀ ਤੋਂ 18.5 ਫੀਸਦੀ ਕਰ ਦਿੱਤਾ ਹੈ, ਜੋ ਕਿ ਠੀਕ ਹੈ, ਪਰ ਉਨ੍ਹਾਂ ਦੀ ਅਸਲ ਮੰਗ ਰਿਟਾਇਰਮੈਂਟ 'ਤੇ 50 ਫੀਸਦੀ ਬੇਸਿਕ ਸੈਲਰੀ ਤੇ ਡੀ ਏ ਦੇ ਬਰਾਬਰ ਦੀ ਸੀ, ਨਾ ਕਿ ਯੋਗਦਾਨ ਘਟਾਉਣ ਜਾਂ ਵਧਾਉਣ ਦੀ। ਮੁਲਾਜ਼ਮਾਂ ਦੀ ਦੂਜੀ ਮੰਗ ਇਹ ਹੈ ਕਿ ਉਨ੍ਹਾਂ ਦਾ ਪੈਸਾ ਰਿਟਾਇਰਮੈਂਟ 'ਤੇ ਬਿਲਕੁਲ ਜੀ ਪੀ ਐੱਫ ਦੀ ਤਰ੍ਹਾਂ ਵਾਪਸ ਦਿੱਤਾ ਜਾਵੇ। ਯੂ ਪੀ ਐੱਸ ਵਿਚ ਸਰਕਾਰ ਇਹ ਸਾਰਾ ਪੈਸਾ ਲੈ ਲਵੇਗੀ, ਯਾਨੀ ਮੁਲਾਜ਼ਮਾਂ ਦਾ 10 ਫੀਸਦੀ ਤੇ ਆਪਣਾ 18.5 ਫੀਸਦੀ। ਮੁਲਾਜ਼ਮਾਂ ਨੂੰ ਉਨ੍ਹਾਂ ਦੇ ਯੋਗਦਾਨ ਵਿੱਚੋਂ ਆਖਰੀ ਛੇ ਮਹੀਨਿਆਂ ਦੀ ਸੈਲਰੀ ਜਿੰਨੇ ਪੈਸੇ ਵਾਪਸ ਕਰੇਗੀ। ਅਜਿਹੀ ਸਥਿਤੀ ਵਿਚ ਤਾਂ ਯੂ ਪੀ ਐੱਸ ਨਾਲੋਂ ਐੱਨ ਪੀ ਐੱਸ ਬਿਹਤਰ ਰਹੇਗੀ। ਸਰਕਾਰ ਨੇ ਪੁਰਾਣੀ ਪੈਨਸ਼ਨ ਵਰਗੀ ਕੋਈ ਵਿਵਸਥਾ ਯੂ ਪੀ ਐੱਸ ਵਿਚ ਸ਼ਾਮਲ ਨਹੀਂ ਕੀਤੀ। ਕਨਫੈਡਰੇਸ਼ਨ ਆਫ ਸੈਂਟਰਲ ਗੌਰਮਿੰਟ ਇੰਪਲਾਈਜ਼ ਐਂਡ ਵਰਕਰਜ਼ ਦੇ ਜਨਰਲ ਸਕੱਤਰ ਐੱਸ ਪੀ ਯਾਦਵ ਨੇ ਕਿਹਾ ਕਿ ਮੁਲਾਜ਼ਮਾਂ ਨੂੰ ਪੁਰਾਣੀ ਪੈਨਸ਼ਨ ਸਕੀਮ ਤੋਂ ਬਿਨਾਂ ਕੁਝ ਵੀ ਮਨਜ਼ੂਰ ਨਹੀਂ ਹੋਵੇਗਾ। ਸਰਕਾਰ ਨੇ ਮੁਲਾਜ਼ਮ ਜਥੇਬੰਦੀਆਂ ਦੀ ਰਾਇ ਲਏ ਬਿਨਾਂ ਯੂ ਪੀ ਐੱਸ ਲਾਗੂ ਕਰਨ ਦਾ ਐਲਾਨ ਕੀਤਾ ਹੈ। ਮੁਲਾਜ਼ਮਾਂ ਦਾ ਇਹ ਵੀ ਕਹਿਣਾ ਹੈ ਕਿ ਜੇ ਸਰਕਾਰ ਐੱਨ ਪੀ ਐੱਸ ਜਾਂ ਯੂ ਪੀ ਐੱਸ ਦਾ ਵਿਕਲਪ ਦੇ ਸਕਦੀ ਹੈ ਤਾਂ ਓ ਪੀ ਐੱਸ ਦਾ ਵਿਕਲਪ ਦੇਣ ਵਿਚ ਕੀ ਦਿੱਕਤ ਹੈ। ਜੇ ਯੂ ਪੀ ਐੱਸ ਵਿਚ ਬੇਸਿਕ ਦਾ 50 ਫੀਸਦੀ ਦੇ ਸਕਦੀ ਹੈ ਤਾਂ ਓ ਪੀ ਐੱਸ ਵਿਚ ਵੀ ਤਾਂ 50 ਫੀਸਦੀ ਹੀ ਦੇਣਾ ਹੈ। ਨਾਂਅ ਬਦਲਣ ਨਾਲ ਕੰਮ ਨਹੀਂ ਬਦਲੇਗਾ। ਸਰਕਾਰ ਜਿੰਨੀਆਂ ਵੀ ਯੋਜਨਾਵਾਂ ਲਿਆ ਰਹੀ ਹੈ, ਸਭ ਸਕੀਮਾਂ ਹਨ। ਇਸੇ ਕਰਕੇ ਆਏ ਦਿਨ ਬਦਲਦੀ ਰਹਿੰਦੀ ਹੈ। ਹੁਣ ਤੱਕ ਐੱਨ ਪੀ ਐੱਸ ਦੀ ਤਾਰੀਫ ਕਰਦੀ ਸੀ, ਹੁਣ ਯੂ ਪੀ ਐੱਸ ਦੀ ਕਰਨ ਲੱਗ ਪਈ ਹੈ। ਸੱਚਾਈ ਇਹ ਹੈ ਕਿ ਓ ਪੀ ਐੱਸ ਹੀ ਸਮਾਜੀ ਸੁਰੱਖਿਆ ਦੀ ਢਾਲ ਹੈ ਤੇ ਬੁਢਾਪੇ ਦੀ ਲਾਠੀ ਹੈ।

# ਮਨੁੱਖ ਦੀ ਸੂਝ-ਸਿਆਣਪ ਤੇ ਭਿਆਨਕ ਭਵਿੱਖ



ਗੁਰਚਰਨ ਸਿੰਘ ਨੂਰਪੁਰ

ਅਜੋਕੇ ਮਨੁੱਖ ਦਾ ਇਹ ਬਹੁਤ ਵੱਡਾ ਸੰਕਟ ਹੈ ਕਿ ਇਸ ਦਾ ਕੁਦਰਤ ਪ੍ਰਤੀ ਵਿਹਾਰ ਲਗਾਤਾਰ ਅਣਸੁਖਾਵਾਂ ਹੋ ਰਿਹਾ ਹੈ। ਹਰ ਖੇਤਰ ਵਿੱਚ ਬੇਮਿਸਾਲ ਤਰੱਕੀ ਕਰਕੇ ਜਿੱਥੇ ਮਨੁੱਖ ਨੇ ਆਪਣੇ ਆਪ ਲਈ ਹਰ ਤਰ੍ਹਾਂ ਦੀਆਂ ਸੁੱਖ-ਸਹੂਲਤਾਂ ਪੈਦਾ ਕਰ ਲਈਆਂ ਹਨ, ਉਥੇ ਮਨੁੱਖੀ ਨਸਲ ਸਾਹਮਣੇ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਵੀ ਸਿਰ ਚੁੱਕ ਖਲੋਤੀਆਂ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਦੁਨੀਆ ਭਰ ਵਿੱਚ ਹੋਈ ਤਰੱਕੀ ਅਤੇ ਵਿਕਾਸ ਪਿੱਛੇ ਵਿਗਿਆਨ ਦਾ ਹੀ ਹੱਥ ਹੈ। ਉਦਯੋਗ, ਖੇਤੀਬਾੜੀ ਅਤੇ ਸਿਹਤ ਸਹੂਲਤਾਂ ਦੇ ਖੇਤਰ ਵਿੱਚ ਹੋਏ ਵਿਕਾਸ ਨੇ ਜਿੱਥੇ ਆਬਾਦੀ ਵਿੱਚ ਬੇਤਹਾਸ਼ਾ ਵਾਧਾ ਕੀਤਾ ਹੈ, ਉੱਥੇ ਮਨੁੱਖ ਨੂੰ ਕੁਦਰਤ ਨਾਲੋਂ ਬਿਲਕੁਲ ਅਲੱਗ-ਥਲੱਗ ਕਰ ਦਿੱਤਾ ਹੈ। ਅਜੋਕਾ ਮਨੁੱਖ ਆਪਣੇ ਕਮਰੇ ਵਿੱਚ ਬੈਠਾ ਕੰਪਿਊਟਰ ਦੇ ਬਟਨਾਂ 'ਤੇ ਉਂਗਲਾਂ ਮਾਰ ਕੇ ਦੁਨੀਆ ਦੀ ਸੈਰ ਤਾਂ ਕਰ ਸਕਦਾ ਹੈ, ਪਰ ਉਸ ਦਾ ਇਸ ਅਵਸਥਾ ਨੂੰ ਪਹੁੰਚਦਿਆਂ ਕੁਦਰਤੀ ਜੀਵਨ ਲਗਭਗ ਖਤਮ ਹੋ ਗਿਆ ਹੈ। ਅਜਿਹੀ ਸਥਿਤੀ ਵਿੱਚ ਵਿਚਰਦਿਆਂ ਮਨੁੱਖ ਦਾ ਆਉਣ ਵਾਲਾ ਸਮਾਂ ਕਿੰਨਾ ਔਕੜਾਂ, ਮੁਸ਼ਕਲਾਂ ਭਰਿਆ ਹੋ ਸਕਦਾ ਹੈ, ਇਹ ਅੱਜ ਇੱਕ ਬੇਹੱਦ ਗੰਭੀਰ ਵਿਸ਼ਾ ਹੈ।

ਪਿਛਲੇ ਅਰਸੇ ਤੋਂ ਸਿਹਤ ਸਹੂਲਤਾਂ ਵਿੱਚ ਕੁਝ ਹੱਦ ਤੱਕ ਹੋਏ ਵਿਕਾਸ ਕਾਰਨ ਧਰਤੀ ਉਪਰ ਮਨੁੱਖੀ ਆਬਾਦੀ ਦਾ ਬੇਰੋਕ ਵਾਧਾ ਹੋਣਾ ਸ਼ੁਰੂ ਹੋ ਗਿਆ ਹੈ। ਸਾਡੇ ਦੇਸ਼ ਦੀ ਅਬਾਦੀ ਹੁਣ ਸਵਾ ਸੌ ਕਰੋੜ ਤੱਕ ਪਹੁੰਚ ਗਈ ਹੈ। ਸੰਸਾਰ ਦੇ ਜ਼ਿਆਦਾਤਰ ਦੇਸ਼ਾਂ ਵਿੱਚ ਆਬਾਦੀ ਲਗਾਤਾਰ ਵਧ ਰਹੀ ਹੈ। ਵਧ ਰਹੀ ਆਬਾਦੀ ਨੂੰ ਨਵੇਂ ਰੈਣ-ਬਸੇਰਿਆਂ ਦੀ ਲੋੜ ਹੈ, ਤਨ ਢਕਣ ਵਾਸਤੇ ਹੋਰ ਕੱਪੜਿਆਂ ਦੀ ਲੋੜ ਹੈ, ਖਾਣ ਪੀਣ ਲਈ ਭੋਜਣ ਅਤੇ ਰੋਜ਼ਾਨਾ ਜੀਵਣ ਵਿੱਚ ਕੰਮ ਆਉਣ ਵਾਲੀਆਂ ਜ਼ਰੂਰੀ ਵਸਤਾਂ ਚਾਹੀਦੀਆਂ ਹਨ। ਇਹਨਾਂ ਵਧਦੀਆਂ ਲੋੜਾਂ ਦੀ ਪੂਰਤੀ ਕਰਨ ਲਈ ਸਾਨੂੰ ਹੋਰ ਉਧਯੋਗਾਂ ਦੀ ਲੋੜ ਹੈ, ਖੇਤੀਬਾੜੀ ਲਈ ਜ਼ਿਆਦਾ ਜ਼ਮੀਨ ਦੀ ਲੋੜ ਹੈ। ਇਹਨਾਂ ਲੋੜਾਂ ਦੀ ਪੂਰਤੀ ਲਈ ਪਿਛਲੇ ਅਰਸੇ ਦੌਰਾਨ ਵੱਡੀ ਪੱਧਰ 'ਤੇ ਜੰਗਲੀ ਵਣਾਂ ਦਾ ਸਫਾਇਆ ਕੀਤਾ ਗਿਆ, ਨਾਲ ਹੀ ਵਧਦੀ ਆਬਾਦੀ ਨੇ ਖੇਤੀ ਯੋਗ ਜ਼ਮੀਨਾਂ ਨੂੰ ਮਕਾਨ ਉਸਾਰ-ਉਸਾਰ ਕੇ ਆਪਣੀ ਲਪੇਟ ਵਿੱਚ ਲੈਣਾ ਅਰੰਭ ਕਰ ਦਿੱਤਾ ਹੈ। ਖੇਤੀਬਾੜੀ ਅਤੇ ਵਣਾਂ ਹੇਠਲਾ ਰਕਬਾ ਬੜੀ ਤੇਜ਼ੀ ਨਾਲ ਘਟਣਾ ਸ਼ੁਰੂ ਹੋ ਗਿਆ ਹੈ।

ਆਬਾਦੀ ਦੇ ਵਾਧੇ ਨਾਲ ਲੋੜਾਂ ਵੀ ਵਧਦੀਆਂ ਹਨ, ਜਿਸ ਦੇ ਫਲਸਰੂਪ ਪਹਿਲਾਂ ਨਾਲੋਂ ਜ਼ਿਆਦਾ ਫੈਕਟਰੀਆਂ, ਭੱਠਿਆਂ, ਕਾਰਾਂ, ਬੱਸਾਂ, ਰੇਲ ਗੱਡੀਆਂ ਆਦਿ ਦੀ ਜ਼ਰੂਰਤ ਹੈ। ਬਿਨਾਂ ਕਿਸੇ ਯੋਜਨਾਬੰਦੀ ਤੋਂ ਹਰ ਰੋਜ਼ ਹਜ਼ਾਰਾਂ ਨਵੀਂਆਂ ਗੱਡੀਆਂ ਲਗਾਤਾਰ ਸੜਕਾਂ 'ਤੇ ਆ ਰਹੀਆਂ ਹਨ। ਖੇਤੀਬਾੜੀ ਵਿੱਚ ਵੱਧ ਝਾੜ ਲੈਣ ਲਈ ਵੰਨ-ਸੁਵੰਨੀਆਂ ਜ਼ਹਿਰਾਂ ਦਾ ਵੱਡੀ ਪੱਧਰ 'ਤੇ ਉਪਯੋਗ ਹੋਣਾ ਸ਼ੁਰੂ ਹੋ ਗਿਆ ਹੈ। ਹਰ ਸਾਲ ਜ਼ਹਿਰਾਂ ਦੇ ਭਰੇ ਟਰੱਕਾਂ ਦੇ ਟਰੱਕ ਵਧੇਰੇ ਝਾੜ ਲੈਣ ਲਈ ਜ਼ਮੀਨਾਂ ਵਿੱਚ ਖਪਤ ਕੀਤੇ ਜਾ ਰਹੇ ਹਨ, ਜਿਸ ਦੇ ਸਿੱਟੇ ਵਜੋਂ ਧਰਤੀ ਅਤੇ ਇਸ ਦੇ ਵਾਯੂਮੰਡਲ ਵਿੱਚ ਪ੍ਰਦੂਸ਼ਣ ਰੂਪੀ ਜ਼ਹਿਰ ਘੁਲਣ ਲੱਗ ਪਿਆ ਹੈ। ਬਿਨਾਂ ਸੋਚੇ-ਸਮਝੇ ਕੀਤੀ ਜਾ ਰਹੀ ਜ਼ਹਿਰਾਂ ਦੀ ਵਰਤੋਂ ਦੇ ਅਸਰ ਨੇ ਮਨੁੱਖ ਦੀ ਤੰਦਰੁਸਤੀ ਨੂੰ ਚੁਣੌਤੀ ਦੇਣੀ ਅਰੰਭ ਕਰ ਦਿੱਤੀ ਹੈ। ਪਿਛਲੇ ਕੁਝ ਸਮੇਂ ਤੋਂ ਅਨੇਕਾਂ ਬਿਮਾਰੀਆਂ, ਜਿਵੇਂ ਦਮਾ, ਸ਼ੂਗਰ, ਬਲੱਡ ਪਰੈਸ਼ਰ, ਹਾਰਟ ਅਟੈਕ, ਕੈਂਸਰ, ਹੈਪੇਟਾਈਟਸ ਬੀ ਅਤੇ ਸੀ ਆਦਿ ਵੱਡੀ ਪੱਧਰ 'ਤੇ ਫੈਲਣੀਆਂ ਸ਼ੁਰੂ ਹੋ ਗਈਆਂ ਹਨ। ਧਰਤੀ ਹੇਠਲਾ ਪਾਣੀ, ਮਿੱਟੀ ਅਤੇ ਹਵਾ ਪਲੀਤ ਹੋਣ ਲੱਗ ਪਏ ਹਨ। ਪ੍ਰਦੂਸ਼ਣ ਨਾਲ ਧਰਤੀ ਉਪਰਲਾ ਤਾਪਮਾਨ ਪਿਛਲੇ ਕੁਝ ਸਮੇਂ ਤੋਂ ਹੌਲੀ-ਹੌਲੀ ਵਧਣ ਲੱਗ ਪਿਆ ਹੈ। ਧਰਤੀ ਦੇ ਵਾਯੂਮੰਡਲ ਵਿੱਚ ਜੇਕਰ ਤਾਪਮਾਨ ਦਾ ਵਧਣਾ ਜਾਰੀ ਰਹਿੰਦਾ ਹੈ ਤਾਂ ਆਉਣ ਵਾਲਾ ਸਮਾਂ ਮਨੁੱਖ ਲਈ ਬੇਹੱਦ ਔਕੜਾਂ ਭਰਿਆ ਹੋਵੇਗਾ, ਇਸ ਦੀ ਭਵਿੱਖਬਾਣੀ ਅੱਜ ਅਸੀਂ ਕਰ ਸਕਦੇ ਹਾਂ।

ਮੌਸਮ ਵਿਗਿਆਨੀਆਂ ਵੱਲੋਂ ਖਦਸ਼ਾ ਪ੍ਰਗਟ ਕੀਤਾ ਜਾ ਰਿਹਾ ਹੈ ਕਿ ਆਉਣ ਵਾਲੇ ਸਮੇਂ ਵਿੱਚ ਗਰਮੀ ਵਿੱਚ ਵਧੇਰੇ ਗਰਮੀ ਅਤੇ ਸਰਦੀ ਵਿੱਚ ਵਧੇਰੇ ਸਰਦੀ ਪੈਣੀ ਅਰੰਭ ਹੋ ਜਾਵੇਗੀ। ਗਰਮੀਆਂ ਵਿੱਚ ਹਰ ਸਾਲ ਔਸਤਨ ਤਾਪਮਾਨ ਵਿੱਚ ਵਾਧਾ ਹੋਣਾ ਸ਼ੁਰੂ ਹੋ ਗਿਆ ਹੈ। ਜਿਹੜੇ ਇਲਾਕਿਆਂ ਵਿੱਚ ਮੀਂਹ ਬਹੁਤ ਘੱਟ ਪੈਂਦੇ ਹਨ, ਉੱਥੇ ਬੇ ਮੌਸਮੇ ਮੀਂਹ ਪੈ ਰਹੇ ਹਨ। ਜਿੱਥੇ ਕਦੇ ਬਰਫਬਾਰੀ ਨਹੀਂ ਹੋਈ ਉੱਥੇ ਬਰਫ ਡਿੱਗ ਰਹੀ ਹੈ। ਜਿੱਥੇ ਔੜ ਲੱਗਦੀ ਹੈ, ਉੱਥੇ ਔੜ ਵੀ ਹੱਦੋਂ ਵੱਧ ਲਗਦੀ ਹੈ। ਪਿਛਲੇ ਸਾਲ ਮੱਧ ਪ੍ਰਦੇਸ਼, ਯੂ ਪੀ ਅਤੇ ਰਾਜਸਥਾਨ ਦੇ ਕੁਝ ਇਲਕਿਆਂ ਵਿੱਚ ਲੱਗੀ ਔੜ ਨੇ 40 ਲੱਖ ਲੋਕਾਂ ਨੂੰ ਘਰ ਬਾਰ ਛੱਡ ਕੇ ਹੋਰ ਥਾਵਾਂ 'ਤੇ ਜਾਣ ਲਈ ਮਜਬੂਰ ਕਰ ਦਿੱਤਾ ਸੀ। ਲੋਕ ਪਾਣੀ ਦੀ ਬੂੰਦ-ਬੂੰਦ ਨੂੰ ਤਰਸ ਗਏ ਸਨ। ਜਦੋਂ ਧਰਤੀ ਉਪਰਲਾ ਮੌਸਮੀ ਚੱਕਰ ਪੂਰੀ ਤਰਾਂ ਗੜਬੜਾ ਜਾਵੇਗਾ ਤਾਂ ਇਸ ਨਾਲ ਕਿਤੇ ਤਾਂ ਮੀਂਹ-ਹਨੇਰੀ, ਝੱਖੜ, ਹੜ੍ਹ ਸਭ ਕੁਝ ਤਹਿਸ-ਨਹਿਸ ਕਰਨਾ ਸੁਰੂ ਕਰ ਦੇਣਗੇ ਅਤੇ ਕਿਤੇ ਲੰਮਾ ਸਮਾਂ ਸੋਕਾ ਪੈਣ ਨਾਲ ਕਾਲ ਵਰਗੀ ਸਥਿਤੀ ਪੈਦਾ ਹੋ ਸਕਦੀ ਹੈ। ਅੱਜ ਵੀ ਜੇਕਰ ਦੇਖਿਆ ਜਾਵੇ ਤਾਂ ਝੱਖੜ, ਤੂਫਾਨਾਂ ਦੇ ਵੇਗ ਵਿੱਚ ਪਹਿਲਾਂ ਨਾਲੋਂ ਵਧੇਰੇ ਅੱਥਰਾਪਣ ਆ ਗਿਆ ਹੈ। ਇਸ ਬੇਪ੍ਰਤੀਤੇ ਮੌਸਮੀ ਚੱਕਰ ਕਾਰਨ ਮਨੁੱਖ ਸਾਹਮਣੇ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਖੜੀਆਂ ਹੋ ਜਾਣਗੀਆਂ। ਜੇਕਰ ਆਉਣ ਵਾਲੇ ਸਮੇਂ ਵਿੱਚ ਤਾਪਮਾਨ ਕੁਝ ਡਿਗਰੀ ਹੋਰ ਵਧਦਾ ਹੈ ਤਾਂ ਧਰਤੀ ਉਪਰ ਬੇਹੱਦ ਭਿਆਨਕ ਹਾਲਾਤ ਬਣ ਸਕਦੇ ਹਨ। ਤਾਪਮਾਨ ਦੇ ਵਧਣ ਨਾਲ ਪਿਘਲਦੀ ਅੰਟਾਰਕਟਿਕਾ ਦੀ ਬਰਫ ਸਮੁੰਦਰ ਦੇ ਪਾਣੀਆਂ ਨੂੰ ਹੋਰ ਡੂੰਘਾ ਕਰ ਦੇਵੇਗੀ, ਜਿਸ ਨਾਲ ਸਮੁੰਦਰ ਆਪਣੇ ਨੇੜਲੇ ਧਰਤੀ ਹੇਠਲੇ ਉਪਜਾਊ ਇਲਾਕਿਆਂ ਨੂੰ ਆਪਣੀ ਗ੍ਰਿਫਤ ਵਿੱਚ ਲੈ ਲਵੇਗਾ ਤੇ ਮਨੁੱਖ ਦੇ ਰਹਿਣ ਯੋਗ ਜ਼ਮੀਨੀ ਖੇਤਰ ਹੋਰ ਸੁੰਗੜ ਜਾਵੇਗਾ।

ਇਸ ਤੋਂ ਵੀ ਭਿਆਨਕ ਉਹ ਦ੍ਰਿਸ਼ ਹੋਵੇਗਾ, ਜਦੋਂ ਧਰਤੀ ਉਪਰ ਵਧੇ ਤਾਪਮਾਨ ਨਾਲ ਕਈ ਕੁਦਰਤੀ ਜੀਵ ਜਾਤੀਆਂ ਧਰਤੀ ਤੋਂ ਸਦਾ ਲਈ ਵਾਕਆਊਟ ਕਰਕੇ ਲੁਪਤ ਹੋ ਜਾਣਗੀਆਂ ਅਤੇ ਵਧੇ ਤਾਪਮਾਨ ਨਾਲ ਨਿੱਘੇ ਵਾਤਾਵਰਨ ਵਿੱਚ ਮਨੁੱਖੀ ਨਸਲ ਲਈ ਘਾਤਕ ਕਈ ਤਰ੍ਹਾਂ ਦੇ ਕੀਟ-ਪਤੰਗੇ, ਮੱਛਰ, ਮੱਖੀਆਂ, ਵਿਸ਼ਾਣੂ ਆਦਿ ਦੀ ਗਿਣਤੀ ਵਿੱਚ ਬੇਸ਼ੁਮਾਰ ਵਾਧਾ ਹੋ ਜਾਵੇਗਾ। ਦੁਨੀਆ ਦੇ ਠੰਢੇ ਮੁਲਕਾਂ, ਜਿੱਥੇ ਪਹਿਲਾਂ ਮੱਛਰ, ਮੱਖੀਆਂ ਅਤੇ ਹੋਰ ਗਰਮੀ ਵਿੱਚ ਪਲਣ ਵਾਲੇ ਜੀਵਾਂ ਦੀ ਅਣਹੋਂਦ ਹੈ ਤਾਪਮਾਨ ਦੇ ਵਧਣ ਨਾਲ ਇਹ ਉਥੇ ਵੀ ਭਿਣਭਨਾਉਣ ਲੱਗਣਗੇ, ਜਿਸ ਦੇ ਸਿੱਟੇ ਵਜੋਂ ਪੂਰੀ ਧਰਤੀ 'ਤੇ ਖਤਰਨਾਕ ਬਿਮਾਰੀਆਂ ਫੈਲਾਉਣ ਵਾਲੇ ਵਿਸ਼ਾਣੂਆਂ ਵਿੱਚ ਬੇਰੋਕ ਵਾਧਾ ਹੋਣਾ ਸ਼ੁਰੂ ਹੋ ਜਾਵੇਗਾ। ਖਾਣ-ਪੀਣ ਵਾਲੀਆਂ ਵਸਤਾਂ ਇਹਨਾਂ ਤੋਂ ਬੁਰੀ ਤਰ੍ਹਾਂ ਪ੍ਰਭਾਵਤ ਹੋਣਗੀਆਂ। ਧਰਤੀ ਉਪਰ ਬਣੀ ਅਜਿਹੀ ਸਥਿਤੀ ਵਿੱਚ ਮਨੁੱਖ ਦਾ ਤੰਦਰੁਸਤ ਰਹਿਣਾ ਲਗਭਗ ਖਤਮ ਹੋ ਜਾਵੇਗਾ। ਬਿਮਾਰੀਆਂ, ਮਹਾਂਮਾਰੀਆਂ ਏਨੀ ਵੱਡੀ ਪੱਧਰ 'ਤੇ ਫੈਲਣਗੀਆਂ ਕਿ ਅਜਿਹੀ ਸਥਿਤੀ ਨੂੰ ਕਾਬੂ ਵਿੱਚ ਰੱਖਣਾ ਮਨੁੱਖ ਲਈ ਅਸੰਭਵ ਹੋ ਜਾਵੇਗਾ। ਧਰਤੀ ਉਪਰ ਵਧੇ ਤਾਪਮਾਨ ਵਿੱਚ ਕੀਟਾਂ ਦੀਆਂ ਹਰਲ-ਹਰਲ ਕਰਦੀਆਂ ਫੌਜਾਂ ਧਰਤੀ ਉਪਰਲੇ ਵਣਾਂ, ਫਸਲਾਂ, ਫਲਾਂ, ਸਬਜ਼ੀਆਂ ਅਤੇ ਪਾਣੀਆਂ ਤੋਂ ਇਲਾਵਾ ਦੂਜੇ ਜੀਵ-ਜੰਤੂਆਂ ਨੂੰ ਵੀ ਬੁਰੀ ਤਰ੍ਹਾਂ ਪ੍ਰਭਾਵਤ ਕਰਨਗੀਆਂ, ਜਿਸ ਦੇ ਫਲਸਰੂਪ ਮਨੁੱਖ ਅਰੋਗਤਾ ਨੂੰ ਤਰਸੇਗਾ। ਤੰਦਰੁਸਤੀ ਉਸ ਲਈ ਸੁਪਨਾ ਬਣਨ ਲੱਗੇਗੀ. ਹੈਜ਼ਾ, ਮਲੇਰੀਆ, ਕੈਂਸਰ, ਦਮਾ, ਪੀਲੀਆ ਅਤੇ ਜਿਗਰ ਦੇ ਹੋਰ ਰੋਗ ਵੱਡੀ ਪੱਧਰ 'ਤੇ ਫੈਲਣ ਲੱਗਣਗੇ, ਕੀਟਾਂ ਦੀ ਵਧੀ ਸੰਖਿਆ ਕਾਰਨ ਫਸਲਾਂ 'ਤੇ ਵਧੇਰੇ ਕੀਟਨਾਸ਼ਕਾਂ ਦੀ ਵਰਤੋਂ ਕਰਨੀ ਪਵੇਗੀ, ਜਿਸ ਦਾ ਮਨੁੱਖੀ ਸਰੀਰ 'ਤੇ ਸਿੱਧਾ ਪ੍ਰਭਾਵ ਪਵੇਗਾ। ਮਨੁੱਖ ਕਈ ਤਰ੍ਹਾਂ ਦੇ ਭਿਆਨਕ ਵਿਕਾਰਾਂ ਦਾ ਸ਼ਿਕਾਰ ਹੋ ਜਾਵੇਗਾ। ਅੱਜ ਵੀ ਅਸੀਂ ਆਪਣੇ ਆਲੇ-ਦੁਆਲੇ ਅਜਿਹੀ ਭਿਆਨਕ ਬਣ ਰਹੀ ਸਥਿਤੀ ਦੇ ਸੰਕੇਤ ਦੇਖ ਸਕਦੇ ਹਾਂ। ਪੰਜਾਬ ਦੇ ਮਾਲਵਾ ਖੇਤਰ ਜਿੱਥੇ ਨਰਮੇ ਦੀ ਫਸਲ ਵਧੇਰੇ ਬੀਜੀ ਜਾਂਦੀ ਹੈ, ਵਿੱਚ ਲੋਕ ਕੈਂਸਰ ਜਿਹੀਆਂ ਬਿਮਾਰੀਆਂ ਦੇ ਵਧੇਰੇ ਸ਼ਿਕਾਰ ਹੋ ਰਹੇ ਹਨ।

ਤਾਪਮਾਨ ਦੇ ਵਧਣ ਨਾਲ ਰੁੱਖਾਂ ਦੀ ਹਰਿਆਲੀ 'ਤੇ ਵੀ ਬੁਰਾ ਅਸਰ ਪਵੇਗਾ। ਸੂਰਜ ਦੀ ਤਿੱਖੀ ਤਪਸ਼ ਰੁੱਖਾਂ ਦੇ ਪੱਤਿਆਂ ਨੂੰ ਝੁਲਸਣਾ ਅਰੰਭ ਕਰ ਦੇਵੇਗੀ, ਜਿਸ ਕਰਕੇ ਉਹ ਜਲਦੀ-ਜਲਦੀ ਝੜਨ ਲੱਗਣਗੇ ਰੁੱਖਾਂ ਦੀਆਂ ਸੰਘਣੀਆਂ ਛਾਵਾਂ ਸਲਾਮਤ ਨਹੀਂ ਰਹਿਣਗੀਆਂ, ਉਹ ਵਿਰਲੇ ਪੈਣ ਲੱਗਣਗੇ। ਰੁੱਖ ਵਾਯੂਮੰਡਲ ਦੀਆਂ ਕਾਰਬਨ ਡਾਈਆਕਸਾਈਡ ਅਤੇ ਕਾਰਬਨ ਮੋਨੋਆਕਸਾਇਡ ਜਿਹੀਆਂ ਜ਼ਹਿਰੀਲੀਆਂ ਗੈਸਾਂ ਨੂੰ ਜਜ਼ਬ ਕਰਨ ਦੇ ਸਮਰੱਥ ਨਹੀਂ ਰਹਿਣਗੇ, ਜਿਸ ਦੇ ਸਿੱਟੇ ਵਜੋਂ ਧਰਤੀ ਦੇ ਵਾਯੂਮੰਡਲ ਵਿੱਚ ਗ੍ਰੀਨ ਹਾਊਸ ਦਾ ਪ੍ਰਭਾਵ ਬੜੀ ਤੇਜ਼ੀ ਨਾਲ ਵਧਣ ਲੱਗੇਗਾ। ਜੀਵਨ ਰੱਖਿਅਕ ਉਜ਼ੋਨ ਪਰਤ, ਜਿਸ ਵਿੱਚ ਪਹਿਲਾਂ ਹੀ ਵਧੇ ਪ੍ਰਦੂਸ਼ਣ ਕਰਕੇ ਮਘੋਰੇ ਬਣ ਰਹੇ ਹਨ, ਲੀਰੋ-ਲੀਰ ਹੋ ਜਾਵੇਗੀ। ਸੂਰਜ ਦੀਆਂ ਖਤਰਨਾਕ ਪਾਰਵੈਂਗਣੀ ਕਿਰਨਾਂ ਧਰਤੀ ਉਪਰਲੇ ਜੀਵਨ ਨਾਲ ਖਿਲਵਾੜ ਕਰਨਾ ਅਰੰਭ ਕਰ ਦੇਣਗੀਆਂ। ਸਾਡੀ ਉਹ ਧਰਤੀ, ਜਿਸ ਦੀ ਸੁੰਦਰਤਾ ਨੂੰ ਵੇਖ ਕੇ ਮਨ ਅਸ਼-ਅਸ਼ ਕਰ ਉਠਦਾ ਹੈ, ਜਿੱਥੇ ਕਲਕਲ ਵਗਦੇ ਦਰਿਆਵਾਂ ਦੇ ਸ਼ੀਤਲ ਪਾਣੀਆਂ ਦੇ ਕਦੇ ਗੀਤ ਗਾਏ ਜਾਂਦੇ ਸਨ, ਜਿਸ ਦੀਆਂ ਸੁੰਦਰ ਵਾਦੀਆਂ ਵਿੱਚ ਝਰਨੇ ਸੰਗੀਤ ਛੇੜਦੇ ਸਨ, ਜੰਗਲ ਬੇਲੇ ਰੁੱਖਾਂ ਦੇ ਝੁੰਡ ਜਿਹਨਾਂ 'ਤੇ ਪੰਛੀ ਵੰਨਸੁਵੰਨੀਆਂ ਬੋਲੀਆਂ ਬੋਲਦੇ ਸਨ, ਹਰੇ ਕਚੂਰ ਪੱਤਿਆਂ 'ਤੇ ਡਿਗਦੀਆਂ ਮੀਂਹ ਦੀਆਂ ਕਣੀਆਂ ਦਾ ਸੰਗੀਤ ਮਨ ਨੂੰ ਮੋਹ ਲੈਂਦਾ ਸੀ, ਸਾਡੀ ਉਹ ਧਰਤੀ ਇਕ ਵਿਸ਼ਾਲ ਹਸਪਤਾਲ ਦਾ ਰੂਪ ਧਾਰਨ ਕਰਦੀ ਜਾ ਰਹੀ ਹੈ। ਕੁਦਰਤ ਨਾਲ ਕੀਤੀ ਛੇੜਛਾੜ ਮਨੁੱਖ ਨੂੰ ਬਹੁਤ ਮਹਿੰਗੀ ਪਵੇਗੀ। ਸਾਡੀਆਂ ਆਉਣ ਵਾਲੀਆਂ ਨਸਲਾਂ ਨੂੰ ਸਾਡੇ ਵੱਲੋਂ ਕੀਤੀਆਂ ਗਲਤੀਆਂ ਦਾ ਬਹੁਤ ਗੰਭੀਰ ਖਮਿਆਜ਼ਾ ਭੁਗਤਣਾ ਪੈ ਸਕਦਾ ਹੈ।

ਸਾਡੀ ਧਰਤੀ 'ਤੇ ਬਣ ਰਹੀ ਇਹ ਭਿਆਨਕ ਸਥਿਤੀ ਕਿਸੇ ਆਉਣ ਵਾਲੇ ਸਮੇਂ 'ਚ ਸ਼ੁਰੂ ਹੋਣ ਵਾਲੀ ਨਹੀਂ ਹੈ, ਸਗੋਂ ਇਸ ਦਾ ਪ੍ਰਭਾਵ ਅੱਜ ਵੀ ਨਜ਼ਰ ਆਉਣ ਲੱਗ ਪਿਆ ਹੈ। ਇਸ ਸਬੰਧੀ ਸੰਸਾਰ ਭਰ ਦੇ ਬੁੱਧੀਜੀਵੀ, ਦਾਨਸ਼ਮੰਦ, ਹੁਨਰਮੰਦ, ਲੇਖਕਾਂ, ਵਿਗਿਆਨਕਾਂ ਨੂੰ ਧਿਆਨ ਦੇਣ ਦੀ ਲੋੜ ਹੈ ਕਿ ਉਹ ਆਮ ਲੋਕ ਜੋ ਕਈ ਤਰ੍ਹਾਂ ਦੀਆਂ ਬਿਮਾਰੀਆਂ, ਦੁਸ਼ਵਾਰੀਆਂ ਦਾ ਸ਼ਿਕਾਰ ਬਣ ਰਹੇ ਹਨ, ਨੂੰ ਹਰ ਯੋਗ ਸਾਧਨਾਂ ਰਾਹੀਂ ਸੁਚੇਤ ਕਰਨ ਦੀ ਲੋੜ ਹੈ। ਦੁਨੀਆ ਭਰ ਦੇ ਦੇਸ਼ਾਂ ਨੂੰ ਇਕੱਠਿਆਂ ਹੋ ਕੇ ਸੁਹਿਰਦਤਾ ਨਾਲ ਯਤਨ ਅਰੰਭਣੇ ਚਾਹੀਦੇ ਹਨ। ਲੋਕਾਂ ਨੂੰ ਜਾਗਰੂਕ ਕਰਨਾ ਪਵੇਗਾ। ਜੇਕਰ ਅੱਜ ਅਸੀਂ ਇਸ ਸੰਬੰਧੀ ਗੰਭੀਰ ਨਾ ਹੋਏ ਤਾਂ ਸ਼ਾਇਦ ਕੱਲ੍ਹ ਨੂੰ ਬਹੁਤ ਦੇਰ ਹੋ ਜਾਵੇ।

# ਸੰਪਰਕ : 98550-51099

# ਬੱਚੀਆਂ ਦੀ ਸੁਰੱਖਿਆ ਕਰਨਾ ਸਰਕਾਰਾਂ ਦਾ ਫ਼ਰਜ਼



ਬਲਵਿੰਦਰ ਸਿੰਘ ਭੁੱਲਰ

ਦੇਸ਼ ਦੀ ਤਰੱਕੀ ਲਈ ਅਨਪੜ੍ਹਤਾ ਦੂਰ ਕਰਨ ਲਈ ਸਕੂਲ ਕਾਲਜ, ਯੂਨੀਵਰਸਿਟੀਆਂ ਹੋਂਦ ਵਿੱਚ ਲਿਆਂਦੀਆਂ ਗਈਆਂ ਹਨ। ਇਹ ਅਦਾਰੇ ਲੋਕਾਂ ਨੂੰ ਜਾਗਰੂਕ ਕਰਨ ਤੇ ਉੱਚੀ ਸੋਚ ਪੈਦਾ ਕਰਨ ਲਈ ਹੁੰਦੇ ਹਨ, ਪਰ ਇਹਨਾਂ ਅਦਾਰਿਆਂ ਵਿੱਚ ਵਾਪਰ ਰਹੀਆਂ ਯੌਨ ਸ਼ੋਸ਼ਣ ਵਰਗੀਆਂ ਵਾਰਦਾਤਾਂ ਨੇ ਦੇਸ਼ ਵਾਸੀਆਂ ਨੂੰ ਨਿਰਾਸ਼ ਹੀ ਨਹੀਂ ਕੀਤਾ, ਬਲਕਿ ਚਿੰਤਾ ਵਿੱਚ ਡੁਬੋ ਦਿੱਤਾ ਹੈ।

ਬੀਤੇ ਦਿਨੀਂ ਮਹਾਰਾਸ਼ਟਰ ਸੂਬੇ ਦੇ ਪਿੰਡ ਬਦਲਾਪੁਰ ਦੇ ਸਕੂਲ ਵਿੱਚ ਇੱਕ ਘਟਨਾ ਵਾਪਰੀ। ਸਕੂਲ ਦੇ ਇੱਕ ਕਰਮਚਾਰੀ ਨੇ ਸਕੂਲ ਦੀਆਂ ਦੋ ਵਿਦਿਆਰਥਣ ਬੱਚੀਆਂ, ਜਿਹਨਾਂ ਦੀ ਉਮਰ ਤਿੰਨ ਅਤੇ ਚਾਰ ਸਾਲ ਦੀ ਸੀ, ਨੂੰ ਸਕੂਲ 'ਚ ਬਣੇ ਪਖਾਨੇ ਵਿੱਚ ਲਿਜਾ ਕੇ ਉਹਨਾਂ ਨਾਲ ਜਿਨਸੀ ਸ਼ੋਸ਼ਣ ਕੀਤਾ। ਪਤਾ ਲੱਗਣ 'ਤੇ ਦੋਸ਼ੀ ਨੂੰ ਗਿਰਫਤਾਰ ਕਰ ਲਿਆ ਗਿਆ ਤੇ ਸਕੂਲ ਦੇ ਪ੍ਰਿੰਸੀਪਲ ਤੇ ਦੋ ਕਰਮਚਾਰੀਆਂ ਨੂੰ ਮੁਅੱਤਲ ਵੀ ਕਰ ਦਿੱਤਾ ਗਿਆ। ਦੋਸ਼ੀ ਨੇ ਬੱਚੀਆਂ ਨਾਲ ਕਿਸ ਹੱਦ ਤੱਕ ਸ਼ੋਸ਼ਣ ਕੀਤਾ ਹੈ, ਇਹ ਤਾਂ ਰਿਪੋਰਟ ਆਉਣ 'ਤੇ ਸਪੱਸ਼ਟ ਹੋਵੇਗਾ, ਪਰ ਸ਼ੋਸ਼ਣ ਹੋਇਆ ਜ਼ਰੂਰ ਹੈ। ਰਾਜ ਸਰਕਾਰ ਨੇ ਪੜਤਾਲ ਲਈ ਸਿੱਟ ਬਣਾ ਦਿੱਤੀ ਹੈ ਤੇ ਜਾਂਚ ਜਾਰੀ ਹੈ।

ਸੁਆਲ ਉੱਠਦਾ ਹੈ ਕਿ ਇਹ ਦੇਸ਼ 'ਚ ਕੋਈ ਪਹਿਲੀ ਘਟਨਾ ਨਹੀਂ। ਪ੍ਰਾਇਮਰੀ ਸਕੂਲਾਂ ਤੋਂ ਯੂਨੀਵਰਸਿਟੀਆਂ ਤੱਕ ਜਿਨਸੀ ਸ਼ੋਸ਼ਣ ਦੀਆਂ ਘਟਨਾਵਾਂ ਵਾਪਰੀਆਂ ਹਨ, ਵਿਦਿਆਰਥਣਾਂ ਨੇ ਸ਼ਿਕਾਇਤਾਂ ਦਰਜ ਕਰਵਾਈਆਂ ਹਨ, ਮੁਕੱਦਮੇ ਦਰਜ ਹੋਏ ਹਨ, ਕਿਤੇ ਗ੍ਰਿਫਤਾਰੀਆਂ ਵੀ ਹੋਈਆਂ ਹਨ, ਪਰ ਫੇਰ ਵੀ ਇਹ ਸਿਲਸਿਲਾ ਬਾਦਸਤੂਰ ਜਾਰੀ ਹੈ। ਦੇਵੀ ਲਾਲ ਯੂਨੀਵਰਸਿਟੀ ਸਿਰਸਾ ਦੀਆਂ ਕਰੀਬ ਪੰਜ ਸੌ ਵਿਦਿਆਰਥਣਾਂ ਨੇ ਕੁਝ ਸਮਾਂ ਪਹਿਲਾਂ ਇੱਕ ਪ੍ਰੋਫੈਸਰ 'ਤੇ ਦੋਸ਼ ਲਾਇਆ ਸੀ ਕਿ ਉਹ ਕੁੜੀਆਂ ਨੂੰ ਆਪਣੇ ਦਫ਼ਤਰ ਬੁਲਾ ਕੇ ਬਾਥਰੂਮ ਵਿੱਚ ਲਿਜਾ ਕੇ ਹਰਕਤਾਂ ਕਰਦਾ ਸੀ ਅਤੇ ਅਜਿਹਾ ਨਾ ਕਰਨ 'ਤੇ ਧਮਕੀਆਂ ਦਿੰਦਾ ਸੀ। ਇਸ ਸੰਬੰਧੀ ਵਿਦਿਆਰਥਣਾਂ ਨੇ ਪ੍ਰਧਾਨ ਮੰਤਰੀ ਤੇ ਮੁੱਖ ਮੰਤਰੀ ਹਰਿਆਣਾ ਨੂੰ ਸ਼ਿਕਾਇਤਾਂ ਭੇਜੀਆਂ ਸਨ। ਖੇਤੀਬਾੜੀ ਲੁਧਿਆਣਾ ਦੀਆਂ ਦੋ ਵਿਦਿਆਰਥਣਾਂ ਨੇ ਵੀ ਇੱਕ ਵਾਰ ਉੱਥੋਂ ਦੇ ਸਹਾਇਕ ਪ੍ਰੋਫੈਸਰ 'ਤੇ ਜਿਨਸੀ ਸ਼ੋਸ਼ਣ ਕਰਨ ਦਾ ਦੋਸ਼ ਲਾਇਆ ਸੀ, ਜਿਸ ਦੇ ਆਧਾਰ 'ਤੇ ਉਸ ਨੂੰ ਮੁਅੱਤਲ ਵੀ ਕੀਤਾ ਗਿਆ ਸੀ।

ਇਹ ਘਟਨਾਵਾਂ ਯੂਨੀਵਰਸਿਟੀ ਦੀਆਂ ਵਿਦਿਆਰਥਣਾਂ ਨਾਲ ਵਾਪਰੀਆਂ, ਜੋ ਉਮਰ ਵਿੱਚ ਜੁਆਨ ਹੁੰਦੀਆਂ ਹਨ, ਉਹ ਆਪਣੇ ਚੰਗੇ-ਮਾੜੇ ਬਾਰੇ ਸਭ ਜਾਣਦੀਆਂ ਹੁੰਦੀਆਂ ਹਨ ਅਤੇ ਕਿਸੇ ਧੱਕੇਸ਼ਾਹੀ ਦੇ ਵਿਰੁੱਧ ਮੁਕਾਬਲਾ ਕਰਨ ਦੇ ਵੀ ਸਮਰੱਥ ਹੁੰਦੀਆਂ ਹਨ। ਫੇਰ ਵੀ ਇਹ ਘਟਨਾਵਾਂ ਅਤਿ ਮਾੜੀਆਂ ਹਨ ਅਤੇ ਸਾਡੇ ਭਾਰਤੀ ਸਮਾਜ 'ਤੇ ਧੱਬਾ ਹਨ, ਪਰ ਇਸ ਤੋਂ ਵੀ ਅਤੀ ਮਾੜਾ ਰੁਝਾਨ ਹੈ, ਜਦੋਂ ਅਜਿਹਾ ਸਕੂਲਾਂ ਵਿੱਚ ਨੰਨ੍ਹੀਆਂ ਬੱਚੀਆਂ ਨਾਲ ਸਕੂਲ ਸਟਾਫ਼ ਦੇ ਕਰਮਚਾਰੀਆਂ ਵੱਲੋਂ ਕੀਤਾ ਜਾਂਦਾ ਹੈ, ਜੋ ਮੁਕਾਬਲਾ ਕਰਨ ਦੇ ਵੀ ਸਮਰੱਥ ਨਹੀਂ ਹੁੰਦੀਆਂ।

ਮਹਾਰਾਸ਼ਟਰ ਦੀ ਬਦਲਾਪੁਰ ਵਾਲੀ ਘਟਨਾ ਵਾਂਗ ਕੁਝ ਸਮਾਂ ਪਹਿਲਾਂ ਉੱਤਰ ਪ੍ਰਦੇਸ਼ ਦੇ ਜ਼ਿਲ੍ਹਾ ਸਹੋਰਨਪੁਰ ਦੇ ਇੱਕ ਪਿੰਡ ਦੇ ਸਕੂਲ ਵਿੱਚ ਅਧਿਆਪਕ ਨੇ ਪੰਜਵੀਂ ਜਮਾਤ ਦੀ ਵਿਦਿਆਰਥਣ ਦਾ ਜਿਨਸੀ ਸ਼ੋਸ਼ਣ ਕੀਤਾ ਗਿਆ ਸੀ, ਜਿਸ ਸਬੰਧੀ ਅਧਿਆਪਕ ਤੇ ਕਾਰਵਾਈ ਕਰਵਾਈ ਗਈ ਸੀ। ਹਰਿਆਣਾ ਦੇ ਇੱਕ ਸਕੂਲ ਦੀਆਂ 142 ਵਿਦਿਆਰਥਣਾਂ ਨੇ ਇੱਕ ਵਾਰ ਸਕੂਲ ਦੇ ਪ੍ਰਿੰਸੀਪਲ ਤੇ ਦੋਸ਼ ਲਾਇਆ ਸੀ ਕਿ ਉਹ ਕਈ ਸਾਲਾਂ ਤੋਂ ਬੱਚੀਆਂ ਨਾਲ ਜਿਨਸੀ ਸੋਸਣ ਕਰਦਾ ਆ ਰਿਹਾ ਹੈ। ਕਰੀਬ ਤਿੰਨ ਸੌ ਤੋਂ ਵੱਧ ਲੜਕੀਆਂ ਦੇ ਬਿਆਨ ਦਰਜ ਕੀਤੇ ਗਏ ਸਨ, 142 ਸ਼ਿਕਾਇਤਾਂ ਦਰਜ ਹੋਈਆਂ ਸਨ ਅਤੇ ਪ੍ਰਿੰਸੀਪਲ ਨੂੰ ਗਿਰਫਤਾਰ ਕੀਤਾ ਗਿਆ ਸੀ।

ਕੋਲਕਾਤਾ ਦੇ ਇੱਕ ਉੱਘੇ ਸਕੂਲ ਦੇ ਅਧਿਆਪਕ ਨੇ ਚਾਰ ਸਾਲ ਦੀ ਬੱਚੀ ਨਾਲ ਵਾਸ਼ਰੂਮ ਵਿੱਚ ਜਿਨਸੀ ਸ਼ੋਸ਼ਣ ਕੀਤਾ ਸੀ। ਬੰਗਲੌਰ 'ਚ ਅੱਠ ਸਾਲ ਦੀ ਬੱਚੀ ਨਾਲ ਅਧਿਆਪਕ ਨੇ ਜਿਨਸੀ ਸ਼ੋਸ਼ਣ ਕੀਤਾ। ਇਹ ਉਹ ਕੁਝ ਘਟਨਾਵਾਂ ਦਾ ਵੇਰਵਾ ਹੈ, ਜਿਹਨਾਂ ਸੰਬੰਧੀ ਸ਼ਿਕਾਇਤਾਂ ਦਰਜ ਹੋਈਆਂ ਅਤੇ ਮੁਕੱਦਮੇ ਦਰਜ ਹੋਏ, ਪਰ ਅਸਲ ਵਿੱਚ ਦੇਸ਼ ਭਰ ਵਿੱਚ ਰੋਜ਼ਾਨਾ ਹੀ ਅਜਿਹੀਆਂ ਘਟਨਾਵਾਂ ਵਾਪਰਦੀਆਂ ਹਨ, ਜਿਹਨਾਂ ਸੰਬੰਧੀ ਸ਼ਿਕਾਇਤਾਂ ਦਰਜ ਨਹੀਂ ਹੁੰਦੀਆਂ। ਜੇਕਰ ਕੋਈ ਬੱਚੀ ਘਰ ਜਾ ਕੇ ਮਾਪਿਆਂ ਨੂੰ ਅਜਿਹੀ ਛੇੜਛਾੜ ਜਾਂ ਸ਼ੋਸ਼ਣ ਬਾਰੇ ਦੱਸਦੀ ਹੈ ਤਾਂ ਮਾਪੇ ਬਦਨਾਮੀ ਦੇ ਡਰੋਂ ਉਸ ਨੂੰ ਚੁੱਪ ਕਰਵਾ ਦਿੰਦੇ ਹਨ । ਕਈ ਵਾਰ ਤਾਂ ਡਰ ਸਦਕਾ ਮਾਪੇ ਬੱਚੀ ਨੂੰ ਪੜ੍ਹਨੋਂ ਹਟਾ ਲੈਂਦੇ ਹਨ ਅਤੇ ਉਸ ਦਾ ਜੀਵਨ ਹੀ ਤਬਾਹ ਹੋ ਜਾਂਦਾ ਹੈ।

ਸਕੂਲਾਂ 'ਚ ਬੱਚੀਆਂ ਦਾ ਸਟਾਫ਼ ਮੈਂਬਰਾਂ ਵੱਲੋਂ ਜਿਨਸੀ ਸ਼ੋਸ਼ਣ ਹੁੰਦਾ ਹੈ, ਉਹ ਸਰੀਰਕ ਤੇ ਮਾਨਸਿਕ ਦੁੱਖ ਝਲਦੀਆਂ ਹਨ, ਮਾਪੇ ਡਰੇ ਹੋਏ ਤੇ ਬੇਵੱਸ ਹੁੰਦੇ ਹਨ। ਜੇ ਰੌਲਾ ਪੈ ਜਾਵੇ ਤਾਂ ਸਰਕਾਰ ਸਿੱਟ ਬਣਾ ਦਿੰਦੀ ਹੈ। ਜਦੋਂ ਬੱਚੀ ਨਾਲ ਕੀਤੇ ਜਿਨਸੀ ਸ਼ੋਸ਼ਣ ਦਾ ਦੇਸ਼ ਪੱਧਰ ਤੱਕ ਰੌਲਾ ਪੈ ਜਾਵੇ, ਬਿਆਨ ਦਰਜ ਹੋ ਜਾਣ, ਸਭ ਮਾਮਲਾ ਪਰਤੱਖ ਹੋ ਜਾਵੇ, ਫੇਰ ਸਿੱਟ ਦਾ ਕੀ ਮਤਲਬ ਰਹਿ ਜਾਂਦਾ ਹੈ? ਇਹ ਕਾਰਵਾਈ ਸਿਰਫ ਮਾਮਲੇ ਨੂੰ ਲਟਕਾਉਣ ਤੇ ਠੰਢਾ ਕਰਨ ਲਈ ਹੀ ਕੀਤੇ ਜਾਣ ਦਾ ਪ੍ਰਭਾਵ ਪੈਦਾ ਕਰਦੀ ਹੈ। ਅਜਿਹੇ ਮਾਮਲਿਆਂ ਵਿੱਚ ਜੋ ਮੁਕੱਦਮੇ ਵੀ ਦਰਜ ਹੁੰਦੇ ਹਨ, ਉਹਨਾਂ ਵਿੱਚ ਵੀ ਕੋਈ ਵੱਡੀ ਸਜ਼ਾ ਮਿਲੀ ਹੋਣ ਦੇ ਸਬੂਤ ਨਹੀਂ ਮਿਲਦੇ, ਜਿਸ ਕਾਰਨ ਅਜਿਹੀਆਂ ਘਟਨਾਵਾਂ ਨੂੰ ਠੱਲ੍ਹ ਪਾਈ ਜਾ ਸਕੇ।

ਪਿਛਲੇ ਦਸ ਕੁ ਸਾਲਾਂ 'ਚ ਸੈਂਕੜੇ ਅਜਿਹੀਆਂ ਸ਼ਿਕਾਇਤਾਂ ਕੀਤੀਆਂ ਗਈਆਂ ਹਨ। ਲੋਕ ਸਭਾ ਜਾਂ ਰਾਜ ਸਭਾ ਵਿੱਚ ਸੰਬੰਧਤ ਮੰਤਰੀ ਵੀ ਕਬੂਲ ਕਰ ਚੁੱਕੇ ਹਨ ਕਿ ਅਜਿਹੀਆਂ ਸ਼ਿਕਾਇਤਾਂ ਮਿਲੀਆਂ ਹਨ, ਪਰ ਕਾਰਵਾਈ ਨਾਂਹ ਦੇ ਬਰਾਬਰ ਹੈ। ਅਜਿਹੇ ਜਿਨਸੀ ਸ਼ੋਸ਼ਣ ਸਬੰਧੀ ਜੇਕਰ ਪਹਿਲਵਾਨ ਕੁੜੀਆਂ ਨੇ ਕੁਸ਼ਤੀ ਫੈਡਰੇਸ਼ਨ ਦੇ ਮੁਖੀ ਵਿਰੁੱਧ ਸ਼ਿਕਾਇਤ ਕੀਤੀ ਤਾਂ ਕੇਂਦਰ ਸਰਕਾਰ ਕਥਿਤ ਦੋਸ਼ੀ ਦਾ ਪੱਖ ਹੀ ਪੂਰਦੀ ਰਹੀ। ਪਹਿਲਵਾਨ ਕੁੜੀਆਂ ਤੇ ਮੁੰਡੇ ਇਨਸਾਫ਼ ਲਈ ਸੜਕਾਂ 'ਤੇ ਰੁਲਦੇ ਰਹੇ। ਜੇਕਰ ਇਸ ਤਰ੍ਹਾਂ ਦੋਸ਼ੀਆਂ ਦੀ ਮਦਦ ਸਰਕਾਰਾਂ ਕਰਦੀਆਂ ਰਹਿਣਗੀਆਂ ਤਾਂ ਜਿਨਸੀ ਸ਼ੋਸ਼ਣ ਘਟਨਾਵਾਂ ਨੂੰ ਠੱਲ੍ਹ ਨਹੀਂ ਪਾਈ ਜਾ ਸਕੇਗੀ।

ਸੋ ਸਰਕਾਰਾਂ ਨੂੰ ਚਾਹੀਦਾ ਹੈ ਕਿ ਗੁਰੂਆਂ, ਪੀਰਾਂ, ਫ਼ਕੀਰਾਂ ਦੀ ਇਸ ਧਰਤੀ ਦੀ ਸ਼ੁੱਧਤਾ ਲਈ ਬੱਚੀਆਂ ਦੀ ਸੁਰੱਖਿਆ ਦੇ ਠੋਸ ਪ੍ਰਬੰਧ ਕੀਤੇ ਜਾਣ, ਸਕੂਲਾਂ ਦੇ ਉਚੇਚੀ ਨਿਗਰਾਨੀ ਕਰਨ ਨੂੰ ਜ਼ਰੂਰੀ ਬਣਾਇਆ ਜਾਵੇ, ਅਜਿਹੀਆਂ ਘਟਨਾਵਾਂ ਨੂੰ ਅੰਜਾਮ ਦੇਣ ਵਾਲੇ ਦੋਸ਼ੀਆਂ ਨੂੰ ਮਿਸਾਲੀ ਸਜ਼ਾਵਾਂ ਦਿੱਤੀਆਂ ਜਾਣ, ਤਾਂ ਜੋ ਅੱਗੇ ਲਈ ਕੋਈ ਮਰਦ ਅਜਿਹਾ ਕਰਨ ਦਾ ਹੌਸਲਾ ਨਾ ਕਰ ਸਕੇ। ਸਦੀਆਂ ਤੋਂ ਔਰਤਾਂ ਘਰਾਂ ਅੰਦਰ ਕੈਦ ਰਹਿ ਕੇ ਆਪਣਾ ਜੀਵਨ ਬਸਰ ਕਰਦੀਆਂ ਰਹੀਆਂ ਹਨ, ਹੁਣ ਪੜ੍ਹਾਈ ਸਦਕਾ ਬੱਚੀਆਂ ਨੇ ਘਰੋਂ ਬਾਹਰ ਨਿਕਲ ਕੇ ਦੇਸ਼ ਦੇ ਵਿਕਾਸ ਵਿੱਚ ਯੋਗਦਾਨ ਪਾਇਆ ਹੈ, ਪਰ ਜੇਕਰ ਉਹ ਸੁਰੱਖਿਅਤ ਮਹਿਸੂਸ ਨਹੀ ਕਰਨਗੀਆਂ ਤਾਂ ਆਪਣੀ ਬਣਦੀ ਭੂਮਿਕਾ ਵੀ ਨਹੀਂ ਨਿਭਾ ਸਕਣਗੀਆਂ। ਬੱਚੀਆਂ ਦੀ ਸੁਰੱਖਿਆ ਕਰਨਾ ਸਰਕਾਰਾਂ ਦਾ ਫ਼ਰਜ਼ ਹੈ, ਜਿਸ 'ਤੇ ਖ਼ਰਾ ਉੱਤਰਨਾ ਚਾਹੀਦਾ ਹੈ।

# ਸੰਪਰਕ : 098882-75913

# ਸਿਹਤ ਕਾਮਿਆਂ ਦੀ ਸੁਰੱਖਿਆ ਦਾ ਸਵਾਲ



ਡਾ. ਗੁਰਤੇਜ ਸਿੰਘ

ਅਜੋਕੇ ਦੌਰ ਅੰਦਰ ਸਿਹਤ ਕਾਮਿਆਂ ਦੀ ਸੁਰੱਖਿਆ ਦਾ ਮੁੱਦਾ ਬਹੁਤ ਸੰਵੇਦਨਸ਼ੀਲ ਹੈ ਤੇ ਵਿਚਾਰਨ ਦੀ ਮੰਗ ਕਰਦਾ ਹੈ।ਜਦੋਂ ਸੰਸਾਰ ਕੋਰੋਨਾ ਮਹਾਂਮਾਰੀ ਨਾਲ ਜੂਝ ਰਿਹਾ ਸੀ, ਸਿਹਤ ਤੰਤਰ ਦੇ ਕਾਮੇ ਪੂਰੀ ਦੁਨੀਆ ਅੰਦਰ ਇਸ ਆਫ਼ਤ ਦੇ ਖਿਲਾਫ਼ ਚੱਟਾਨ ਵਾਂਗ ਅੜੇ ਹੋਏ ਸੀ । ਮੌਤ ਦੇ ਮੂੰਹ 'ਚ ਗਏ ਲੋਕਾਂ ਨੂੰ ਕੱਢਣ ਲਈ ਆਪਣੀ ਜਾਨ ਦੀ ਪਰਵਾਹ ਕੀਤੇ ਬਗੈਰ ਡਾਕਟਰ, ਪੈਰਾ-ਮੈਡੀਕਲ ਕਾਮੇ ਤੇ ਸਫ਼ਾਈ ਸੇਵਕ ਤਨਦੇਹੀ ਨਾਲ ਜੁਟੇ ਹੋਏ ਸਨ । ਬਹੁਤ ਜਗ੍ਹਾ ਤਾਂ ਉਕਤ ਕਾਮੇ ਸੁਰੱਖਿਆ ਲਈ ਲੋੜੀਂਦੇ ਸਾਜ਼ੋ ਸਮਾਨ ਤੋਂ ਹੀਣੇ ਨੰਗੇ ਧੜ ਹੀ ਲੜ ਰਹੇ ਸਨ, ਜੋ ਸਰਕਾਰਾਂ ਦੀ ਬਹੁਤ ਵੱਡੀ ਨਲਾਇਕੀ ਹੈ । ਇਹ ਵੀ ਕੌੜਾ ਸੱਚ ਹੈ ਕਿ ਜਦੋਂ ਦੁਨੀਆ ਅੰਦਰ ਸਮਾਜਿਕ ਦੂਰੀ ਦੇ ਚਲਦਿਆਂ ਬਹੁਤੇ ਮਾਹਰ ਡਾਕਟਰ ਓ ਪੀ ਡੀ ਬੰਦ ਕਰਕੇ ਘਰਾਂ ਵਿੱਚ ਸਨ ਤਾਂ ਐਮਰਜੈਂਸੀ ਸੇਵਾ ਵਿੱਚ ਤਾਇਨਾਤ ਜੂਨੀਅਰ ਡਾਕਟਰ ਅਤੇ ਉਨ੍ਹਾਂ ਦੇ ਸਹਾਇਕ ਪੈਰਾ-ਮੈਡੀਕਲ ਕਾਮੇ ਆਪਣੀ ਜਾਨ ਤਲੀ 'ਤੇ ਰੱਖ ਕੇ ਇਸ ਜੰਗ ਵਿੱਚ ਕੁੱਦ ਗਏ ਸਨ । ਇੱਥੇ ਨਰਸਿੰਗ ਅਫਸਰਾਂ ਨੇ ਬਹੁਤ ਮਿਹਨਤ ਕੀਤੀ ਤੇ ਮਜਬੂਰੀ ਕਾਰਨ ਉਨ੍ਹਾਂ ਘਰ ਪਰਵਾਰ ਤਿਆਗ ਕੇ ਦਿਨ-ਰਾਤ ਲੋਕਾਂ ਦੀ ਸੇਵਾ ਕੀਤੀ, ਜਿਸ ਦੀ ਗਵਾਹੀ ਸਮਾਜ ਭਰਦਾ ਹੈ । ਉਨ੍ਹਾਂ 'ਤੇ ਪ੍ਰਬੰਧਕਾਂ ਦਾ ਵੀ ਬਹੁਤ ਜ਼ਿਆਦਾ ਦਬਾਅ ਸੀ ।ਉਸ ਨਾਜ਼ੁਕ ਦੌਰ 'ਚ ਵੀ ਕੁਝ ਬੇਵਕੂਫ ਲੋਕਾਂ ਨੇ ਸਿਹਤ ਕਾਮਿਆਂ ਨਾਲ ਬਦਤਮੀਜ਼ੀ ਕਰਨ ਦੇ ਨਾਲ ਮਾਰਕੁਟਾਈ ਕੀਤੀ ਸੀ ।ਅਜਿਹੀਆਂ ਅਣਗਿਣਤ ਘਟਨਾਵਾਂ ਦੀਆਂ ਨਸ਼ਰ ਖ਼ਬਰਾਂ ਤੇ ਵੀਡਿਓ ਹਰ ਸੰਜੀਦਾ ਮਨੁੱਖ ਦੇ ਦਿਲ ਨੂੰ ਧੂਹ ਪਾਉਂਦੀਆਂ ਸਨ। ਇੰਦੌਰ ਵਿੱਚ ਤਾਇਨਾਤ ਡਾਕਟਰ ਤੇ ਨਰਸਾਂ 'ਤੇ ਭੀੜ ਨੇ ਹਮਲਾ ਕੀਤਾ ਸੀ, ਜਦ ਉਹ ਕੋਰੋਨਾ ਦੀ ਸ਼ੱਕੀ ਮਰੀਜ਼ ਔਰਤ ਦਾ ਮੁਆਇਨਾ ਕਰਨ ਜਾ ਰਹੇ ਸਨ । ਯੂ ਪੀ ਵਿੱਚ ਇਕਾਂਤਵਾਸ ਵਿੱਚ ਰੱਖੇ ਮਰਕਜ਼ 'ਚ ਸ਼ਾਮਿਲ ਲੋਕਾਂ ਨੇ ਉੱਥੇ ਮੌਜੂਦ ਡਾਕਟਰੀ ਅਮਲੇ ਨਾਲ ਦੁਰਵਿਹਾਰ ਕਰਨ ਦੇ ਨਾਲ ਭੱਦੀ ਸ਼ਬਦਾਵਲੀ ਵਰਤੀ ਸੀ ।

ਬੀਤੀ 9 ਅਗਸਤ ਨੂੰ ਕੋਲਕਾਤਾ ਦੇ ਇੱਕ ਸਰਕਾਰੀ ਮੈਡੀਕਲ ਕਾਲਜ ਦੀ ਪੋਸਟ ਗ੍ਰੈਜੂਏਸ਼ਨ ਕਰ ਰਹੀ ਇੱਕ ਡਾਕਟਰ ਨਾਲ ਹੋਈ ਦਰਿੰਦਗੀ ਦੀ ਮੰਦਭਾਗੀ ਘਟਨਾ ਨੇ ਮੈਡੀਕਲ ਖੇਤਰ ਦੇ ਨਾਲ ਪੂਰੇ ਦੇਸ਼ ਨੂੰ ਹਿਲਾ ਕੇ ਰੱਖ ਦਿੱਤਾ ਹੈ, ਜਿਸ ਨੇ ਔਰਤਾਂ ਦੀ ਸੁਰੱਖਿਆ ਦੇ ਪ੍ਰਬੰਧਾਂ ਨੂੰ ਹਾਸ਼ੀਏ 'ਤੇ ਪਹੁੰਚੇ ਹੋਣ ਦੀ ਗਵਾਹੀ ਭਰੀ ਹੈ। ਡਾਕਟਰ ਖਾਸ ਕਰਕੇ ਰੈਜ਼ੀਡੈਂਟ ਡਾਕਟਰ ਲਗਾਤਾਰ ਡਿਊਟੀਆਂ ਕਰਦੇ ਰਹਿਣ ਕਾਰਨ ਮਾਨਸਿਕ ਸੰਤਾਪ ਭੋਗਦੇ ਹਨ ਤੇ ਅਕਸਰ ਅਜਿਹੀਆਂ ਦਿਲ ਕੰਬਾਊ ਘਟਨਾਵਾਂ ਦਾ ਸ਼ਿਕਾਰ ਹੋ ਜਾਂਦੇ ਹਨ। ਇਹ ਡਾਕਟਰ ਵੀ ਲੰਮੇ ਸਮੇਂ ਤੋਂ ਡਿਊਟੀ 'ਤੇ ਤਾਇਨਾਤ ਸੀ, ਜਿਸ ਕਾਰਨ ਉਹ ਕੁਝ ਸਮਾਂ ਸੈਮੀਨਾਰ ਹਾਲ ਵਿੱਚ ਅਰਾਮ ਕਰਨ ਲਈ ਗਈ ਸੀ, ਜਿੱਥੇ ਉਸ ਨਾਲ ਇਸ ਪੱਧਰ ਦੀ ਵਧੀਕੀ ਹੋਈ ਕਿ ਅਗਲੇ ਦਿਨ ਉਸ ਦੀ ਮਾੜੀ ਹਾਲਤ ਦੇਖਣ ਵਾਲਿਆਂ ਦਾ ਕਲੇਜਾ ਫਟ ਗਿਆ ।ਜਿਸ ਤਰੀਕੇ ਦੀ ਪੋਸਟਮਾਰਟਮ ਰਿਪੋਰਟ ਆਈ ਹੈ, ਉਸ ਨੂੰ ਪੜ੍ਹ-ਸੁਣ ਕੇ ਲੂਕੰਡੇ ਖੜੇ ਹੁੰਦੇ ਹਨ ਤੇ ਉਸ ਹੈਵਾਨ ਦੀ ਹੈਵਾਨੀਅਤ ਅੱਖਾਂ ਸਾਹਮਣੇ ਕਿਸੇ ਰੀਲ੍ਹ ਵਾਂਗ ਘੁੰਮ ਜਾਂਦੀ ਹੈ ।

27 ਨਵੰਬਰ 2019 ਦੀ ਸ਼ਾਮ ਨੂੰ ਹੈਦਰਾਬਾਦ ਵਿੱਚ ਵੈਟਰਨਰੀ ਡਾਕਟਰ ਪ੍ਰਿਅੰਕਾ ਰੈਡੀ ਨਾਲ ਚਾਰ ਦਰਿੰਦਿਆਂ ਨੇ ਦਰਿੰਦਗੀ ਦੀਆਂ ਹੱਦਾਂ ਪਾਰ ਕੀਤੀਆਂ ਸਨ । ਆਪਣੇ ਕੰਮ ਤੋਂ ਪਰਤ ਰਹੀ ਡਾਕਟਰ ਦੀ ਸਕੂਟਰੀ ਪੈਂਚਰ ਹੋਣ ਕਾਰਨ ਉਸ ਦੀ ਮਦਦ ਕਰਨ ਦੇ ਬਹਾਨੇ ਚਾਰ ਲੋਕਾਂ ਨੇ ਉਸ ਨਾਲ ਬਲਾਤਕਾਰ ਕੀਤਾ ਅਤੇ ਹੱਤਿਆ ਤੋਂ ਬਾਅਦ ਉਸ ਦੇ ਸਰੀਰ ਨੂੰ ਅਧਜਲੇ ਹਾਲਤ 'ਚ ਛੱਡ ਕੇ ਫ਼ਰਾਰ ਹੋ ਗਏ ਸਨ।ਦਰਅਸਲ ਡਾਕਟਰ ਨੇ ਆਪਣਾ ਵਾਹਨ ਖਰਾਬ ਹੋਣ ਦੀ ਸੂਚਨਾ ਆਪਣੀ ਛੋਟੀ ਭੈਣ ਨੂੰ ਦਿੱਤੀ ਸੀ ਤੇ ਲਗਾਤਾਰ ਉਹ ਉਸ ਨਾਲ ਫ਼ੋਨ 'ਤੇ ਗੱਲਬਾਤ ਕਰ ਰਹੀ ਸੀ। ਕੁਝ ਸਮੇਂ ਬਾਅਦ ਡਾਕਟਰ ਨੇ ਉਸ ਨੂੰ ਕਿਹਾ ਸੀ ਕਿ ਮੈਨੂੰ ਡਰ ਲੱਗ ਰਿਹਾ ਹੈ, ਉਸ ਤੋਂ ਬਾਅਦ ਡਾਕਟਰ ਦਾ ਮੋਬਾਇਲ ਫ਼ੋਨ ਬੰਦ ਆਉਣ ਲੱਗਾ ਸੀ।ਡਾਕਟਰ ਦੇ ਪਰਵਾਰਿਕ ਮੈਂਬਰ ਉਸੇ ਸਮੇ ਉਸ ਨੂੰ ਲੱਭਣ ਲੱਗ ਗਏ ਸਨ ਤੇ ਨਾਲ ਹੀ ਪੁਲਸ ਨੂੰ ਵੀ ਸੂਚਿਤ ਕੀਤਾ ਸੀ । ਅਗਲੀ ਸਵੇਰ ਨੂੰ ਉਸ ਦੀ ਅੱਧਜਲੀ ਲਾਸ਼ ਨੇ ਦਰਿੰਦਿਆਂ ਦੀ ਬੇਹੱਦ ਨੀਵੀਂ ਮਾਨਸਿਕਤਾ ਨੂੰ ਬਿਆਨ ਦਿੱਤਾ ਸੀ।

ਮਰੀਜ਼ ਦੀ ਹਾਲਤ ਵਿਗੜਨ ਜਾਂ ਮੌਤ ਹੋਣ 'ਤੇ ਮਰੀਜ਼ ਦੇ ਰਿਸ਼ਤੇਦਾਰਾਂ ਦੁਆਰਾ ਡਾਕਟਰਾਂ, ਪੈਰਾ-ਮੈਡੀਕਲ ਕਾਮਿਆਂ ਦੀ ਕੁੱਟਮਾਰ ਕਰਨਾ ਸਾਡੇ ਮੁਲ਼ਕ ਵਿੱਚ ਨਿੱਤ ਦਾ ਧੰਦਾ ਹੀ ਬਣ ਗਿਆ ਹੈ।ਮਈ 2023 ਵਿੱਚ ਕੇਰਲ ਦੇ ਇਕ ਹਸਪਤਾਲ ਵਿੱਚ ਇਲਾਜ ਲਈ ਲਿਆਂਦੇ ਮਰੀਜ਼ ਨੇ ਉੱਥੇ ਤਾਇਨਾਤ ਮਹਿਲਾ ਡਾਕਟਰ ਵੰਦਨਾ ਦਾਸ 'ਤੇ ਇੱਕ ਸ਼ਰਾਬੀ ਹਾਲਤ ਵਿੱਚ ਜਾਨਲੇਵਾ ਹਮਲਾ ਕੀਤਾ ਸੀ, ਸਾਰੇ ਉਸ ਨੂੰ ਇਕੱਲਾ ਛੱਡ ਕੇ ਦੌੜ ਗਏ ਸਨ, ਜਿਸ ਕਾਰਨ ਡਾਕਟਰ ਗ਼ੰਭੀਰ ਰੂਪ 'ਚ ਜ਼ਖਮੀ ਹੋ ਗਈ ਸੀ ਤੇ ਕੁਝ ਸਮੇਂ ਬਾਅਦ ਉਸ ਦੀ ਮੌਤ ਹੋ ਗਈ ਸੀ ।

ਸਾਲ 2019 ਵਿੱਚ ਪੱਛਮੀ ਬੰਗਾਲ ਦੀ ਰਾਜਧਾਨੀ ਕੋਲਕਾਤਾ (ਕਲਕੱਤਾ) ਦੇ ਇੱਕ ਹਸਪਤਾਲ ਵਿੱਚ ਇੱਕ ਬਜ਼ੁਰਗ ਦੀ ਮੌਤ ਤੋਂ ਭੜਕੇ ਲੋਕਾਂ ਨੇ ਉੱਥੇ ਤਾਇਨਾਤ ਕਰਮਚਾਰੀਆਂ ਨਾਲ ਕੁੱਟਮਾਰ ਕੀਤੀ ਸੀ, ਜਿਸ ਕਾਰਨ ਇੱਕ ਡਾਕਟਰ ਦੇ ਸਿਰ 'ਚ ਸੱਟ ਲੱਗਣ ਕਾਰਨ ਮੌਤ ਹੋ ਗਈ ਤੇ ਦੂਜੇ ਗੰਭੀਰ ਰੂਪ 'ਚ ਜ਼ਖਮੀ ਹੋਏ ਸਨ। ਇਸ ਹੌਲਨਾਕ ਘਟਨਾ ਦੇ ਵਿਰੋਧ 'ਚ ਸਮੂਹ ਡਾਕਟਰ ਭਾਈਚਾਰੇ ਨੇ ਦੇਸ਼-ਵਿਆਪੀ ਹੜਤਾਲ ਕਰਕੇ ਰੋਸ ਪ੍ਰਗਟਾਇਆ ਸੀ।

ਅਜਿਹੀਆਂ ਮੰਦਭਾਗੀਆਂ ਘਟਨਾਵਾਂ ਕਰਕੇ ਸਿਹਤ ਕਾਮਿਆਂ ਵਿੱਚ ਅਸੁਰੱਖਿਅਤਾ ਦਾ ਆਲ਼ਮ ਵਧਿਆ ਹੈ। ਸਾਲ 2017 ਵਿੱਚ ਡਾਕਟਰਾਂ ਦੀ ਸੰਸਥਾ ਇੰਡੀਅਨ ਮੈਡੀਕਲ ਐਸੋਸੀਏਸ਼ਨ ਨੇ ਇੱਕ ਰਿਪੋਰਟ ਨਸ਼ਰ ਕੀਤੀ ਸੀ, ਜਿਸ 'ਚ ਉਨ੍ਹਾਂ ਦੱਸਿਆ ਸੀ ਕਿ 90 ਫ਼ੀਸਦੀ ਡਾਕਟਰ ਆਪਣੀ ਡਿਊਟੀ ਦੌਰਾਨ ਹਿੰਸਾ ਦਾ ਸ਼ਿਕਾਰ ਹੁੰਦੇ ਹਨ, ਜਿਸ ਵਿੱਚ ਕੁੱਟਮਾਰ ਤੇ ਗਾਲੀ ਗਲੋਚ ਵੀ ਸ਼ਾਮਿਲ ਹੈ । ਪਿਛਲੇ ਸਮੇ ਦੌਰਾਨ ਸਾਡੇ ਸੂਬੇ ਦੇ ਬਠਿੰਡਾ ਸ਼ਹਿਰ ਦੇ ਵੱਡੇ ਨਿੱਜੀ ਹਸਪਤਾਲਾਂ ਦੇ ਡਾਕਟਰਾਂ ਵੱਲੋਂ ਸੁਰੱਖਿਆ ਦੇ ਮੱਦੇਨਜ਼ਰ ਨਿੱਜੀ ਤੌਰ 'ਤੇ ਬਾਊਂਸਰ ਰੱਖੇ ਜਾਣ ਦੀਆਂ ਖ਼ਬਰਾਂ ਮੀਡੀਆ 'ਚ ਜਨਤਕ ਹੋ ਚੁੱਕੀਆਂ ਹਨ । ਸਿਹਤ ਕਾਮਿਆਂ ਦੇ ਜਾਨ-ਮਾਲ ਦੀ ਸੁਰੱਖਿਆ ਪ੍ਰਤੀ ਪ੍ਰਸ਼ਾਸਨ ਦੇ ਨਾਲ ਸਾਰੀਆਂ ਸਰਕਾਰਾਂ ਅਜੇ ਵੀ ਅਵੇਸਲੀਆਂ ਹਨ।

ਪਿਛਲੇ ਸਮੇ ਦੌਰਾਨ ਮਾਣਯੋਗ ਸੁਪਰੀਮ ਕੋਰਟ ਨੇ ਦਾਮਿਨੀ ਦੁਰਾਚਾਰ ਨਾਲ ਸੰਬੰਧਤ ਚਾਰੋਂ ਦੋਸ਼ੀਆਂ ਦੀ ਮੌਤ ਦੀ ਸਜ਼ਾ ਬਰਕਰਾਰ ਰੱਖਣ ਦਾ ਇਤਿਹਾਸਿਕ ਫ਼ੈਸਲਾ ਸੁਣਾਇਆ ਸੀ ।ਦਰਅਸਲ ਦਿੱਲੀ ਵਿੱਚ 16 ਦਸੰਬਰ 2012 ਨੂੰ ਨਿਰਭੈਆ ਨਾਲ ਚਲਦੀ ਬੱਸ ਵਿੱਚ ਬੱਸ ਅਮਲੇ ਵੱਲੋਂ ਜੋ ਦਰਿੰਦਗੀ ਕੀਤੀ ਗਈ ਸੀ, ਜਿਸ 'ਚ ਇੱਕ ਨਾਬਾਲਿਗ ਵੀ ਸ਼ਾਮਿਲ ਸੀ, ਉਸ ਤੋਂ ਪੂਰਾ ਦੇਸ਼ ਵਾਕਿਫ਼ ਹੈ ।ਤੇਰਾਂ ਦਿਨ ਦੀ ਜੱਦੋ-ਜਹਿਦ ਮਗਰੋਂ ਉਸ ਨੇ ਦਮ ਤੋੜਿਆ ਸੀ, ਪਰ ਜਬਰ-ਜ਼ਨਾਹ ਦੀਆਂ ਸ਼ਿਕਾਰ ਔਰਤਾਂ ਲਈ ਇਨਸਾਫ਼ ਦੀ ਜੰਗ ਛੇੜ ਗਈ ਸੀ।ਰੋਸ ਪ੍ਰਦਰਸ਼ਨ ਹੋਏ, ਸਰਕਾਰ ਹਰਕਤ 'ਚ ਆਈ, ਕਾਨੂੰਨ 'ਚ ਤਬਦੀਲੀ ਹੋਈ ਅਤੇ ਫਾਸਟ ਟ੍ਰੈਕ ਅਦਾਲਤ ਦੀ ਸਥਾਪਨਾ ਹੋਈ ਤੇ ਦੋਸ਼ੀਆਂ ਨੂੰ ਫਾਂਸੀ ਦੀ ਸਜ਼ਾ ਸੁਣਾਈ ।ਉਦੋਂ ਜਾਪਦਾ ਸੀ ਕਿ ਹੁਣ ਦੇਸ਼ ਅੰਦਰ ਔਰਤਾਂ ਸੁਰੱਖਿਅਤ ਹੋ ਜਾਣਗੀਆਂ, ਪਰ ਅਜਿਹਾ ਹੋਇਆ ਨਹੀ।ਇਸ ਘਟਨਾ ਤੋਂ ਕੁਝ ਸਮੇਂ ਬਾਅਦ ਹੀ ਦਿੱਲੀ ਫਿਰ ਸ਼ਰਮਸਾਰ ਹੋਈ ਸੀ, ਇੱਕ ਬੱਸ ਡਰਾਈਵਰ ਵੱਲੋਂ ਬੱਸ 'ਚ ਪੰਜ ਸਾਲਾ ਬੱਚੀ ਨਾਲ ਬਲਾਤਕਾਰ ਕੀਤਾ ਗਿਆ ਸੀ।

ਜਬਰ-ਜ਼ਿਨਾਹ ਦੇ ਬਹੁਤੇ ਕੇਸ ਪਿਛਲੇ ਵੀਹ ਸਾਲਾਂ ਤੋਂ ਲਟਕੇ ਹੋਏ ਹਨ ਅਤੇ ਕਾਨੂੰਨ ਨਾਲ ਸੰਬੰਧਤ ਲੋਕ ਅਜੇ ਵੀ ਕਾਨੂੰਨ ਦੀਆਂ ਬਾਰੀਕੀਆਂ ਦਾ ਲਾਹਾ ਦੋਸ਼ੀਆਂ ਨੂੰ ਦਿਵਾ ਰਹੇ ਹਨ ।ਬਲਾਤਕਾਰ ਦੇ ਕੇਸਾਂ 'ਚ ਕਾਨੂੰਨ ਦੀ ਸਖ਼ਤੀ ਉਦੋਂ ਤੱਕ ਸਾਰਥਕ ਸਿੱਧ ਨਹੀ ਹੋ ਸਕਦੀ, ਜਦ ਤੱਕ ਲੋਕਾਂ ਦੀ ਮਾਨਸਿਕਤਾ ਨਹੀ ਬਦਲਦੀ ।ਅਜੋਕੇ ਸਖ਼ਤ ਕਾਨੂੰਨ ਦੀ ਆੜ ਹੇਠ ਸ਼ੱਕੀ ਔਰਤਾਂ ਅਤੇ ਖ਼ੁਦਗਰਜ਼ ਲੋਕਾਂ ਨੇ ਆਪਣੇ ਸੌੜੇ ਹਿੱਤ ਪੂਰੇ ਹਨ।ਇਸ ਪਹਿਲੂ 'ਤੇ ਵੀ ਕਾਨੂੰਨਸਾਜ਼ ਜ਼ਰੂਰ ਧਿਆਨ ਦੇਣ ।

ਇਸ ਮੰਦਭਾਗੇ ਵਰਤਾਰੇ ਦੇ ਕਾਰਨ ਬਹੁਤ ਜ਼ਿਆਦਾ ਹਨ, ਜਿਸ 'ਚ ਮੁੱਖ ਤੌਰ 'ਤੇ ਨਸ਼ੇ, ਬੇਰੁਜ਼ਗਾਰੀ, ਮਾਪਿਆਂ ਦੀ ਅਣਗਹਿਲੀ, ਇੰਟਰਨੈਟ ਦੀ ਦੁਰਵਰਤੋਂ ਅਤੇ ਕਈ ਸਮਾਜਿਕ ਕਾਰਨ ਹਨ, ਜੋ ਲੋਕਾਂ ਨੂੰ ਖਾਸ ਕਰਕੇ ਨੌਜਵਾਨਾਂ ਨੂੰ ਘਿਨੌਣੇ ਕੰਮ ਲਈ ਪ੍ਰੇਰਦੇ ਹਨ।ਮਨੋਰੰਜਨ ਇੰਡਸਟਰੀ ਨੇ ਨੈਤਿਕ ਕਦਰਾਂ ਕੀਮਤਾਂ ਨੂੰ ਤਿਲਾਂਜਲੀ ਦੇ ਦਿੱਤੀ ਹੈ।ਅਜੋਕਾ ਸਿਨੇਮਾ ਆਪਣੀ ਜ਼ਿੰਮੇਵਾਰੀ ਭੁੱਲ ਚੁੱਕਾ ਹੈ ਤੇ ਮੁਨਾਫ਼ੇ ਲਈ ਅਸ਼ਲੀਲਤਾ ਪਰੋਸ ਰਿਹਾ ਹੈ।

ਅਜੋਕੇ ਸਮੇ ਅੰਦਰ ਸਮਾਜ ਅਤੇ ਸਰਕਾਰਾਂ ਨੂੰ ਅਜਿਹੇ ਪ੍ਰਬੰਧ ਕਰਨ ਦੀ ਲੋੜ ਹੈ, ਤਾਂ ਜੋ ਕਿਸੇ ਦੀ ਆਬਰੂ ਤਾਰ-ਤਾਰ ਨਾ ਹੋਵੇ।ਸ਼ੱਕੀ ਔਰਤਾਂ 'ਤੇ ਲਗਾਮ ਕੱਸੀ ਜਾਵੇ, ਬੇਕਸੂਰਾਂ ਦੀ ਜਗ੍ਹਾ ਦੋਸ਼ੀਆਂ ਨੂੰ ਮਿਸਾਲੀ ਸਜ਼ਾ ਦਿੱਤੀ ਜਾਵੇ ।ਬਹੁਤੇ ਦੇਸ਼ਾਂ 'ਚ ਸਜ਼ਾ ਦੇ ਤੌਰ 'ਤੇ ਦੋਸ਼ੀਆਂ ਨੂੰ ਮੌਤ ਦੇ ਘਾਟ ਉਤਾਰਿਆ ਜਾਂਦਾ ਹੈ ।ਕਈ ਦੇਸ਼ਾਂ ਵਿੱਚ ਕੈਮੀਕਲ ਤੇ ਸਰਜੀਕਲ ਵਿਧੀਆਂ ਦੀ ਵਰਤੋਂ ਕੀਤੀ ਜਾਂਦੀ ਹੈ ।ਸਜ਼ਾ ਦੇ ਨਾਲ ਸਮਾਜਕ ਕਦਰਾਂ-ਕੀਮਤਾਂ ਨੂੰ ਸਿੱਖਿਆ ਪ੍ਰਣਾਲੀ 'ਚ ਸ਼ਾਮਲ ਕੀਤਾ ਜਾਵੇ ਅਤੇ ਇਸ ਦੀ ਜਗ੍ਹਾ ਲੋਕਾਂ ਦੇ ਦਿਲ-ਦਿਮਾਗ 'ਚ ਬਣਾਈ ਜਾਵੇ।ਸਾਨੂੰ ਆਪਣੇ ਪੁਰਖਿਆਂ ਦੀ ਉਹ ਰੀਤ ਕਾਇਮ ਕਰਨੀ ਹੋਵੇਗੀ, ਜੇ ਉਹ ਅਹਿਮਦ ਸ਼ਾਹ ਅਬਦਾਲੀ ਅੱਗੇ ਲੋਕਾਂ ਦੀਆਂ ਧੀਆਂ-ਭੈਣਾਂ ਦੀ ਇੱਜ਼ਤ ਦੀ ਰਾਖੀ ਲਈ ਅੜ ਸਕਦੇ ਸਨ ਤਾਂ ਸਾਨੂੰ ਵੀ ਉਹ ਕਦਮ ਜ਼ਰੂਰ ਚੁੱਕਣਾ ਚਾਹੀਦਾ ਹੈ।ਔਰਤਾਂ ਵੀ ਆਪਣੇ ਗਿਆਨ,ਚਰਿੱਤਰ ਨੂੰ ਉੱਚਾ ਰੱਖਣ ਤੇ ਹਰ ਚੁਣੌਤੀ ਦਾ ਡਟਵਾਂ ਮੁਕਾਬਲਾ ਕਰਨ ਲਈ ਲਾਮਬੰਦ ਹੋਣ, ਫਿਰ ਹੀ ਸਾਰੀਆਂ ਵਧੀਕੀਆਂ ਦਾ ਅੰਤ ਹੋ ਸਕਦਾ ਹੈ।

# ਸੰਪਰਕ : 95173-96001

CMYK

26-AUG-PAGE-5.qxd 8/25/2024 10:40 PM Page 1



# ਯੂਨੀਫਾਈਡ ਪੈਨਸ਼ਨ ਸਕੀਮ ਐੱਨ ਪੀ ਐੱਸ ਦਾ ਹੀ ਵਿਸਥਾਰ : ਅਮਰਜੀਤ ਕੌਰ

## ਪੁਰਾਣੀ ਪੈਨਸ਼ਨ ਸਕੀਮ ਲਈ ਸੰਘਰਸ਼ ਜਾਰੀ ਰਹੇਗਾ

**ਲੁਧਿਆਣਾ (ਐੱਮ ਐੱਸ ਭਾਟੀਆ)**

ਆਲ ਇੰਡੀਆ ਟਰੇਡ ਯੂਨੀਅਨ ਕਾਂਗਰਸ (ਏਟਕ) ਦੇ ਜਨਰਲ ਸਕੱਤਰ ਅਮਰਜੀਤ ਕੌਰ ਨੇ ਕਿਹਾ ਹੈ ਕਿ ਕੇਂਦਰ ਸਰਕਾਰ ਦੇ ਕਰਮਚਾਰੀਆਂ ਲਈ ਮੋਦੀ ਸਰਕਾਰ ਦੁਆਰਾ ਤੈਅ ਕੀਤੀ ਗਈ ਯੂਨੀਫਾਈਡ ਪੈਨਸ਼ਨ ਸਕੀਮ (ਯੂ ਪੀ ਐੱਸ) ਮੌਜੂਦਾ ਐੱਨ ਪੀ ਐੱਸ ਦਾ ਵਿਸਥਾਰ ਹੈ।ਸਰਕਾਰੀ ਕਰਮਚਾਰੀਆਂ ਨੂੰ ਵੀ ਆਪਣੀ ਤਨਖਾਹ ਦਾ 10 ਫੀਸਦੀ ਯੂ ਪੀ ਐੱਸ ਵਿੱਚ ਯੋਗਦਾਨ ਦੇਣਾ ਜਾਰੀ ਰੱਖਣਾ ਹੋਵੇਗਾ।ਇੱਕ ਵਾਰ ਲਾਗੂ ਹੋਣ 'ਤੇ ਯੂ ਪੀ ਐੱਸ ਵਿੱਚ ਬਹੁਤ ਸਾਰੀਆਂ ਖਾਮੀਆਂ ਹੋਣਗੀਆਂ।ਉਹਨਾ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਲਈ ਲੜਾਈ ਜਾਰੀ ਰੱਖਣ ਲਈ ਆਪਣਾ ਸਟੈਂਡ ਦੁਹਰਾਇਆ ਹੈ। ਏਟਕ ਨੇ ਕੇਂਦਰ ਅਤੇ ਰਾਜ ਸਰਕਾਰ ਦੇ ਕਰਮਚਾਰੀਆਂ ਨੂੰ ਆਪਣੇ ਪੈਨਸ਼ਨ ਅਧਿਕਾਰਾਂ ਨੂੰ ਪ੍ਰਾਪਤ ਕਰਨ ਲਈ ਆਪਣੇ ਅੰਦੋਲਨ ਨੂੰ ਅੱਗੇ ਵਧਾਉਣ ਦਾ ਸੱਦਾ ਦਿੱਤਾ ਹੈ।



ਅਮਰਜੀਤ ਕੌਰ ਨੇ ਕਿਹਾ ਕਿ ਲੋਕਾਂ ਜਾਂ ਰਾਸ਼ਟਰ ਨੂੰ ਕੋਈ ਲਾਭ ਪਹੁੰਚਾਏ ਬਿਨਾਂ ਸਥਾਨਾਂ ਅਤੇ ਯੋਜਨਾਵਾਂ ਦੇ ਨਾਂਅ ਬਦਲਨਾ ਮੌਜੂਦਾ ਸਰਕਾਰ ਦਾ ਚਰਿੱਤਰ ਹੈ, ਜੋ ਕਿ ਕੱਲ੍ਹ ਇੱਕ ਵਾਰ ਫਿਰ ਝਲਕਦਾ ਹੈ, ਜਦੋਂ ਨਰਿੰਦਰ ਮੋਦੀ ਮੰਤਰੀ ਮੰਡਲ ਨੇ ਐੱਨ ਪੀ ਐੱਸ ਨੂੰ ਮੌਜੂਦਾ ਰੂਪ ਵਿੱਚ ਬਰਕਰਾਰ ਰੱਖਣ ਅਤੇ ਲਾਗੂ ਕਰਨ ਦਾ ਫੈਸਲਾ ਕੀਤਾ ਹੈ। ਯੋਗਦਾਨੀ ਪੈਨਸ਼ਨ ਸਕੀਮ, ਜਿਸ ਨੂੰ 'ਯੂਨੀਫਾਈਡ ਪੈਨਸ਼ਨ ਸਕੀਮ' (ਯੂ ਪੀ ਐੱਸ) ਕਿਹਾ ਜਾਂਦਾ ਹੈ। ਪਿਛਲੇ 20 ਸਾਲਾਂ ਤੋਂ ਸਰਕਾਰੀ ਕਰਮਚਾਰੀ ਐੱਨ ਪੀ ਐੱਸ ਨਾਮਕ ਮਾਰਕੀਟ ਅਧਾਰਤ ਯੋਗਦਾਨੀ ਪੈਨਸ਼ਨ ਸਕੀਮ ਦੇ ਵਿਰੁੱਧ ਲਗਾਤਾਰ ਸੰਘਰਸ਼ ਕਰ ਰਹੇ ਹਨ। ਕੇਂਦਰ ਸਰਕਾਰ ਦੇ ਮੁਲਾਜ਼ਮਾਂ ਵੱਲੋਂ ਆਪਣੇ ਸਾਂਝੇ ਸੰਘਰਸ਼ਾਂ ਰਾਹੀਂ ਪੈਦਾ ਕੀਤੇ ਦਬਾਅ ਕਾਰਨ ਸਰਕਾਰ ਨੇ ਐੱਨ ਪੀ ਐੱਸ ਵਿੱਚ ਸੁਧਾਰਾਂ ਲਈ ਸਿਫ਼ਾਰਸ਼ਾਂ ਕਰਨ ਲਈ ਤਤਕਾਲੀ ਵਿੱਤ ਸਕੱਤਰ ਟੀ ਵੀ ਸੋਮਨਾਥਨ ਦੀ ਪ੍ਰਧਾਨਗੀ ਹੇਠ ਇੱਕ ਉੱਚ ਪੱਧਰੀ ਕਮੇਟੀ ਨਿਯੁਕਤ ਕੀਤੀ ਸੀ।ਸਰਕਾਰੀ ਕਰਮਚਾਰੀ ਸੰਗਠਨ ਨੇ ਐੱਨ ਪੀ ਐੱਸ ਸੁਧਾਰ ਕਮੇਟੀ ਨੂੰ ਸਪੱਸ਼ਟ ਤੌਰ 'ਤੇ ਕਿਹਾ ਹੈ ਕਿ ਐੱਨ ਪੀ ਐੱਸ ਵਿੱਚ ਕੋਈ ਵੀ ਸੁਧਾਰ ਗੈਰ-ਅੰਦਾਜਨਕ ਪਰਿਭਾਸ਼ਿਤ ਅਤੇ ਗਾਰੰਟੀਸ਼ੁਦਾ ਪੁਰਾਣੀ ਪੈਨਸ਼ਨ ਸਕੀਮ ਦੇ ਨਾਲ ਮਲਟੀਪਲ ਸੁਰੱਖਿਆ ਅਤੇ ਪੂਰਕ ਪਰਵਾਰਕ ਪੈਨਸ਼ਨਾਂ ਦੇ ਅਨੁਕੂਲ ਨਹੀਂ ਹੋਵੇਗਾ ਅਤੇ ਇਸ ਲਈ ਪੁਰਾਣੀ ਪੈਨਸ਼ਨ ਸਕੀਮ ਨੂੰ ਬਹਾਲ ਕੀਤਾ ਜਾਵੇ।ਟੀ ਵੀ ਸੋਮਨਾਥਨ ਕਮੇਟੀ ਨੇ ਆਪਣੇ ਆਦੇਸ਼ ਦੇ ਤਹਿਤ ਪੁਰਾਣੀ ਪੈਨਸ਼ਨ ਸਕੀਮ ਨੂੰ ਬਹਾਲ ਕਰਨ ਦੀ ਥਾਂ ਇੱਕ ਹੋਰ ਯੋਗਦਾਨੀ ਪੈਨਸ਼ਨ ਸਕੀਮ ਸ਼ੁਰੂ ਕਰਨ ਲਈ ਆਪਣੀਆਂ ਸਿਫਾਰਸ਼ਾਂ ਪੇਸ਼ ਕੀਤੀਆਂ, ਜੋ ਕਿ ਸਰਕਾਰੀ ਕਰਮਚਾਰੀਆਂ ਦੀ ਕਦੇ ਵੀ ਮੰਗ ਨਹੀਂ ਸੀ। 24 ਅਗਸਤ ਨੂੰ ਮੰਤਰੀ ਮੰਡਲ ਨੇ ਟੀ ਵੀ ਸੋਮਨਾਥਨ ਕਮੇਟੀ ਦੀਆਂ ਸਿਫ਼ਾਰਸ਼ਾਂ 'ਤੇ ਵਿਚਾਰ ਕੀਤਾ ਅਤੇ ਬਹੁਤ ਸਾਰੀਆਂ ਬੇਲੋੜੀਆਂ ਗੱਲਾਂ ਨਾਲ ਵੱਡਾ ਐਲਾਨ ਕੀਤਾ ਕਿ ਸਰਕਾਰ ਨੇ 25 ਲੱਖ ਤੋਂ ਵੱਧ ਕੇਂਦਰ ਸਰਕਾਰ ਦੇ ਕਰਮਚਾਰੀਆਂ ਦੇ ਹਿੱਤਾਂ ਦਾ ਧਿਆਨ ਰੱਖਿਆ ਹੈ।ਹਕੀਕਤ ਇਹ ਹੈ ਕਿ ਕੇਂਦਰ ਸਰਕਾਰ ਦੇ ਕਰਮਚਾਰੀ ਅਤੇ ਰਾਜ ਸਰਕਾਰ ਦੇ ਕਰਮਚਾਰੀ ਨਵੇਂ ਯੂ ਪੀ ਐੱਸ ਤੋਂ ਕਾਫੀ ਹੱਦ ਤੱਕ ਖੁਸ਼ ਨਹੀਂ ਹਨ, ਕਿਉਂਕਿ ਇਹ ਐੱਨ ਪੀ ਐੱਸ ਦਾ ਵਿਸਥਾਰ ਹੈ। ਸਭ ਤੋਂ ਮਾੜੇ ਫੈਸਲੇ ਵਿੱਚੋਂ ਇੱਕ ਇਹ ਹੈ ਕਿ ਪੁਰਾਣੀ ਪੈਨਸ਼ਨ ਸਕੀਮ ਤਹਿਤ ਪੂਰੀ ਪੈਨਸ਼ਨ ਦੀ ਮਿਆਦ ਵਧਾ ਕੇ 25 ਸਾਲ ਕਰ ਦਿੱਤੀ ਗਈ ਹੈ, ਜੋ ਮੌਜੂਦਾ ਸਮੇਂ ਵਿੱਚ 10 ਸਾਲ ਹੈ। ਘੱਟੋ-ਘੱਟ ਪੈਨਸ਼ਨ ਰੁ. 10,000/- ਘੋਸ਼ਿਤ ਕੀਤਾ ਗਿਆ ਹੈ, ਜਦੋਂ ਕਿ ਘੱਟੋ-ਘੱਟ ਪਰਵਾਰਕ ਪੈਨਸ਼ਨ ਨੂੰ ਘਟਾ ਕੇ ਦਿੱਤਾ ਗਿਆ ਹੈ। 6,000/- ਦਾ ਵਾਧਾ ਕੀਤਾ ਗਿਆ ਹੈ।ਪੁਰਾਣੀ ਪੈਨਸ਼ਨ ਸਕੀਮ ਵਿੱਚ ਪੈਨਸ਼ਨਰਾਂ ਲਈ ਕਈ ਸੁਰੱਖਿਆ ਹਨ, ਜਿਵੇਂ ਕਿ ਅਗਾਊਂ ਪੈਨਸ਼ਨ ਦਾ 40 ਫੀਸਦੀ ਕਮਿਊਟੇਸ਼ਨ, 15 ਸਾਲ ਬਾਅਦ ਪੈਨਸ਼ਨ ਦੇ ਕਮਿਊਟਿਡ ਹਿੱਸੇ ਨੂੰ ਬਹਾਲ ਕਰਨਾ, 80 ਸਾਲ ਦੀ ਉਮਰ ਤੋਂ ਬਾਅਦ 20 ਫੀਸਦੀ ਵਾਧੂ ਪੈਨਸ਼ਨ ਅਤੇ ਉਨ੍ਹਾਂ ਦੀ ਪੈਨਸ਼ਨ ਵਧਣ ਨਾਲ ਪੈਨਸ਼ਨ ਵਿੱਚ ਵਾਧਾ ਹੁੰਦਾ ਹੈ। ਹਰ 5 ਸਾਲਾਂ ਬਾਅਦ ਪੁਰਾਣੀ ਪੈਨਸ਼ਨ ਸਕੀਮ ਵਿੱਚ ਪੇ-ਕਮਿਸ਼ਨ ਤੋਂ ਬਾਅਦ ਪੈਨਸ਼ਨ ਅਤੇ ਪਰਵਾਰਕ ਪੈਨਸ਼ਨ ਨੂੰ ਸੋਧਿਆ ਜਾਂਦਾ ਹੈ, ਜਦੋਂ ਕਿ ਯੂ ਪੀ ਐੱਸ ਵਿੱਚ ਅਜਿਹਾ ਕੋਈ ਪ੍ਰਬੰਧ ਨਹੀਂ ਹੈ।ਯੂ ਪੀ ਐੱਸ ਵਿੱਚ ਬਜ਼ਾਰ ਜੂਆ ਜਾਰੀ ਰਹੇਗਾ।ਐੱਨ ਪੀ ਐੱਸ ਫੰਡ ਵਿੱਚ ਪਹਿਲਾਂ ਹੀ 6 ਲੱਖ ਕਰੋੜ ਰੁਪਏ ਤੋਂ ਵੱਧ ਜਮ੍ਹਾਂ ਹਨ।ਮੋਦੀ ਸਰਕਾਰ ਇਸ ਰਕਮ ਨੂੰ ਬਾਜ਼ਾਰ 'ਚ ਬਰਕਰਾਰ ਰੱਖਣਾ ਚਾਹੁੰਦੀ ਸੀ।ਜੇਕਰ ਮੋਦੀ ਸਰਕਾਰ ਸਰਕਾਰੀ ਕਰਮਚਾਰੀਆਂ ਦੀ ਬੁਢਾਪਾ ਸੁਰੱਖਿਆ ਨੂੰ ਲੈ ਕੇ ਸੱਚਮੁੱਚ ਚਿੰਤਤ ਹੈ ਤਾਂ ਉਸ ਨੂੰ ਆਪਣਾ ਯੋਗਦਾਨ ਵਧਾ ਕੇ 28.5 ਫੀਸਦੀ ਕਰਨਾ ਚਾਹੀਦਾ ਸੀ, ਯਾਨੀ ਯੂ ਪੀ ਐੱਸ ਵਿੱਚ ਹੁਣ 18.5 ਫੀਸਦੀ ਸਰਕਾਰੀ ਯੋਗਦਾਨ +10 ਫੀਸਦੀ ਕਰਮਚਾਰੀਆਂ ਦਾ ਯੋਗਦਾਨ ਅਤੇ ਪੁਰਾਣੀ ਪੈਨਸ਼ਨ ਸਕੀਮ ਨੂੰ ਸਿੱਧੇ ਤੌਰ 'ਤੇ ਬਹਾਲ ਕਰਨ ਦੀ ਲੋੜ ਹੈ। ਸਰਕਾਰ ਦੁਆਰਾ ਚਲਾਈ ਜਾ ਰਹੀ ਨਵੀਂ ਪੈਨਸ਼ਨ ਸਕੀਮ (ਐੱਨ ਪੀ ਐੱਸ) ਦੀ ਬਜਾਏ ਇੱਕ ਹੋਰ ਯੋਗਦਾਨੀ ਪੈਨਸ਼ਨ ਸਕੀਮ ਯੂ ਪੀ ਐੱਸ ਨੂੰ ਸ਼ੁਰੂ ਕਰਨਾ ਇੱਕ ਡਰਾਮਾ ਹੈ।

ਉਹਨਾ ਕਿਹਾ ਕਿ ਸੰਖੇਪ ਰੂਪ ਵਿੱਚ ਯੂ ਪੀ ਐੱਸ ਪੁਰਾਣੀ ਪੈਨਸ਼ਨ ਸਕੀਮ ਨਾਲ ਮੇਲ ਨਹੀਂ ਖਾਂਦਾ, ਜੋ ਮੂਲ ਰੂਪ ਵਿੱਚ ਗੈਰ-ਯੋਗਦਾਨ ਹੈ।ਮੋਦੀ ਸਰਕਾਰ ਦਾ ਕੰਟਰੀਬਿਊਟਰੀ ਯੂ ਪੀ ਐੱਸ ਨੂੰ ਲਾਗੂ ਕਰਨ ਦੇ ਫੈਸਲੇ ਦੇ ਖਿਲਾਫ ਕੇਂਦਰ ਅਤੇ ਰਾਜ ਸਰਕਾਰ ਦੇ ਕਰਮਚਾਰੀਆਂ ਵਿੱਚ ਪਹਿਲਾਂ ਹੀ ਨਾਰਾਜ਼ਗੀ ਸ਼ੁਰੂ ਹੋ ਗਈ ਹੈ। ਏਟਕ ਨੇ ਐੱਨ ਪੀ ਐੱਸ ਨੂੰ ਖਤਮ ਕਰਨ ਅਤੇ ਗੈਰ-ਯੋਗਦਾਨ ਦੇਣ ਵਾਲੀ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਲਈ ਸੰਘਰਸ਼ ਜਾਰੀ ਰੱਖਣ ਦੀ ਆਪਣੀ ਸਥਿਤੀ ਨੂੰ ਦੁਹਰਾਇਆ ਹੈ। ਏਟਕ ਪਹਿਲਾਂ ਵਾਂਗ ਸਰਕਾਰੀ ਕਰਮਚਾਰੀਆਂ ਨੂੰ ਉਹਨਾਂ ਦੇ ਪੈਨਸ਼ਨ ਅਧਿਕਾਰਾਂ ਦੀ ਪ੍ਰਾਪਤੀ ਲਈ ਉਹਨਾਂ ਦੇ ਸਾਰੇ ਸੰਘਰਸ਼ਾਂ ਵਿੱਚ ਪੂਰਾ ਸਮਰਥਨ ਅਤੇ ਸਹਿਯੋਗ ਦੇਵੇਗੀ, ਜੋ ਕਿ ਸੁਪਰੀਮ ਕੋਰਟ ਦੇ ਵੱਖ-ਵੱਖ ਫੈਸਲਿਆਂ ਅਨੁਸਾਰ ਸਰਕਾਰੀ ਕਰਮਚਾਰੀਆਂ ਦਾ ਬੁਨਿਆਦੀ ਅਧਿਕਾਰ ਹੈ।

## ਲੁਟੇਰਾ ਗਰੋਹ ਦੇ 5 ਮੈਂਬਰ ਚੋਰੀ ਦੇ ਸਾਮਾਨ ਸਮੇਤ ਕਾਬੂ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਸੀ.ਆਈ.ਏ. ਸਟਾਫ਼ ਫ਼ਿਰੋਜ਼ਪੁਰ ਦੀ ਪੁਲਸ ਨੇ ਏ. ਸੀ.ਆਈ.ਏ, ਸਟਾਫ਼ ਫ਼ਿਰੋਜ਼ਪੁਰ ਦੇ ਇੰਚਾਰਜ ਮੋਹਿਤ ਧਵਨ ਦੀਆਂ ਹਦਾਇਤਾਂ 'ਤੇ ਕਾਰਵਾਈ ਕਰਦਿਆਂ ਏ.ਐੱਸ.ਆਈ. ਸਾਹਿਬ ਸਿੰਘ ਦੀ ਅਗਵਾਈ ਹੇਠ ਲੁਟੇਰਾ ਗਰੋਹ ਦੇ 5 ਮੈਂਬਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਜਿਨ੍ਹਾਂ ਪਾਸੋਂ 9 ਮੋਟਰਸਾਈਕਲ, 7 ਮੋਬਾਈਲ ਫ਼ੋਨ, 2 ਤੇਜ਼ਧਾਰ ਹਥਿਆਰ, ਕਿਰਚ ਤੇ ਬੇਸਬਾਲ, ਲੋਕਾਂ ਤੋਂ ਚੋਰੀ ਤੇ ਖੋਹ ਦੀਆਂ ਵਸਤੂਆਂ ਬਰਾਮਦ ਕੀਤੀਆਂ ਗਈਆਂ ਹਨ।ਇਸ ਸਬੰਧੀ ਜਾਣਕਾਰੀ ਦਿੰਦਿਆਂ ਐੱਸ ਪੀ ਇਨਵੈਸਟੀਗੇਸ਼ਨ ਫ਼ਿਰੋਜ਼ਪੁਰ ਰਣਧੀਰ ਕੁਮਾਰ ਨੇ ਦੱਸਿਆ ਕਿ ਜਦੋਂ ਸੀ.ਆਈ.ਏ. ਸਟਾਫ਼ ਫ਼ਿਰੋਜ਼ਪੁਰ ਦੀ ਪੁਲਸ ਏ.ਐੱਸ.ਆਈ. ਸਾਹਿਬ ਸਿੰਘ ਦੀ ਅਗਵਾਈ ਹੇਠ ਮਮਦੋਟ ਇਲਾਕੇ 'ਚ ਗਸ਼ਤ ਕਰ ਰਹੀ ਸੀ ਤਾਂ ਉਨ੍ਹਾਂ ਨੂੰ ਗੁਪਤ ਸੂਚਨਾ ਮਿਲੀ ਕਿ ਰੋਹਿਤ ਉਰਫ਼ ਰੋਹੀ ਪੁੱਤਰ ਗੁਲਾਬ ਵਾਸੀ ਤਰਸੇਨ ਏ ਸਿੰਘ ਪੁੱਤਰ ਸੰਦੀਪ ਸਿੰਘ ਪੁੱਤਰ ਬਲਦੇਵ ਸਿੰਘ ਵਾਸੀ ਪਿੰਡ ਨੌਰੰਗ, ਲੇਲੀਵਾਲਾ, ਕਰਨ ਉਰਫ਼ ਨਿੰਜਾ ਪੁੱਤਰ ਸੁੱਖਾ ਵਾਸੀ ਇੱਛੇਵਾਲਾ ਤੇ ਸਮਰਪ੍ਰੀਤ ਸਿੰਘ ਪੁੱਤਰ ਸੁਖਵਿੰਦਰ ਸਿੰਘ ਵਾਸੀ ਚਰਚ ਰੋਡ ਫ਼ਿਰੋਜ਼ਪੁਰ ਕੈਂਟ ਨੇ ਮਿਲ ਕੇ ਲੁੱਟ ਦੀ ਵਾਰਦਾਤ ਨੂੰ ਅੰਜਾਮ ਦਿੱਤਾ, ਜੋ ਅੱਜ ਵੀ ਮੋਟਰਸਾਈਕਲਾਂ 'ਤੇ ਤੇਜ਼ਧਾਰ ਹਥਿਆਰਾਂ ਨਾਲ ਲੈਸ ਹੋ ਕੇ ਕਿਸੇ ਵੱਡੀ ਵਾਰਦਾਤ ਨੂੰ ਅੰਜਾਮ ਦੇਣ ਲਈ ਪਿੰਡ ਵਰਿਆਮ ਸਿੰਘ ਵਾਲਾ ਦੇ ਸ਼ਮਸ਼ਾਨਘਾਟ ਕੋਲ ਪੈਟਰੋਲ ਪੰਪ 'ਤੇ ਲੁੱਟ ਦੀ ਯੋਜਨਾ ਬਣਾ ਰਹੇ ਹਨ।ਉਨ੍ਹਾਂ ਦੱਸਿਆ ਕਿ ਸੀ.ਆਈ.ਏ ਸਟਾਫ਼ ਫ਼ਿਰੋਜ਼ਪੁਰ ਦੀ ਟੀਮ ਨੇ ਤੁਰੰਤ ਉਕਤ ਸਥਾਨ 'ਤੇ ਛਾਪਾ ਮਾਰ ਕੇ 5 ਨਾਮਜ਼ਦ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਲਿਆ, ਜਿਨ੍ਹਾਂ ਪਾਸੋਂ 9 ਮੋਟਰਸਾਈਕਲ, 7 ਮੋਬਾਈਲ ਫ਼ੋਨ, ਕਿਰਚ ਤੇ ਬੇਸਬਾਲ ਬਰਾਮਦ ਹੋਏ। ਉਨ੍ਹਾਂ ਦੱਸਿਆ ਕਿ ਪੁਲਸ ਵੱਲੋਂ ਫੜੇ ਗਏ ਲੁਟੇਰਿਆਂ ਖ਼ਿਲਾਫ਼ ਥਾਣਾ ਮਮਦੋਟ ਵਿੱਚ ਕੇਸ ਦਰਜ ਕਰ ਲਿਆ ਗਿਆ ਹੈ ਤੇ ਉਨ੍ਹਾਂ ਨੂੰ ਅਦਾਲਤ ਵਿੱਚ ਪੇਸ਼ ਕਰਕੇ ਉਨ੍ਹਾਂ ਦਾ ਪੁਲਸ ਰਿਮਾਂਡ ਲੈ ਕੇ ਹੋਰ ਪੁੱਛਗਿੱਛ ਕੀਤੀ ਜਾਵੇਗੀ।

# ਪੁਰਾਣੀ ਪੈਨਸ਼ਨ ਸਕੀਮ ਇੰਨ-ਬਿੰਨ ਲਾਗੂ ਕਰੇ ਕੇਂਦਰ ਸਰਕਾਰ : ਗੁਰਜੰਟ ਕੋਕਰੀ

**ਮੋਗਾ (ਇਕਬਾਲ ਸਿੰਘ ਖਹਿਰਾ)**



ਜਨਵਰੀ 2004 ਤੋਂ ਕੇਂਦਰ ਦੀ ਸ੍ਰੀ ਅਟਲ ਬਿਹਾਰੀ ਬਾਜਪਾਈ ਦੀ ਅਗਵਾਈ ਹੇਠਲੀ ਐੱਨਡੀਏ ਸਰਕਾਰ ਵੱਲੋਂ ਸਰਕਾਰੀ ਮੁਲਾਜ਼ਮਾਂ 'ਤੇ ਲਾਗੂ ਕਰਕੇ ਥੋਪੀ ਗਈ 'ਨਵੀਂ ਕੰਟਰੀਬਿਊਟਰੀ ਪੈਨਸ਼ਨ ਸਕੀਮ' ਨੂੰ ਕੱਲ੍ਹ ਕੇਂਦਰ ਦੀ ਸ੍ਰੀ ਨਰਿੰਦਰ ਮੋਦੀ ਦੀ ਅਗਵਾਈ ਹੇਠਲੀ ਕੇਂਦਰ ਸਰਕਾਰ ਵੱਲੋਂ ਰੱਦ ਕਰਕੇ 'ਯੂਨੀਫਾਈਡ ਪੈਨਸ਼ਨ ਸਕੀਮ' ਲਾਗੂ ਕਰਨ ਦੀ ਮਨਜ਼ੂਰੀ ਦੇ ਦਿੱਤੀ ਹੈ। ਇਸ ਸਬੰਧੀ ਟਿੱਪਣੀ ਕਰਦੇ ਹੋਏ ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚਾ ਪੰਜਾਬ ਦੇ ਸੂਬਾ ਕਨਵੀਨਰ ਗੁਰਜੰਟ ਸਿੰਘ ਕੋਕਰੀ, ਕੋ-ਕਨਵੀਨਰ ਟਹਿਲ ਸਿੰਘ ਸਰਾਭਾ, ਰਣਦੀਪ ਸਿੰਘ ਫਤਿਹਗੜ੍ਹ ਸਾਹਿਬ, ਕੰਵਲਜੀਤ ਸਿੰਘ ਰੋਪੜ, ਦਰਸ਼ੀ ਕਾਂਤ ਰਾਜਪੁਰਾ, ਡਿੰਪਲ ਰੋਹੇਲਾ ਵੱਲੋਂ ਕਿਹਾ ਗਿਆ ਕਿ ਸ੍ਰੀ ਨਰਿੰਦਰ ਮੋਦੀ ਦੀ ਸਰਕਾਰ ਵੱਲੋਂ ਇਹ ਸਾਬਿਤ ਕਰ ਦਿੱਤਾ ਹੈ ਕਿ ਜਨਵਰੀ 2004 ਤੋਂ 'ਨਵੀਂ ਕੰਟਰੀਬਿਊਟਰੀ ਪੈਨਸ਼ਨ ਸਕੀਮ' ਲਾਗੂ ਕਰਨ ਦਾ ਫੈਸਲਾ ਉਸ ਸਮੇਂ ਮੁਲਾਜ਼ਮ ਤੇ ਦੇਸ਼ ਪੱਖੀ ਨਹੀਂ ਸੀ, ਜਿਸ ਦਾ ਸੰਤਾਪ ਤੇ ਮਾਨਸਿਕ ਆਰਥਿਕ ਤਸ਼ੱਦਦ ਬੇਕਸੂਰ ਲੱਖਾਂ ਮੁਲਾਜ਼ਮਾਂ ਨੂੰ ਝੱਲਣਾ ਪਿਆ। ਆਗੂਆਂ ਵੱਲੋਂ ਕਿਹਾ ਗਿਆ ਕਿ ਚਾਹੇ ਕੇਂਦਰ ਸਰਕਾਰ ਵੱਲੋਂ ਨਵੀਂ ਪੈਨਸ਼ਨ ਸਕੀਮ ਦੇ ਬਰਾਬਰ ਯੂਨੀਫਾਇਡ ਪੈਨਸ਼ਨ ਸਕੀਮ ਦਾ ਪੈਟਰਨ ਦਿੱਤਾ ਗਿਆ ਹੈ। ਪਰ ਇਹ 'ਪੁਰਾਣੀ ਪੈਨਸ਼ਨ ਸਕੀਮ' ਤੇ ਡਿਫਾਈਨਡ ਪੈਨਸ਼ਨ ਪ੍ਰਣਾਲੀ ਦੇ ਸਮਾਨ ਨਹੀਂ ਹੈ। ਪੁਰਾਣੀ ਪੈਨਸ਼ਨ ਸਕੀਮ ਅਧੀਨ ਮੁਲਾਜ਼ਮਾਂ ਨੂੰ ਕੋਈ ਵੀ ਤਨਖਾਹ ਦੀ ਕਟੌਤੀ ਨਹੀਂ ਕਰਵਾਉਣੀ ਪੈਂਦੀ ਸੀ, ਪਰ ਯੂਨੀਫਾਈਡ ਪੈਨਸ਼ਨ ਸਕੀਮ ਅਧੀਨ ਆਪਣੀ ਤਨਖਾਹ ਦੀ 10 ਪ੍ਰਤੀਸ਼ਤ ਤੱਕ ਕਟੌਤੀ ਕਰਵਾਉਣੀ ਪਵੇਗੀ ਜੋ ਕਿ ਰਿਟਾਇਰਮੈਂਟ ਮੌਕੇ ਮੁਲਾਜ਼ਮ ਨੂੰ ਮਿਲਣ ਯੋਗ ਨਹੀਂ ਹੋਵੇਗੀ। ਇਸ ਤੋਂ ਇਲਾਵਾ ਸਰਕਾਰ ਵੱਲੋਂ ਵੀ 18.5% ਸ਼ੇਅਰ ਦੀ ਕਟੌਤੀ ਕਰਵਾਈ ਜਾਵੇਗੀ, ਜਿਸ ਦਾ ਮੁਲਾਜ਼ਮਾਂ ਦੇ ਨਾਲ ਨਾਲ ਸਰਕਾਰ ਨੂੰ ਵੀ ਵੱਡੇ ਪੱਧਰ 'ਤੇ ਨੁਕਸਾਨ ਹੋਵੇਗਾ। ਅਸਲ ਵਿੱਚ ਕੇਂਦਰ ਸਰਕਾਰ ਵੱਲੋਂ ਐੱਨਪੀਐੱਸ ਜਾਂ ਨਵੀਂ ਪੈਨਸ਼ਨ ਸਕੀਮ ਨੂੰ ਪੂਰੀ ਤਰ੍ਹਾਂ ਖਤਮ ਨਹੀਂ ਕੀਤਾ ਹੈ। ਜੇਕਰ ਸਰਕਾਰ ਵੱਲੋਂ ਮੁਲਾਜ਼ਮ ਨੂੰ ਉਸ ਦੀ ਆਖਰੀ ਬੇਸਿਕ ਤਨਖਾਹ ਦਾ 50% ਬੇਸਕ ਪੈਨਸ਼ਨ ਦੇ ਰੂਪ ਵਿੱਚ ਦੇਣਾ ਹੈ ਤਾਂ ਸਰਕਾਰ ਜਨਵਰੀ 2004 ਤੋਂ ਪਹਿਲਾਂ ਚੱਲ ਰਹੀ ਪੁਰਾਣੀ ਪੈਨਸ਼ਨ ਸਕੀਮ ਨੂੰ ਹੀ ਲਾਗੂ ਕਿਉਂ ਨਹੀਂ ਕਰ ਰਹੀ ? ਇਹ ਇੱਕ ਬਹੁਤ ਵੱਡਾ ਸਵਾਲ ਹੈ। ਮਾਨਯੋਗ ਸੁਪਰੀਮ ਕੋਰਟ ਵੱਲੋਂ ਵੀ ਪੈਨਸ਼ਨ ਸਬੰਧੀ ਫੈਸਲਾ ਦਿੰਦੇ ਹੋਏ ਕਿਹਾ ਸੀ ਕਿ ਪੈਨਸ਼ਨ ਮੁਲਾਜ਼ਮ ਦਾ ਹੱਕ ਹੈ ਕੋਈ ਖੈਰਾਤ ਨਹੀਂ ਹੈ, ਜੋ ਕਿ ਉਸ ਨੂੰ ਕਿਸੇ ਵਿਭਾਗ ਵਿੱਚ ਸੇਵਾ ਨਿਭਾਉਣ ਉਪਰੰਤ ਦਿੱਤਾ ਜਾਂਦਾ ਹੈ ਤਾਂ ਜੋ ਮੁਲਾਜ਼ਮ ਦਾ ਆਪਣਾ ਬੁਢਾਪਾ ਅਤੇ ਸਮਾਜਿਕ ਸੁਰੱਖਿਆ ਹੋ ਸਕੇ। ਉਨ੍ਹਾਂ ਰੋਸ ਦਰਜ ਕਰਦੇ ਹੋਏ ਕਿਹਾ ਗਿਆ ਕਿ ਦੇਸ਼ ਦੇ ਪ੍ਰਧਾਨ ਮੰਤਰੀ ਸਮੇਤ ਮੰਤਰੀਆਂ, ਸੰਸਦ ਮੈਂਬਰਾਂ, ਰਾਜ ਵਿਧਾਨ ਸਭਾਵਾਂ ਦੇ ਮੈਂਬਰਾਂ ਨੂੰ ਨਿਸ਼ਚਿਤ ਲਾਭਾਂ ਵਾਲੀ ਪੁਰਾਣੀ ਪੈਨਸ਼ਨ ਸਕੀਮ ਮਿਲ ਰਹੀ ਹੈ ਤੇ ਉਨ੍ਹਾਂ ਦੀ ਕੋਈ ਵੀ ਕਟੌਤੀ ਨਹੀਂ ਕੀਤੀ ਜਾਂਦੀ। ਪਰ ਦੇਸ਼ ਦੇ ਰਾਜ ਪ੍ਰਬੰਧ ਵਿੱਚ ਅਹਿਮ ਰੋਲ ਅਦਾ ਕਰਨ ਵਾਲੇ ਮੁਲਾਜ਼ਮਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤਾ ਜਾ ਰਿਹਾ ਹੈ। ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚਾ ਪੰਜਾਬ ਵੱਲੋਂ ਸਰਕਾਰ ਤੋਂ ਮੰਗ ਕੀਤੀ ਗਈ ਕਿ ਜਨਵਰੀ 2004 ਤੋਂ ਪਹਿਲਾਂ ਮੁਲਾਜ਼ਮਾਂ ਉੱਤੇ ਲਾਗੂ ਡਿਫਾਈਨਡ ਪੈਨਸ਼ਨ ਸਕੀਮ ਜਾਂ ਪੁਰਾਣੀ ਪੈਨਸ਼ਨ ਸਕੀਮ ਲਾਗੂ ਕੀਤੀ ਜਾਵੇ ਤੇ ਐੱਨਪੀਐੱਸ ਵਿੱਚ ਮੁਲਾਜ਼ਮਾਂ ਦਾ ਕਰੋੜਾਂ ਰੁਪਈਆ ਵਾਪਸ ਲਿਆ ਕੇ ਮੁਲਾਜ਼ਮਾਂ ਦੇ ਖਾਤਿਆਂ ਵਿੱਚ ਪਾਇਆ ਜਾਵੇ।

## ਫਾਇਨਾਂਸ ਇੰਸ਼ੋਰੈਂਸ ਕੰਪਨੀ ਨਾਲ 5.64 ਕਰੋੜ ਦੀ ਠੱਗੀ, ਮਾਮਲਾ ਦਰਜ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਮੱਲਾਂਵਾਲਾ 'ਚ ਭਾਰਤੀ ਐਕਸਾ ਜੀਵਨ ਫਾਇਨਾਂਸ ਇੰਸ਼ੋਰੈਂਸ ਕੰਪਨੀ ਲਿਮਟਿਡ ਨਾਲ 5 ਕਰੋੜ 64 ਲੱਖ ਰੁਪਏ ਦੀ ਠੱਗੀ ਮਾਰਨ ਦੇ ਦੋਸ਼ ਵਿੱਚ ਥਾਣਾ ਮੱਲਾਂਵਾਲਾ ਪੁਲਸ ਨੇ 16 ਲੋਕਾਂ ਖਿਲਾਫ 420, 465, 467, 468, 471, 120-ਬੀ ਆਈਪੀਸੀ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਦਰਸ਼ਨ ਸਿੰਘ ਨੇ ਦੱਸਿਆ ਕਿ ਸ਼ਿਕਾਇਤਕਰਤਾ ਯਗੇਸ਼ ਜਗਰਵਾਲ ਵਾਸੀ ਮੁੰਬਈ ਨੇ ਦਰਖਾਸਤ ਨੰਬਰ 266413 ਯੁਆਈਡੀ ਦਿੱਤੀ ਕਿ ਦੋਸ਼ੀਆਨ ਹਰਪ੍ਰੀਤ ਸਿੰਘ ਪੁੱਤਰ ਜਸਪਾਲ ਸਿੰਘ ਵਾਸੀ ਪੱਟੀ ਜ਼ਿਲ੍ਹਾ ਤਰਨਤਾਰਨ, ਮਨਜੀਤ ਸਿੰਘ ਪੁੱਤਰ ਸੁਖਵਿੰਦਰ ਸਿੰਘ ਵਾਸੀ ਅਲਾਦੀਨਪੁਰ ਜ਼ਿਲ੍ਹਾ ਤਰਨਤਾਰਨ, ਜਸਬੀਰ ਕੌਰ ਪਤਨੀ ਮੱਘਰ ਸਿੰਘ ਵਾਸੀਅਨ ਫਤਿਹਗੜ੍ਹ ਸਭਰਾ, ਆਦਿੱਤਿਆ ਅਰੋੜਾ ਪਤਨੀ ਅਮਿਤ ਕੁਮਾਰ ਨਾਗਪਾਲ ਵਾਸੀ ਨੇੜੇ ਰੇਲਵੇ ਸਟੇਸ਼ਨ ਪ੍ਰਤਾਪ ਨਗਰ ਬਠਿੰਡਾ, ਮਮਤਾ ਪਤਨੀ ਰਮਨ ਵਧਵਾ ਵਾਸੀ ਬੰਧੀ ਨਗਰ ਮੱਖੂ ਮੱਲਾਂਵਾਲਾ ਫਿਰੋਜ਼ਪੁਰ, ਤੇਜਿੰਦਰ ਸਿੰਘ ਪੁੱਤਰ ਬਲਦੇਵ ਸਿੰਘ ਵਾਸੀ ਨੇੜੇ ਬੱਸ ਸਟੈਂਡ ਧਰਮਕੋਟ, ਮੋਗਾ, ਗੀਤਾ ਕਪੂਰ ਪਤਨੀ ਗੌਰਵ ਕਪੂਰ ਵਾਸੀ ਨੇੜੇ ਮਾਤਾ ਦਾ ਮੰਦਿਰ ਵਾਰਡ ਨੰਬਰ 10 ਜ਼ੀਰਾ, ਫਿਰੋਜ਼ਪੁਰ, ਮਨੀਸ਼ਾ ਅਰੋੜਾ ਪਤਨੀ ਸਾਵਨ ਕੁਮਾਰ ਵਾਸੀ ਰਾਣੀ ਕੇ ਬਾਗ ਗਲੀ ਨੰਬਰ 10 ਅੰਮ੍ਰਿਤਸਰ, ਗੀਤਾ ਪ੍ਰਸ਼ਾਦ ਪਤਨੀ ਰੋਹਿਤ ਪ੍ਰਸ਼ਾਦ ਵਾਸੀ ਬਸੰਤ ਨਗਰ ਲੰਡੇ ਕੇ ਰੋਡ ਮੋਗਾ, ਹਰਮੀਤ ਕੌਰ ਪਤਨੀ ਹਰਿੰਦਰਪਾਲ ਸਿੰਘ ਵਾਸੀ ਧਰਮਕੋਟ ਰੋਡ, ਕੋਟ ਈਸੇ ਖਾਂ, ਮੋਗਾ, ਭਾਰਤ ਭੂਸ਼ਨ ਪੁੱਤਰ ਰਿਖੀ ਰਾਮ ਵਾਸੀ ਵਾਰਡ ਨੰਬਰ 11 ਗਲੀ ਨੰਬਰ 5 ਫਤਿਹਗੜ੍ਹ ਪੰਜਤੂਰ ਜ਼ਿਲ੍ਹਾ ਮੋਗਾ, ਪਵਨਪ੍ਰੀਤ ਕੌਰ ਪਤਨੀ ਚਰਨਜੀਤ ਸਿੰਘ ਵਾਸੀ ਮਕਾਨ ਨੰਬਰ 252 ਨੇੜੇ ਬੱਸ ਅੱਡਾ ਹਰੀਕੇ ਜ਼ਿਲ੍ਹਾ ਤਰਨਤਾਰਨ, ਜੋਤੀ ਪਤਲੀ ਰਾਜਨ ਸ਼ਰਮਾ ਵਾਸੀ ਮਰਹਾਣਾ, ਹਰੀਕੇ ਜ਼ਿਲ੍ਹਾ ਤਰਨਤਾਰਨ, ਸ਼ਵੇਤਾ ਪਤਨੀ ਰਾਜੇਸ਼ ਕੁਮਾਰ ਵਾਸੀ ਵਾਰਡ ਨੰਬਰ 7 ਵੀਪੀਓ ਸਭਰਾਵਾ ਤਹਿਸੀਲ ਪੱਟੀ, ਜ਼ਿਲ੍ਹਾ ਤਰਨਤਾਰਨ, ਦੀਪਤਾ ਕੁਮਾਰੀ ਪਤਨੀ ਰੋਹਿਤ ਕੁਮਾਰ ਵਾਸੀ ਵਾਰਡ ਨੰਬਰ 5 ਬਸਤੀ ਮਾਛੀਆ ਜ਼ੀਰਾ, ਭਾਵਨਾ ਪਤਨੀ ਅਦਿੱਤਿਆ ਬਾਲੀ ਵਾਸੀ ਕੋਟ ਬੁੱਢਾ ਜ਼ਿਲ੍ਹਾ ਤਰਨਤਾਰਨ ਨੇ ਉਸ ਦੀ ਭਾਰਤੀ ਐਕਸਾ ਜੀਵਨ ਫਾਇਨਾਂਸ ਇੰਸ਼ੋਰੈਂਸ ਕੰਪਨੀ ਲਿਮਟਿਡ ਦੇ ਨਾਲ 5 ਕਰੋੜ 64 ਲੱਖ ਰੁਪਏ ਦੀ ਠੱਗੀ ਮਾਰੀ ਹੈ। ਜਾਂਚਕਰਤਾ ਨੇ ਦੱਸਿਆ ਕਿ ਪੁਲਸ ਨੇ ਉਕਤ ਦੋਸ਼ੀਆਨ ਖਿਲਾਫ ਮੁਕੱਦਮਾ ਦਰਜ ਕਰ ਲਿਆ ਹੈ।

# ਦਾਣਾ ਮੰਡੀ ਦਾ ਕੰਮ ਹੋਵੇਗਾ ਪਾਰਦਰਸ਼ੀ, ਨਹੀਂ ਆਵੇਗੀ ਕਿਸੇ ਨੂੰ ਪ੍ਰੇਸ਼ਾਨੀ : ਕਾਕਾ ਬਰਾੜ

## ਡਾ. ਇਕਬਾਲ ਵੜਿੰਗ ਪ੍ਰਧਾਨ ਤੇ ਕਾਕਾ ਗਾਂਧੀ ਬਣੇ ਕੱਚਾ ਆੜ੍ਹਤੀਆ ਐਸੋਸੀਏਸ਼ਨ ਦੇ ਚੇਅਰਮੈਨ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਪਿਛਲੇ ਕਈ ਮਹੀਨਿਆਂ ਤੋਂ ਕੱਚਾ ਆੜ੍ਹਤੀਆ ਐਸੋਸੀਏਸ਼ਨ ਦੇ ਪ੍ਰਧਾਨ ਦੀ ਚੋਣ ਵਿੱਚ ਚੱਲ ਰਹੇ ਰੇੜਕੇ ਨੂੰ ਅੱਜ ਉਸ ਸਮੇਂ ਵਿਰਾਮ ਲੱਗਾ, ਜਦੋਂ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਵੱਲੋਂ ਸਰਵਸੰਮਤੀ ਨਾਲ ਡਾ. ਇਕਬਾਲ ਸਿੰਘ ਵੜਿੰਗ ਨੂੰ ਪ੍ਰਧਾਨ ਐਲਾਨਿਆ।ਇਸ ਮੌਕੇ ਮੰਡੀ ਦੇ ਸਮੂਹ ਆੜ੍ਹਤੀ ਭਾਈਚਾਰੇ ਤੋਂ ਇਲਾਵਾ ਗੱਲਾ ਮਜ਼ਦੂਰ ਵੀ ਹਾਜ਼ਰ ਸਨ।



ਇਸ ਦੌਰਾਨ ਆਪਣੇ ਸੰਬੋਧਨ ਦੌਰਾਨ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੇ ਆਖਿਆ ਕਿ ਦਾਣਾ ਮੰਡੀ ਵਿੱਚ ਪਿਛਲੇ ਕਈ ਮਹੀਨਿਆਂ ਤੋਂ ਇੱਕ 11 ਮੈਂਬਰੀ ਕਮੇਟੀ ਕੰਮ ਸੰਭਾਲ ਰਹੀ ਹੈ, ਜਿਸ ਨੂੰ ਹੁਣ ਤਬਦੀਲ ਕਰਦਿਆਂ ਸਮੂਹ ਆੜ੍ਹਤੀਆ ਭਾਈਚਾਰੇ ਵੱਲੋਂ ਸਰਬਸੰਮਤੀ ਨਾਲ ਡਾ. ਇਕਬਾਲ ਸਿੰਘ ਵੜਿੰਗ ਨੂੰ ਪ੍ਰਧਾਨ ਬਣਾਇਆ ਗਿਆ, ਜਦਕਿ ਰਾਜੀਵ ਕੁਮਾਰ ਕਾਕਾ ਗਾਂਧੀ ਨੂੰ ਚੇਅਰਮੈਨ, ਹਰਕ੍ਰਿਸ਼ਨ ਸਿੰਘ ਮੱਕੜ ਨੂੰ ਸੈਕਟਰੀ, ਵਿਜੈ ਰੱਸੇਵੱਟ ਤੇ ਪੱਪੂ ਯਾਦਵ ਨੂੰ ਸੀਨੀਅਰ ਵਾਈਸ ਪ੍ਰਧਾਨ, ਸੁਮਿਤ ਕੁਮਾਰ ਗਰਗ ਨੂੰ ਵਾਈਸ ਪ੍ਰਧਾਨ ਤੇ ਅਜੈ ਕੁਮਾਰ ਗੁਪਤਾ ਨੂੰ ਕੱਚਾ ਆੜ੍ਹਤੀਆ ਐਸੋਸੀਏਸ਼ਨ ਦਾ ਕੈਸ਼ੀਅਰ ਨਿਯੁਕਤ ਕੀਤਾ ਗਿਆ।ਵਿਧਾਇਕ ਕਾਕਾ ਬਰਾੜ ਨੇ ਆਖਿਆ ਕਿ ਮੰਡੀ ਦੇ ਕੰਮ ਕਾਜ ਨੂੰ ਪੂਰੀ ਤਰ੍ਹਾਂ ਨਾਲ ਪਾਰਦਰਸ਼ੀ ਰੱਖਿਆ ਜਾਵੇਗਾ।ਉਨ੍ਹਾ ਸਮੂਹ ਭਾਈਚਾਰੇ ਨੂੰ ਭਰੋਸਾ ਦੁਆਇਆ ਕਿ ਉਹ ਹਮੇਸ਼ਾ ਉਨ੍ਹਾਂ ਦੇ ਮੋਢੇ ਨਾਲ ਮੋਢਾ ਲਗਾ ਕੇ ਚੱਲਣਗੇ ਤੇ ਹਰ ਮੁਸ਼ਕਲ ਨੂੰ ਪਹਿਲ ਦੇ ਅਧਾਰ 'ਤੇ ਹੱਲ ਕਰਵਾਇਆ ਜਾਵੇਗਾ।ਇਸ ਦੌਰਾਨ ਨਵਨਿਯੁਕਤ ਅਹੁਦੇਦਾਰਾਂ ਨੇ ਵਿਧਾਇਕ ਕਾਕਾ ਬਰਾੜ ਨੂੰ ਭਰੋਸਾ ਦੁਆਇਆ ਕਿ ਉਨ੍ਹਾਂ ਨੂੰ ਜੋ ਜ਼ਿੰਮੇਵਾਰੀ ਸੌਂਪੀ ਗਈ ਹੈ, ਉਹ ਪੂਰੀ ਇਮਾਨਦਾਰੀ, ਲਗਨ ਤੇ ਤਨਦੇਹੀ ਨਾਲ ਨਿਭਾਉਣਗੇ ਅਤੇ ਮੰਡੀ ਦੇ ਸੀਜ਼ਨ ਦੌਰਾਨ ਕੋਈ ਪ੍ਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ।ਅੰਤ ਵਿੱਚ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੇ ਨਵਨਿਯੁਕਤ ਅਹੁਦੇਦਾਰਾਂ ਦਾ ਹਾਰ ਪਹਿਨਾ ਕੇ ਸਵਾਗਤ ਕੀਤਾ।ਇਸ ਮੌਕੇ ਜ਼ਿਲ੍ਹਾ ਪ੍ਰਧਾਨ ਜਸ਼ਨ ਬਰਾੜ ਲੱਖੇਵਾਲੀ, ਮਾਰਕਿਟ ਕਮੇਟੀ ਦੇ ਚੇਅਰਮੈਨ ਸੁਰਜੀਤ ਸਿੰਘ ਸੰਧੂ, ਟਰੱਕ ਯੂਨੀਅਨ ਦੇ ਪ੍ਰਧਾਨ ਸੁਖਜਿੰਦਰ ਸਿੰਘ ਬੱਬਲੂ ਬਰਾੜ, ਪੈਸਟੀਸਾਈਡ ਯੂਨੀਅਨ ਪ੍ਰਧਾਨ ਅਜਵਿੰਦਰ ਸਿੰਘ ਰਾਜੂ ਪੂਨੀਆ, ਮੇਘਰਾਜ ਗਰਗ, ਵਿਪਨ ਕੁਮਾਰ, ਸ਼ੇਖਰ ਕਾਲੜਾ, ਸਾਬਕਾ ਪ੍ਰਧਾਨ ਨੱਥਾ ਸਿੰਘ, ਬਲਾਕ ਪ੍ਰਧਾਨ ਪਰਮਜੀਤ ਸਿੰਘ ਪੰਮਾ ਨੰਬਰਦਾਰ, ਜਤਿੰਦਰ ਸਿੰਘ ਮਹੰਤ, ਜਸਪਾਲ ਢਿੱਲੋਂ, ਵਰਿੰਦਰ ਢਿੱਲੋਂ, ਗੁਰਜੀਤ ਸਿੰਘ ਮਨੇਸ, ਧਰਮਜੀਤ ਸਿੰਘ ਵੜਿੰਗ, ਪੁਸ਼ਪਿੰਦਰ ਸਿੰਘ ਜੰਡੋਕੇ, ਗੁਰਮੇਲ ਸਿੰਘ ਆਦਿ ਹਾਜ਼ਰ ਸਨ।

## ਡਾ. ਅਰੋੜਾ ਆਮ ਆਦਮੀ ਪਾਰਟੀ ਦੀ ਬਣੀ ਸੂਬਾ ਸਪੋਕਸਪਰਸਨ

**ਮੋਗਾ (ਇਕਬਾਲ ਸਿੰਘ ਖਹਿਰਾ)**-ਮੋਗਾ ਹਲਕੇ ਦੀ ਵਿਧਾਇਕਾ ਡਾ: ਅਮਨਦੀਪ ਕੌਰ ਅਰੋੜਾ ਨੂੰ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਕੌਮੀ ਜਨਰਲ ਸਕੱਤਰ ਸੰਦੀਪ ਪਾਠਕ ਨੇ ਆਮ ਆਦਮੀ ਪਾਰਟੀ ਦੀ ਸੂਬਾ ਸਪੋਕਸਪਰਸਨ ਨਿਯੁਕਤ ਕੀਤਾ ਹੈ। ਹਲਕਾ ਵਿਧਾਇਕ ਡਾ: ਅਮਨਦੀਪ ਕੌਰ ਅਰੋੜਾ ਦੀ ਇਸ ਨਿਯੁਕਤੀ 'ਤੇ ਮੋਗਾ ਹਲਕੇ ਦੇ ਵਰਕਰਾਂ ਤੇ ਆਮ ਆਦਮੀ ਪਾਰਟੀ ਦੇ ਵਲੰਟੀਅਰਾਂ 'ਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ। ਇਸ ਮੌਕੇ ਹਲਕਾ ਵਿਧਾਇਕ ਡਾ: ਅਮਨਦੀਪ ਕੌਰ ਅਰੋੜਾ ਨੇ ਆਮ ਆਦਮੀ ਪਾਰਟੀ ਪੰਜਾਬ 'ਚ ਉਨ੍ਹਾਂ 'ਤੇ ਭਰੋਸਾ ਜਤਾਉਣ 'ਤੇ ਆਮ ਆਦਮੀ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਰਾਸ਼ਟਰੀ ਜਨਰਲ ਸਕੱਤਰ ਸੰਦੀਪ ਪਾਠਕ ਦਾ ਪੰਜਾਬ ਸਪੋਕਸਪਰਸਨ ਵਜੋਂ ਨਿਯੁਕਤੀ ਕਰਨ 'ਤੇ ਧੰਨਵਾਦ ਕੀਤਾ ਤੇ ਕਿਹਾ ਕਿ ਇੰਨੀ ਵੱਡੀ ਜ਼ਿੰਮੇਵਾਰੀ ਸੌਂਪੀ ਗਈ ਹੈ। ਉਹ ਭਰੋਸਾ ਦਿਵਾਉਂਦੀ ਹੈ ਕਿ ਉਹ ਇਸ ਜ਼ਿੰਮੇਵਾਰੀ ਨੂੰ ਪੂਰੀ ਲਗਨ ਤੇ ਮਿਹਨਤ ਨਾਲ ਨਿਭਾਉਣਗੇ। ਉਨ੍ਹਾਂ ਕਿਹਾ ਕਿ ਉਹ ਆਮ ਆਦਮੀ ਪਾਰਟੀ ਦੀ ਵਿਚਾਰਧਾਰਾ ਦਾ ਪ੍ਰਚਾਰ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡਣਗੇ ਤੇ ਅੱਜ ਉਹ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਤੋਂ ਖੁਸ਼ ਹੋ ਕੇ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ।



# ਨਿਰੰਜਨ ਸਿੰਘ ਗਰੇਵਾਲ ਨੂੰ ਹਜ਼ਾਰਾਂ ਸੇਜਲ ਅੱਖਾਂ ਵੱਲੋਂ ਸ਼ਰਧਾ ਦੇ ਫੁੱਲ ਭੇਟ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੈਪਸੂ ਰੋਡਵੇਜ਼ ਟ੍ਰਾਂਸਪੋਰਟ ਕਾਰਪੋਰੇਸ਼ਨ ਦੇ ਸਾਬਕਾ ਚੀਫ ਇੰਨਸਪੈਕਟਰ ਨਿਰੰਜਨ ਸਿੰਘ ਗਰੇਵਾਲ, ਜਿਨ੍ਹਾਂ ਦਾ ਪਿਛਲੇ ਦਿਨੀਂ ਦਿਹਾਂਤ ਹੋ ਗਿਆ ਸੀ, ਦੀ ਅੰਤਿਮ ਅਰਦਾਸ ਵੇਲੇ ਉਨ੍ਹਾ ਦੇ ਪਿੰਡ ਸਕਰੌਦੀ ਦੇ ਗੁਰਦੁਆਰਾ ਸਾਹਿਬ ਵਿਖੇ ਪੰਜਾਬ ਦੇ ਦੂਰ ਦਰਾਡੇ ਤੋਂ ਆਈਆਂ ਕਈ ਪ੍ਰਮੁੱਖ ਧਾਰਮਿਕ, ਰਾਜਨੀਤਕ ਤੇ ਮੁਲਾਜ਼ਮ ਜਥੇਬੰਦੀਆਂ ਦੇ ਆਗੂਆਂ ਸਮੇਤ ਹਜ਼ਾਰਾਂ ਦੀ ਗਿਣਤੀ ਵਿੱਚ ਜੁੜੀ ਸੰਗਤ ਵੱਲੋਂ ਉਨ੍ਹਾਂ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਟ ਕਰਦੇ ਹੋਏ ਜਿੱਥੇ ਪਰਿਵਾਰ ਨੂੰ ਨਾ ਪੂਰਨ ਵਾਲਾ ਘਾਟਾ ਕਰਾਰ ਦਿੱਤਾ, ਉੱਥੇ ਉਨ੍ਹਾਂ ਵੱਲੋਂ ਸਮਾਜ ਤੇ ਆਪਣੇ ਵਿਭਾਗ ਪੀ.ਆਰ.ਟੀ.ਸੀ. ਵਿੱਚ ਨਿਭਾਈਆਂ ਸ਼ਾਨਦਾਰ ਸੇਵਾਵਾਂ ਬਦਲੇ ਉਨ੍ਹਾਂ ਨੂੰ ਯਾਦ ਕੀਤਾ ਗਿਆ।ਇਸ ਮੌਕੇ ਸਾਬਕਾ ਮੰਤਰੀ ਵਿਜੇਂਦਰ ਸਿੰਗਲਾ, ਸਿਹਤ ਮੰਤਰੀ ਡਾ. ਬਲਬੀਰ ਸਿੰਘ, ਵਿਧਾਇਕਾ ਨਰਿੰਦਰ ਕੌਰ ਭਰਾਜ, ਗੁਰਕੀਰਤ ਸਿੰਘ ਕੋਟਲੀ ਸਾਬਕਾ ਮੰਤਰੀ, ਪੀ.ਆਰ.ਟੀ.ਸੀ. ਦੀ ਰਿਟਾਇਰ ਜਥੇਬੰਦੀ ਦੇ ਮੁਲਾਜ਼ਮ ਹਰੀ ਸਿੰਘ ਚਮਕ, ਸਾਬਕਾ ਡਿਪਟੀ ਕਮਿਸ਼ਨਰ ਹਰਕੇਸ਼ ਸਿੰਘ ਸਿੱਧੂ, ਸਾਬਕਾ ਜ਼ਿਲ੍ਹਾ ਲੋਕ ਸੰਪਰਕ ਉਜਾਗਰ ਸਿੰਘ, ਏ ਡੀ ਸੀ (ਵਿਕਾਸ) ਸ੍ਰੀ ਮੁਕਤਸਰ ਸਾਹਿਬ ਸੁਰਿੰਦਰ ਸਿੰਘ ਢਿੱਲੋਂ, ਬੀਡੀਪੀਓ ਨਾਭਾ ਬਲਜੀਤ ਕੌਰ, ਪ੍ਰਦੁਮਣ ਸਿੰਘ ਗਰੇਵਾਲ, ਪਰਮਿੰਦਰ ਸਿੰਘ ਗਰੇਵਾਲ, ਰੈਜ਼ੀਡੈਂਸ ਵੈੱਲਫੇਅਰ ਫੇਸ-3 ਅਰਬਨ ਅਸਟੇਟ ਦੇ ਪ੍ਰੈੱਸ ਸਕੱਤਰ ਰਜਿੰਦਰ ਸਿੰਘ ਥਿੰਦ, ਮੀਤ ਪ੍ਰਧਾਨ ਨੱਛਤਰ ਸਿੰਘ ਸਫੇੜਾ, ਗੁਰਚਰਨ ਸਿੰਘ ਸਿੱਧੂ, ਰੇਸ਼ਮ ਸਿੰਘ ਸਿੱਧੂ, ਨੱਛਤਰ ਸਿੰਘ ਸਿੱਧੂ, ਸ੍ਰੀ ਗਰਗ ਮੈਡੀਕਲ ਸਟੋਰ, ਰਮਨਦੀਪ ਸਿੰਘ ਭੰਗੂ, ਤਰਲੋਚਨ ਸਿੰਘ ਐੱਸ.ਡੀ.ਓ. ਤੋਂ ਇਲਾਵਾ ਹੋਰ ਬਹੁਤ ਸਾਰੀਆਂ ਸ਼ਖ਼ਸੀਅਤਾਂ ਨੇ ਸਵ: ਨਿਰੰਜਨ ਸਿੰਘ ਗਰੇਵਾਲ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਟ ਕਰਦੇ ਹੋਏ ਉਨ੍ਹਾਂ ਵੱਲੋਂ ਦਿਖਾਏ ਇਮਾਨਦਾਰੀ ਦੇ ਪੱਦ ਚਿੰਨ੍ਹਾਂ 'ਤੇ ਚੱਲਣ ਦੀ ਸੰਗਤਾਂ ਨੂੰ ਅਪੀਲ ਕੀਤੀ।ਇਸ ਮੌਕੇ ਰਾਗੀ ਸਿੰਘਾ ਨੇ ਵੈਰਾਗਮਈ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ।



# ਬੰਬੀਹਾ ਦੇ ਘਰਾਂ ਨੂੰ ਮਿਲੇਗਾ ਪੀਣ ਵਾਲਾ ਸਾਫ ਪਾਣੀ

## 15 ਲੱਖ ਦੀ ਲਾਗਤ ਨਾਲ ਪਾਈ ਪਾਈਪ ਦਾ ਭੱਲਾ ਵੱਲੋਂ ਉਦਘਾਟਨ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਤੇ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਜਤਿੰਦਰ ਭੱਲਾ ਵੱਲੋਂ ਲਗਾਤਾਰ ਬਠਿੰਡਾ ਦਿਹਾਤੀ ਹਲਕੇ ਅੰਦਰ ਵਿਕਾਸ ਕੰਮ ਕੀਤੇ ਜਾ ਰਹੇ ਹਨ।ਇਸ ਲੜੀ ਤਹਿਤ ਸ਼ਨੀਵਾਰ ਨੂੰ ਉਨ੍ਹਾਂ ਪਿੰਡ ਬੰਬੀਹਾ ਵਿੱਚ ਲੋਕਾਂ ਨੂੰ ਪੀਣ ਵਾਲੇ ਸਾਫ ਪਾਣੀ ਦੀ ਆ ਰਹੀ ਸਮੱਸਿਆ ਨੂੰ ਦੂਰ ਕਰ ਦਿੱਤਾ।ਉਨ੍ਹਾਂ 15 ਲੱਖ ਰੁਪਏ ਦੀ ਲਾਗਤ ਨਾਲ ਵਾਟਰ ਵਰਕਸ ਦੇ ਪਾਣੀ ਲਈ ਪਾਈ ਗਈ ਪਾਈਪ ਲਾਈਨ ਦਾ ਉਦਘਾਟਨ ਕੀਤਾ।

ਇਸ ਮੌਕੇ ਉਨ੍ਹਾਂ ਦਾਅਵਾ ਕੀਤਾ ਕਿ ਇਸ ਪਾਈਪ ਲਾਈਨ ਦੇ ਪਾਉਣ ਤੇ ਵਾਟਰ ਵਰਕਸ ਦੀ ਜ਼ਰੂਰੀ ਮੁਰੰਮਤ ਤੋਂ ਬਾਅਦ ਹੁਣ ਪਿੰਡ ਬੰਬੀਹਾ ਦੇ 100 ਫੀਸਦੀ ਘਰਾਂ ਨੂੰ ਸਾਫ ਸੁਥਰਾ ਪੀਣ ਵਾਲਾ ਪਾਣੀ ਸਪਲਾਈ ਹੋ ਸਕੇਗਾ।ਉਨ੍ਹਾਂ ਕਿਹਾ ਕਿ ਸੰਗਤ ਮੰਡੀ ਏਰੀਏ ਦਾ ਧਰਤੀ ਹੇਠਲਾ ਪਾਣੀ ਪੀਣ ਯੋਗ ਨਹੀਂ ਹੈ, ਜਦੋਂਕਿ ਨਹਿਰੀ ਪਾਣੀ ਦੀ ਵੀ ਘਾਟ ਰੜਕਦੀ ਹੈ।ਉਨ੍ਹਾਂ ਦੱਸਿਆ ਕਿ ਭਾਵੇਂ ਪਿੰਡ ਵਿੱਚ ਵਾਟਰ ਵਰਕਸ ਬਣਿਆ ਹੋਇਆ ਸੀ, ਪਰ ਉਹ ਸਹੀ ਸਥਿਤੀ ਵਿੱਚ ਨਹੀਂ ਚੱਲ ਰਿਹਾ ਸੀ ਅਤੇ ਪਿੰਡ ਵਿੱਚ ਲੋਕਾਂ ਨੂੰ ਸਾਫ ਪੀਣ ਵਾਲਾ ਪਾਣੀ ਸਪਲਾਈ ਕਰਨ ਲਈ ਪਾਈਪਾਂ ਦੀ ਵੱਡੀ ਘਾਟ ਸੀ।ਉਨ੍ਹਾਂ ਕਿਹਾ ਕਿ ਪੀਣ ਵਾਲੇ ਸਾਫ ਪਾਣੀ ਦਾ ਮਸਲਾ ਪਿੰਡ ਬੰਬੀਹਾ ਦੇ ਲੋਕਾਂ ਵੱਲੋਂ ਉਨ੍ਹਾਂ ਦੇ ਧਿਆਨ ਵਿੱਚ ਲਿਆਂਦਾ ਗਿਆ ਸੀ, ਜਿਸ ਤੋਂ ਬਾਅਦ ਉਨ੍ਹਾਂ ਨਿੱਜੀ ਦਿਲਚਸਪੀ ਲੈਂਦਿਆਂ ਬੰਬੀਹਾ ਪਿੰਡ ਦੇ 100 ਫੀਸਦੀ ਘਰਾਂ ਨੂੰ ਪੀਣ ਵਾਲਾ ਸਾਫ ਪਾਣੀ ਮੁਹੱਈਆ ਕਰਵਾਉਣ ਲਈ ਕਦਮ ਚੁੱਕੇ ਹਨ।ਭੱਲਾ ਨੇ ਕਿਹਾ ਕਿ ਸਾਡੇ ਗੁਰੂਆਂ ਨੇ ਪਾਣੀ ਨੂੰ ਪਿਤਾ ਦਾ ਦਰਜਾ ਦਿੱਤਾ ਹੈ, ਇਸ ਲਈ ਪਾਣੀ ਦੀ ਸੰਭਾਲ ਕਰਨਾ ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ।ਉਨ੍ਹਾਂ ਬਠਿੰਡਾ ਦਿਹਾਤੀ ਹਲਕੇ ਦੇ ਲੋਕਾਂ ਨੂੰ ਭਰੋਸਾ ਦਿੱਤਾ ਕਿ ਹਲਕੇ ਦੀ ਤਰੱਕੀ ਤੇ ਵਿਕਾਸ ਲਈ ਪੰਜਾਬ ਸਰਕਾਰ ਫੰਡਾਂ ਦੀ ਕਮੀ ਨਹੀਂ ਆਉਣ ਦੇਵੇਗੀ।ਇਸ ਮੌਕੇ ਬਲਾਕ ਸੰਗਤ ਦੇ ਬੀਡੀਪੀਓ ਜੱਗ ਸਿਮਰਨ ਸਿੰਘ ਤੋਂ ਇਲਾਵਾ ਪੇਂਡੂ ਵਿਕਾਸ ਪੰਚਾਇਤ ਵਿਭਾਗ ਦੇ ਕਈ ਅਧਿਕਾਰੀ ਤੇ ਵਲੰਟੀਅਰ ਅਤੇ ਪਿੰਡ ਵਾਸੀ ਹਾਜ਼ਰ ਸਨ।

## ਬੇਲਦਾਰ ਦਾ ਭੇਦਭਰੀ ਹਾਲਤ 'ਚ ਕਤਲ



**ਮੱਖੂ (ਰਛਪਾਲ ਸਿੰਘ ਸੰਧੂ)**-ਨਰਸਰੀ ਵਣ ਵਿਭਾਗ ਦੇ ਬੇਲਦਾਰ ਦਾ ਭੇਦਭਰੀ ਹਾਲਤ ਵਿੱਚ ਕਤਲ ਹੋਣ ਦਾ ਸਮਾਚਾਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਕਸਤੂਰੀ ਲਾਲ ਪੁੱਤਰ ਅਨੰਦ ਲਾਲ ਵਾਸੀ ਕੈਨਾਲ ਕਲੋਨੀ (ਮਖੂ) ਜੋ ਕਿ ਸਰਕਾਰੀ ਨਰਸਰੀ ਵਣ ਵਿਭਾਗ ਰਕਬਾ ਪਿੰਡ ਤਲਵੰਡੀ ਨਿਪਾਲਾਂ ਵਿਖੇ ਬੇਲਦਾਰ ਦੀ ਡਿਊਟੀ ਕਰਦਾ ਸੀ, ਬੀਤੀ ਰਾਤ ਬੇਲਦਾਰ ਕਸਤੂਰੀ ਲਾਲ ਤੇ ਉਸ ਦਾ ਭਰਾ ਚਿਮਨ ਲਾਲ ਨਰਸਰੀ ਵਣ ਵਿਭਾਗ ਵਿੱਚ ਸੁੱਤੇ ਸਨ। ਜਦ ਅੱਜ ਸਵੇਰੇ ਬੇਲਦਾਰ ਕਸਤੂਰੀ ਲਾਲ ਦੇ ਸਾਥੀ ਬੇਲਦਾਰ ਨੇ ਆ ਕੇ ਦੇਖਿਆ ਕਿ ਬੇਲਦਾਰ ਕਸਤੂਰੀ ਲਾਲ ਮ੍ਰਿਤਕ ਹਾਲਤ ਵਿੱਚ ਪਿਆ ਸੀ ਅਤੇ ਉਸ ਦਾ ਭਰਾ ਚਿਮਨ ਲਾਲ ਜ਼ਖ਼ਮੀ ਹਾਲਤ ਵਿੱਚ ਨੇੜੇ ਡਿੱਗਾ ਪਿਆ ਸੀ।ਮ੍ਰਿਤਕ ਬੇਲਦਾਰ ਕਸਤੂਰੀ ਲਾਲ ਦੇ ਚੇਹਰੇ ਤੇ ਸਰੀਰ 'ਤੇ ਕਾਫੀ ਸੱਟਾਂ ਦੇ ਨਿਸ਼ਾਨ ਸਨ।ਸਾਥੀ ਬੇਲਦਾਰ ਵੱਲੋਂ ਇਸ ਦੀ ਸੂਚਨਾ ਥਾਣਾ ਮਖੂ ਵਿਖੇ ਦੇਣ 'ਤੇ ਪੁਲਸ ਵੱਲੋਂ ਸਰਕਾਰੀ ਨਰਸਰੀ ਵਣ ਵਿਭਾਗ ਰਕਬਾ ਤਲਵੰਡੀ ਨਿਪਾਲਾਂ ਵਿਖੇ ਪਹੁੰਚ ਕੇ ਮ੍ਰਿਤਕ ਕਸਤੂਰੀ ਲਾਲ ਦੀ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

## ਹਰਦੀਪ ਸਿੰਘ ਨੂੰ ਸਦਮਾ, ਮਾਤਾ ਦਾ ਦਿਹਾਂਤ



**ਲੌਂਗੋਵਾਲ (ਕੁਲਦੀਪ ਅੱਤਰੀ, ਪ੍ਰਦੀਪ ਸਿੰਘ ਸੱਪਲ)**-ਸ਼੍ਰੋਮਣੀ ਅਕਾਲੀ ਦਲ (ਅ) ਦੇ ਆਗੂ ਹਰਦੀਪ ਸਿੰਘ ਲੋਹਾਖੇੜਾ ਨੂੰ ਉਸ ਸਮੇਂ ਸਦਮਾ ਪੁੱਜਾ, ਜਦ ਉਨ੍ਹਾਂ ਦੀ ਮਾਤਾ ਬਲਜੀਤ ਕੌਰ ਦਾ ਦਿਹਾਂਤ ਹੋ ਗਿਆ।ਇਸ ਮੌਤ 'ਤੇ ਪਾਰਟੀ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਵੱਡੇ ਦੁੱਖ ਦਾ ਪ੍ਰਗਟਾਵਾ ਕੀਤਾ ਤੇ ਹਰਦੀਪ ਸਿੰਘ ਦੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ।ਇਸ ਤੋਂ ਇਲਾਵਾ ਪਾਰਟੀ ਦੇ ਸੀਨੀਅਰ ਆਗੂ ਪ੍ਰੋ. ਮਹਿੰਦਰਪਾਲ ਸਿੰਘ, ਗੁਰਪ੍ਰੀਤ ਸਿੰਘ ਦੁੱਗਾਂ, ਅਮਰਜੀਤ ਸਿੰਘ ਗਿੱਲ ਪ੍ਰੈੱਸ ਸਕੱਤਰ ਲੌਂਗੋਵਾਲ, ਭਾਈ ਹਰਜਿੰਦਰ ਸਿੰਘ, ਮਾ. ਕਰਨੈਲ ਸਿੰਘ, ਮਾ. ਨਰਿੰਦਰਪਾਲ ਸ਼ਰਮਾ, ਡਾ. ਗੁਰਪ੍ਰੀਤ ਸਿੰਘ ਵਾਲੀਆ, ਈਮਾਨ ਸਿੰਘ ਮਾਨ, ਕਮਲਪਾਲ ਸਿੰਘ ਮਾਨ, ਗੁਰਜੰਟ ਸਿੰਘ ਕੱਟੂ ਪੀ.ਏ., ਕਾਲਾ ਮਿੱਤਲ ਲੌਂਗੋਵਾਲ, ਵਿਜੇ ਗੋਇਲ ਸਮੇਤ ਵੱਖ-ਵੱਖ ਪਾਰਟੀਆਂ ਦੇ ਆਗੂਆਂ ਨੇ ਮਾਤਾ ਬਲਜੀਤ ਕੌਰ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।ਇਸ ਤੋਂ ਇਲਾਵਾ ਸ਼ਹੀਦ ਭਾਈ ਦਿਆਲਾ ਜੀ ਪਬਲਿਕ ਸਕੂਲ ਲੌਂਗੋਵਾਲ ਦੇ ਚੇਅਰਮੈਨ ਮਹਿੰਦਰ ਸਿੰਘ ਦੁੱਲਟ ਨੇ ਵੀ ਦੁੱਖ ਪ੍ਰਗਟਾਇਆ।

## ਗੁਦਾਮ 'ਚ ਖੜੇ ਨਵੇਂ ਟਰੈਕਟਰਾਂ 'ਚੋਂ ਬੈਟਰੀਆਂ ਚੋਰੀ, ਸੀਸੀਟੀਵੀ 'ਚ ਤਿੰਨ ਕੈਦ



ਚੋਰੀ ਸਬੰਧੀ ਜਾਣਕਾਰੀ ਦੇਂਦੇ ਹੋਏ ਪੀੜਤ।

**ਗੁਰੂ ਹਰਸਹਾਏ (ਫ਼ਕੀਰ ਚੰਦ ਸਿਕਰੀ)**-ਬੀਤੀ ਰਾਤ ਚੋਰਾਂ ਵੱਲੋਂ ਫਰੈਂਡਜ਼ ਪੈਟਰੋਲ ਪੰਪ ਫਰੀਦਕੋਟ ਰੋਡ ਗੁਰੂ ਹਰਸਹਾਏ ਨੇੜੇ ਮਹਿੰਦਰਾ ਐਂਡ ਮਹਿੰਦਰਾ ਟਰੈਕਟਰਾਂ ਦੀ ਏਜੰਸੀ ਗੁਰੂ ਟਰੈਕਟਰ ਦੇ ਗੋਦਾਮ ਵਿੱਚ ਧਾਵਾ ਬੋਲਦੇ ਹੋਏ ਅੰਦਰ ਖੜੇ ਨਵੇਂ ਨੌਂ ਟਰੈਕਟਰਾਂ ਵਿੱਚੋਂ ਫਿੱਟ ਕੀਤੀਆਂ ਬੈਟਰੀਆਂ ਚੋਰੀ ਕਰ ਲਈਆਂ ਗਈਆਂ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪ੍ਰਸ਼ੋਤਮ ਲਾਲ ਪੁੱਤਰ ਕਸ਼ਮੀਰੀ ਲਾਲ ਵਾਸੀ ਫਰੀਦਕੋਟ ਰੋਡ ਗੁਰੂ ਹਰਸਹਾਏ ਨੇ ਦੱਸਿਆ ਕਿ ਉਸ ਦੀ ਫਰੀਦਕੋਟ ਰੋਡ 'ਤੇ ਟਰੈਕਟਰਾਂ ਦੀ ਏਜੰਸੀ ਹੈ ਅਤੇ ਉਹ ਹਰ ਰੋਜ਼ ਦੀ ਤਰ੍ਹਾਂ ਰਾਤ ਨੂੰ 8 ਵਜੇ ਏਜੰਸੀ ਲਾਕ ਕਰਕੇ ਆਪਣੇ ਘਰ ਚਲੇ ਗਏ ਸੀ ਅਤੇ ਏਜੰਸੀ ਦੇ ਸਾਹਮਣੇ ਉਨ੍ਹਾਂ ਦਾ ਇੱਕ ਗੋਦਾਮ ਹੈ, ਜਿਸ ਵਿੱਚ ਕੁੱਲ ਸੱਤ ਟਰੈਕਟਰ ਖੜੇ ਸਨ ਅਤੇ ਦੋ ਹੋਰ ਬੈਟਰੀਆਂ ਟਰੈਕਟਰਾਂ ਦੇ ਕੋਲ ਪਈਆਂ ਸਨ, ਬੀਤੀ ਰਾਤ ਚੋਰਾਂ ਵੱਲੋਂ ਪਿਛਲੀ ਦੀਵਾਰ ਤੋਂ ਅੰਦਰ ਵੜ ਕੇ ਸਾਰੇ ਟਰੈਕਟਰਾਂ ਵਿੱਚ ਫਿੱਟ ਕੀਤੀਆਂ ਬੈਟਰੀਆਂ ਚੋਰੀ ਕਰ ਲਈਆਂ ਗਈਆਂ ਤੇ ਟਰੈਕਟਰਾਂ ਦੇ ਕੋਲ ਪਈਆਂ ਦੋ ਹੋਰ ਬੈਟਰੀਆਂ ਚੋਰੀ ਕਰ ਲਈਆਂ ਗਈਆਂ। ਉਨ੍ਹਾਂ ਦੱਸਿਆ ਕਿ ਜਦ ਉਹ ਅਗਲੇ ਦਿਨ ਆਪਣੀ ਦੁਕਾਨ 'ਤੇ ਆਏ ਤਾਂ ਉਨ੍ਹਾਂ ਨੇ ਗੁਦਾਮ ਦਾ ਲੌਕ ਖੋਲ੍ਹ ਕੇ ਵੇਖਿਆ ਤਾਂ ਟਰੈਕਟਰਾਂ ਦੇ ਕੋਲ ਪਈਆਂ ਦੋ ਬੈਟਰੀਆਂ ਤੇ ਟਰੈਕਟਰਾਂ ਵਿੱਚ ਲੱਗੀਆਂ ਕੁੱਲ ਨੌਂ ਬੈਟਰੀਆਂ ਚੋਰ ਚੋਰੀ ਕਰਕੇ ਲੈਜਾ ਚੁੱਕੇ ਸਨ।

## ਭੂਤ ਕੱਢਣ ਦੇ ਨਾਂਅ 'ਤੇ ਨੌਜਵਾਨ ਦੀ ਜਾਨ ਲੈਣ ਵਾਲਿਆਂ ਖਿਲਾਫ ਸਖਤ ਕਾਰਵਾਈ ਦੀ ਮੰਗ

**ਸੰਗਰੂਰ (ਪ੍ਰਵੀਨ ਸਿੰਘ)**

ਭਾਵੇਂ ਅਸੀਂ ਵਿਗਿਆਨ ਦੇ ਯੁੱਗ ਵਿੱਚ ਜੀ ਰਹੇ ਹਾਂ, ਪਰ ਸਾਡੇ ਲੋਕਾਂ ਦਾ ਸੋਚਣ ਢੰਗ ਵਿਗਿਆਨਕ ਨਹੀਂ ਬਣਿਆ।ਬਹੁਤ ਸਾਰੇ ਲੋਕ ਅਜੇ ਵੀ ਭੂਤਾਂ ਪ੍ਰੇਤਾਂ ਦੀ ਹੋਂਦ ਮੰਨਦੇ ਹਾਂ, ਉਨ੍ਹਾਂ ਵਿੱਚ ਵਿਸ਼ਵਾਸ ਰੱਖਦੇ ਹਾਂ। ਅੰਧਵਿਸ਼ਵਾਸੀ ਲੋਕ, ਪਰਿਵਾਰਕ ਮੈਂਬਰ ਦੇ ਬੀਮਾਰ ਹੋਣ 'ਤੇ ਉਸ ਉੱਤੇ ਓਪਰੀ ਸ਼ੈਅ ਦਾ ਅਸਰ ਸਮਝਦੇ ਹਨ ਤੇ ਅਖੌਤੀ ਸਿਆਣਿਆਂ ਤੋਂ ਇਲਾਜ ਕਰਵਾਉਂਦੇ ਹਨ। ਅਖੌਤੀ ਸਿਆਣੇ ਤਾਂਤਰਿਕ ਭੂਤ-ਪ੍ਰੇਤ, ਸ਼ੈਤਾਨ ਨੂੰ ਭਜਾਉਣ ਦਾ ਢਕਵੰਜ ਕਰਦੇ ਕਰਦੇ ਬੀਮਾਰ ਦੀ ਜਾਨ ਲੈ ਲੈਂਦੇ ਹਨ। ਅਜਿਹਾ ਹੀ ਵਾਪਰਿਆ ਹੈ ਗੁਰਦਾਸਪੁਰ ਜ਼ਿਲ੍ਹੇ ਦੇ ਸਿੰਘਪੁਰ ਪਿੰਡ ਦੇ 30 ਸਾਲਾ ਨੌਜਵਾਨ ਸੈਮੂਅਲ ਮਸੀਹ ਨਾਲ। ਸੈਮੂਅਲ ਮਸੀਹ ਬੀਮਾਰ ਸੀ ਤੇ ਅਖੌਤੀ ਸਿਆਣੇ ਜੈਕਬ ਮਸੀਹ ਤੇ ਉਸ ਦੇ ਸਾਥੀਆਂ ਨੇ ਉਸ ਵਿੱਚੋਂ ਭੂਤ-ਪ੍ਰੇਤ, ਸ਼ੈਤਾਨ ਕੱਢਣ/ਭਜਾਉਣ ਦਾ ਢਕਵੰਜ ਕਰਦਿਆਂ ਉਸ ਦੀ ਜਾਨ ਲੈ ਲਈ। ਅਖੌਤੀ ਸਿਆਣਿਆਂ ਨੇ ਕਿਹਾ ਕਿ ਇਸ ਅੰਦਰ ਸ਼ੈਤਾਨ ਹੈ ਤੇ ਇਸ ਨੂੰ ਕੁੱਟ ਕੇ ਭਜਾਇਆ ਜਾ ਰਿਹਾ ਹੈ, ਸੱਟ ਸੈਮੂਅਲ ਦੇ ਨਾ ਲੱਗ ਕੇ ਸ਼ੈਤਾਨ ਦੇ ਲਗ ਰਹੀ ਹੈ। ਅਖੌਤੀ ਸਿਆਣਿਆਂ ਜੈਕਬ ਮਸੀਹ ਤੇ ਸਾਥੀਆਂ ਨੇ ਸੈਮੂਅਲ ਦੀਆਂ ਲੱਤਾਂ ਬਾਹਾਂ ਬੰਨ੍ਹ ਕੇ ਉਸ ਨੂੰ ਪਸ਼ੂਆਂ ਦੀ ਤਰ੍ਹਾਂ ਕੁੱਟਿਆ। ਆਖਰ ਉਸ ਦੀ ਜਾਨ ਲੈ ਕੇ ਚਲੇ ਗਏ। ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਦੇ ਆਗੂਆਂ ਮਾਸਟਰ ਪਰਮਵੇਦ, ਸੀਤਾ ਰਾਮ ਬਾਲਦ ਕਲਾਂ, ਸੁਰਿੰਦਰ ਪਾਲ, ਗੁਰਦੀਪ ਸਿੰਘ ਲਹਿਰਾ, ਸੁਖਦੇਵ ਸਿੰਘ ਕਿਸ਼ਨਗੜ੍ਹ ਤੇ ਕ੍ਰਿਸ਼ਨ ਸਿੰਘ ਨੇ ਇਕਾਈ ਦੀ ਮੀਟਿੰਗ ਕਰਨ ਬਾਅਦ ਉਪਰੋਕਤ ਰਿਪੋਰਟ ਕਰਦਿਆਂ ਜਿੱਥੇ ਅਖੌਤੀ ਸਿਆਣਿਆਂ ਜੱਕੀ ਤੇ ਉਸ ਦੇ ਸਾਥੀਆਂ ਨੂੰ ਸਖ਼ਤ ਸਜ਼ਾਵਾਂ ਦੇਣ ਦੀ ਮੰਗ ਕੀਤੀ ਹੈ, ਉਥੇ ਲੋਕਾਂ ਨੂੰ ਵੀ ਆਪਣੀ ਸੋਚ ਵਿਗਿਆਨਕ ਬਣਾਉਣ ਦਾ ਸੁਨੇਹਾ ਦਿੱਤਾ ਹੈ।

ਉਨ੍ਹਾਂ ਕਿਹਾ ਕਿ ਵਿਗਿਆਨ ਇਹ ਸਿੱਧ ਕਰ ਚੁੱਕਿਆ ਹੈ ਕਿ ਸਾਰੇ ਬ੍ਰਹਿਮੰਡ ਵਿੱਚ ਭੂਤ, ਪ੍ਰੇਤ ਆਦਿ ਦੀ ਕੋਈ ਹੋਂਦ ਨਹੀਂ, ਇਹ ਸਭ ਮਨੋਕਲਪਿਤ ਚੀਜ਼ਾਂ ਹਨ। ਉਨ੍ਹਾਂ ਪੰਜਾਬ ਸਰਕਾਰ ਤੋਂ ਅੰਧਵਿਸ਼ਵਾਸ ਰੋਕੂ ਕਾਨੂੰਨ ਬਣਾਉਣ ਦੀ ਵੀ ਜ਼ੋਰਦਾਰ ਮੰਗ ਕੀਤੀ ਹੈ ਤਾਂ ਜੋ ਲੋਕ ਅੰਧਵਿਸ਼ਵਾਸਾਂ, ਵਹਿਮਾਂ ਭਰਮਾਂ, ਰੂੜੀਵਾਦੀ ਵਿਚਾਰਾਂ ਵਿੱਚੋਂ ਨਿਕਲ ਕੇ ਆਰਥਿਕ, ਸਰੀਰਕ, ਮਾਨਸਿਕ ਲੁੱਟ ਤੋਂ ਬਚਾਅ ਕਰਦਿਆਂ ਵਿਗਿਆਨਕ ਵਿਚਾਰਾਂ ਦੀ ਰੋਸ਼ਨੀ ਵਿੱਚ ਆ ਸਕਣ।

# ਡਾਕਟਰ ਨਾਲ ਜਬਰ-ਜ਼ਨਾਹ ਤੇ ਕਤਲ ਖਿਲਾਫ ਪਾਤੜਾਂ 'ਚ ਰੋਸ ਮਾਰਚ



**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)**

ਕੋਲਕਾਤਾ ਦੇ ਹਸਪਤਾਲ ਦੀ ਮਹਿਲਾ ਡਾਕਟਰ ਨਾਲ਼ ਵਾਪਰੇ ਵਹਿਸ਼ੀ ਬਲਾਤਕਾਰ ਤੇ ਕਤਲਕਾਂਡ ਖਿਲਾਫ ਅਤੇ ਦੇਸ਼ ਵਿੱਚ ਔਰਤਾਂ ਨਾਲ਼ ਵੱਧ ਰਹੀਆਂ ਜਿਨਸੀ ਹਿੰਸਾ ਦੀਆਂ ਘਟਨਾਵਾਂ ਖਿਲਾਫ ਜਨਤਕ ਜਥੇਬੰਦੀਆਂ ਦੀ ਸਾਂਝੀ ਅਗਵਾਈ ਹੇਠ ਸੈਂਕੜੇ ਲੋਕਾਂ ਵੱਲੋਂ ਪਾਤੜਾਂ ਸ਼ਹਿਰ ਵਿੱਚ ਰੋਸ ਮਾਰਚ ਕੀਤਾ ਗਿਆ।ਰੋਸ ਮਾਰਚ ਉਪਰੰਤ ਜਬਰ ਜ਼ਨਾਹ ਦੀ ਸ਼ਿਕਾਰ ਹੋਈ ਮਹਿਲਾ ਡਾਕਟਰ ਲਈ ਮੋਮਬੱਤੀਆਂ ਬਾਲ ਕੇ ਇਨਸਾਫ਼ ਦੀ ਮੰਗ ਕੀਤੀ ਗਈ।

ਸ਼ਹਿਰ ਦੇ ਪੁਰਾਣੇ ਬੱਸ ਸਟੈਂਡ ਵਿੱਚ ਜੁੜੇ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਸਾਨ ਆਗੂ ਗੁਰਵਿੰਦਰ ਸਿੰਘ ਦੇਧਨਾ, ਹਰਭਜਨ ਸਿੰਘ ਧੂਹੜ, ਮੁਲਾਜ਼ਮ ਆਗੂ ਅਤਿੰਦਰ ਪਾਲ ਸਿੰਘ ਤੇ ਜਸਪਾਲ ਖਾਂਗ ਨੇ ਕਿਹਾ ਕਿ ਕਲਕੱਤੇ ਵਰਗੇ ਮਹਾਂਨਗਰ ਵਿੱਚ ਡਾਕਟਰੀ ਪੇਸ਼ੇ ਨਾਲ਼ ਜੁੜੀ ਮਹਿਲਾ ਨਾਲ਼ ਵਾਪਰੇ ਹੌਲਨਾਕ ਹਾਦਸੇ ਨੇ ਦੇਸ਼ ਵਿੱਚ ਔਰਤਾਂ ਨਾਲ਼ ਆਮ ਹੋ ਚੁੱਕੀ ਰੇਪ ਕਲਚਰ ਦੀ ਦਰਦਨਾਕ ਸਥਿਤੀ ਨੂੰ ਕੌਮੀ ਪੱਧਰ 'ਤੇ ਮੁੜ ਬੇਪਰਦ ਕੀਤਾ ਹੈ।ਉਨ੍ਹਾਂ ਕਿਹਾ ਕਿ ਔਰਤਾਂ ਨਾਲ ਸਮਾਜ ਵਿੱਚ ਹੋ ਰਹੀਆਂ ਵਧੀਕੀਆਂ ਲਈ ਪਿੱਤਰ ਸੱਤਾ ਤੇ ਸਾਮਰਾਜ ਦਾ ਨਿੱਘਰਿਆ ਸੱਭਿਆਚਾਰ ਤੇ ਕਾਰਪੋਰੇਟ ਪੱਖੀ ਨੀਤੀਆਂ ਜ਼ਿੰਮੇਵਾਰ ਹਨ, ਜਿਸ ਤਹਿਤ ਔਰਤ ਨੂੰ ਜਾਂ ਤਾਂ ਭੋਗ ਵਿਲਾਸ ਦੀ ਵਸਤੂ ਦੇ ਰੂਪ ਵਿੱਚ ਪੇਸ਼ ਕਰਦਾ ਜਾਂ ਫਿਰ ਰੂੜੀਵਾਦੀ ਕਦਰਾਂ ਕੀਮਤਾਂ ਦੀ ਜਕੜ ਵਿੱਚ ਬੰਨ੍ਹ ਕੇ ਰੱਖਦਾ।ਕਾਰਪੋਰੇਟ ਨੀਤੀਆਂ ਕਾਰਨ ਸਰਕਾਰਾਂ ਸਿਹਤ ਸਮੇਤ ਬਾਕੀ ਬੁਨਿਆਦੀ ਸਹੂਲਤਾਂ ਦੇਣ ਵਾਲੇ ਅਦਾਰਿਆਂ ਪ੍ਰਤੀ ਜਿਸ ਤਰ੍ਹਾਂ ਦੀ ਮੁਜਰਮਾਨਾ ਲਾਪ੍ਰਵਾਹੀ ਵਰਤ ਰਹੀਆਂ ਹਨ, ਉਨ੍ਹਾਂ ਕਰਕੇ ਡਾਕਟਰ ਤੇ ਪੈਰਾ ਮੈਡੀਕਲ ਸਟਾਫ ਬਹੁਤ ਹੀ ਔਖੀਆਂ ਕੰਮ ਹਾਲਤਾਂ ਵਿੱਚ ਡਿਊਟੀਆਂ ਦੇਣ ਲਈ ਮਜਬੂਰ ਹੈ।ਵੱਡੇ ਹਸਪਤਾਲ ਵੀ ਸਾਫ ਸਫਾਈ, ਰੋਸ਼ਨੀ ਤੇ ਸਹੂਲਤਾਂ ਪੱਖੋਂ ਕੰਗਾਲ ਹੋ ਚੁੱਕੇ ਹਨ, ਜਿਸ ਕਾਰਨ ਆਮ ਲੋਕ ਬੁਰੀ ਤਰ੍ਹਾਂ ਪ੍ਰੇਸ਼ਾਨ ਹਨ।

ਉਨ੍ਹਾਂ ਕਿਹਾ ਕਿ ਕਲਕੱਤੇ ਦੀ ਘਟਨਾ ਮਗਰੋਂ ਉੱਤਰਾਖੰਡ ਵਿੱਚ ਇੱਕ ਨਰਸ ਤੇ ਮਹਾਰਾਸ਼ਟਰ ਵਿੱਚ ਸਕੂਲੀ ਬੱਚੀਆਂ ਨਾਲ ਹੋਈ ਜਿਨਸੀ ਹਿੰਸਾ ਇਹ ਦੱਸਦੀ ਹੈ ਕਿ ਸਮਾਜ ਨੂੰ ਇਸ ਵਰਤਾਰੇ ਵਿਰੁੱਧ ਬਹੁ ਪੱਖੀ ਸੰਘਰਸ਼ ਕਰਨਾ ਪਵੇਗਾ, ਜਿਸ ਦਾ ਨਿਸ਼ਾਨਾ ਪਿੱਤਰ ਸੱਤਾ ਤੇ ਸਾਮਰਾਜ ਹੋਵੇਗਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਕਾਮਰੇਡ ਰਾਮਚੰਦ ਚੁਨਾਗਰਾ, ਕਾ. ਰੇਸ਼ਮ ਸਿੰਘ, ਮੈਡਮ ਕਿਰਨ ਬਾਲਾ, ਡਾ. ਹਰਸ਼ ਗੇਰਾ, ਪਲਵਿੰਦਰ ਕੌਰ ਹਰਿਆਊ, ਸੁਖਦੇਵ ਸਿੰਘ ਹਰਿਆਊ, ਦਲਜਿੰਦਰ ਸਿੰਘ ਹਰਿਆਊ, ਸਾਹਿਬ ਸਿੰਘ ਦੁਤਾਲ, ਸੰਜੇ ਸਿੰਘ, ਕੁਲਵੰਤ ਰਿਖੀ, ਮਾ. ਤੇਜਿੰਦਰ ਸਿੰਘ, ਰਾਜੀਵ ਪਾਤੜਾਂ, ਬਾਈ ਰਜਿੰਦਰ ਸਿੰਘ, ਕਿਰਨਦੀਪ ਕੌਰ, ਮਹਿੰਦਰ ਖਾਂਗ, ਸ਼ਿਵ ਕੁਮਾਰ, ਕੁਲਦੀਪ ਸਿੰਘ ਗਲੌਲੀ, ਕਰਮਜੀਤ ਸਿੰਘ ਪਾਤੜਾਂ ਚਰਨਜੀਤ ਕੌਰ ਧੂੜੀਆਂ ਤੇ ਡਾ. ਅਮਨ ਸ਼ਰਮਾ ਸਮੇਤ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਦੀਆਂ ਮੈਂਬਰ ਔਰਤਾਂ ਤੇ ਸ਼ਹਿਰ ਦੇ ਵੱਖ ਵੱਖ ਹਸਪਤਾਲਾਂ ਵਿੱਚ ਕੰਮ ਕਰਦੇ ਪੈਰਾ ਮੈਡੀਕਲ ਸਟਾਫ਼ ਹਾਜ਼ਰ ਸੀ।

## ਪੁਰਾਣੀ ਪੈਨਸ਼ਨ ਸਕੀਮ ਦੀ ਪ੍ਰਾਪਤੀ ਲਈ ਸੰਘਰਸ਼ ਲਗਾਤਾਰ ਜਾਰੀ ਰਹੇਗਾ

**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਪਿਛਲੇ ਲੰਮੇ ਸਮੇਂ ਤੋਂ ਇਹ ਗੱਲ ਚੱਲ ਰਹੀ ਸੀ ਕਿ ਕੇਂਦਰ ਸਰਕਾਰ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਜਾ ਰਹੀ ਹੈ। ਐਨ ਐਮ ਓਪੀਐਸ ਵੱਲੋਂ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਲਈ ਦੇਸ਼ ਭਰ ਵਿੱਚ ਮੁਹਿੰਮ ਚਲਾਈ ਗਈ ਅਤੇ ਦੇਸ਼ ਦੇ ਵੱਖ-ਵੱਖ ਰਾਜਾਂ ਵਿੱਚ ਰੈਲੀਆਂ, ਧਰਨੇ, ਮੁਜਾਹਰੇ ਕੀਤੇ ਗਏ ਤੇ ਦੇਸ਼ ਦੀ ਰਾਜਧਾਨੀ ਦਿੱਲੀ ਵਿੱਚ ਲੱਖਾਂ ਲੋਕਾਂ ਨੂੰ ਇਕੱਠਾ ਕਰਕੇ ਕੇਂਦਰ ਸਰਕਾਰ ਵਿਰੁੱਧ ਪੁਰਾਣੀ ਪੈਨਸ਼ਨ ਪ੍ਰਾਪਤ ਕਰਨ ਲਈ ਲਗਾਤਾਰ ਆਵਾਜ਼ ਬੁਲੰਦ ਕੀਤੀ ਗਈ।ਜਦੋਂ ਪੂਰੇ ਦੇਸ਼ ਭਰ ਵਿੱਚ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਲਈ ਲਗਾਤਾਰ ਸੰਘਰਸ਼ ਹੋ ਰਿਹਾ ਸੀ ਤੇ ਕੇਂਦਰ ਸਰਕਾਰ ਨੂੰ ਇਹ ਲੱਗਾ ਕਿ ਪੁਰਾਣੀ ਪੈਨਸ਼ਨ ਦਾ ਮੁੱਦਾ ਹੋਣਾ ਦੀਆਂ ਸਰਕਾਰਾਂ ਤੇ ਭਾਰੂ ਪੈ ਰਿਹਾ ਹੈ ਤਾਂ ਕੇਂਦਰ ਸਰਕਾਰ ਦੇ ਇਸ਼ਾਰੇ ਤੇ ਕੁਝ ਪੁਰਾਣੇ ਲੀਡਰ ਖੁੰਬਾਂ ਦੀ ਤਰ੍ਹਾਂ ਫਿਰ ਜੰਮ ਪਈ ਅਤੇ ਅੱਜ ਦਿੱਲੀ ਵਿੱਚ ਹੋਈ ਮੀਟਿੰਗ ਉਨ੍ਹਾਂ ਆਗੂਆਂ ਵੱਲੋਂ ਕੀਤੀ ਗਈ ਜਾਂ ਕਹਿ ਲਈਏ ਗਿਣੀ ਮਿੱਥੀ ਸਾਜ਼ਿਸ਼ ਤਹਿਤ ਉਨ੍ਹਾਂ ਆਗੂਆਂ ਨੂੰ ਸੱਦਾ ਦਿੱਤਾ ਗਿਆ, ਜਿਨ੍ਹਾਂ ਵੱਲੋਂ 2004 ਤੋਂ ਲੈ ਕੇ 15 ਤੱਕ ਲਗਾਤਾਰ ਐਨਪੀਐਸ ਦੇ ਹੱਕ ਵਿੱਚ ਪ੍ਰਚਾਰ ਕੀਤਾ।

ਕੇਂਦਰ ਸਰਕਾਰ ਵੱਲੋਂ ਪੁਰਾਣੀ ਪੈਨਸ਼ਨ ਦਾ ਮੁੱਦਾ ਖਤਮ ਕਰਨ ਲਈ ਆਪਣੇ ਕੁਝ ਪਿੱਠੂ ਮੁਲਾਜ਼ਮ ਆਗੂਆਂ ਨੂੰ ਬੁਲਾ ਕੇ ਨਵੀਂ ਪੈਨਸ਼ਨ ਸਕੀਮ ਵਿੱਚ ਕੁਝ ਸੋਧ ਕਰਕੇ ਇੱਕ ਨਵੀਂ ਐਨਪੀਐਸ ਨੂੰ ਜਨਮ ਦਿੱਤਾ ਅਤੇ ਪੂਰੀ ਉਮੀਦ ਹੈ ਕਿ ਸਰਕਾਰ ਪੱਖੀ ਧਿਰਾਂ ਮੋਦੀ ਸਰਕਾਰ ਵੱਲੋਂ ਦਿੱਤੀ ਗਈ ਪ੍ਰਪੋਜਲ ਨੂੰ ਖਿੜੇ ਮੱਥੇ ਪ੍ਰਵਾਨ ਕਰਨਗੀਆਂ। ਬਠਿੰਡਾ ਦੇ ਜ਼ਿਲ੍ਹਾ ਪ੍ਰਧਾਨ ਇਕਬਾਲ ਸਿੰਘ ਮਾਨ, ਸਰਪ੍ਰਸਤ ਸੁਖਦਰਸ਼ਨ ਸਿੰਘ, ਬਠਿੰਡਾ ਇਸਤਰੀ ਵਿੰਗ ਦੀ ਪ੍ਰਧਾਨ ਕਿਰਨਾ ਖਾਨ, ਜ਼ਿਲ੍ਹਾ ਪ੍ਰੈਸ ਸਕੱਤਰ ਹਰਮੀਤ ਸਿੰਘ ਬਾਜਾਖਾਨਾ ਨੇ ਕਿਹਾ ਕਿ ਨੈਸ਼ਨਲ ਮੂਵਮੈਂਟ ਫਾਰ ਓਲਡ ਪੈਨਸ਼ਨ ਸਕੀਮ ਅਤੇ ਸੀਪੀਐਫ ਕ੍ਰਮਚਾਰੀ ਯੂਨੀਅਨ ਪੰਜਾਬ 2016 ਤੋਂ ਹੀ ਲਗਾਤਾਰ ਹੂਬਹੂ ਪੁਰਾਣੀ ਪੈਨਸ਼ਨ ਸਕੀਮ ਦੇ ਹੱਕ ਵਿੱਚ ਸੀ, ਹੱਕ ਵਿੱਚ ਹੈ ਅਤੇ ਹੱਕ ਵਿੱਚ ਰਹੇਗੀ।

# ਜਲੰਧਰ 'ਚ ਕਨਵੈਨਸ਼ਨ ਕਰਕੇ ਸੰਘਰਸ਼ ਦੀ ਰਣਨੀਤੀ ਤਿਆਰ ਕਰਾਂਗੇ : ਚੰਦਰ ਸ਼ੇਖਰ

**ਸਮਰਾਲਾ (ਸੁਰਜੀਤ ਸਿੰਘ)**-ਚੀਮਾ ਭਵਨ ਚੰਡੀਗੜ੍ਹ ਵਿਖੇ ਸੀਟੂ ਦੇ ਸੂਬਾਈ ਆਹੁਦੇਦਾਰਾਂ ਦੀ ਮੀਟਿੰਗ ਸੂਬਾ ਪ੍ਰਧਾਨ ਸਾਥੀ ਮਹਾਂ ਸਿੰਘ ਰੌੜੀ ਦੀ ਪ੍ਰਧਾਨਗੀ ਹੇਠ ਹੋਈ।ਸੀਟੂ ਦੀ ਵਧੇਰੇ ਜੱਥੇਬੰਦਕ ਮਜਬੂਤੀ ਲਈ ਸੀਟੂ ਦੀ ਕੁੱਲ ਹਿੰਦ ਪ੍ਰਧਾਨ ਡਾ. ਹੇਮ ਲਤਾ ਨੇ ਜਨਰਲ ਕੌਂਸਲ ਦੇ ਫੈਸਲਿਆਂ ਦੀ ਵਿਸਤ੍ਰਿਤ ਜਾਣਕਾਰੀ ਦਿੱਤੀ ਤੇ ਮਜ਼ਦੂਰ ਜਮਾਤ ਦੇ ਬੁਨਿਆਦੀ ਅਤੇ ਭਖਦੇ ਮਸਲਿਆਂ ਬਾਰੇ ਕੇਂਦਰ ਅਤੇ ਪੰਜਾਬ ਸਰਕਾਰ ਵਿਰੁੱਧ ਪੜਾਅਵਾਰ ਸੰਘਰਸ਼ ਨੂੰ ਤਿੱਖਾ ਕਰਨ ਲਈ, 9 ਸਤੰਬਰ ਨੂੰ ਸੂਬਾਈ ਕਨਵੈਨਸ਼ਨ ਕਰਨ ਦੀ ਤਜਵੀਜ਼ ਰੱਖੀ।ਸੀਟੂ ਪੰਜਾਬ ਦੇ ਜਨਰਲ ਸਕੱਤਰ ਸਾਥੀ ਚੰਦਰ ਸ਼ੇਖਰ ਨੇ ਦੱਸਿਆ ਕਿ ਠੇਕੇਦਾਰੀ ਪ੍ਰਥਾ ਤੇ ਅਸਥਾਈ ਮਜ਼ਦੂਰਾਂ ਦੀਆਂ ਮੰਗਾਂ ਲਈ, ਸਕੀਮ ਵਰਕਰਾਂ ਆਂਗਨਵਾੜੀ, ਮਿਡ ਡੇ ਮੀਲ, ਆਸ਼ਾ ਵਰਕਰਾਂ ਦੀਆਂ ਮੰਗਾਂ, ਮਨਰੇਗਾ ਮਜ਼ਦੂਰਾਂ, ਨਿਰਮਾਣ ਮਜ਼ਦੂਰਾਂ, ਭੱਠਾ ਮਜ਼ਦੂਰਾਂ, ਪੇਂਡੂ ਚੌਕੀਦਾਰਾਂ, ਪੱਲੇਦਾਰਾਂ ਦੀਆਂ ਮੰਗਾਂ ਤੇ ਜਨਤਕ ਖੇਤਰ ਦੀ ਮਜ਼ਬੂਤੀ ਲਈ ਕੇਂਦਰ ਅਤੇ ਪੰਜਾਬ ਸਰਕਾਰ ਵਿਰੁੱਧ ਪੜਾਅਵਾਰ ਸੰਘਰਸ਼ ਨੂੰ ਹੋਰ ਵੀ ਤੇਜ਼ ਕਰਨ ਲਈ 9 ਸਤੰਬਰ ਦੀ ਜਲੰਧਰ ਕਨਵੈਨਸ਼ਨ ਵਿੱਚ ਠੋਸ ਨਿਰਣੇ ਕੀਤੇ ਜਾਣਗੇ।



ਸਾਥੀ ਚੰਦਰ ਸ਼ੇਖਰ ਨੇ ਦੱਸਿਆ ਕਿ ਮੀਟਿੰਗ ਵਿੱਚ ਸੀਟੂ ਦੀ ਆਲ ਇੰਡੀਆ ਪ੍ਰਧਾਨ ਡਾ. ਹੇਮ ਲਤਾ ਅਤੇ ਆਲ ਇੰਡੀਆ ਸਕੱਤਰ ਭੈਣ ਊਸ਼ਾ ਰਾਣੀ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਅਤੇ ਦਿਸ਼ਾ ਨਿਰਦੇਸ਼ ਦਿੱਤੇ।ਸੀਟੂ ਪੰਜਾਬ ਦੇ ਸੂਬਾਈ ਆਹੁਦੇਦਾਰਾਂ ਸਾਥੀ ਸੁੱਚਾ ਸਿੰਘ ਅਜਨਾਲਾ, ਗੁਰਨਾਮ ਸਿੰਘ ਘਨੌਰ, ਅਮਰਨਾਥ ਕੂੰਮਕਲਾਂ, ਦਲਜੀਤ ਕੁਮਾਰ ਗੋਰਾ, ਜਤਿੰਦਰਪਾਲ ਸਿੰਘ, ਬਲਕਾਰ ਸਿੰਘ, ਨੱਛਤਰ ਸਿੰਘ ਗੁਰਦਿੱਤਪੁਰਾ, ਸ਼ੇਰ ਸਿੰਘ ਫਰਵਾਹੀ, ਗੁਰਦੇਵ ਸਿੰਘ ਬਾਗੀ, ਭੈਣ ਸੁਭਾਸ਼ ਰਾਣੀ, ਮਹਿੰਦਰ ਕੁਮਾਰ ਵੱਢੋਆਣਾ, ਪਰਮਜੀਤ ਨੀਲੋਂ, ਜੋਗਿੰਦਰ ਸਿੰਘ ਔਲਖ ਨੇ ਵੀ ਫੈਸਲੇ ਲੈਣ ਵਿੱਚ ਅਪਣੇ ਵੱਡਮੁੱਲੇ ਵਿਚਾਰ ਦਿੱਤੇ।ਮੀਟਿੰਗ ਨੇ ਸੂਬਾ ਸੀਟੂ ਵੱਲੋਂ ਕੇਰਲਾ ਦੇ ਹੜ੍ਹ ਪੀੜਤਾਂ ਲਈ ਇੱਕਤਰ ਕੀਤੀ ਇੱਕ ਲੱਖ ਪੰਜਾਹ ਹਜ਼ਾਰ ਰੁਪਏ ਦੀ ਰਾਸ਼ੀ ਲਈ ਸ਼ਲਾਘਾ ਕੀਤੀ ਅਤੇ ਇਸ ਕਾਰਜ ਨੂੰ ਜ਼ਾਰੀ ਰੱਖਣ ਦਾ ਫੈਸਲਾ ਕੀਤਾ।ਸੀਟੂ ਵੱਲੋਂ ਕੋਲਕਾਤਾ ਦੀ ਸਰਕਾਰੀ ਮੈਡੀਕਲ ਕਾਲਜ ਦੀ ਮਹਿਲਾ ਡਾਕਟਰ ਦੇ ਕਤਲ ਅਤੇ ਬਲਾਤਕਾਰ ਵਿਰੁੱਧ ਪੰਜਾਬ ਵਿੱਚ ਜਥੇਬੰਦ ਕੀਤੇ ਰੋਸ ਐਕਸ਼ਨਾਂ ਉੱਤੇ ਤੱਸਲੀ ਪ੍ਰਗਟ ਕੀਤੀ ਅਤੇ ਔਰਤਾਂ ਵਿਰੁੱਧ ਵਧ ਰਹੀਆਂ ਹਿੰਸਕ ਘਟਨਾਵਾਂ ਵਿਰੁੱਧ ਜਾਗਰੂਕਤਾ ਅਤੇ ਵਿਰੋਧ ਲਈ ਸਤੰਬਰ ਦਾ ਪਹਿਲਾ ਹਫ਼ਤਾ ਭਰਵੀਂ ਮੁਹਿੰਮ ਚਲਾਉਣ ਤੇ ਇੱਕ ਸਤੰਬਰ ਨੂੰ ਅਮਨ ਲਹਿਰ ਦੀ ਮਹੱਤਤਾ ਬਾਰੇ, 9 ਸਤੰਬਰ ਦੀ ਜਲੰਧਰ ਵਿਖੇ ਕੀਤੀ ਜਾ ਰਹੀ ਕਨਵੈਨਸ਼ਨ ਬਾਰੇ ਡਾਕਟਰ ਹੇਮ ਲਤਾ ਵੱਲੋਂ ਪੇਸ਼ ਕੀਤੇ ਵਿਚਾਰਾਂ ਦੀ ਪ੍ਰੋੜਤਾ ਕਰਦਿਆਂ ਸਰਬਸੰਮਤੀ ਨਾਲ ਫ਼ੈਸਲੇ ਕੀਤੇ ਗਏ।

## ਸਰਕਾਰੀ ਪ੍ਰਾਇਮਰੀ ਸਕੂਲ ਜੱਲਾ ਲੱਖੇਕੇ ਮੁਸਾਹਿਬ 'ਚ ਚੋਰੀ ਕਰਨ ਵਾਲਿਆਂ ਖਿਲਾਫ਼ ਪਰਚਾ ਦਰਜ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਸਦਰ ਜਲਾਲਾਬਾਦ ਦੀ ਪੁਲਸ ਵੱਲੋਂ ਪਿੰਡ ਜੱਲਾ ਲੱਖੇ ਕੇ ਮੁਸਾਹਿਬ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿਚੋਂ ਕੰਪਿਊਟਰ ਅਤੇ ਹੋਰ ਸਮਾਨ ਚੋਰੀ ਕਰਨ ਦੇ ਦੋਸ਼ ਵਿਚ ਅਣਪਛਾਤੇ ਵਿਅਕਤੀਆਂ ਦੇ ਖਿਲਾਫ਼ ਪਰਚਾ ਦਰਜ ਕੀਤਾ ਗਿਆ ਹੈ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਬਲਕਾਰ ਸਿੰਘ ਨੇ ਦੱਸਿਆ ਕਿ ਸਰਕਾਰੀ ਪ੍ਰਾਇਮਰੀ ਸਕੂਲ ਜੱਲਾ ਲੱਖੇਕੇ ਮੁਸਾਹਿਬ ਦੇ ਮੁੱਖ ਅਧਿਆਪਕਾ ਸੁਨੀਤਾ ਰਾਣੀ ਵੱਲੋਂ ਇਕ ਦਰਖਾਸਤ ਥਾਣੇ ਵਿੱਚ ਦਿੱਤੀ ਹੈ ਕਿ 23 ਅਗਸਤ ਨੂੰ ਸਵੀਪਰ ਤੋਂ ਸਵੇਰੇ ਕਰੀਬ 6.15 ਵਜੇ ਫੋਨ ਆਇਆ ਸੀ ਕਿ ਸਕੂਲ ਦੇ ਸਮਾਰਟ ਰੂਮ ਤੇ ਦਫ਼ਤਰ ਦਾ ਜਿੰਦਾ ਟੁੱਟਿਆ ਹੋਇਆ ਹੈ ਅਤੇ ਦਰਵਾਜ਼ੇ ਵੀ ਤੋੜੇ ਗਏ ਹਨ, ਜਿਸ 'ਤੇ ਮੁੱਖ ਅਧਿਆਪਕਾ ਵੱਲੋਂ ਚੈਕ ਕਰਨ ਤੇ ਪਤਾ ਚੱਲਿਆ ਕਿ 1 ਪ੍ਰੋਜੈਕਟਰ, 1 ਐਲ.ਸੀ.ਡੀ. 1 ਮਾਈਕ੍ਰੋ ਵੇਵ, 1 ਕੰਪਿਊਟਰ, 1 ਬੈਟਰਾ, 1 ਬਲੂਟੂਥ ਸਪੀਕਰ, 1 ਪ੍ਰਿੰਟਰ, 10 ਟੇਬ ਚੋਰੀ ਹੋਇਆ ਹੈ ਤੇ ਦਫਤਰ ਦੇ ਫੰਡਾਂ ਵਾਲੇ ਰਜਿਸਟਰ ਨਾਲ ਛੇੜਛਾੜ ਕੀਤੀ ਹੋਈ ਹੈ। ਚੋਰੀ ਦੌਰਾਨ ਕਰੀਬ 2 ਲੱਖ 50 ਹਜ਼ਾਰ ਰੁਪਏ ਦਾ ਨੁਕਸਾਨ ਹੋਇਆ ਹੈ।

ਥਾਣਾ ਸਦਰ ਵਿਖੇ ਅਣਪਛਾਤੇ ਵਿਅਕਤੀਆਂ ਦੇ ਖਿਲਾਫ ਮੁਕੱਦਮਾ ਨੰਬਰ 76 ਮਿਤੀ 24-08-2024 ਨੂੰ ਧਾਰਾ 331,305 ਬੀ.ਐਨ.ਐਸ. ਅਧੀਨ ਰਜਿਸਟਰ ਕੀਤਾ ਗਿਆ ਹੈ।

# ਖ਼ਾਲਸਾ ਕਾਲਜ ਵਿਖੇ 'ਨੈਸ਼ਨਲ ਸਪੇਸ ਦਿਵਸ' ਮਨਾਇਆ



**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)** ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜ ਗੜ੍ਹਸ਼ੰਕਰ ਵਿਖੇ ਕਾਲਜ ਦੇ ਭੌਤਿਕ ਅਤੇ ਰਸਾਇਣਕ ਵਿਗਿਆਨ ਵਿਭਾਗਾਂ ਵਲੋਂ ਸਾਂਝੇ ਤੌਰ 'ਤੇ 'ਨੈਸ਼ਨਲ ਸਪੇਸ ਦਿਵਸ' ਮਨਾਇਆ ਗਿਆ। ਇਸ ਦੌਰਾਨ ਇਸਰੋ ਦੀਆਂ ਮੁੱਖ ਉਪਲੱਬਧੀਆਂ ਅਤੇ ਭਾਰਤ ਦੇ ਸਪੇਸ ਮਿਸ਼ਨਾਂ 'ਤੇ ਲੇਖ ਲਿਖਣ ਅਤੇ ਭਾਸ਼ਣ ਮੁਕਾਬਲੇ ਕਰਵਾਏ ਗਏ ਜਿਸ ਵਿਚ ਕਾਲਜ ਦੇ ਸਟਾਫ਼ ਅਤੇ ਵਿਦਿਆਰਥੀਆਂ ਨੇ ਵੱਧ-ਚੜ੍ਹਕੇ ਹਿੱਸਾ ਲਿਆ।ਮੁਕਾਬਲਿਆਂ ਵਿਚ ਵਿਦਿਆਰਥਣ ਦਿਕਸ਼ਾ ਨੇ ਪਹਿਲਾ ਸਥਾਨ, ਅੰਕਿਤਾ ਅਤੇ ਸਿਮਰਨ ਨੇ ਦੂਜਾ ਸਥਾਨ, ਇਸ਼ੀਕਾ ਵਰਮਾ ਅਤੇ ਜਸ਼ਨਪ੍ਰੀਤ ਨੇ ਤੀਜਾ ਸਥਾਨ ਹਾਸਲ ਕੀਤਾ।ਕਾਲਜ ਪ੍ਰਿੰਸੀਪਲ ਡਾ. ਅਮਨਦੀਪ ਹੀਰਾ ਨੇ ਆਪਣੇ ਸੰਬੋਧਨ ਵਿਚ ਨੈਸ਼ਨਲ ਸਪੇਸ ਦਿਵਸ ਦੀ ਮਹੱਤਤਾ 'ਤੇ ਚਾਨਣਾ ਪਾਇਆ।ਉਨ੍ਹਾਂ ਵਿਦਿਆਰਥੀਆਂ ਨੂੰ ਇਸ ਖੇਤਰ ਵਿਚ ਆਪਣਾ ਭਵਿੱਖ ਬਣਾਉਣ ਲਈ ਉਤਸ਼ਾਹਿਤ ਕਰਦਿਆਂ ਮੁਕਾਬਲਿਆਂ 'ਚ ਅਵੱਲ ਰਹੀਆਂ ਵਿਦਿਆਰਥਣਾਂ ਦੀ ਹੌਂਸਲਾ ਅਫ਼ਜਾਈ ਕੀਤੀ।ਡਾ. ਪ੍ਰੀਤਇੰਦਰ ਸਿੰਘ ਨੇ ਸਪੇਸ ਮਿਸ਼ਨਾਂ ਦੇ ਮਹੱਤਵ 'ਤੇ ਆਪਣੇ ਵਿਚਾਰ ਰੱਖੇ। ਵਿਭਾਗ ਦੇ ਡਾ. ਮਨਬੀਰ ਕੌਰ ਅਤੇ ਡਾ. ਮੁਕੇਸ਼ ਸ਼ਰਮਾ ਨੇ ਵਿਦਿਆਰਥੀਆਂ ਨੂੰ ਇਨਾਮ ਤਕਸੀਮ ਕੀਤੇ। ਇਸ ਮੌਕੇ ਪ੍ਰੋ. ਅਮਨਪ੍ਰੀਤ ਕੌਰ, ਪ੍ਰੋ. ਨੀਰਜ ਵਿਰਦੀ ਤੇ ਹੋਰ ਮੈਂਬਰ ਹਾਜ਼ਰ ਹੋਏ।

## ਚੌਧਰੀ ਜੈ ਮੁਨੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਨੇ ਖੇਡਾਂ 'ਚ ਮਾਰੀਆਂ ਮੱਲਾਂ

ਦੀਨਾਨਗਰ, (ਸੰਜੀਵ)-ਦੀਨਾਨਗਰ ਦੇ ਚੌਧਰੀ ਜੈ ਮੁਨੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਦੀਆਂ ਲੜਕੀਆਂ ਨੇ ਐੱਸ. ਐੱਸ. ਐੱਮ. ਕਾਲਜ ਵਿੱਚ ਹੋ ਰਹੇ ਜ਼ਿਲ੍ਹਾ ਪੱਧਰੀ ਮੁਕਾਬਲੇ ਵਿੱਚ ਬਾਸਕਟ ਬਾਲ ਵਿੱਚ ਤੀਜੀ ਵਾਰ ਲਗਾਤਾਰ ਜ਼ਿਲ੍ਹਾ ਲੈਵਲ ਤੇ ਪਹਿਲੇ ਨੰਬਰ ਤੇ ਗੋਲਡ ਮੈਡਲ ਲੈ ਕੇ ਸਕੂਲ ਦਾ ਨਾਮ ਰੌਸ਼ਨ ਕੀਤਾ। ਇਸ ਮੌਕੇ ਕਾਲਜ ਦੇ ਪ੍ਰਿੰ. ਡਾ. ਆਰ. ਕੇ. ਤੁਲੀ, ਸਕੂਲ ਪ੍ਰਿੰ. ਰਾਜਵਿੰਦਰ ਕੌਰ ਤੇ ਸਮੂਹ ਅਧਿਆਪਕਾਂ ਨੇ ਬੱਚਿਆਂ ਨੂੰ ਅਤੇ ਕੋਚ ਹਰਦੀਪ ਰਾਜ ਅਤੇ ਮਹੇਸ਼ ਕੁਮਾਰ ਨੂੰ ਵਧਾਈ ਦਿੱਤੀ। ਸਰੀਰਿਕ ਸਿੱਖਿਆ ਅਧਿਆਪਕ ਹਰਦੀਪ ਸਿੰਘ ਨੇ ਗੱਲਬਾਤ ਦੌਰਾਨ ਦੱਸਿਆ ਕਿ ਸਕੂਲ ਦੇ ਬੱਚੇ ਬੜੇ ਹੀ ਮਿਹਨਤੀ ਹਨ ਅਤੇ ਅਸੀਂ ਉਨ੍ਹਾਂ ਨੂੰ ਰੋਜ਼ ਦੀ ਰੋਜ਼ ਅਭਿਆਸ ਕਰਵਾ ਰਹੇ ਹਾਂ ਤਾਂ ਕਿ ਇਹ ਬੱਚੇ ਜ਼ਿਲ੍ਹਾ ਲੈਵਲ ਤੋਂ ਬਾਅਦ ਸਟੇਟ ਅਤੇ ਨੈਸ਼ਨਲ ਤੱਕ ਖੇਡ ਸਕਣ ਅਤੇ ਪੰਜਾਬ ਦਾ ਨਾਮ ਉੱਚਾ ਕਰਨ। ਪਹਿਲਾਂ ਵੀ ਇਹ ਬੱਚੇ ਨੈਸ਼ਨਲ ਲੈਵਲ ਤੱਕ ਖੇਡ ਚੁੱਕੇ ਹਨ।

# ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਵੱਲੋਂ ਜ਼ਿਲ੍ਹਾ ਪੱਧਰੀ ਸਪਾਂਸਰਸ਼ਿਪ ਦਿਵਸ ਦਾ ਆਯੋਜਨ



**ਹੁਸ਼ਿਆਰਪੁਰ, (ਓਮ ਪ੍ਰਕਾਸ਼ ਰਾਣਾ)** ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਵੱਲੋਂ ਆਯੋਜਿਤ ਜ਼ਿਲ੍ਹਾ ਪੱਧਰੀ ਸਪਾਂਸਰਸ਼ਿਪ ਦਿਵਸ ਸਮਾਰੋਹ ਵਿਚ ਮੁੱਖ ਮਹਿਮਾਨ ਵਜੋਂ ਪੰਜਾਬ ਦੇ ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਸ਼ਿਰਕਤ ਕੀਤੀ।ਇਸ ਆਯੋਜਨ ਦਾ ਉਦੇਸ਼ ਮਿਸ਼ਨ ਵਾਤਸਲਿਆ ਯੋਜਨਾ ਤਹਿਤ 0 ਤੋਂ 18 ਸਾਲ ਤੱਕ ਦੇ ਬੇਸਹਾਰਾ ਅਤੇ ਜ਼ਰੂਰਤਮੰਦ ਬੱਚਿਆਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਨਾ ਸੀ।ਇਸ ਯੋਜਨਾ ਤਹਿਤ 76 ਲਾਭਪਾਤਰੀਆਂ ਨੂੰ ਪ੍ਰਤੀ ਮਹੀਨਾ 4000 ਰੁਪਏ ਦੀ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਗਈ, ਜਿਸ ਲਈ ਕੁੱਲ 29 ਲੱਖ 40 ਹਜ਼ਾਰ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ।ਸਮਾਰੋਹ ਦਾ ਆਯੋਜਨ ਜ਼ਿਲ੍ਹਾ ਪ੍ਰੀਸ਼ਦ ਦੇ ਬੀ ਆਰ ਜੀ ਐਫ ਹਾਲ ਵਿਚ ਕੀਤਾ ਗਿਆ, ਜਿਥੇ ਮੇਅਰ ਸੁਰਿੰਦਰ ਕੁਮਾਰ, ਐਸ ਡੀ ਐਮ ਸੰਜੀਵ ਸ਼ਰਮਾ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਡਿਪਟੀ ਮੇਅਰ ਰਣਜੀਤ ਚੌਧਰੀ ਅਤੇ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਹਰਦੀਪ ਕੌਰ ਵੀ ਮੌਜੂਦ ਸਨ।ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਲਾਭਪਾਤਰੀਆਂ ਨੂੰ ਚੈਕ ਵੰਡਦੇ ਹੋਏ ਮਾਤਾ-ਪਿਤਾ ਨੂੰ ਬੱਚਿਆਂ ਦੇ ਵਿੱਤੀ ਸਸ਼ਕਤੀਕਰਨ ਲਈ ਮਿਸ਼ਨ ਵਾਤਸਲਿਆ ਯੋਜਨਾ ਤਹਿਤ ਦਿੱਤੀ ਜਾ ਰਹੀ ਸਪਾਂਸਰਸ਼ਿਪ ਯੋਜਨਾ ਦਾ ਵੱਧ ਤੋਂ ਵੱਧ ਲਾਭ ਉਠਾਉਣ ਲਈ ਪ੍ਰੇਰਿਤ ਕੀਤਾ।ਉਨ੍ਹਾਂ ਇਸ ਯੋਜਨਾ ਦੇ ਮਹੱਤਵ 'ਤੇ ਜ਼ੋਰ ਦਿੰਦੇ ਹੋਏ ਕਿਹਾ ਕਿ ਇਹ ਯੋਜਨਾ ਉਨ੍ਹਾਂ ਬੱਚਿਆਂ ਲਈ ਵਰਦਾਨ ਹੈ, ਜਿਨ੍ਹਾਂ ਦੇ ਮਾਤਾ-ਪਿਤਾ ਆਰਥਿਕ ਜਾਂ ਸਰੀਰਕ ਤੌਰ 'ਤੇ ਸਮਰੱਥ ਨਹੀਂ ਹਨ।ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਹਰਪ੍ਰੀਤ ਕੌਰ ਨੇ ਜਾਣਕਾਰੀ ਦਿੱਤੀ ਕਿ ਮਿਸ਼ਨ ਵਾਤਸਲਿਆ ਯੋਜਨਾ ਦਾ ਲਾਭ 0 ਤੋਂ 18 ਸਾਲ ਤੱਕ ਦੇ ਦੋ ਬੱਚਿਆਂ ਨੂੰ ਦਿੱਤਾ ਜਾ ਸਕਦਾ ਹੈ। ਇਹ ਯੋਜਨਾ ਵਿਸ਼ੇਸ਼ ਰੂਪ ਵਿਚ ਉਨ੍ਹਾਂ ਪਰਵਾਰਾਂ ਦੇ ਲਈ ਬਣਾਈ ਗਈ, ਜੋ ਸਰੀਰਕ ਜਾਂ ਆਰਥਿਕ ਮੁਸ਼ਕਲਾ ਕਾਰਨ ਆਪਣੇ ਬੱਚਿਆਂ ਦਾ ਪਾਲਣ-ਪੋਸ਼ਣ ਕਰਨ ਵਿਚ ਅਸਮਰਥ ਹਨ, ਜਿਵੇਂ ਕਿ ਸਿੰਗਲ ਮਾਪੇ, ਵਿਧਵਾ ਮਹਿਲਾਵਾਂ, ਗੰਭੀਰ ਬੀਮਾਰੀ ਤੋਂ ਪੀੜ੍ਹਤ ਮਾਤਾ-ਪਿਤਾ ਜਾਂ ਜਿਨ੍ਹਾਂ ਦੇ ਮਾਤਾ-ਪਿਤਾ ਜੇਲ੍ਹ 'ਚ ਹਨ।

# ਮੋਬਾਈਲ ਟੈਸਟਿੰਗ ਵੈਨ ਨੂੰ ਏ ਡੀ ਸੀ ਵਿਰਾਜ ਐੱਸ ਤਿੜਕੇ ਨੇ ਝੰਡੀ ਦਿਖਾ ਕੇ ਕੀਤਾ ਰਵਾਨਾ



**ਐਸ.ਏ.ਐਸ.ਨਗਰ, (ਗੁਰਜੀਤ ਬਿੱਲਾ)**-ਲੋੜਵੰਦਾਂ ਨੂੰ ਮਿਆਰੀ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਵੱਲੋਂ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੀ ਅਗਵਾਈ ਵਿੱਚ ਮਨੁੱਖਤਾ ਦੀ ਸੇਵਾ ਵਿੱਚ ਮੋਬਾਈਲ ਟੈਸਟਿੰਗ ਵੈਨ ਦੀ ਸ਼ੁਰੂਆਤ ਕੀਤੀ ਗਈ।ਵਧੀਕ ਡਿਪਟੀ ਕਮਿਸ਼ਨਰ (ਜ) ਵਿਰਾਜ ਐਸ ਤਿੜਕੇ ਨੇ ਮੋਬਾਈਲ ਟੈਸਟਿੰਗ ਵੈਨ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕਰਦੇ ਹੋਏ ਕਿਹਾ ਕਿ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਵੱਲੋਂ ਪਿਛਲੇ ਦੋ ਮਹੀਨਿਆਂ ਵਿੱਚ ਇਹ ਦੂਜਾ ਨਵਾਂ ਉਪਰਾਲਾ ਹੈ।ਇਸ ਤੋਂ ਪਹਿਲਾਂ ਪਿਛਲੇ ਮਹੀਨੇ ਇੱਕ ਐਂਬੂਲੈਂਸ ਸੇਵਾ ਸ਼ੁਰੂ ਕੀਤੀ ਗਈ ਸੀ। ਉਨ੍ਹਾਂ ਕਿਹਾ ਕਿ ਮੋਬਾਈਲ ਟੈਸਟਿੰਗ ਵੈਨ-ਕਮ-ਸੈਂਪਲ ਕੁਲੈਕਸ਼ਨ ਵੈਨ ਜ਼ਿਲ੍ਹਾ ਹਸਪਤਾਲ ਦੇ ਡਾਕਟਰਾਂ ਦੀ ਟੀਮ ਨਾਲ ਮਿਲ ਕੇ ਵਿਸ਼ੇਸ਼ ਮੈਡੀਕਲ ਚੈਕਅੱਪ ਕੈਂਪਾਂ ਰਾਹੀਂ ਲੋਕਾਂ ਨੂੰ ਮੈਡੀਕਲ ਸੇਵਾਵਾਂ ਪ੍ਰਦਾਨ ਕਰੇਗੀ। ਉਨ੍ਹਾਂ ਕਿਹਾ ਕਿ ਇਹ ਵੈਨ ਇੰਡੀਅਨ ਰੈੱਡ ਕਰਾਸ ਸੋਸਾਇਟੀ ਵੱਲੋਂ ਜ਼ਿਲ੍ਹਾ ਰੈੱਡ ਕਰਾਸ ਸੋਸਾਇਟੀ ਨੂੰ ਮੁਹੱਈਆ ਕਰਵਾਈ ਗਈ ਸੀ ਤਾਂ ਜੋ ਇਸ ਨੂੰ ਲੋਕ ਸੇਵਾ ਵਿੱਚ ਅੱਗੇ ਵਧਾਇਆ ਜਾ ਸਕੇ।ਏ.ਡੀ.ਸੀ. ਵਿਰਾਜ ਤਿੜਕੇ ਨੇ ਅੱਗੇ ਦੱਸਿਆ ਕਿ ਮੈਡੀਕਲ ਕੈਂਪ ਤੋਂ ਇਲਾਵਾ 'ਜੋਏ ਆਫ਼ ਗਿਵਿੰਗ ਟੀਮ' ਨੇ ਸਕੂਲ ਦੀ ਬਿਹਤਰੀ ਲਈ ਦੋ ਸਮਾਰਟ ਟੀ ਵੀ, ਛੇ ਪੱਖੇ ਅਤੇ ਇੱਕ ਇਲੈਕਟ੍ਰਿਕ ਟੀ ਪੋਟ ਦਾਨ ਕੀਤਾ।

# ਜਗਤ ਰਾਮ ਦੀ ਯਾਦ 'ਚ ਪਹਿਲਾ ਖ਼ੂਨਦਾਨ ਕੈਂਪ ਲਗਾਇਆ



**ਗੜ੍ਹਸ਼ੰਕਰ, ( ਫੂਲਾ ਸਿੰਘ ਬੀਰਮਪੁਰ)** ਸ਼ੰਸਥਾ ਪੈਗਾਮ-ਏ-ਜਗਤ ਦੀ ਪਹਿਲੀ ਵਰ੍ਹੇਗੰਢ ਮੌਕੇ ਸਤਿਕਾਰਯੋਗ ਜਗਤ ਰਾਮ ਕਿੱਤਣਾ ਦੀ ਨਿੱਘੀ ਯਾਦ ਨੂੰ ਸਮਰਪਿਤ ਪਹਿਲਾ ਸਵੈ ਇਛਕ ਖ਼ੂਨਦਾਨ ਕੈਂਪ ਸਰਕਾਰੀ ਐਲੀਮੈਂਟਰੀ ਸਕੂਲ ਪਿੰਡ ਸਾਧੋਵਾਲ ਵਿਖੇ ਲਗਾਇਆ ਗਿਆ।ਭਾਈ ਘਨੱਈਆ ਬਲੱਡ ਬੈਂਕ ਸੋਸਾਇਟੀ ਹੁਸ਼ਿਆਰਪੁਰ ਦੇ ਸਹਿਯੋਗ ਨਾਲ ਲਗਾਏ ਗਏ ਇਸ ਖ਼ੂਨਦਾਨ ਕੈਂਪ ਵਿੱਚ ਲਗਭਗ 75 ਵਿਅਕਤੀਆਂ ਨੇ ਖ਼ੂਨ ਦਾਨ ਕਰਕੇ ਪਰਉਪਕਾਰ ਦਾ ਕਾਰਜ ਕੀਤਾ।ਇਸ ਮੌਕੇ ਸੁਰਿੰਦਰ ਕੁਮਾਰ ਝੱਲ ਸਾਬਕਾ ਡਿਪਟੀ ਡਾਇਰੈਕਟਰ ਦੂਰਦਰਸ਼ਨ ਚੰਡੀਗੜ੍ਹ, ਸੰਪਾਦਕ ਦਵਿੰਦਰ ਕੁਮਾਰ ਝੱਲ ਚੰਡੀਗੜ੍ਹ, ਜੋਗਿੰਦਰ ਪਾਲ ਹੈਪੀ, ਰਾਮ ਪ੍ਰਕਾਸ਼, ਦਰਸ਼ਨ ਸਿੰਘ ਮੱਟੂ, ਬੀਬੀ ਸੁਭਾਸ਼ ਮੱਟੂ, ਡਾਕਟਰ ਪ੍ਰਿੰਸੀਪਲ ਬਿੱਕਰ ਸਿੰਘ, ਜਗਦੀਸ਼ ਰਾਏ ਲੇਖਕ ਉੱਘੇ ਸਮਾਜ ਸੇਵਕ ਗੋਲਡੀ ਬੀਹੜਾਂ, ਸਤੀਸ਼ ਕੁਮਾਰ, ਹੰਸ ਰਾਜ, ਰੌਕੀ ਮੌਲਾ ਰਣਜੀਤ ਬੰਗਾ, ਫੂਲਾ ਸਿੰਘ ਬੀਰਮਪੁਰ, ਹਰਪ੍ਰੀਤ ਸਿੰਘ ਸਰਪੰਚ ਪਿੰਡ ਸਾਧੋਵਾਲ, ਹਰਭਜਨ ਸਿੰਘ ਸਾਬਕਾ ਸਰਪੰਚ, ਜਗਤਾਰ ਸਿੰਘ ਸਾਬਕਾ ਸਰਪੰਚ, ਤਰਸੇਮ ਲਾਲ, ਸੁਖਬੀਰ ਰਾਮ ਪੰਚ, ਚੰਨਣ ਰਾਮ ਪੰਚ ਸਮੇਤ ਪਿੰਡ ਸਾਧੋਵਾਲ ਨਿਵਾਸੀ ਅਤੇ ਇਲਾਕੇ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਹਾਜ਼ਰ ਸਨ।ਇਸ ਮੌਕੇ ਰਾਏ ਹਸਪਤਾਲ ਗੜ੍ਹਸ਼ੰਕਰ ਦੀ ਸਮੁੱਚੀ ਟੀਮ ਵੱਲੋਂ ਡਾਕਟਰ ਸਤੋਸ਼ ਕੁਮਾਰ ਆਈ ਸਪੈਸਲਿਸਟ ਦੀ ਯੋਗ ਅਗਵਾਈ ਹੇਠ ਅੱਖਾਂ ਦਾ ਮੁਫ਼ਤ ਮੈਡੀਕਲ ਕੈਂਪ ਵੀ ਲਗਾਇਆ ਗਿਆ।ਜਿਸ ਵਿੱਚ ਕਰੀਬ 100 ਮਰੀਜ਼ਾਂ ਦਾ ਚੈੱਕ ਅਪ ਕਰਕੇ ਉਹਨਾਂ ਨੂੰ ਦਵਾਈਆਂ ਦਿੱਤੀਆਂ ਗਈਆਂ।ਕੈਂਪ ਵਿੱਚ ਸ਼ਹੀਦ ਭਗਤ ਸਿੰਘ ਚੈਰੀਟੇਬਲ ਟਰੱਸਟ ਗੜ੍ਹਸ਼ੰਕਰ, ਜੀਵਨ ਜਾਗਰਤੀ ਮੰਚ, ਉਪਕਾਰ ਐਜੂਕੇਸ਼ਨ ਟਰੱਸਟ ਸਮੇਤ ਸਮਾਜ ਭਲਾਈ ਦੇ ਕਾਰਜ ਕਰਦੀਆਂ ਹੋਰ ਜਥੇਬੰਦੀਆਂ ਅਤੇ ਉਨ੍ਹਾਂ ਦੇ ਮੈਂਬਰਾਂ ਨੇ ਵਿਸ਼ੇਸ਼ ਸਹਿਯੋਗ ਪਾਇਆ।ਇਸ ਮੌਕੇ ਕਾਮਰੇਡ ਦਰਸ਼ਨ ਸਿੰਘ ਮੱਟੂ ਨੇ ਇਸ ਖ਼ੂਨਦਾਨ ਕੈਂਪ ਵਿੱਚ ਸਹਿਯੋਗ ਕਰਨ ਵਾਲੇ ਸਾਰੇ ਹੀ ਸਾਥੀਆਂ ਦਾ ਧੰਨਵਾਦ ਕੀਤਾ।

# ਜ਼ਿਲ੍ਹਾ ਰੋਜ਼ਗਾਰ ਬਿਊਰੋ ਤੇ ਮਾਡਲ ਕੈਰੀਅਰ ਸੈਂਟਰ ਨੇ ਕਰਵਾਏ ਕੈਰੀਅਰ ਗਾਈਡੈਂਸ ਪ੍ਰੋਗਰਾਮ



**ਹੁਸ਼ਿਆਰਪੁਰ, (ਓਮ ਪ੍ਰਕਾਸ਼ ਰਾਣਾ)** ਜ਼ਿਲ੍ਹਾ ਰੋਜ਼ਗਾਰ ਅਫ਼ਸਰ ਸੰਜੀਵ ਕੁਮਾਰ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਦੀ ਅਗਵਾਈ ਹੇਠ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਅਤੇ ਮਾਡਲ ਕਰੀਅਰ ਸੈਂਟਰ ਹੁਸ਼ਿਆਰਪੁਰ ਵੱਲੋਂ ਜ਼ਿਲ੍ਹਾ ਸਿੱਖਿਆ ਦਫ਼ਤਰ ਹੁਸ਼ਿਆਰਪੁਰ ਦੇ ਸਹਿਯੋਗ ਨਾਲ ਕੈਂਬਰਿਜ ਇੰਟਰਨੈਸ਼ਨਲ ਸਕੂਲ ਦਸੂਹਾ ਅਤੇ ਪਰਲਸ ਇੰਟਰਨੈਸ਼ਨਲ ਸਕੂਲ ਮੁਕੇਰੀਆਂ ਵਿਖੇ ਦਸਵੀਂ ਅਤੇ ਬਾਰ੍ਹਵੀਂ ਦੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਭਵਿੱਖ ਦੇ ਕਰੀਅਰ ਸਬੰਧੀ ਕਰੀਅਰ ਗਾਈਡੈਂਸ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ।ਪ੍ਰੋਗਰਾਮ ਦੀ ਸ਼ੁਰੂਆਤ ਕਰਦੇ ਹੋਏ ਯੰਗ ਪ੍ਰੋਫੈਸ਼ਨਲ ਵਿਕਰਮ ਸਿੰਘ ਨੇ ਵਿਦਿਆਰਥੀਆਂ ਨੂੰ ਰੋਜ਼ਗਾਰ ਬਿਊਰੋ ਦੀ ਮਹੱਤਤਾ ਬਾਰੇ ਦੱਸਦੇ ਹੋਏ, ਨੈਸ਼ਨਲ ਕਰੀਅਰ ਸਰਵਿਸਜ਼ ਪੋਰਟਲ 'ਤੇ ਸਰਕਾਰ ਵੱਲੋਂ ਦਿੱਤੀਆਂ ਜਾਂਦੀਆਂ ਸੇਵਾਵਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਵਿਦਿਆਰਥੀਆਂ ਨੂੰ ਰੋਜ਼ਗਾਰ ਦਫ਼ਤਰ ਦੀ ਮੋਬਾਇਲ ਐਪ 'ਡੀਬੀਈਟੀ ਆਨਲਾਈਨ' ਗੂਗਲ ਪਲੇਅ ਸਟੋਰ ਰਾਹੀਂ ਡਾਊਨਲੋਡ ਕਰਕੇ ਘਰ ਬੈਠੇ ਹੀ ਪ੍ਰਾਈਵੇਟ ਨੌਕਰੀਆਂ ਦੀ ਭਰਤੀ ਅਤੇ ਸਰਕਾਰੀ ਨੌਕਰੀਆਂ ਦੀ ਜਾਣਕਾਰੀ ਲੈਣ ਬਾਰੇ ਜਾਣਕਾਰੀ ਦਿੱਤੀ। ਇਸ ਉਪਰੰਤ ਅਸਿਸਟੈਂਟ ਪ੍ਰੋਫੈਸਰ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਫਗਵਾੜਾ ਮੋਹਿਤ ਕੁਮਾਰ ਨੇ ਵਿਦਿਆਰਥੀਆਂ ਨੂੰ ਜਮ੍ਹਾਂ-ਘਟਾਓ, ਤਕਸੀਮ, ਗੁਣਾ, ਐਲ.ਸੀ.ਐਮ., ਐਚ.ਸੀ.ਐਫ. ਅਤੇ ਗਣਿਤ ਦੀਆਂ ਹੋਰ ਮੁਢਲੀਆਂ ਕੈਲਕੁਲੇਸ਼ਨਾਂ ਨੂੰ 'ਵੈਦਿਕ ਮੈਥੇਮੈਟਿਕਸ' ਦੀ ਵਰਤੋਂ ਨਾਲ ਹੱਲ ਕਰਨ ਦੇ ਹੁਨਰ ਸਿਖਾਏ ਗਏ। ਡਿਪਾਰਟਮੈਂਟ ਆਫ ਕਰੀਅਰ ਗਾਈਡੈਂਸ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਫਗਵਾੜਾ ਵਰੁਣ ਨਈਅਰ ਨੇ ਦੱਸਿਆ ਗਿਆ ਕਿ ਉਪਰੋਕਤ ਤਕਨੀਕਾਂ ਨਾਲ ਕਠਿਨ ਤੋਂ ਕਠਿਨ ਕੈਲਕੁਲੇਸ਼ਨਾਂ ਵੀ ਬਹੁਤ ਸਰਲਤਾ ਅਤੇ ਤੇਜ਼ੀ ਨਾਲ ਕੀਤੀਆਂ ਜਾ ਸਕਦੀਆਂ ਹਨ।

# ਰਿਆਤ ਬਾਹਰਾ ਐਜੂਕੇਸ਼ਨ ਸਿਟੀ 'ਚ ਬਜ਼ੁਰਗਾਂ ਦਾ ਦੌਰਾ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)** ਰਿਆਤ ਬਾਹਰਾ ਐਜੂਕੇਸ਼ਨ ਸਿਟੀ 'ਚ ਨੈਸ਼ਨਲ ਸੀਨੀਅਰ ਸਿਟੀਜੈਂਸ ਡੇ ਦੇ ਸੰਬੰਧ ਵਿਚ ਅਤੇ ਸਮਾਜ ਵਿੱਚ ਬਜ਼ੁਰਗਾਂ ਦੇ ਮਹੱਤਵ ਨੂੰ ਸਮਝਾਉਣ ਅਤੇ ਵਿਦਿਆਰਥੀਆਂ ਵਿੱਚ ਉਨ੍ਹਾਂ ਦੇ ਪ੍ਰਤੀ ਸਤਿਕਾਰ ਦੀ ਭਾਵਨਾ ਪੈਦਾ ਕਰਨ ਲਈ ਵਿਸ਼ੇਸ਼ ਪ੍ਰੋਗਰਾਮ ਦਾ ਆਯੋਜਨ ਕੀਤਾ। ਇਸ ਸਮਾਗਮ ਦੌਰਾਨ, ਬਜ਼ੁਰਗਾਂ ਨੂੰ ਕੈਂਪਸ ਦੇ ਵੱਖ-ਵੱਖ ਹਿੱਸਿਆਂ ਦਾ ਦੌਰਾ ਕਰਨ ਦਾ ਮੌਕਾ ਮਿਲਿਆ, ਜਿਸ ਵਿੱਚ ਅਤਿ-ਆਧੁਨਿਕ ਲੈਬ, ਵੱਡੀ ਲਾਇਬ੍ਰੇਰੀ ਅਤੇ ਵਧੀਆ ਕਲਾਸਰੂਮ ਸ਼ਾਮਲ ਸਨ। ਇਸ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਬਜ਼ੁਰਗਾਂ ਦੇ ਤਜ਼ਰਬਿਆਂ ਤੋਂ ਸਿੱਖਣ ਅਤੇ ਉਨ੍ਹਾਂ ਦੀ ਸੇਵਾ ਅਤੇ ਸਤਿਕਾਰ ਦੇ ਮਹੱਤਵ ਨੂੰ ਸਮਝਾਉਣਾ ਸੀ।ਕੈਂਪਸ ਡਾਇਰੈਕਟਰ ਡਾ: ਚੰਦਰ ਮੋਹਨ ਨੇ ਦੱਸਿਆ ਕਿ ਇਸ ਸਮਾਗਮ ਦਾ ਮਕਸਦ ਵਿਦਿਆਰਥੀਆਂ ਨੂੰ ਬਜ਼ੁਰਗਾਂ ਪ੍ਰਤੀ ਸੰਵੇਦਨਸ਼ੀਲ ਬਣਾਉਣਾ ਹੈ ਅਤੇ ਉਨ੍ਹਾਂ ਦੇ ਤਜ਼ਰਬਿਆਂ ਤੋਂ ਪ੍ਰੇਰਨਾ ਲੈਣ ਦੀ ਸਿੱਖਿਆ ਦੇਣਾ ਹੈ।ਰਿਆਤ ਬਾਹਰਾ ਗਰੁੱਪ ਦੇ ਚੇਅਰਮੈਨ ਗੁਰਵਿੰਦਰ ਸਿੰਘ ਬਾਹਰਾ ਨੇ ਬਜ਼ੁਰਗਾਂ ਦਾ ਸਵਾਗਤ ਕਰਦਿਆਂ ਉਨ੍ਹਾਂ ਨੂੰ ਸਮਾਜ ਦੇ ਥੰਮ੍ਹ ਦੱਸਿਆ।ਡਾ: ਪ੍ਰੇਮ ਤਲਵਾੜ, ਸਾਬਕਾ ਡਾਇਰੈਕਟਰ, ਨੈਸ਼ਨਲ ਇੰਸਟੀਚਿਊਟ ਆਫ਼ ਫੈਮਲੀ ਵੈਲਫੇਅਰ, ਨਵੀਂ ਦਿੱਲੀ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਬਜ਼ੁਰਗਾਂ ਦਾ ਜੀਵਨ ਅਨੁਭਵ ਅਤੇ ਗਿਆਨ ਦਾ ਭੰਡਾਰ ਹੈ, ਜਿਸ ਨੂੰ ਸਾਨੂੰ ਸਤਿਕਾਰ ਨਾਲ ਗ੍ਰਹਿਣ ਕਰਨਾ ਚਾਹੀਦਾ ਹੈ। ਉਨ੍ਹਾਂ ਰਿਆਤ ਬਾਹਰਾ ਗਰੁੱਪ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਇਸ ਗਰੁੱਪ ਨੇ ਬਜ਼ੁਰਗਾਂ ਦਾ ਸਤਿਕਾਰ ਵਧਾਉਣ ਵਿੱਚ ਅਹਿਮ ਯੋਗਦਾਨ ਪਾਇਆ ਹੈ।ਡਾ: ਮਨਮੋਹਨ ਸਿੰਘ, ਪੀਆਰਸੀ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਨੇ ਕਿਹਾ ਕਿ ਬਜ਼ੁਰਗ ਸਾਡੇ ਸਮਾਜ ਦੀ ਰੀੜ੍ਹ ਦੀ ਹੱਡੀ ਹਨ। ਮੰਚ ਸੰਚਾਲਨ ਕਰਦਿਆਂ ਡਾ. ਕੁਲਦੀਪ ਵਾਲੀਆ ਨੇ ਕਿਹਾ ਕਿ ਇਸ ਸਮਾਗਮ ਨੇ ਸਿੱਧ ਕਰ ਦਿੱਤਾ ਕਿ ਬਜ਼ੁਰਗਾਂ ਦਾ ਸਤਿਕਾਰ ਕਰਨਾ ਇੱਕ ਪਰੰਪਰਾ ਹੀ ਨਹੀਂ ਸਗੋਂ ਲੋੜ ਹੈ।

## ਐਡਵੋਕੇਟ ਹਰਪਾਲ ਸਿੰਘ ਨਿੱਜਰ ਦੇ ਸਿਰ ਸਜਿਆ ਪ੍ਰਧਾਨਗੀ ਦਾ ਤਾਜ



ਅੰਮ੍ਰਿਤਸਰ (ਅਰੋੜਾ)- ਰੋਟਰੀ ਇੰਟਰਨੈਸ਼ਨਲ ਵੱਲੋਂ ਨਿਰਧਾਰਿਤ ਨਿਯਮਾਂ ਦੇ ਅਨੁਸਾਰ ਰੋਟਰੀ ਈਕੋ 2023 2024 ਦੇ ਪ੍ਰਧਾਨ ਜਸਪਾਲ ਸਿੰਘ ਦਾ ਕਾਰਜਕਾਲ ਖਤਮ ਹੋਣ ਤੋਂ ਬਾਅਦ ਰੋਟਰੀ ਈਕੋ ਦੇ 2024-2025 ਦੇ ਪ੍ਰਧਾਨ ਦੀ ਤਾਜਪੋਸ਼ੀ ਅਤੇ ਸਹੁੰ ਚੁੱਕ ਸਮਾਗਮ ਅਤੇ ਕਲੱਬ ਦੇ ਚਾਰਟਡ ਪ੍ਰਧਾਨ ਐਡਵੋਕੇਟ ਐਸ.ਐਸ.ਬੱਤਰਾ ਦੀ ਪ੍ਰਧਾਨਗੀ ਹੇਠ ਵਿਧੀ ਵਿਧਾਨ ਦੇ ਨਾਲ ਸਪੰਨ ਹੋਇਆ।ਸਮਾਗਮ ਵਿੱਚ ਵਿਧਾਇਕ ਜੀਵਨਜੋਤ ਕੌਰ ਮੁੱਖ ਮਹਿਮਾਨ ਰੋਟਰੀ ਦੇ ਆਉਣ ਵਾਲੇ ਗਵਰਨਰ ਰੋਹਿਤ ਓਬਰਾਏ, ਅਨਿਲ ਸਿੰਗਲ, ਇੰਸਟਾਲੇਸ਼ਨ ਅਧਿਕਾਰੀ ਅਤੇ ਰੋਟਰੀ ਦੇ ਸਹਾਇਕ ਗਵਰਨ ਸਾਬਕਾ ਜ਼ਿਲ੍ਹਾ ਖਜਾਨਾ ਅਫ਼ਸਰ ਰੋਟੇਰੀਅਨ ਵਿਜੇ ਭਸੀਨ, ਜੋਨਲ ਚੇਅਰਮੈਨ ਐੱਚ. ਐੱਸ. ਜੋਗੀ ਖਾਸ ਮਹਿਮਾਨ ਦੇ ਵੱਜੋਂ ਸ਼ਾਮਲ ਹੋਏ। ਸਮਾਗਮ ਦਾ ਸ਼ੁੱਭ ਆਰੰਭ ਹਿੰਦੂ ਸਭਿਅਤਾ ਦੇ ਅਨੁਸਾਰ ਸ਼ਮਾ ਰੋਸ਼ਨ ਕਰਕੇ ਕੀਤਾ ਗਿਆ।ਰੋਟਰੀ ਦੇ 2023- 2024 ਦੇ ਪ੍ਰਧਾਨ ਜਸਪਾਲ ਸਿੰਘ ਨੇ ਆਪਣੇ ਕਾਰਜਕਾਲ ਦੇ ਦੋਰਾਨ ਕੀਤੇ ਗਏ ਦੇਸ਼ ਅਤੇ ਸਮਾਜ ਭਲਾਈ ਦੇ ਕੰਮਾ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਨੇ ਪੂਰਾ ਸਾਲ ਉਨ੍ਹਾਂ ਦਾ ਸਹਿਯੋਗ ਦੇਣ ਵਾਲੇ ਮੈਂਬਰਾ ਦਾ ਧੰਨਵਾਦ ਕੀਤਾ ਅਤੇ ਉਨ੍ਹਾਂ ਨੂੰ ਯਾਦਗਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਨਵੇ ਪ੍ਰਧਾਨ ਐਡਵੋਕੇਟ ਬੱਤਰਾ ਨੇ ਵਿਸ਼ਵਾਸ ਦਿਵਾਇਆ ਕੀ ਉਹ ਸਾਰੇ ਬੋਰਡ ਮੈਂਬਰਾ ਅਤੇ ਰੋਟਰੀ ਮੈਂਬਰਾ ਨੂੰ ਆਪਣਾ ਪੂਰਾ ਸਹਿਯੋਗ ਦੇਣਗੇ।ਉਹ ਉਨ੍ਹਾਂ ਨੂੰ ਆਪਣੇ ਨਾਲ ਲੈ ਕੇ ਸਾਰੇ ਕੰਮ ਸਫਲਤਾਪੂਰਕ ਨਿਭਾਉਣਗੇ।

## 85 ਲੀਟਰ ਲਾਹਨ ਸਮੇਤ ਕਾਬੂ

**ਜਲਾਲਾਬਾਦ, (ਜੀਤ ਕੁਮਾਰ)** ਥਾਣਾ ਅਮੀਰ ਖਾਸ ਦੀ ਪੁਲਸ ਵੱਲੋਂ 85 ਲੀਟਰ ਲਾਹਣ ਸਣੇ ਇਕ ਵਿਅਕਤੀ ਨੂੰ ਕਾਬੂ ਕੀਤਾ ਗਿਆ ਹੈ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਮੁਖਤਿਆਰ ਸਿੰਘ ਨੇ ਦੱਸਿਆ ਕਿ ਪੁਲਸ ਪਾਰਟੀ ਸਮੇਤ ਗਸ਼ਤ ਦੌਰਾਨ ਸ਼ੱਕੀ ਪੁਰਸ਼ਾਂ ਦੀ ਚੈਕਿੰਗ ਕਰਦੇ ਹੋਏ ਚੁਰਸਤਾ ਪਿੰਡ ਅਮੀਰ ਖਾਸ ਤੋਂ ਚੱਕ ਕਾਠਗੜ੍ਹ (ਦਰੋਗਾ) ਪੁੱਜੇ ਤਾਂ ਮੁਖਬਰ ਖਾਸ ਨੇ ਗੱਡੀ ਰੁਕਵਾ ਕੇ ਇਤਲਾਹ ਦਿੱਤੀ ਕਿ ਸੁਰਿੰਦਰ ਸਿੰਘ ਉਰਫ਼ ਤੇਗਾ ਪੁੱਤਰ ਸਵਰਨ ਸਿੰਘ ਵਾਸੀ ਵੱਡਾ ਬੂਰਵਾਲਾ ਜੋਕਿ ਨਾਜਾਇਜ ਸ਼ਰਾਬ ਕੱਢਣ ਅਤੇ ਵੇਚਣ ਦਾ ਆਦੀ ਹੈ, ਜੋ ਅੱਜ ਵੀ ਆਪਣੇ ਘਰ ਵਿਚ ਨਾਜਾਇਜ ਸ਼ਰਾਬ ਕੱਢ ਰਿਹਾ ਹੈ ਤੇ ਜੇਕਰ ਉਸਦੇ ਘਰ ਹੁਣੇ ਹੀ ਰੇਡ ਕੀਤੀ ਜਾਵੇ ਤਾਂ ਨਜਾਇਜ਼ ਸ਼ਰਾਬ ਜਾਂ ਲਾਹਣ ਸਮੇਤ ਕਾਬੂ ਆ ਸਕਦਾ ਹੈ। ਇਤਲਾਹ ਭਰੋਸੇਯੋਗ ਹੋਣ ਕਾਰਨ ਪੁਲਸ ਪਾਰਟੀ ਨੇ ਵੱਡਾ ਬੂਰਵਾਲਾ ਵਿਖੇ ਛਾਪੇਮਾਰੀ ਕਰਕੇ ਸੁਰਿੰਦਰ ਸਿੰਘ ਉਰਫ਼ ਤੇਗਾ ਨੂੰ 85 ਲੀਟਰ ਲਾਹਣ ਸਮੇਤ ਕਾਬੂ ਕੀਤਾ ਹੈ। ਥਾਣਾ ਅਮੀਰ ਖਾਸ ਵਿਖੇ ਸੁਰਿੰਦਰ ਸਿੰਘ ਉਰਫ਼ ਤੇਗਾ ਦੇ ਖਿਲਾਫ਼ ਆਬਕਾਰੀ ਐਕਟ ਤਹਿਤ ਮੁੱਕਦਮਾ ਦਰਜ ਕਰਕੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।


## ਉੱਤਰ ਰੇਲਵੇ

### EXPRESSION OF INTEREST

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ, ਸੀਨੀਅਰ ਮੰਡਲ ਵਾਣਿਜ ਪ੍ਰਬੰਧਕ, ਉਤਰ ਰੇਲਵੇ, ਫਿਰੋਜ਼ਪੁਰ ਮੰਡਲ, ਗੈਰ-ਮੇਲਾ ਦਿਨਾਂ ਵਿਚ ਰੇਲਵੇ ਸਟੇਸ਼ਨ ਸੁਲਤਾਨਪੁਰ ਲੋਧੀ ਵਿਚ ਮੇਲਾ ਵੇਟਿੰਗਹਾਲ ਦੇ ਸੰਚਾਲਨ, ਨਵੀਨੀਕਰਨ ਅਤੇ ਰਖਰਖਾਅ ਦੇ ਲਈ Express of Interest ਮੰਗ ਕਰਦਾ ਹੈ। ਇਛੁਕ ਪਾਰਟੀਆਂ ਨੂੰ ਅਨੁਰੋਧ ਹੈ ਕਿ ਉਹ ਰੇਲਵੇ ਸਟੇਸ਼ਨ/ਸਥਾਨ/ਖੇਤਰ ਦਾ ਦੌਰਾ ਕਰਕੇ ਕਮਾਈ ਸਮਰਥਾ ਤੋਂ ਜਾਣੂ ਹੋਣ ਅਤੇ ਆਪਣੇ ਵਿਚਾਰਾਂ ਨੂੰ ਵਿਸਤ੍ਰਿਤ ਪ੍ਰਸਤਾਵ ਦੇ ਨਾਲ 24.09.2024 ਤਕ ਇਸ ਦਫਤਰ ਵਿਚ ਪੇਸ਼ ਕਰਨ। ਪਾਰਟੀਆਂ ਦੁਆਰਾ ਪੇਸ਼ ਵਿਚਾਰਾਂ ਤੇ ਅੰਤਮ ਫੈਸਲਾ ਰੇਲਵੇ ਪ੍ਰਸ਼ਾਸਨ ਦੁਆਰਾ ਲਿਆ ਜਾਵੇਗਾ।

ਵਧੇਰੇ ਜਾਣਕਾਰੀ ਦੇ ਲਈ ਕਿਰਪਾ ਉਤਰ ਰੇਲਵੇ ਦੀ ਵੈਬਸਾਈਟ https://nr.indianrailways.gov.in/ 'ਤੇ ਵੇਖੋ ਜਾਂ ਸੀਨੀਅਰ ਮੰਡਲ ਵਾਣਿਜ ਪ੍ਰਬੰਧਕ ਦਫਤਰ, ਉਤਰ ਰੇਲਵੇ, ਡੀਆਰਐਮ ਦਫਤਰ, ਫਿਰੋਜ਼ਪੁਰ ਕੈਂਟ-152001 ਦੇ ਦਫਤਰ ਵਿਚ ਦਫਤਰ ਸਮੇਂ ਦੇ ਦੌਰਾਨ ਕਿਸੇ ਵੀ ਕੰਮ ਵਾਲੇ ਦਿਨ ਵਿਚ ਸੰਪਰਕ ਕਰੋ।

ਸੀਨੀਅਰ ਮੰਡਲ ਵਾਣਿਜ ਪ੍ਰਬੰਧਕ, ਉਤਰ ਰੇਲਵੇ, ਫਿਰੋਜ਼ਪੁਰ ਮੰਡਲ,
ਟੈਲੀਫੋਨ ਨੰਬਰ: 01632244470, ਈ-ਮੇਲ : pamcell.fzr@gmail.com

No. NR-FZROCOML(NFR)/4/2024 ਤਾਰੀਕ : 23.08.2024 2649/2024

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## ਉੱਤਰ ਰੇਲਵੇ

### ਈ-ਨੀਲਾਮੀ ਸੂਚਨਾ

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਸੀਨੀਅਰ ਮੰਡਲ ਵਾਣਿਜ ਪ੍ਰਬੰਧਕ, ਉਤਰ ਰੇਲਵੇ, ਫਿਰੋਜ਼ਪੁਰ ਦੁਆਰਾ ਹੇਠਾਂ ਦਿਤੇ ਗਏ ਕੰਮ ਦੇ ਲਈ ਯੋਗ ਅਤੇ ਰਜਿਸਟਰਡ ਬੋਲੀਦਾਤਾਵਾਂ ਤੋਂ ਫਿਰੋਜ਼ਪੁਰ ਮੰਡਲ ਵਿਚ ਈ-ਨੀਲਾਮੀ ਮੰਗ ਕੀਤੀ ਗਈ ਹੈ:

| ਨੀਲਾਮੀ ਸੂਚੀ ਨੰ. | ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ | ਕੰਮ ਦਾ ਨਾਮ |
|---|---|---|
| EAFZR-OH24-9 | 06.09.24 ਨੂੰ 12:30 ਵਜੇ | ਅੰਮ੍ਰਿਤਸਰ ਰੇਲਵੇ ਸਟੇਸ਼ਨ ਤੇ ਸਟੈਟਿਕ ਮੀਡੀਆ ਦੇ ਮਾਧਿਅਮ ਨਾਲ ਵਾਣਿਜਕ ਵਿਗਿਆਪਨ ਅਧਿਕਾਰਾਂ ਦੇ ਲਈ ਠੇਕੇ ਦਾ ਅਲਾਟਮੈਂਟ। |
| EAFZR-PnU24-3 | 06.09.24 ਨੂੰ 13:00 ਵਜੇ | ਅੰਮ੍ਰਿਤਸਰ ਰੇਲਵੇ ਸਟੇਸ਼ਨ ਤੇ ਰੇਲਵੇ ਸਟੇਸ਼ਨ ਬਟਾਲਾ ਅਤੇ ਗੋਲ ਬਾਗ ਸਾਈਡ ਐਂਟ੍ਰੀ ਤੇ ਸਾਧਾਰਨ ਭੁਗਤਾਨ ਅਤੇ ਉਪਯੋਗ ਸ਼ੋਚਾਲਯ ਬਲਾਕਾਂ ਦੇ ਸੰਚਾਲਨ ਅਤੇ ਰਖਰਖਾਅ ਦੇ ਲਈ ਕਾਂਟਰੈਕਟ ਦਾ ਅਲਾਟਮੈਂਟ। |
| EAFZR-SLR24-49 | 10.09.24 ਨੂੰ 11:00 ਵਜੇ | ਗੱਡੀਆਂ ਵਿਚ ਪਾਰਸਲ ਸਪੇਸ ਨੂੰ ਲੀਜ਼ ਤੇ ਦੇਣ ਦਾ ਠੇਕਾ (ਟ੍ਰੇਨ ਨੰਬਰ/ਐਸਐਲਆਰ ਕੰਪਾਰਟਮੈਂਟ): 22424/F1, 14674/F1, 12460/F1, 15212/F1, 14604/F1, 12498/F1, 15532/F1, 14618/F1, 15212/R1, 19326/F1, 14650/F1 & 22552/F1. |

ਵਿਸਤ੍ਰਿਤ ਜਾਣਕਾਰੀ ਅਤੇ ਪੰਜੀਕਰਨ ਦੇ ਲਈ, ਕਿਰਪਾ ਰੇਲਵੇ ਦੀ ਵੈਬਸਾਈਟ www.ireps.gov.in 'ਤੇ ਜਾਓ। 2636/24

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## सेन्ट्रल बैंक ऑफ़ इंडिया Central Bank of India

Regional Office, K.P. Complex, Near Hotel Park Plaza, Ferozepur Road, Ludhiana-141001

### ਸਕਿਉਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ-2002 (ਸਰਫੇਸੀ ਐਕਟ) ਦੇ ਸੈਕਸ਼ਨ 13 (2) ਤਹਿਤ ਡਿਮਾਂਡ ਨੋਟਿਸ

ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦਰਸਾਏ ਕਰਜ਼ਦਾਰ ਬੈਂਕ ਤੋਂ ਲਈਆਂ ਕਰਜ਼ਾ ਸਹੂਲਤਾਂ ਦਾ ਮੂਲ ਅਤੇ ਵਿਆਜ ਅਦਾ ਕਰਨ 'ਚ ਅਸਫਲ ਰਹੇ ਹਨ ਅਤੇ ਸਹੂਲਤਾਂ ਨਾਨ-ਪਰਫਾਰਮਿੰਗ ਐੱਸਟਸ 'ਚ ਤਬਦੀਲ ਹੋ ਗਈਆਂ ਹਨ। ਬੈਂਕ ਦੇ ਅਧਿਕਾਰਤ ਅਫਸਰ ਵੱਲੋਂ ਸਕਿਉਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ 2002 ਦੇ ਸੈਕਸ਼ਨ 13 (2) ਤਹਿਤ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਉਨ੍ਹਾਂ ਦੇ ਆਖਰੀ ਜਾਣਕਾਰੀ ਵਾਲੇ ਪਤਿਆਂ 'ਤੇ ਨੋਟਿਸ ਜਾਰੀ ਕੀਤਾ ਜਾ ਚੁੱਕਾ ਹੈ। ਬੇਸ਼ੱਕ ਕੁਝ ਕੇਸਾਂ 'ਚ ਨੋਟਿਸ ਬਿਨਾਂ ਵੰਡੇ ਵਾਪਸ ਪ੍ਰਾਪਤ ਕੀਤੇ ਜਾ ਚੁੱਕੇ ਹਨ ਅਤੇ ਕੁਝ ਕੇਸਾਂ 'ਚ ਪ੍ਰਾਪਤੀ ਰਸੀਦਾਂ ਵਾਪਸ ਨਹੀਂ ਪ੍ਰਾਪਤ ਹੋਈਆਂ। ਇਸ ਲਈ ਕਰਜ਼ਦਾਰਾਂ/ਗਰੰਟਰਾਂ ਨੂੰ ਇਸ ਜਨਤਕ ਨੋਟਿਸ ਦੇ ਰਾਹੀਂ ਜਾਣਕਾਰੀ ਦਿੱਤੀ ਜਾ ਰਹੀ ਹੈ।

| ਲੜੀ ਨੰ. | ਸ਼ਾਖਾ/ਕਰਜ਼ਦਾਰਾਂ/ਗਰੰਟਰਾਂ/ ਭਾਈਵਾਲਾਂ/ ਰਹਿਨਕਾਰਾਂ ਦਾ ਨਾਂਅ | ਰਹਿਣ ਕੀਤੀਆਂ ਜਾਇਦਾਦਾਂ ਦਾ ਵੇਰਵਾ | ਨਾਨ ਪ੍ਰਫਾਰਮਿੰਗ ਐੱਸਟ (ਐੱਨ ਪੀ ਏ) ਦੀ ਮਿਤੀ | ਡਿਮਾਂਡ ਨੋਟਿਸ ਦੀ ਮਿਤੀ | ਬਕਾਇਆ ਖੜੀ ਰਕਮ |
|---|---|---|---|---|---|
| 1. | ਸ਼ਾਖਾ ਦਫਤਰ : ਨਿਜ਼ਾਮ ਰੋਡ<br>ਕਰਜ਼ਦਾਰ : ਸ੍ਰੀ ਸੁਧੀਰ ਤਿਵਾੜੀ ਪੁੱਤਰ ਗਣੇਸ਼ ਦੱਤ, ਪਿੰਡ ਮੁੰਡੀਆਂ ਕਲਾਂ, ਐੱਚ, ਐੱਸ ਕਾਲੋਨੀ, ਗੁਰੂ ਨਾਨਕ ਨਗਰ ਦੇ ਪਿਛਲੇ ਪਾਸੇ, ਨੇੜੇ 33 ਫੁੱਟ ਰੋਡ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ-141015 | ਬੈਨਾਮਾ ਵਸੀਕਾ ਨੰ. 2021-21/106/1/15126 ਮਿਤੀ 30.02.2021 ਅਨੁਸਾਰ ਜਾਇਦਾਦ ਮਾਲਕ ਸੁਧੀਰ ਤਿਵਾੜੀ ਪੁੱਤਰ ਸ੍ਰੀ ਗਣੇਸ਼ ਦੱਤ, ਪਲਾਟ ਨੰ. 39, ਰਕਬਾ 60 ਵਰਗ ਗਜ਼, ਖਸਰਾ ਨੰ. 72/2, ਖੱਤਾ ਨੰ. 275/296, ਜਮ੍ਹਾਂਬੰਦੀ ਸਾਲ 2009-10, ਪਿੰਡ ਮੁੰਡੀਆਂ ਕਲਾਂ, ਹਦਬਸਤ ਨੰ. 179, ਅਬਾਦੀ ਐੱਚ ਐੱਸ ਨਗਰ ਵਜੋਂ ਜਾਣੀ ਜਾਂਦੀ ਨੇੜੇ ਰਾਮ ਨਗਰ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ। ਹੱਦਾਂ : ਪੂਰਬ : ਗਲੀ 20' ਬਾਹੀ 18', ਪੱਛਮ : ਗੁਆਂਢੀ ਰਾਜਿੰਦਰ ਸਿੰਘ ਬਾਹੀ 18', ਉੱਤਰ : ਗੁਆਂਢੀ ਕਮਲਜੀਤ ਕੌਰ ਮਕਾਨ ਨੰ. 38 ਬਾਹੀ 30', ਦੱਖਣ : ਗੁਆਂਢੀ ਲਕਸ਼ਮੀ ਪਲਾਟ ਨੰ. 40 ਬਾਹੀ 30' | 29-07-2024 | 06-08-2024 | ਰੁਪਏ 7,97,535.01 (ਸੱਤ ਲੱਖ ਸਤਨਾਵੇਂ ਹਜ਼ਾਰ ਪੰਜ ਸੌ ਪੈਂਤੀ ਰੁਪਏ ਅਤੇ ਇੱਕ ਪੈਸਾ ਕੇਵਲ) ਸਮੇਤ 05.08.2024 ਤੋਂ ਗਣਨਾ ਕੀਤੇ ਜਾਣ ਵਾਲੇ 9.60% ਸਾਲਾਨਾ ਵਿਆਜ 'ਤੇ ਮਹੀਨਾਵਾਰੀ ਹਿਸਾਬ ਨਾਲ ਵਿਆਜ, ਸਾਡੇ ਵੱਲ ਬਕਾਇਆ ਹਨ ਅਤੇ ਰਕਮ ਰੁਪਏ 7,97,535.01 ਅਤੇ ਇਸ 'ਤੇ ਵਿਆਜ 'ਤੇ ਤੁਸੀਂ ਡਿਫਾਲਟ ਹੋ ਗਏ ਹੋ। |
| 2. | ਸ਼ਾਖਾ ਦਫਤਰ : ਜਗਰਾਓਂ, ਲੁਧਿਆਣਾ<br>ਕਰਜ਼ਦਾਰ : ਸ੍ਰੀ ਦਲਜੀਤ ਸਿੰਘ ਪੁੱਤਰ ਸ੍ਰੀ ਜੈਮਲ ਸਿੰਘ, ਸ੍ਰੀਮਤੀ ਕੰਵਲਜੀਤ ਕੌਰ ਪਤਨੀ ਸ੍ਰੀ ਦਲਜੀਤ ਸਿੰਘ, ਸ੍ਰੀਮਤੀ ਸੁਰਿੰਦਰ ਕੌਰ ਪਤਨੀ ਸ੍ਰੀ ਭੁਪਿੰਦਰ ਸਿੰਘ ਸਾਰੇ ਵਾਸੀ ਮਕਾਨ ਨੰ. 1858, ਨੇੜੇ ਪ੍ਰਾਇਮਰੀ ਸਕੂਲ, ਰਾਏਕੋਟ ਰੋਡ, ਅਗਵਾੜ ਗੁੱਜਰਾਂ, ਜਗਰਾਓਂ, ਲੁਧਿਆਣਾ, ਪੰਜਾਬ-142026 ਜਾਂ ਮਕਾਨ ਨੰ. 2838, 2837/ਏ, ਅਨਾਰਕਲੀ ਬਜ਼ਾਰ, ਨਿੰਮ ਵਾਲੀ ਗਲੀ, ਜਗਰਾਓਂ, ਲੁਧਿਆਣਾ-142046, ਸ੍ਰੀ ਭੁਪਿੰਦਰ ਸਿੰਘ ਪੁੱਤਰ ਸ੍ਰੀ ਜੈਮਲ ਸਿੰਘ ਵਾਸੀ ਮਕਾਨ ਨੰ. 1858, ਨੇੜੇ ਪ੍ਰਾਇਮਰੀ ਸਕੂਲ ਰਾਏਕੋਟ ਰੋਡ, ਅਗਵਾੜ ਗੁੱਜਰਾਂ, ਜਗਰਾਓਂ, ਲੁਧਿਆਣਾ, ਪੰਜਾਬ-142026 ਜਾਂ ਮਕਾਨ ਨੰ. 2838, 2837/ਏ, ਅਨਾਰਕਲੀ ਬਜ਼ਾਰ, ਨਿੰਮ ਵਾਲੀ ਗਲੀ, ਜਗਰਾਓਂ, ਲੁਧਿਆਣਾ-142026 | ਬੈਨਾਮਾ 1568 ਮਿਤੀ 08.06.2000 ਅਨੁਸਾਰ, ਐੱਚ ਨੰ. ਐੱਮ ਸੀ ਜੇ ਨੰ. 2837/ਏ, ਜਾਇਦਾਦ ਨੰ. B-XIII-600/1 ਜ਼ਮੀਨ ਰਕਬਾ 2 ਬਿਸਵੇ ਖਾਮ ਅਤੇ ਐੱਮ ਜੀ ਜੇ ਨੰ. 2838, ਜਾਇਦਾਦ ਨੰ. B-XIII-600 ਜ਼ਮੀਨ ਰਕਬਾ 5-1/2 ਬਿਸਵੇ ਖਾਮ (275 ਵਰਗ ਗਜ਼) ਅਗਵਾੜ ਗੁੱਜਰਾਂ ਵਿਖੇ ਸਥਿਤ ਮੁਹੱਲਾ ਸ਼ਹੀਦ ਊਧਮ ਸਿੰਘ ਨਗਰ, ਨਿੰਮ ਵਾਲੀ ਗਲੀ, ਜਗਰਾਓਂ, ਲੁਧਿਆਣਾ, ਪੰਜਾਬ-142026, ਮਕਾਨ ਨੰ. ਐੱਮ ਜੀ ਸੇ ਨੰ. 2837/ਏ, ਜਾਇਦਾਦ ਨੰ. B-XIII-600/1 ਹੱਦਾਂ : ਪੂਰਬ : ਖਰੀਦਣ ਵਾਲਾ ਅਤੇ ਰਸਤਾ ਅਤੇ ਮੰਗਤ ਰਾਮ, ਪੱਛਮ : ਅਮਰ ਸਿੰਘ ਅਤੇ ਰਸਤਾ, ਦੱਖਣ : ਸੋਹਣ ਲਾਲ ਅਤੇ ਅਮਰ ਸਿੰਘ, ਉੱਤਰ : ਰਸਤਾ ਅਤੇ ਬ੍ਰਿਜ ਲਾਲ। ਬੈਨਾਮਾ 3535 ਮਿਤੀ 16.10.2001 ਅਨੁਸਾਰ ਐੱਮ ਜੀ ਸੇ ਨੰ. 2838, ਜਾਇਦਾਦ ਨੰ. B-XIII-600 ਹੱਦਾਂ : ਪੂਰਬ : ਸਰਜੂ ਅਰੋੜਾ ਅਤੇ ਮੰਗਤ ਰਾਮ , ਪੱਛਮ : ਸ਼ਾਮ ਲਾਲ ਅਤੇ ਹਾਕਮ, ਦੱਖਣ : ਸਰਜੂ ਅਰੋੜਾ ਅਤੇ ਸ਼ਰੇਆਮ ਗਲੀ ਅਤੇ ਹਾਕਮ, ਉੱਤਰ : ਸ਼ਰੇਆਮ ਗਲੀ। | | | ਰੁਪਏ 19,06,070.15 (ਉੱਨੀ ਲੱਖ ਛੇ ਹਜ਼ਾਰ ਸੱਤਰ ਰੁਪਏ ਅਤੇ ਪੰਦਰਾਂ ਪੈਸੇ ਕੇਵਲ) ਸਮੇਤ 14.07.2024 ਤੋਂ ਗਣਨਾ ਕੀਤੇ ਜਾਣ ਵਾਲੇ 8.75% ਸਾਲਾਨਾ ਵਿਆਜ ਦੀ ਦਰ 'ਤੇ ਮਾਹਵਾਰੀ ਹਿਸਾਬ ਨਾਲ ਵਿਆਜ, ਸਾਡੇ ਵੱਲ ਬਕਾਇਆ ਹਨ ਅਤੇ ਰਕਮ ਰੁਪਏ 19,06,070.15 ਅਤੇ ਇਸ 'ਤੇ ਵਿਆਜ 'ਤੇ ਤੁਸੀਂ ਡਿਫਾਲਟ ਹੋ ਗਏ ਹੋ। |

ਧਿਆਨ ਦਿੱਤਾ ਜਾਵੇ ਕਿ ਐਕਟ ਦੇ ਸੈਕਸ਼ਨ 13 (8) ਦੀਆਂ ਵਿਵਸਥਾਵਾਂ ਅਧੀਨ ਤੁਹਾਨੂੰ ਸਕਿਓਰਡ ਐੱਸਟਸ ਦੀ ਜਨਤਕ ਨਿਲਾਮੀ ਲਈ ਜਨਤਕ ਨੋਟਿਸ ਜਾਂ ਕੁਟੇਸ਼ਨਾਂ ਜਾਂ ਜਨਤਾ ਤੋਂ ਟੈਂਡਰ ਜਾਂ ਨਿੱਜੀ ਸੰਧੀ ਰਾਹੀਂ ਪਟੇ 'ਤੇ ਤਬਦੀਲ, ਅਸਾਈਨਮੈਂਟ ਜਾਂ ਵਿਕਰੀ ਤੋਂ ਪਹਿਲਾਂ ਕਿਸੇ ਸਮੇਂ ਵੀ ਬੈਂਕ ਦੇ ਬਕਾਏ ਸਮੇਤ ਸਾਰੀਆਂ ਲਾਗਤਾਂ, ਚਾਰਜਿਜ ਅਤੇ ਬੈਂਕ ਵੱਲੋਂ ਕੀਤੇ ਗਏ ਹੋਰ ਸਾਰੇ ਖਰਚੇ ਅਦਾ ਕਰਕੇ ਛੁਟਕਾਰਾ ਪਾਉਣ ਦਾ ਅਧਿਕਾਰ ਪ੍ਰਾਪਤ ਹੈ। ਉਪਰੋਕਤ ਕਰਜ਼ਦਾਰਾਂ/ਗਰੰਟਰਾਂ/ਰਹਿਨਕਾਰਾਂ ਨੂੰ ਨੋਟਿਸ 'ਚ ਦਰਸਾਈ ਰਕਮ, ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦੇ ਅੰਦਰ ਅਦਾ ਕੀਤੇ ਜਾਣ ਦੀ ਸਲਾਹ ਦਿੱਤੀ ਜਾਂਦੀ ਹੈ, ਅਸਫਲ ਰਹਿਣ 'ਤੇ ਇਸ ਨੋਟਿਸ ਦੀ ਮਿਤੀ ਤੋਂ 60 ਦਿਨ ਗੁਜ਼ਰ ਜਾਣ 'ਤੇ ਸਕਿਉਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ 2002 ਦੀਆਂ ਵਿਵਸਥਾਵਾਂ ਤਹਿਤ ਅਗਲੇ ਕਦਮ ਉਠਾਏ ਜਾਣਗੇ।

ਉਪਲੱਬਧ ਸਮੇਂ 'ਚ ਸਕਿਉਰ ਐੱਸਟ/ਐੱਸਟਸ ਦੇ ਪੁਨਰਗ੍ਰਹਿਣ ਲਈ ਤੁਹਾਡਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਐਕਟ ਦੇ ਸੈਕਸ਼ਨ 13 (13) ਅਨੁਸਾਰ, ਇਸ ਨੋਟਿਸ ਦੀ ਪ੍ਰਾਪਤੀ 'ਤੇ ਤੁਹਾਡੇ 'ਤੇ ਉਪਰੋਕਤ ਸਕਿਉਰਟੀਜ਼ ਸੰਬੰਧੀ ਬੈਂਕ ਦੀ ਮਨਜ਼ੂਰੀ ਤੋਂ ਬਿਨਾਂ ਸਿਵਾਏ ਬਿਜ਼ਨਸ ਦੇ ਆਮ ਕੋਰਸ ਦੇ ਨਿਪਟਾਰੇ ਜਾਂ ਸੌਦੇਬਾਜ਼ੀ 'ਤੇ ਪਾਬੰਦੀ ਹੈ। ਕਿਰਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਸੈਕਸ਼ਨ ਦੀ ਉਲੰਘਣਾ ਕਰਨ 'ਤੇ ਗੰਭੀਰ ਨਤੀਜੇ ਭੁਗਤਣੇ ਪੈ ਸਕਦੇ ਹਨ।

ਕਰਜ਼ਦਾਰਾਂ/ਗਰੰਟਰਾਂ/ਰਹਿਨਕਾਰਾਂ ਨੂੰ ਸੰਬੰਧਤ ਸ਼ਾਖਾ ਤੋਂ ਨੋਟਿਸ ਦੀ ਕਾਪੀ ਹਾਸਲ ਕਰਨ ਦੀ ਵੀ ਸਲਾਹ ਦਿੱਤੀ ਜਾਂਦੀ ਹੈ।

ਮਿਤੀ : 25.08.2024 ਸਥਾਨ : ਲੁਧਿਆਣਾ ਅਧਿਕਾਰਤ ਅਫਸਰ


### COURT NOTICE

(U/o 5 Rule 20 CPC)
In the Court of
Sh. Tanishth Goyal
Civil Judge Junior Division-2, Nabha
CNR No. PBPTB0-000364-2018
Next Date :- 24-10-2024
M/S Ravi Jewellers Through Ravinder Kumar
Vs.
Sadhu Ram Baij Nath

Publication Issued to :
1. Sadhu Ram Baij Nath Shop No. 11, New Grain Market Nabha through its Prop Pardeep Kumar. 2 Pardeep Kumar Prop of Fir3m Sadhu Nath Baij Nath, R/o Shop No.11, New Grain Market Nabha, Punjab

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 24.10.2024 at 10:00 A.M.

For details logon to https://highcourtchd.gov.in/?trs=district_notice&district= Patiala

Civil Judge Junior Division-2, Nabha
Dated, this day of 22.08.2024

### COURT NOTICE

(U/o 5 Rule 20 CPC)
(Under Guardian and Ward Act)
In The Court of
Sanjiv Joshi
Principal Judge Family Court, Kapurthala
CNR No. PBKP01-003818-2024
Next Date : 05.10.2024
Tanu Sharma
Vs
General Public
Himanshu Bhardwaj
Notice To: General Public

In above titled case, the defendant(s)/respondent(s) could not be served. It is ordered that defendant(s)/ respondant(s) should appear in person or through counsel on 05.10.2024 at 10:00 A.M.

For details logon to https://highcourtchd.gov.in/?mod=district_notice&district=Kapurthala

Principal Judge Family Court, Kapurthala
Dated this day of 23-08-2024

### COURT NOTICE

(U/o 5 Rule 20 CPC)
In the Court of
Sh. Jagmeet Singh
Additional Civil Judge (Senior Division), Rupnagar
CS/569/2024
CNR No. PBRO02-000861-2024
Next Date :- 20-09-2024
Jaswinder Kaur Wd/o Jatinder Singh S/o Baldev Singh, Resident of Village Kandhola, Tehsil Sri Chamkaur Sahib, Distt. Runagar.
Vs.
General Public & others
Suit for declaration

Publication Issued to :
D. No. 1. General Public

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 20.09.2024 at 10:00 A.M.

For details logon to https://highcourtchd.gov.in/?trs=district notice&district=ropar

Additional Civil Judge (Senior Division), Rupnagar
Dated this day of 23-08-2024

### COURT NOTICE

(U/o 5 Rule 20 CPC)
In the Court of
Sh. Varinder Kumar
Additional Civil Judge (Senior Division), Nabha
CNR No. PBPTB0-000081-2022
Next Date :- 21-09-2024
The Patiala Central Co Oprative Bank Ltd.
Vs.
Balvir Singh

Publication Issued to :
Def-No. 2 Sant Singh, Son : Gurdiyal Singh Village Shahpur,Teh. Nabha, Distt. Patiala
Def No.3- Sucha Singh S/o Gurdev Singh R/o Village Shahpur,Teh. Nabha, Distt. Patiala.

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 21.09.2024 at 10:00 A.M.

For details logon to https://highcourtchd.gov.in/?trs=district_notice&district= Patiala

Additional Civil Judge (Senior Division)
Dated, this day of 20.08.2024

# ਕਲਾਸੀਫਾਈਡ ਇਸ਼ਤਿਹਾਰ

### Change of Name

I, Sharandeep Kaur W/o S. Gurwinder Singh Kalsi R/o 771- Amrit Vihar,Near Verka Milk Plant, Jalandhar -144008 (Punjab), have changed my name from Sharandeep Kaur to Sharan deep Kaur Kalsi. All concerned please note.

I, Ajay Kumar S/o Balwant Rai R/o B-2, 427, Gandhi Camp, Jalandhar, Punjab, India have changed the name of my minor daughter from Niharika to Niharika Bhagat. All concerned please note.

I, Ajay Kumar S/o Balwant Rai R/o B-2/427, Gandhi Nagar, Jalandhar, Punjab, India have changed the name of my minor son from Gitish to Gitish Kumar. All concerned please note.

I, Jaspal Holder of Indian Passport No. T3985803 Issued at ABU DHABI on 17-10-2019 and permanent Resident of Vill Diwali, PO. Jamsher, Jalandhar, Pin-144020, Punjab, India and presently residing at DUBAI UAE do hereby change my name from Jaspal to Jaspal (Given Name) Kardde (Surname) with immediate effect.

I, Asha Rani D/o Ganga Ram W/o Balwinder Singh R/o Village Mehrowal, Dhada, Hoshiarpur, Punjab, 144520 changed my name to Prabhjot Kaur.

I, Partap Singh S/O Nishan Singh, R/o 73, Khanda Kheri, (83), Assandh, Karnal, Haryana- 132039, have changed my name and shall hereafter be Known as Gurpartap Singh.

I, Chamandeep, W/O Pawan Jeet Singh Grewal, R/o G-45, Oriental Villa, Sushant Lok-3, Sector-57, Gurgaon, Sector-56, Haryana-122011. have changed my name and shall hereafter be Known as Mandeep Grewal.

I, Lovepreet S/O Ram Kishan, R/o Vill-Koopur, Po: Adda Kathar, Adampur, Jalandhar, Punjab- 144106, have changed my name and shall hereafter be Known as Lovepreet Jhim.

I, Param Jit Singh Bhatoy S/O Darshan Singh, R/o Village Ghurial, Jalandhar, Punjab- 144106, have changed my name and shall hereafter be Known as Paramjit Singh.

I, Narender Kumar Sh S/O Satyanarayan Bansal, R/o Tower V-403, Jaipuria Sunrise Greens, VIP Road, Zirakpur, SAS Nagar (Mohali) Punjab- 140603, have changed my name and shall hereafter be Known as Narendra Kumar Bansal.

I, Sheena Rani W/o Sh. Ram Lal R/o VPO. Karyam, Tehsil Nawanshahr, Distt. SBS Nagar, Punjab, India have changed my name to Given name as Sheena & Surname as Rani. All concerned please note.

I, Gurjeet Kaur W/o Harmandeep Singh Saggu R/o H.No. 08, Radha Krishan Colony, Batala, Distt. Gurdaspur, Punjab have changed my name from Gurjeet Kaur to Kaur Gurjeet. Given Name as Gurjeet & Surname as Kaur. Concerned Note.

I, Girish Kapoor s/o Dharam Paul Kapoor r/o H.No. WL-294, Basti Guzan, Jalandhar have changed my name to Girish Kumar Kapoor. All Please Note.

I, Mehakdeep Kaur D/o Bharmeet Singh R/o Village Chuhar Chack, PO. Naushehra Majja Singh, Tehsil & Distt. Gurdaspur, Punjab have changed my name from Mehakdeep to Mehakdeep Kaur. Concerned Note.

I, Renu Nischal Babbar w/o Dinesh Babbar r/o 279/6, 66 Feet Road, New Kalgidhar Avenue, Jalandhar have changed my name from Renu Nischal to Renu Nischal Babbar after marriage. All concerned note.

### Change of Name

I, Nirmaljit Kaur Ghusar w/o Balwan Singh r/o Vill. Mushakved Seenpur, Po. Lakhan Kalan, Kapurthala, Punjab have changed my name to Nirmaljit Kaur. All Please Note.

I, Balwan Singh Ghusar s/o Bachan Singh r/o Vill. Mushakved Seenpur, Po. Lakhan Kalan, Kapurthala, Punjab have changed my name to Balwan Singh. All Please Note.

I, Balkaran Singh Ghusar s/o Balwan Singh r/o Vill. Mushakved Seenpur, Po. Lakhan Kalan, Kapurthala, Punjab have changed my name to Balkaran Singh. All Please Note.

I, Dinesh Babbar s/o Bansi Lal Babbar r/o 279/6, 66 Feet Road, New Kalgidhar Avenue, Jalandhar have changed my name from Dinesh Kumar Babbar to Dinesh Babbar. All concerned note.

I, Renu Bala w/o Ramesh Kumar r/o VPO. Sariana, Tehsil Mukerian, Distt. Hoshiarpur-144221 have changed my name to Bala Renu (Surname as Bala). All Please Note.

I, Gurbakhsh Kaur w/o Satnam Singh r/o Vill. Pandori, Musharkati, Po. Badala, Teh. Phillaur, Jalandhar, Punjab-144034 have changed my name to Gurbax Kaur. All Please Note.

I, Charanjot Singh s/o Major Singh r/o Vill. Mahesh Dogar, Po. Pindarori, Distt. Gurdaspur, have changed my name to Singh Charanjot (Surname as Singh). All Please Note.

I, Nachhatar s/o Mahinder Pal R/o Vill. Nauli, Po. Isharwal, Distt. Jalandhar have changed my name to Nachhatar Singh. All Please Note.

I, hitherto known as Kamaljit S/o Chanan R/o Village Daulatpur, Jalandhar, Punjab 144301, have changed my name and shall hereafter be known as Kamaljit Singh Bassi.

I, hitherto known as Usha Raveendran Alias Usha Ravindran D/o Muthuswami Naidu W/o Ravindran Naidu R/o H.No.12, Shivalik Enclave, Garha, Jalandhar, Punjab-144022 have changed my name and shall hereafter be known as Usha Ravindran Naidu.

I, hitherto Known as Jatin S/o Gopal Rai R/o Gali No. 5, Satnam Nagar, Near Chugitti Baypass, Jalandhar-144001, Punjab have changed my name and shall hereafter be known as Jatin Bhagania.

I, hitherto known as Kamaljit S/o Chanan R/o Village Daulatpur, Jalandhar, Punjab 144301, have changed my name and shall hereafter be known as Kamaljit Singh Bassi.

I, hitherto known as Usha Raveendran Alias Usha Ravindran D/o Muthuswami Naidu W/o Ravindran Naidu R/o H.No.12, Shivalik Enclave, Garha, Jalandhar, Punjab-144022 have changed my name and shall hereafter be known as Usha Ravindran Naidu.

I, Sharanjit Kaur W/o Swaran Singh R/o H.No. 56, Lane No. 4, Block A Near Moti Bagh, Ladhewali Road, Jalandhar have changed my name from Sharnjit Kaur to Sharanjit Kaur.

### ਬੇਦਖਲੀ ਨੋਟਿਸ

ਮੈਂ ਕੁਲਵਿੰਦਰ ਸਿੰਘ ਪੁੱਤਰ ਲੇਟ ਇੰਦਰ ਸਿੰਘ ਵਾਸੀ ਮਕਾਨ 565, ਗਲੀ 9, ਨਿਰਮਲ ਸਿੰਘ ਨਗਰ, ਦੁਗਰੀ, ਬਸੰਤ ਐਵਨਿਊ, ਲੁਧਿਆਣਾ 141013, ਬਿਆਨ ਕਰਦਾ ਹਾਂ ਕਿ ਮੇਰੀ ਪਤਨੀ ਕਮਲਜੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸਨੂੰ ਆਪਣੀ ਚਲ ਅਚਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਫੈਸਲੇ ਤੋਂ ਬੇਟਾ ਜਸਪ੍ਰੀਤ ਸਿੰਘ ਅਤੇ ਬੇਟੀ ਪਰਮਜੀਤ ਕੌਰ ਵੀ ਸਹਿਮਤ ਹਨ। ਕਮਜੀਤ ਕੌਰ ਨਾਲ ਹੁਣ ਸਾਡਾ ਸਾਡਾ ਕੋਈ ਸੰਬੰਧ ਨਹੀਂ ਹੈ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਦਾਰ ਹੋਏਗਾ।

ਮੈਂ, ਬਲਵਿੰਦਰ ਸਿੰਘ ਪੁੱਤਰ ਦਾਰਾ ਸਿੰਘ ਵਾਸੀ ਪਿੰਡ ਦਬੁਰਜੀ, ਤਹਿ. ਧਰਮਕੋਟ, ਜ਼ਿਲ੍ਹਾ ਮੋਗਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਵਿਸ਼ਾਲ ਸਿੰਘ (ਸ਼ਾਦੀਸ਼ੁਦਾ) ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਪ੍ਰੀਤਮ ਦਾਸ ਪੁੱਤਰ ਉਜਾਗਰ ਸਿੰਘ ਵਾਸੀ ਗਲੀ ਨੰ: 1, ਵਾਰਡ ਨੰਬਰ 09 ਮੁਹੱਲਾ ਗੋਬਿੰਦ ਨਗਰ ਸ਼ਾਹਕੋਟ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ-144702, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਬਲਜੀਤ ਹਾਲ ਵਾਸੀ ਸੰਯੁਕਤ ਰਾਜ ਅਮਰੀਕਾ ਅਤੇ ਇਧਰ ਇੰਡੀਆ ਵਿਚ ਰਹਿੰਦਾ ਉਸ ਦਾ ਪਰਵਾਰ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਅਤੇ ਮੇਰੇ ਪਰਵਾਰ ਦਾ ਇਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

### ਆਮ ਸੂਚਨਾ

ਟਿਊਬਵੈੱਲ ਕੁਨੈਕਸ਼ਨ, ਜਿਸ ਦਾ ਖਾਤਾ ਨੰਬਰ ਏ ਪੀ - 837 ਹੈ, ਜੋ ਕਿ ਸਰਦਾਰ ਸਵਰਨ ਸਿੰਘ ਵਾਸੀ ਪਿੰਡ ਲੀਲ ਖੁਰਦ, ਡਾਕਖਾਨਾ ਵਡਾਲਾ ਗ੍ਰੰਥੀਆਂ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਦੇ ਨਾਂਅ ਚੱਲ ਰਿਹਾ ਹੈ।ਇਹ ਟਿਊਬਵੈੱਲ ਕੁਨੈਕਸ਼ਨ ਹੁਣ ਕੁਲਦੀਪ ਸਿੰਘ ਪੁੱਤਰ ਸੁਲੱਖਣ ਸਿੰਘ ਵਾਸੀ ਪਿੰਡ ਦੁਨੀਆਂ ਸੰਧੂ, ਡਾਕਖਾਨਾ ਵਡਾਲਾ ਗ੍ਰੰਥੀਆਂ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਦੇ ਨਾਂਅ ਤਬਦੀਲ ਹੋਣ ਜਾ ਰਿਹਾ ਹੈ। ਜੇਕਰ ਕਿਸੇ ਨੂੰ ਇਤਰਾਜ਼ ਹੋਵੇ ਤਾਂ 15 ਦਿਨਾਂ ਦੇ ਅੰਦਰ ਸਬ-ਡਵੀਜ਼ਨ ਦਫ਼ਤਰ ਪੰਜਗਰਾਈਂ ਵਿਖੇ ਪੇਸ਼ ਕੀਤਾ ਜਾਵੇ।

ਟਿਊਬਵੈੱਲ ਕੁਨੈਕਸ਼ਨ, ਜਿਸ ਦਾ ਖਾਤਾ ਨੰਬਰ ਏ ਪੀ -569 ਹੈ, ਜੋ ਕਿ ਹਰਬੰਸ ਸਿੰਘ ਵਾਸੀ ਪਿੰਡ ਦੁਨੀਆਂ ਸੰਧੂ, ਡਾਕਖਾਨਾ ਵਡਾਲਾ ਗ੍ਰੰਥੀਆਂ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਦੇ ਨਾਂਅ ਚੱਲ ਰਿਹਾ ਹੈ। ਇਹ ਟਿਊਬਵੈੱਲ ਕੁਨੈਕਸ਼ਨ ਹੁਣ ਸੁਲੱਖਣ ਸਿੰਘ ਪੁੱਤਰ ਹਰਬੰਸ ਸਿੰਘ ਵਾਸੀ ਪਿੰਡ ਦੁਨੀਆਂ ਸੰਧੂ, ਡਾਕਖਾਨਾ ਵਡਾਲਾ ਗ੍ਰੰਥੀਆਂ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਦੇ ਨਾਂਅ ਤਬਦੀਲ ਹੋਣ ਜਾ ਰਿਹਾ ਹੈ। ਜੇਕਰ ਕਿਸੇ ਨੂੰ ਇਤਰਾਜ਼ ਹੋਵੇ ਤਾਂ 15 ਦਿਨਾਂ ਦੇ ਅੰਦਰ ਸਬ-ਡਵੀਜ਼ਨ ਦਫ਼ਤਰ ਪੰਜਗਰਾਈਂ ਵਿਖੇ ਪੇਸ਼ ਕੀਤਾ ਜਾਵੇ।

ਖਾਤਾ ਨੰ. AP210181A. ਪ੍ਰੀਤਮ ਸਿੰਘ ਪੁੱਤਰ ਚੰਨਣ ਸਿੰਘ ਵਾਸੀ ਸਮਰਾਏ ਟਿਊਬਵੈੱਲ ਕੁਨੈਕਸ਼ਨ ਉਪ ਮੰਡਲ ਸਮਰਾਏ PSPCL ਵਿਖੇ ਚੱਲ- ਰਿਹਾ ਹੈ। ਇਹ ਕੁਨੈਕਸ਼ਨ ਜਸਵੀਰ ਕੌਰ ਪਤਨੀ ਕੁਲਦੀਪ ਦੇ ਨਾਮ ਤੇ ਤਬਦੀਲ ਕੀਤਾ ਜਾ ਰਿਹਾ ਹੈ, ਜੋ ਕਿਸੇ ਨੂੰ ਇਸ ਸੰਬੰਧੀ ਇਤਰਾਜ਼ ਹੋਵੇ ਤਾਂ ਲਿਖਤੀ ਰੂਪ ਵਿੱਚ PSPCL ਸਮਰਾਏ ਉਪ ਮੰਡਲ ਨੂੰ 30 ਦਿਨਾਂ ਵਿੱਚ ਦੇਵੇ।

### Public Notice

I, Yuvraj Singh S/o Sodhi Ram VPO Alawalpur, Distt. Jalandhar declare that my correct date of birth is 13.12.2002 but in my 10th pass Certificate it is mentioned as is 30.12.2003, which is incorrect. Please note it.

It is for general information that I, Ruby Seth alias Anju Gupta alias Anju Khetarpal alias Ruby daughter of Muni Lal Ex wife of Rajesh Seth R/o H.No. N.J.430, Moh. Piple Wali Gali, Mai Hiran Gate, Jalandhar declare that I got divorce from my husband vide court decree No.5434 dated 13/02/2014 Further I remarried with Ajay Khetarpal S/o Madan Lal vide marriage certificate No GSR/GSP/2024/62372051 dated 14 JUN 2024 further I have changed my name and shall hereafter be known as Anju Kheterpal. It is certified that I have complied with other legal requirements in this connection.


### ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਪੇਂਡੂ ਮਜ਼ਦੂਰ ਯੂਨੀਅਨ ਵੱਲੋਂ 28 ਨੂੰ ਬਲਾਕ ਪੱਧਰੀ ਧਰਨਾ ਪ੍ਰਦਰਸ਼ਨ



ਜਲੰਧਰ (ਰਾਜੇਸ਼ ਥਾਪਾ) ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਵੱਲੋਂ ਪਿੰਡ ਪੁਵਾਰਾਂ ਦੇ ਗੰਦੇ ਪਾਣੀ ਦੇ ਨਿਕਾਸੀ ਛੱਪੜ ਨੂੰ ਜੰਮੂ-ਕੱਟੜਾ ਹਾਈਵੇ ਅਥਾਰਟੀ ਵੱਲੋਂ ਪੂਰਨ ਦੇ ਖਿਲਾਫ਼ ਅਤੇ ਬਦਲਵੇਂ ਛੱਪੜ ਦੇ ਪ੍ਰਬੰਧ ਲਈ ਹਾਈਵੇ ਦਾ ਕੰਮ ਬੰਦ ਕਰਕੇ ਮੋਰਚਾ ਸ਼ੁਰੂ ਕਰਨਾ ਪਿਆ।ਯੂਨੀਅਨ ਵਲੋਂ ਮਜ਼ਦੂਰਾਂ ਦੀਆਂ ਬੁਨਿਆਦੀ ਸਮੱਸਿਆਵਾਂ ਦੇ ਹੱਲ ਅਤੇ ਬਦਲਵੇਂ ਛੱਪੜ ਦੇ ਪ੍ਰਬੰਧ ਲਈ 28 ਅਗਸਤ ਨੂੰ ਸਥਾਨਕ ਸਰਕਾਰਾਂ ਬਾਰੇ ਮੰਤਰੀ ਬਲਕਾਰ ਸਿੰਘ ਦੇ ਘਰ ਅਤੇ ਬਲਾਕ ਦਫ਼ਤਰ ਅੱਗੇ ਧਰਨਾ ਪ੍ਰਦਰਸ਼ਨ ਕਰਨ ਦਾ ਐਲਾਨ ਕੀਤਾ ਹੈ।ਜਿਸ ਦੇ ਚਲਦਿਆਂ ਬੀ ਡੀ ਪੀ ਓ ਜਲੰਧਰ ਪੱਛਮੀ ਸੇਵਾ ਸਿੰਘ ਨੂੰ ਆਪਣੇ ਅਮਲੇ-ਫ਼ੈਲੇ ਨਾਲ ਮੋਰਚਾ ਸਥਾਨ ਉੱਪਰ ਪੁੱਜ ਕੇ ਧਰਨਾਕਾਰੀਆਂ ਦੀ ਗੱਲ ਸੁਣਨੀ ਪਈ ਅਤੇ ਉਹਨਾਂ ਨੇ ਪੰਚਾਇਤ ਦੀਆਂ ਵੱਖ ਵੱਖ ਥਾਵਾਂ ਉੱਪਰ ਪਈਆਂ ਜ਼ਮੀਨਾਂ ਦਾ ਮੌਕਾ ਦੇਖਿਆ ਅਤੇ ਜਲਦੀ ਹੀ ਗੰਦੇ ਪਾਣੀ ਦੇ ਨਿਕਾਸ ਲਈ ਬਦਲਵੇਂ ਛੱਪੜ ਦਾ ਪ੍ਰਬੰਧ ਕਰਕੇ ਦੇਣ ਦਾ ਭਰੋਸਾ ਦਿੱਤਾ। ਇਸ ਮੌਕੇ ਯੂਨੀਅਨ ਦੇ ਸਥਾਨਕ ਆਗੂਆਂ ਸੁਖਜਿੰਦਰ ਸਿੰਘ ਸੁੱਖਾ ਅਤੇ ਸੁਖਬੀਰ ਸੁੱਖਾ ਨੇ ਦੱਸਿਆ ਕਿ ਜੰਮੂ ਕੱਟੜਾ ਹਾਈਵੇ ਅਥਾਰਟੀ ਵੱਲੋਂ ਪਿੰਡ ਪੁਵਾਰਾਂ ਦਾ ਛੱਪੜ ਅਕੁਆਇਰ ਕੀਤਾ ਗਿਆ।ਪਿੰਡ ਦੀ ਪੰਚਾਇਤ ਅਤੇ ਨਾ ਹੀ ਵਿਭਾਗ ਨੇ ਗੰਦੇ ਪਾਣੀ ਦੇ ਨਿਕਾਸ ਲਈ ਬਦਲਵੇਂ ਛੱਪੜ ਦਾ ਪ੍ਰਬੰਧ ਨਹੀਂ ਕੀਤਾ। ਇਸ ਮੌਕੇ ਧਰਨਾਕਾਰੀਆਂ ਨੇ ਐਲਾਨ ਕੀਤਾ ਕਿ ਜਿੰਨੀ ਦੇਰ ਗੰਦੇ ਪਾਣੀ ਦੇ ਨਿਕਾਸ ਲਈ ਬਦਲਵੇਂ ਛੱਪੜ ਦਾ ਪ੍ਰਬੰਧ ਕਰਨ ਲਈ ਕੋਈ ਕਾਰਵਾਈ ਸ਼ੁਰੂ ਨਹੀਂ ਕੀਤੀ ਜਾਂਦੀ ਓਨੀ ਦੇਰ ਉਹਨਾਂ ਵੱਲੋਂ ਲਗਾਇਆ ਹੋਇਆ ਮੋਰਚਾ ਨਿਰੰਤਰ ਜਾਰੀ ਰਹੇਗਾ।

ਇਸ ਮੌਕੇ ਯੂਨੀਅਨ ਦੇ ਸਥਾਨਕ ਆਗੂ ਵਰਕਰ ਪਰਮਜੀਤ ਪੰਮੀ, ਤੇਜ ਪਾਲ, ਸਵਰਨ ਸਿੰਘ, ਮੰਗਤ ਰਾਮ, ਬਲਜਿੰਦਰ ਕੌਰ, ਬਲਜੀਤ ਕੌਰ, ਪਰਮਜੀਤ ,ਸੁਰਜੀਤ ਕੌਰ, ਜਸਵਿੰਦਰ ਕੌਰ ਤੋਂ ਇਲਾਵਾ ਯੂਨੀਅਨ ਦੇ ਸੂਬਾ ਪ੍ਰੈੱਸ ਸਕੱਤਰ ਕਸ਼ਮੀਰ ਸਿੰਘ ਘੁੱਗਸ਼ੋਰ ਵੀ ਹਾਜ਼ਰ ਸਨ।

# ਕੋਟ ਫ਼ਤੂਹੀ ਗਾਈਡੈਂਸ ਕੌਂਸਲਿੰਗ ਦਾ ਕੰਪਿਊਟਰ ਟਾਈਪਿੰਗ ਟੈਸਟ



ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)- ਸਿੱਖਿਆ ਵਿਭਾਗ ਦੀਆਂ ਹਦਾਇਤਾਂ ਅਤੇ ਦਿਸ਼ਾ ਨਿਰਦੇਸ਼ਾਂ ਮੁਤਾਬਕ ਕੋਟ ਫ਼ਤੂਹੀ ਬਲਾਕ ਦੇ ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿਖੇ ਪੜ੍ਹਦੇ ਵਿਦਿਆਰਥੀਆਂ ਦਾ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿਸ਼ੇ ਦਾ ਕੰਪਿਊਟਰ ਟਾਈਪਿੰਗ ਟੈਸਟ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਜਨੋਹਾ ਵਿਖੇ ਪ੍ਰਿੰਸੀਪਲ ਹਰਮਨੋਜ ਕੁਮਾਰ ਅਤੇ ਬਲਾਕ ਗਾਈਡੈਂਸ ਅਧਿਆਪਕ ਧਰਮਵੀਰ ਸਿੰਘ ਦੀ ਅਗਵਾਈ ਵਿੱਚ ਹੋਇਆ।ਇਸ ਮੁਕਾਬਲੇ ਵਿੱਚ ਕੋਟ ਫ਼ਤੂਹੀ ਬਲਾਕ ਦੇ ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ। ਪੰਜਾਬੀ ਵਿਸ਼ੇ ਦੀ ਟਾਈਪਿੰਗ ਵਿੱਚ ਪਹਿਲਾ ਸਥਾਨ ਮਨਿੰਦਰ ਕੌਰ ਸਰਕਾਰੀ ਹਾਈ ਸਕੂਲ ਢਾਡਾ ਕਲਾਂ, ਅਭਿਲਾਸ਼ਾ ਸਰਕਾਰੀ ਹਾਈ ਸਕੂਲ ਪੰਜੌੜਾ ਨੇ ਦੂਜਾ ਅਤੇ ਤੀਜਾ ਸਥਾਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੋਟ ਫਤੂਹੀ ਤੋਂ ਮਨੀਸ਼ਾ ਨੇ ਪ੍ਰਾਪਤ ਕੀਤਾ। ਹਿੰਦੀ ਵਿਸ਼ੇ ਦੇ ਟਾਈਪਿੰਗ ਟੈਸਟ ਵਿੱਚ ਪਹਿਲਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭੁੰਗਰਨੀ ਦੀ ਵਿਦਿਆਰਥਣ ਸਿਮਰਨਜੋਤ ਕੌਰ, ਦੂਜਾ ਸਥਾਨ ਸਰਕਾਰੀ ਹਾਈ ਸਕੂਲ ਹਾਰਟਾ ਤੋਂ ਜਸਪ੍ਰੀਤ ਸਿੰਘ ਅਤੇ ਤੀਜਾ ਸਥਾਨ ਮਨਰਾਜ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੋਟ ਫ਼ਤੂਹੀ ਨੇ ਪ੍ਰਾਪਤ ਕੀਤਾ। ਅੰਗਰੇਜ਼ੀ ਵਿਸ਼ੇ ਦੇ ਟਾਈਪਿੰਗ ਟੈਸਟ ਵਿੱਚ ਪਹਿਲਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਹਿਰਾਣਾ ਕਲਾਂ ਦੀ ਵਿਦਿਆਰਥਣ ਲਵਪ੍ਰੀਤ ਕੌਰ, ਦੂਜਾ ਅਮਨਿੰਦਰ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਜਨੋਹਾ ਅਤੇ ਤੀਜਾ ਸਥਾਨ ਤਰੀਸ਼ਾ ਸਰਕਾਰੀ ਹਾਈ ਸਕੂਲ ਢਾਡਾ ਕਲਾਂ ਨੇ ਪ੍ਰਾਪਤ ਕੀਤਾ।ਪਹਿਲੀਆਂ ਪੁਜੀਸ਼ਨਾਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਜਨੋਹਾ ਦੇ ਪ੍ਰਿੰਸੀਪਲ ਹਰਮਨੋਜ ਕੁਮਾਰ ਵਲੋਂ ਇਨਾਮ ਦਿੱਤੇ ਗਏ। ਕੰਪਿਊਟਰ ਟਾਈਪਿੰਗ ਟੈਸਟ ਅਮਨਜੀਤ ਕੌਰ, ਦੀਪਕ ਕੁਮਾਰ, ਜਸਪ੍ਰੀਤ ਕੌਰ ਅਤੇ ਜਤਿੰਦਰ ਕੌਰ ਵਲੋਂ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਿਆ ਗਿਆ।

# ਕਮਜ਼ੋਰ ਵਿਦਿਆਰਥੀਆਂ ਲਈ ਵਰਦਾਨ ਸਾਬਤ ਹੋਵੇਗਾ ਮਾਡਲ ਕੋਚਿੰਗ ਸੈਂਟਰ : ਜਿੰਪਾ

ਹੁਸ਼ਿਆਰਪੁਰ (ਬਲਵੀਰ ਸੈਣੀ) ਕੈਬਨਿਟ ਮੰਤਰੀ ਪੰਜਾਬ ਬ੍ਰਮ ਸ਼ੰਕਰ ਜਿੰਪਾ ਨੇ ਹੁਸ਼ਿਆਰਪੁਰ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਅੱਜੋਵਾਲ (ਨੇੜੇ ਵੇਰਕਾ ਮਿਲਕ ਪਲਾਂਟ) ਵਿਖੇ ਜ਼ਿਲ੍ਹੇ ਦੇ ਪਹਿਲੇ ਮਾਡਲ ਕੋਚਿੰਗ ਸੈਂਟਰ ਦਾ ਉਦਘਾਟਨ ਕੀਤਾ।ਇਸ ਕੋਚਿੰਗ ਸੈਂਟਰ ਦੀ ਸਥਾਪਨਾ ਬਾਲ ਕਲਿਆਣ ਕਾਊਂਸਲ ਅਤੇ ਜ਼ਿਲ੍ਹਾ ਰੈਡ ਕਰਾਸ ਸੁਸਾਇਟੀ ਹੁਸ਼ਿਆਰਪੁਰ ਦੁਆਰਾ ਕੀਤੀ ਗਈ ਹੈ, ਜਿਸ 'ਚ ਸੋਨਾਲੀਕਾ ਡਿਵੈਲਪਮੈਂਟ ਸੁਸਾਇਟੀ ਦਾ ਵਿਸ਼ੇਸ਼ ਯੋਗਦਾਨ ਹੈ।ਇਸ ਮੌਕੇ ਉਨ੍ਹਾਂ ਨਾਲ ਡਿਪਟੀ ਕਮਿਸ਼ਨਰ ਕੋਮਲ ਮਿੱਤਲ, ਮੇਅਰ ਸੁਰਿੰਦਰ ਕੁਮਾਰ, ਐਸ ਡੀ ਐਮ ਸੰਜੀਵ ਸ਼ਰਮਾ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਡਿਪਟੀ ਮੇਅਰ ਰਣਜੀਤ ਚੌਧਰੀ ਅਤੇ ਰੈਡ ਕਰਾਸ ਸੁਸਾਇਟੀ ਦੇ ਸਕੱਤਰ ਮੰਗੇਸ਼ ਸੂਦ ਵੀ ਮੌਜੂਦ ਸਨ।ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਇਹ ਕੋਚਿੰਗ ਸੈਂਟਰ ਸਲੱਮ ਅਤੇ ਆਰਥਿਕ ਰੂਪ ਤੋਂ ਕਮਜ਼ੋਰ ਵਰਗ ਦੇ ਵਿਦਿਆਰਥੀਆਂ ਲਈ ਇਕ ਮਹੱਤਵਪੂਰਨ ਪਹਿਲ ਹੈ। ਇਥੇ ਗਿਆਰਵੀਂ ਅਤੇ ਬਾਹਰਵੀਂ ਕਲਾਸ ਦੇ ਮੈਡੀਕਲ ਅਤੇ ਨਾਨ-ਮੈਡੀਕਲ ਸਟਰੀਮ ਦੇ ਵਿਦਿਆਰਥੀਆਂ ਲਈ ਮੁਫ਼ਤ ਕੋਚਿੰਗ ਦਿੱਤੀ ਜਾਵੇਗੀ। ਕੈਬਨਿਟ ਮੰਤਰੀ ਨੇ ਸੋਨਾਲੀਕਾ ਉਦਯੋਗ ਦਾ ਇਸ ਪ੍ਰੋਜੈਕਟ 'ਚ ਸਹਿਯੋਗ ਲਈ ਵਿਸ਼ੇਸ਼ ਰੂਪ ਵਿੱਚ ਧੰਨਵਾਦ ਪ੍ਰਗਟ ਕੀਤਾ। ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ) ਲਲਿਤਾ ਅਰੋੜਾ, ਸੋਨਾਲੀਕਾ ਦੇ ਸੀਨੀਅਰ ਵੀ ਪੀ ਸੀ ਐਸ ਆਰ ਜਗਜੀਤ ਸਿੰਘ ਚੌਹਾਨ, ਸੋਨਾਲੀਕਾ ਦੇ ਡੀ ਜੀ ਐਮ ਲੀਗਲ ਅਤੇ ਪੀ ਆਰ ਰਜਨੀਸ਼ ਸੰਦਲ, ਇੰਚਾਰਜ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅੱਜੋਵਾਲ ਸ਼ਰਨਜੀਤ ਕੌਰ, ਲੈਕਚਰਾਰ ਸੰਦੀਪ ਸੂਦ, ਬਹਾਦਰ ਸਿੰਘ ਸੁਨੇਤ, ਸੁਮਨ ਬਹਿਲ, ਕਮਲਜੀਤ ਬਹਿਲ ਅਤੇ ਰੈਡ ਕਰਾਸ ਸੋਸਾਇਟੀ ਦੇ ਮੈਂਬਰ ਰਾਜੀਵ ਬਜਾਜ, ਵਿਨੋਦ ਓਹਰੀ, ਸਨੇਹ ਜੈਨ, ਕੁਮਕੁਮ ਸੂਦ ਅਤੇ ਹੋਰ ਸਟਾਫ਼ ਮੈਂਬਰ ਵੀ ਮੌਜੂਦ ਸਨ।

# ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਨੇ ਪੰਜਾਬ ਸਰਕਾਰ ਦੀ ਅਰਥੀ ਫੂਕੀ

ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)-ਮੁੱਖ ਮੰਤਰੀ ਪੰਜਾਬ ਵਲੋਂ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਨਾਲ ਮੀਟਿੰਗ ਕਰਨ ਦੇ ਦਿੱਤੇ ਸਮੇਂ ਨੂੰ 7ਵੀਂ ਵਾਲ ਮੁਲਤਵੀ ਕਰਨ 'ਤੇ ਰੋਹ ਵਿੱਚ ਆਏ ਮੁਲਾਜ਼ਮ ਅਤੇ ਪੈਨਸ਼ਨਰ ਆਗੂਆਂ ਅਤੇ ਵਰਕਰਾਂ ਨੇ ਡਿਪਟੀ ਕਮਿਸ਼ਨਰ ਦਫਤਰ ਨਵਾਂਸ਼ਹਿਰ ਸਾਹਮਣੇ ਜੀਤ ਲਾਲ ਗੋਹਲੜੋਂ, ਨਰਿੰਦਰ ਕੁਮਾਰ ਮਹਿਤਾ, ਮੋਹਣ ਸਿੰਘ ਪੂਨੀਆਂ, ਸੁਰਿੰਦਰ ਸਿੰਘ ਸੋਇਤਾ, ਗੁਲਸ਼ਨ ਕੁਮਾਰ ਦੀ ਅਗਵਾਈ ਵਿੱਚ ਮੁੜ ਪੰਜਾਬ ਸਰਕਾਰ ਦੀ ਅਰਥੀ ਫੂਕ ਕੇ, ਜ਼ੋਰਦਾਰ ਨਾਅਰੇਬਾਜ਼ੀ ਕਰਦੇ ਹੋਏ ਰੋਸ ਪ੍ਰਦਰਸ਼ਨ ਕੀਤਾ। ਇਸ ਮੌਕੇ ਰੋਸ ਰੈਲੀ ਨੂੰ ਸੰਬੋਧਨ ਕਰਦਿਆਂ ਸੋਮ ਲਾਲ, ਰਾਮ ਪਾਲ, ਸੋਮ ਨਾਥ ਤੱਕਲਾ, ਭਲਵਿੰਦਰ ਪਾਲ, ਦਵਿੰਦਰ ਥਾਂਦੀ, ਅਸ਼ੋਕ ਕੁਮਾਰ, ਮਦਨ ਲਾਲ, ਗੁਰਦੀਸ਼ ਸਿੰਘ, ਸ਼ੰਭੂ ਨਰਾਇਣ ਨੇ ਸੰਬੋਧਨ ਕੀਤਾ। ਇਸ ਸਮੇਂ ਹੋਰਨਾਂ ਤੋਂ ਇਲਾਵਾ ਜੋਗਾ ਸਿੰਘ, ਗੁਰਦਿਆਲ ਸਿੰਘ, ਦੇਸ ਰਾਜ ਬੱਜੋਂ, ਸੋਹਣ ਸਿੰਘ, ਹਰਭਜਨ ਸਿੰਘ ਭਾਵੜਾ, ਰੇਸ਼ਮ ਲਾਲ, ਸੁੱਚਾ ਰਾਮ, ਹਰਦਿਆਲ ਸਿੰਘ, ਹਰਬੰਸ ਸਿੰਘ, ਦਰਸ਼ਨ ਦੇਵ, ਨਸੀਬ ਚੰਦ ਮਹਿੰਗਾ ਰਾਮ, ਨਰਿੰਦਰ ਸਿੰਘ, ਮਨੋਹਰ ਲਾਲ, ਹਰਮੇਸ਼ ਲਾਲ, ਭਾਗ ਸਿੰਘ, ਕੇਵਲ ਰਾਮ, ਰਜਿੰਦਰ ਸਿੰਘ, ਅਵਤਾਰ ਸਿੰਘ, ਸੰਤੋਖ ਸਿੰਘ, ਜਰਨੈਲ ਸਿੰਘ ਕੰਗ, ਅਵਤਾਰ ਸਿੰਘ, ਜਗਦੀਸ਼ ਰਾਮ, ਸੁਰਿੰਦਰ ਸਿੰਘ ਆਦਿ ਵੀ ਹਾਜ਼ਰ ਸਨ।

## ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਮਹਾਂਉਸਵ ਅੱਜ

ਫਗਵਾੜਾ (ਡਾ. ਰਮਨ)-ਸ੍ਰੀ ਨਾਗੇਸ਼ਵਰ ਗੂਗਾ ਜੀ ਮੰਦਰ ਸਤਨਾਮਪੁਰਾ ਵਿਖੇ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਮਹਾਂਉਤਸਵ ਬੜੀ ਸ਼ਰਧਾ ਅਤੇ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ। ਇਸ ਸੰਬੰਧੀ ਮੰਦਰ ਕਮੇਟੀ ਦੇ ਪ੍ਰਧਾਨ ਭਜਨ ਭਾਤੀ ਅਤੇ ਪੰਡਿਤ ਦਲੇਰ ਸ਼ਰਮਾ ਨੇ ਦੱਸਿਆ ਕਿ 26 ਅਗਸਤ ਨੂੰ ਮੰਦਰ ਵਿਖੇ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਮਹਾਂਉਤਸਵ ਮਨਾਇਆ ਜਾਵੇਗਾ ਜਿਸ ਵਿੱਚ ਕ੍ਰਿਸ਼ਨ ਭਗਵਾਨ ਦੀਆ ਲੀਲਾਵਾਂ ਦਾ ਵਰਨਣ ਕੀਤਾ ਜਾਵੇਗਾ। ਇਸ ਮੌਕੇ ਲੰਗਰ ਵੀ ਲਗਾਇਆ ਜਾਵੇਗਾ। ਇਸ ਮੌਕੇ ਸੁਨੀਲ ਪਾਬਲਾ, ਜੀਵਨ ਸੰਘਾ, ਅਮਰਜੀਤ ਸੈਣੀ, ਮੁਕੇਸ਼ ਕੁਮਾਰ ਰੇਖੀ, ਸੋਨਾ, ਸੋਨੀ, ਰਾਜ ਕੁਮਾਰ , ਵੈਦ ਪ੍ਰਕਾਸ਼ ਤਨੇਜਾ ਆਦਿ ਮੌਜੂਦ ਸਨ।

## 'ਇਕ ਪੇੜ ਮਾਂ ਕੇ ਨਾਮ' ਮੁਹਿੰਮ ਤਹਿਤ ਦਫ਼ਤਰ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਵਿਖੇ 21 ਬੂਟੇ ਲਾਏ

ਜਲੰਧਰ (ਸੁਰਿੰਦਰ ਕੁਮਾਰ)- ਸਥਾਨਕ ਜਲੰਧਰ 'ਚ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਨਿਰਦੇਸ਼ਾਂ ਅਨੁਸਾਰ 'ਇਕ ਪੇੜ ਮਾਂ ਕੇ ਨਾਮ' ਮੁਹਿੰਮ ਤਹਿਤ ਅੱਜ ਇਥੇ ਗਾਂਧੀ ਵਨਿਤਾ ਆਸ਼ਰਮ ਸਥਿਤ ਦਫ਼ਤਰ, ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਦੇ ਕੰਪਲੈਕਸ ਵਿੱਚ 21 ਬੂਟੇ ਲਗਾਏ ਗਏ।ਇਸ ਮੌਕੇ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਮਨਜਿੰਦਰ ਸਿੰਘ ਨੇ ਲੋਕਾਂ ਨੂੰ ਵਾਤਾਵਰਣ ਦੀ ਸੰਭਾਲ ਲਈ ਅੱਗੇ ਆਉਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਵੱਧ ਤੋਂ ਵੱਧ ਰੁਖ ਲਾ ਕੇ ਚੌਗਿਰਦੇ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਹਰੇਕ ਵਿਅਕਤੀ ਨੂੰ ਆਪਣੀ ਮਾਂ ਦੇ ਸਨਮਾਨ ਵਿੱਚ ਇਕ-ਇਕ ਬੂਟਾ ਜ਼ਰੂਰ ਲਾਉਣਾ ਚਾਹੀਦਾ ਹੈ ਅਤੇ ਪੂਰੀ ਤਰ੍ਹਾਂ ਵਿਕਸਿਤ ਹੋਣ ਤੱਕ ਉਸ ਦੀ ਦੇਖਭਾਲ ਵੀ ਕਰਨੀ ਚਾਹੀਦੀ ਹੈ।ਇਸ ਮੌਕੇ ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਅਜੈ ਭਾਰਤੀ, ਲੀਗਲ-ਕਮ-ਪ੍ਰੋਬੇਸ਼ਨ ਅਫ਼ਸਰ ਸੰਦੀਪ ਕੁਮਾਰ, ਸੁਪਰਡੈਂਟ ਗਗਨਦੀਪ, ਜ਼ਿਲ੍ਹਾ ਕੋਆਡੀਨੇਟਰ ਪੋਸ਼ਣ ਅਭਿਆਨ ਨਿਧੀ, ਗੁਰਜੀਤ ਸਿੰਘ, ਪੰਕਜ ਸ਼ਰਮਾ, ਅਮਨੀਤ ਕੌਰ, ਲਲਿਤਾ ਮਿਸ਼ਨ ਮਹਿਲਾ ਸਸ਼ਕਤੀਕਰਨ, ਵਿਸ਼ਾਲ ਦੱਤ, ਅੰਜੂ ਬਾਲਾ, ਪੰਕਜ, ਸਰੋਜ ਰਾਣੀ ਆਦਿ ਵੀ ਮੌਜੂਦ ਸਨ।

## ਡਿਪਟੀ ਕਮਿਸ਼ਨਰ ਵੱਲੋਂ ਕੈਂਸਰ ਜਾਗਰੂਕਤਾ ਵੈਨ ਰਵਾਨਾ

ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਰੋਟਰੀ ਜਲੰਧਰ ਵੈਸਟ ਦੇ ਸਹਿਯੋਗ ਨਾਲ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਮਹਿਲਾ ਕਰਮਚਾਰੀਆਂ ਅਤੇ ਉਨ੍ਹਾਂ ਦੇ ਪਰਵਾਰ ਦੀਆਂ ਮਹਿਲਾ ਮੈਂਬਰਾਂ ਲਈ ਵਿਸ਼ੇਸ਼ ਕੈਂਸਰ ਜਾਗਰੂਕਤਾ ਅਤੇ ਚੈੱਕਅਪ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ।ਇਸ ਪਹਿਲਕਦਮੀ ਸ਼ਲਾਘਾ ਕਰਦਿਆਂ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਆਪਣੇ ਸਟਾਫ਼ ਦੀਆਂ ਸਮੂਹ ਮਹਿਲਾ ਮੈਂਬਰਾਂ ਨੂੰ ਇਸ ਉਪਰਾਲੇ ਦਾ ਲਾਭ ਉਠਾਉਣ ਦਾ ਸੱਦਾ ਦਿੱਤਾ।ਡਿਪਟੀ ਕਮਿਸ਼ਨਰ ਵੱਲੋਂ ਇਸ ਮੌਕੇ ਕੈਂਸਰ ਜਾਗਰੂਕਤਾ ਵੈਨ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ, ਜੋ ਕਿ ਮੈਮੋਗ੍ਰਾਫੀ ਅਤੇ ਹੋਰ ਸਬੰਧਤ ਟੈਸਟ ਕਰਨ ਲਈ ਪੂਰੀ ਤਰ੍ਹਾਂ ਲੈਸ ਹੈ।ਕਲੱਬ ਦੇ ਸਲਾਹਕਾਰ ਡਾ.ਐਸ.ਪੀ.ਐਸ. ਗਰੋਵਰ ਨੇ ਦੋ ਮਹੀਨਿਆਂ ਲਈ ਹਰ ਦੂਜੇ ਸ਼ਨੀਵਾਰ ਮਹਿਲਾ ਕਰਮਚਾਰੀਆਂ ਅਤੇ ਉਨ੍ਹਾਂ ਦੇ ਪਰਵਾਰ ਦੀਆਂ ਮਹਿਲਾ ਮੈਂਬਰਾਂ ਦੀ ਮੁਫ਼ਤ ਮੈਮੋਗ੍ਰਾਫੀ ਕਰਵਾਉਣ ਦਾ ਐਲਾਨ ਕੀਤਾ।

## ਸ਼ਤਾਬਦੀ ਸਮਾਗਮਾਂ 'ਚ ਲੱਖਾਂ ਸੰਗਤਾਂ ਸ਼ਾਮਲ ਹੋਣਗੀਆਂ : ਰਿਆੜ, ਬੱਚੀਵਿੰਡ

ਸੁਲਤਾਨਪੁਰ ਲੋਧੀ, (ਬਲਵਿੰਦਰ ਸਿੰਘ ਧਾਲੀਵਾਲ) ਸ੍ਰੀ ਗੋਇੰਦਵਾਲ ਸਾਹਿਬ ਵਿਖੇ ਧੰਨ-ਧੰਨ ਸ੍ਰੀ ਗੁਰੂ ਅਮਰਦਾਸ ਦੇ ਜੋਤੀ ਜੋਤਿ ਦਿਵਸ ਅਤੇ ਧੰਨ-ਧੰਨ ਸ੍ਰੀ ਗੁਰੂ ਰਾਮਦਾਸ ਦੇ ਗੁਰਗੱਦੀ ਦਿਵਸ ਦੀ 450 ਸਾਲਾ ਸ਼ਤਾਬਦੀ ਦੀਆਂ ਤਿਆਰੀਆਂ ਜੰਗੀ ਪੱਧਰ 'ਤੇ ਜਾਰੀ ਹਨ।ਇਹ ਜਾਣਕਾਰੀ ਇੱਥੇ ਇਤਿਹਾਸਕ ਗੁਰਦੁਆਰਾ ਸ੍ਰੀ ਬੇਰ ਸਾਹਿਬ ਸੁਲਤਾਨਪੁਰ ਲੋਧੀ ਦੇ ਮੈਨੇਜਰ ਭਾਈ ਗੁਰਬਖਸ਼ ਸਿੰਘ ਬੱਚੀਵਿੰਡ ਨੂੰ ਸੱਦਾ ਪੱਤਰ ਦੇਣ ਉਪਰੰਤ ਸ੍ਰੀ ਗੋਇੰਦਵਾਲ ਸਾਹਿਬ ਸ਼ਤਾਬਦੀ ਸਮਾਗਮਾਂ ਦੇ ਪ੍ਰਬੰਧਾਂ ਦੇ ਇੰਚਾਰਜ ਸਤਨਾਮ ਸਿੰਘ ਰਿਆੜ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ 15 ਸਤੰਬਰ ਤੋਂ 18 ਸਤੰਬਰ ਤੱਕ ਸ਼ਤਾਬਦੀ ਸਮਾਗਮ ਮਨਾਏ ਜਾ ਰਹੇ ਹਨ।ਉਨ੍ਹਾਂ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਸਥਾਨ ਗੁਰਦੁਆਰਾ ਸ੍ਰੀ ਬੇਰ ਸਾਹਿਬ ਦੇ ਮੈਨੇਜਰ ਬੱਚੀਵਿੰਡ ਤੇ ਹੋਰ ਸਮੂਹ ਸਟਾਫ ਤੇ ਗੁਰੂ ਨਾਨਕ ਨਗਰੀ ਸੁਲਤਾਨਪੁਰ ਲੋਧੀ ਦੀਆਂ ਸੰਗਤਾਂ ਨੂੰ ਸਮਾਗਮਾਂ ਵਿਚ ਹਾਜ਼ਰੀ ਭਰਨ ਦੀ ਬੇਨਤੀ ਕਰਦੇ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡ. ਹਰਜਿੰਦਰ ਸਿੰਘ ਧਾਮੀ ਦੀ ਅਗਵਾਈ 'ਚ ਸਮੂਹ ਸਿੱਖ ਜਥੇਬੰਦੀਆਂ ਸਭਾ ਸੋਸਾਇਟੀਆਂ ਵੱਲੋਂ ਬੜੀ ਸ਼ਰਧਾ ਭਾਵਨਾ ਨਾਲ ਤਿਆਰੀਆਂ ਲਈ ਭਰਵਾਂ ਸਹਿਯੋਗ ਦਿੱਤਾ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਸ਼ਤਾਬਦੀ 'ਚ ਗੁਰਦੁਆਰਾ ਬਾਉਲੀ ਸਾਹਿਬ ਗੋਇੰਦਵਾਲ ਸਾਹਿਬ ਵਿਖੇ ਪੰਜ ਲੱਖ ਤੋਂ ਵੱਧ ਸੰਗਤ ਦੇਸ਼ ਵਿਦੇਸ਼ ਤੋਂ ਪੁੱਜਣ ਦੀ ਆਸ ਹੈ।ਜਿਸ ਦੇ ਮੱਦੇਨਜ਼ਰ ਵੱਡੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ।

## ਡਾਕਟਰ ਨਾਲ ਦਰਿੰਦਗੀ ਕਰਨ ਵਾਲਿਆਂ ਨੂੰ ਸਰਕਾਰ ਤੁਰੰਤ ਗ੍ਰਿਫ਼ਤਾਰ ਕਰੇ : ਤਲਵਿੰਦਰ ਸਿੰਘ

ਮਾਹਿਲਪੁਰ (ਸਫ਼ਰੀ) - ਕੋਲਕਾਤਾ ਦੇ ਇੱਕ ਹਸਪਤਾਲ ਵਿੱਚ ਡਿਊਟੀ ਕਰ ਰਹੀ ਇੱਕ ਡਾਕਟਰ ਧੀ ਨਾਲ ਬਲਾਤਕਾਰ ਕਰਨ ਤੋਂ ਬਾਅਦ ਵਹਿਸ਼ੀ ਦਰਿੰਦਿਆਂ ਵਲੋਂ ਦਰਦਨਾਕ ਢੰਗ ਨਾਲ ਕਤਲ ਕੀਤੇ ਜਾਣ ਕਾਰਨ ਸਮੁੱਚੀ ਮਾਨਵਤਾ ਸ਼ਰਮਸਾਰ ਤੇ ਸਹਿਮੀ-ਸਹਿਮੀ ਹੈ।ਇੰਨੇ ਦਿਨ ਬੀਤ ਜਾਣ 'ਤੇ ਵੀ ਕੇਂਦਰ ਤੇ ਸੂਬਾ ਸਰਕਾਰਾਂ ਇਨ੍ਹਾਂ ਅਪਰਾਧੀਆਂ ਨੂੰ ਗ੍ਰਿਫ਼ਤਾਰ ਕਰਨ ਵਿੱਚ ਨਾਕਾਮ ਹਨ।ਦੋਸ਼ੀਆਂ ਨੂੰ ਫੜਨ ਦੀ ਥਾਂ ਇੱਕ ਦੂਜੇ ਨੂੰ ਭੰਡਣ ਤੇ ਸਿਆਸੀ ਰੋਟੀਆਂ ਸੇਕਣ ਲੱਗੀਆਂ ਹੋਈਆਂ ਨੇ।ਪੀੜਤ ਮਾਪਿਆਂ ਤੇ ਮਰਹੂਮ ਡਾਕਟਰ ਧੀ ਦੇ ਸਾਥੀ ਡਾਕਟਰਾਂ ਦੀ ਇਨਸਾਫ਼ ਲਈ ਫ਼ਰਿਆਦ ਦਾ ਕਿਸੇ 'ਤੇ ਵੀ ਕੋਈ ਅਸਰ ਨਹੀਂ।ਮਾਹਿਲਪੁਰ ਚੱਬੇਵਾਲ ਦੇ ਇਨਸਾਫ਼ਪਸੰਦ ਲੋਕਾਂ ਵਲੋਂ ਇਕੱਠੇ ਹੋ ਕੇ ਕੇਂਦਰ ਤੇ ਸੂਬਾ ਸਰਕਾਰਾਂ ਵਿਰੁੱਧ ਰੋਸ ਪ੍ਰਗਟ ਕਰਦਿਆਂ ਡਾਕਟਰ ਧੀ ਦੀ ਪੱਤ ਲੁੱਟਣ 'ਤੇ ਕਤਲ ਕਰਨ ਵਾਲੇ ਸਾਰੇ ਦੋਸ਼ੀਆਂ ਨੂੰ ਜਲਦ ਤੋਂ ਜਲਦ ਫੜਨ ਤੇ ਚੌਰਾਹੇ ਵਿੱਚ ਫਾਹੇ ਟੰਗਣ ਦੀ ਮੰਗ ਕੀਤੀ ਗਈ। ਇਸ ਮੌਕੇ ਕਿਸਾਨ ਆਗੂ ਤਲਵਿੰਦਰ ਸਿੰਘ ਹੀਰ ਨੰਗਲ ਖਿਲਾੜੀਆਂ ਨੇ ਕਿਹਾ ਕਿ ਹੁਣ ਪੂਰੇ ਦੇਸ਼ ਦੇ ਮਾਪੇ ਆਪਣੀਆਂ ਧੀਆਂ ਦੀ ਇੱਜ਼ਤ ਤੇ ਜਾਨ ਦੀ ਸੁਰੱਖਿਆ ਨੂੰ ਲੈ ਕੇ ਗੰਭੀਰ ਚਿੰਤਾ ਵਿੱਚ ਹਨ।ਰੋਸ ਪ੍ਰਗਟਾਵੇ ਮੌਕੇ ਪ੍ਰਧਾਨ ਬਲਜੀਤ ਸਿੰਘ ਬੈਂਸ, ਕਿਸਾਨ ਆਗੂ ਤਲਵਿੰਦਰ ਸਿੰਘ ਹੀਰ ਨੰਗਲ ਖਿਲਾੜੀਆਂ, ਮੁਲਾਜ਼ਮ ਆਗੂ ਮਲਕੀਤ ਬਾਹੋਵਾਲ, ਲੇਖਕ ਗੁਰਮਿੰਦਰ ਕੈਂਡੋਵਾਲ, ਸਰਪੰਚ ਅਮਨਦੀਪ ਸਿੰਘ, ਗੁਰਦੀਪ ਸਿੰਘ ਸੰਘਾ, ਸਤਪਾਲ ਲੱਠ,ਪਲਵਿੰਦਰ ਸਿੰਘ ਨਿੱਕਾ, ਹਰਦੀਪ ਸਿੰਘ, ਜਸਵਿੰਦਰ ਸਿੰਘ ਬੰਗਾ, ਪਰਮਿੰਦਰ ਸਿੰਘ, ਖੁਸ਼ਵੰਤ ਸਿੰਘ, ਜੁਝਾਰ ਸਿੰਘ,ਯੋਧਾ ਬਰਾੜ, ਅਵਤਾਰ ਸਿੰਘ, ਕਸ਼ਮੀਰ ਸਿੰਘ, ਸੁਰਜੀਤ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਇਨਸਾਫ਼ ਪਸੰਦ ਸੰਘਰਸ਼ੀ ਲੋਕ ਹਾਜ਼ਰ ਸਨ।

## ਸੜਕਾਂ ਤੇ ਚੌਕਾਂ 'ਚ ਜਾਮ ਲਾਉਣ 'ਤੇ ਮੁਕੰਮਲ ਪਾਬੰਦੀ

ਨਵਾਂਸ਼ਹਿਰ (ਮਨੋਜ ਲਾਡੀ)-ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ ਵੱਖ-ਵੱਖ ਜਥੇਬੰਦੀਆਂ ਅਤੇ ਯੂਨੀਅਨਾਂ ਵੱਲੋਂ ਆਪਣੀਆਂ ਮੰਗਾਂ ਦੇ ਸਬੰਧ ਵਿਚ ਰੋਸ ਪ੍ਰਦਰਸ਼ਨ/ਮੁਜ਼ਾਹਰੇ ਦੌਰਾਨ ਮੁੱਖ ਮਾਰਗ 'ਤੇ ਰਸਤਾ ਰੋਕ ਕੇ ਧਰਨੇ ਆਦਿ ਲਾਉਣ ਕਾਰਨ ਚੰਡੀਗੜ੍ਹ-ਜਲੰਧਰ-ਅੰਮ੍ਰਿਤਸਰ ਜਾਣ ਵਾਲੇ ਲੋਕਾਂ ਨੂੰ ਆਉਂਦੀ ਸਮੱਸਿਆ ਅਤੇ ਮਰੀਜ਼ਾਂ ਨੂੰ ਹੰਗਾਮੀ ਹਾਲਤ ਵਿਚ ਲੈ ਕੇ ਜਾਣ ਵਾਲੀਆਂ ਐਂਬੂਲੈਂਸਾਂ ਨੂੰ ਰਸਤਾ ਨਾ ਮਿਲਣ ਕਾਰਨ, ਮਰੀਜ਼ਾਂ ਤੇ ਉਨ੍ਹਾਂ ਦੇ ਵਾਰਸਾਂ ਨੂੰ ਹੁੰਦੀ ਪ੍ਰੇਸ਼ਾਨੀ ਦੇ ਮੱਦੇਨਜ਼ਰ ਜ਼ਿਲ੍ਹਾ ਮੈਜਿਸਟਰੇਟ ਸ਼ਹੀਦ ਭਗਤ ਸਿੰਘ ਨਗਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਭਾਰਤੀ ਨਾਗਰਿਕ ਸੁਰਕਸ਼ਾ ਸੰਹਿਤਾ, 2023 ਦੀ ਧਾਰਾ 163 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਹਦੂਦ ਅੰਦਰ ਕਿਸੇ ਵੀ ਯੂਨੀਅਨ/ਜਥੇਬੰਦੀ ਵੱਲੋਂ ਸੜਕਾਂ/ਚੌਕਾਂ ਵਿਚ ਟਰੈਫਿਕ ਜਾਮ ਲਗਾਉਣ 'ਤੇ ਮੁਕੰਮਲ ਪਾਬੰਦੀ ਲਗਾਉਣ ਦੇ ਹੁਕਮ ਜਾਰੀ ਕੀਤੇ ਹਨ।ਇਸ ਦੇ ਨਾਲ ਹੀ ਜ਼ਿਲ੍ਹੇ ਦੇ ਤਹਿਸੀਲ ਕੰਪਲੈਕਸਾਂ, ਐਸ.ਡੀ.ਐਮ ਕੰਪਲੈਕਸਾਂ ਅਤੇ ਡੀ. ਏ. ਸੀ ਕੰਪਲੈਕਸ ਵਿਚ ਵੀ ਅਜਿਹੀ ਕਿਸੇ ਕਿਸੇ ਵੀ ਤਰ੍ਹਾਂ ਦੀ ਗਤੀਵਿਧੀ, ਧਰਨੇ ਲਾਉਣ ਜਾਂ ਲਾਊਡ ਸਪੀਕਰ ਵਜਾਉਣ 'ਤੇ ਵੀ ਮੁਕੰਮਲ ਪਾਬੰਦੀ ਲਾਈ ਗਈ ਹੈ। ਜ਼ਿਲ੍ਹਾ ਮੈਜਿਸਟਰੇਟ ਅਨੁਸਾਰ ਉਕਤ ਨਿਰਧਾਰਿਤ ਸਥਾਨਾਂ ਤੋਂ ਇਲਾਵਾ ਹੋਰ ਕਿਸੇ ਵੀ ਥਾਂ/ਸੜਕ 'ਤੇ ਰੋਸ ਧਰਨਾ/ਪ੍ਰਦਰਸ਼ਨ ਕਰਨ 'ਤੇ ਪਾਬੰਦੀ ਹੋਵੇਗੀ ਅਤੇ ਉਲੰਘਣਾ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ। ਇਹ ਮਨਾਹੀ ਦੇ ਹੁਕਮ 21 ਅਕਤੂਬਰ, 2024 ਤੱਕ ਲਾਗੂ ਰਹਿਣਗੇ।

## ਹਰਜੀ ਮਾਨ ਬਣੇ ਆਮ ਆਦਮੀ ਪਾਰਟੀ ਪੰਜਾਬ ਦੇ ਸਪੋਕਸ ਪਰਸਨ

ਫਗਵਾੜਾ (ਡਾ. ਰਮਨ) ਆਮ ਆਦਮੀ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਵਲੋਂ ਜਾਰੀ ਅਹੁਦੇਦਾਰਾਂ ਦੀ ਲਿਸਟ ਅਨੁਸਾਰ ਫਗਵਾੜਾ ਦੇ ਨੌਜਵਾਨ ਆਗੂ ਹਰਨੂਰ ਸਿੰਘ ਹਰਜੀ ਮਾਨ ਨੂੰ ਸਪੋਕਸਪਰਸਨ ਪੰਜਾਬ ਐਲਾਨਿਆ ਗਿਆ ਹੈ।ਪਾਰਟੀ ਵਲੋਂ ਮਿਲੀ ਜਿੰਮੇਵਾਰੀ ਨੂੰ ਲੈ ਕੇ ਗੱਲਬਾਤ ਕਰਦਿਆਂ ਹਰਜੀ ਮਾਨ ਨੇ ਜਿੱਥੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ, ਪੰਜਾਬ ਪ੍ਰਧਾਨ ਅਤੇ ਮੁੱਖ ਮੰਤਰੀ ਭਗਵੰਤ ਮਾਨ, ਕੌਮੀ ਜਨਰਲ ਸਕੱਤਰ ਡਾ. ਸੰਦੀਪ ਪਾਠਕ ਤੇ ਬੁੱਧ ਰਾਮ ਕਾਰਜਕਾਰੀ ਪ੍ਰਧਾਨ ਪੰਜਾਬ ਸਮੇਤ ਸਮੁੱਚੀ ਲੀਡਰਸ਼ਿਪ ਦਾ ਧੰਨਵਾਦ ਕੀਤਾ। ਉੱਥੇ ਹੀ ਭਰੋਸਾ ਦਿੱਤਾ ਕਿ ਆਪਣੀ ਜਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਂਦੇ ਹੋਏ ਪਾਰਟੀ ਦੀਆਂ ਨੀਤੀਆਂ, ਵਿਚਾਰਧਾਰਾ ਅਤੇ ਪੰਜਾਬ ਸਰਕਾਰ ਦੀਆਂ ਪ੍ਰਾਪਤੀਆਂ ਨੂੰ ਬੁਲੰਦ ਆਵਾਜ ਵਿਚ ਲੋਕਾਂ ਤੱਕ ਪਹੁੰਚਾਉਣਗੇ।

## ਮੁਲਾਜ਼ਮਾਂ ਤੇ ਪੈਨਸ਼ਨਰਾਂ ਨੇ ਫੂਕੀ ਸਰਕਾਰ ਦੇ ਲਾਰਿਆਂ ਦੀ ਪੰਡ



ਮੁਹਾਲੀ (ਗੁਰਜੀਤ ਬਿੱਲਾ) ਮੁਹਾਲੀ ਵਿਖੇ ਬਾਗ਼ਬਾਨੀ ਵਿਭਾਗ ਦੀ ਨਰਸਰੀ 'ਚ ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਵਲੋਂ ਪੰਜਾਬ ਸਰਕਾਰ ਦੇ ਲਾਰਿਆਂ ਦੀ ਪੰਡ ਫੂਕੀ ਗਈ।ਇਸ ਮੌਕੇ ਪੰਜਾਬ ਸਰਕਾਰ ਦੀ ਨਿਖੇਧੀ ਕਰਦਿਆਂ ਵੱਖ -ਵੱਖ ਬੁਲਾਰਿਆਂ ਵਲੋਂ ਪੰਜਾਬ ਦੇ ਮੁੱਖ ਮੰਤਰੀ ਦੀ ਵਾਰ ਵਾਰ ਮੀਟਿੰਗ ਦਾ ਸਮਾਂ ਦੇ ਕੇ ਮੀਟਿੰਗਾਂ ਨਾ ਕਰਨ ਨੀਤੀ ਨੂੰ ਫਿਟਕਾਰਿਆ ਅਤੇ ਕਿਹਾ ਕਿ ਮੁੱਖ ਮੰਤਰੀ ਅਪਣੀਆਂ ਭਰੋਸੇਯੋਗਤਾ ਗਵਾ ਚੁੱਕਿਆ ਹੈ ਤੇ ਭਵਿੱਖ ਵਿੱਚ ਸਰਕਾਰ ਨੂੰ ਮੁਲਾਜ਼ਮਾਂ ਤੇ ਪੈਨਸ਼ਨਰਾਂ ਨਾਲ ਕੀਤੀ ਮੱਕਾਰੀ ਦੀ ਕੀਮਤ ਚੁਕਾਉਣੀ ਪਵੇਗੀ ਆਉਣ ਵਾਲੀਆਂ ਜ਼ਿਮਨੀ ਚੋਣਾਂ ਵਿੱਚ ਪੰਜਾਬ ਦੇ ਲੋਕ ਇਸ ਝੂਠੀ ਤੇ ਬੇਈਮਾਨ ਸਰਕਾਰ ਨੂੰ ਸਬਕ ਸਿਖਾਉਣਗੇ।ਆਗੂਆਂ ਨੇ ਕਿਹਾ ਮੰਗਾਂ ਤੁਰੰਤ ਪ੍ਰਵਾਨ ਕੀਤੀਆ ਜਾਣ।ਇਸ ਮੌਕੇ ਪੰਜਾਬ ਸਰਕਾਰ ਦੀ ਲਾਰਿਆਂ ਦੀ ਪੰਡ ਨੂੰ ਅੱਗ ਸੂਬਾਈ ਕਨਵੀਨਰ ਕਰਮ ਸਿੰਘ ਧਨੋਆ ਵੱਲੋਂ ਲਗਾਈ ਗਈ। ਫੈਡਰੇਸ਼ਨ ਆਗੂ ਕਰਮਾ ਪੁਰੀ, ਦਿਲਦਾਰ ਸਿੰਘ ਸੁਹਾਣਾ, ਤਰਸੇਮ ਲਾਲ ਦੱਪਰ,ਸੁਰੇਸ਼ ਕੁਮਾਰ ਠਾਕੁਰ, ਸ਼ਵਿੰਦਰ ਕੁਮਾਰ, ਹਨੂੰਮਾਨ,ਅਜਮੇਰ ਸਿੰਘ ਲੌਂਗੀਆ, ਦਰਸ਼ਨ ਬਾਬਾ ਚਨਾਲੋਂ, ਗੌਰਮਿੰਟ ਟੀਚਰਜ਼ ਯੂਨੀਅਨ ਦੇ ਸਾਬਕਾ ਪ੍ਰੈਸ ਸਕੱਤਰ ਹਰਨੇਕ ਸਿੰਘ ਮਾਵੀ, ਅਮਰੀਕ ਸਿੰਘ,ਜਗਦੀਸ਼ ਸਿੰਘ ਸਰਾਉ ਤੇ ਗੁਰਬਿੰਦਰ ਸਿੰਘ ਚੰਡੀਗੜ੍ਹ ਹਾਜ਼ਰ ਸਨ।

# ਸਰਕਾਰੀ ਕਾਲਜ 'ਚ ਪੁਸਤਕ ਦਾ ਰੀਵਿਊ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-ਸਰਕਾਰੀ ਕਾਲਜ, ਹੁਸ਼ਿਆਰਪੁਰ ਵਿੱਚ ਕਾਲਜ ਦੇ ਪ੍ਰਿੰਸੀਪਲ ਅਨੀਤਾ ਸਾਗਰ ਦੀ ਅਗਵਾਈ ਵਿੱਚ ਕਾਲਜ ਦੇ ਵਾਇਸ ਪ੍ਰਿੰਸੀਪਲ ਵਿਜੇ ਕੁਮਾਰ ਵੱਲੋਂ ਸੱਸੀ-ਪੁੰਨੂ, ਸੋਹਣੀ-ਮੇਹੀਵਾਲ, ਸ਼ੀਰੀ-ਫਰਹਾਦ ਤੇ ਹੀਰ-ਰਾਂਝਾ ਦੇ ਸੱਚੇ ਤੇ ਪਵਿੱਤਰ ਪ੍ਰੇਮ ਦੇ ਕਿੱਸੇ ਨੂੰ ਅਲੌਕਿਕ ਪ੍ਰੇਮ ਦੇ ਮਾਧਿਅਮ ਰਾਹੀਂ ਪ੍ਰਸਤੁਤ ਕਰਦੇ ਹੋਏ ਵਿਦਿਆਰਥੀਆਂ ਨੂੰ ਵਰਤਮਾਨ ਪ੍ਰੇਮ 'ਤੇ ਚਾਨਣਾ ਪਾਉਂਦੇ ਹੋਏ ਪ੍ਰੇਮ ਵਿੱਚ ਆਏ ਜ਼ਮੀਨ-ਆਸਮਾਨ ਦੇ ਅੰਤਰ ਬਾਰੇ ਚਾਨਣਾ ਪਾਇਆ।ਪ੍ਰੋ. ਵਿਜੇ ਕੁਮਾਰ ਨੇ ਪੁਰਾਣੇ ਪ੍ਰੇਮ ਤੇ ਸਪੱਸ਼ਟੀਕਰਨ ਕਰਦੇ ਹੋਏ ਕਿਹਾ ਕਿ ਅੱਜ ਦਾ ਪ੍ਰੇਮ ਸਵਾਰਥ, ਮਤੱਲਬ, ਧੋਖੇ ਨਾਲ ਜੁੜਿਆ ਹੋਇਆ ਹੈ।ਅੱਜ ਦੇ ਪ੍ਰੇਮ ਵਿੱਚ ਕਿਸੇ ਦੀ ਜ਼ਿੰਦਗੀ ਬਰਬਾਦ ਕਰਨਾ, ਉਸ ਨੂੰ ਸਮਾਜ ਦੀਆਂ ਨਿਗਾਹਾਂ ਵਿੱਚ ਗਿਰਾ ਦੇਣਾ, ਪ੍ਰੇਮ ਦੇ ਨਾਮ 'ਤੇ ਰੇਪ ਕਰਨਾ, ਬਲਾਤਕਾਰ ਕਰਨਾ, ਤੇਜ਼ਾਬ ਸੁੱਟਣਾ, ਹੱਤਿਆ ਕਰਨਾ ਜਿਹੀਆਂ ਆਮ ਗੱਲਾਂ ਬਣ ਗਈਆਂ ਹਨ।ਜਦ ਕਿ ਪ੍ਰੇਮ ਵਿੱਚ ਇਹਨਾਂ ਦਾ ਕੋਈ ਵੀ ਸਥਾਨ ਨਹੀਂ ਹੁੰਦਾ। ਅੱਜ ਦਾ ਪ੍ਰੇਮ ਦਿਖਾਵੇ ਦਾ ਅਤੇ ਕੁਝ ਸਮੇਂ ਦਾ ਹੀ ਹੁੰਦਾ ਹੈ ਜਦਕਿ ਪੁਰਾਣੇ ਪ੍ਰੇਮੀਆ ਦਾ ਪ੍ਰੇਮ ਪਵਿੱਤਰ, ਅਮਰ ਅਤੇ ਜਨਮ-ਜਨਮਾਂਤਰਾਂ ਦਾ ਹੁੰਦਾ ਸੀ। ਪ੍ਰੋ. ਵਿਜੇ ਕੁਮਾਰ ਵੱਲੋਂ ਡਾ. ਸੁਰਿੰਦਰ ਪਾਲ ਸਿੰਘ ਦੀ ਲਿਖੀ ਪੁਸਤਕ ਕਿੱਸਾਕਾਰ ਹਾਸ਼ਮ ਦੀਆਂ ਲਿਖੀਆਂ ਰਚਨਾਵਾਂ ਦੇ ਮਾਧਿਅਮ ਰਾਹੀਂ ਅੱਜ ਦੇ ਪ੍ਰੇਮ ਵਿੱਚ ਵੀ ਪੁਰਾਣੇ ਸਮੇਂ ਦੇ ਪ੍ਰੇਮ ਦੀ ਝਲਕ ਦੇਖਣ ਬਾਰੇ ਯੁਵਾ ਵਰਗ ਨੂੰ ਪ੍ਰੇਰਿਤ ਕੀਤਾ।ਕਾਲਜ ਦੇ ਪ੍ਰਿੰਸੀਪਲ ਅਨੀਤਾ ਸਾਗਰ ਨੇ ਵੀ ਪ੍ਰੇਮ ਤੇ ਚਾਨਣਾ ਪਾਇਆ।

## ਸਿਵਲ ਸਰਜਨ ਵੱਲੋਂ ਸਿਹਤ ਸੰਸਥਾਵਾਂ ਦਾ ਅਚਨਚੇਤ ਨਿਰੀਖਣ

ਨਵਾਂਸ਼ਹਿਰ (ਮਨੋਜ ਲਾਡੀ) - ਅੱਜ ਸਿਵਲ ਸਰਜਨ ਡਾ. ਜਸਪ੍ਰੀਤ ਕੌਰ ਦੁਆਰਾ ਅੱਧੀ ਰਾਤ ਨੂੰ ਵੱਖ-ਵੱਖ ਸਿਹਤ ਸੰਸਥਾਵਾਂ ਦਾ ਅਚਨਚੇਤ ਨਿਰੀਖਣ ਕੀਤਾ ਗਿਆ। ਇਸ ਸਮੇਂ ਦੌਰਾਨ ਸਿਵਲ ਸਰਜਨ ਦੁਆਰਾ ਹਸਪਤਾਲਾਂ ਵਿਚ ਮਰੀਜ਼ਾਂ ਨੂੰ ਦਿੱਤੀਆਂ ਜਾ ਰਹੀਆਂ ਸਿਹਤ ਸਹੂਲਤਾਂ ਦਾ ਜਾਇਜ਼ਾ ਲਿਆ ਗਿਆ ।ਇਸ ਦੌਰਾਨ ਉਨ੍ਹਾਂ ਨੇ ਐਮਰਜੈਂਸੀ ਵਾਰਡ ਅਤੇ ਜੱਚਾ- ਬੱਚਾ ਵਾਰਡ ਦੀ ਜਾਂਚ ਕੀਤੀ ਅਤੇ ਮਰੀਜ਼ਾਂ ਨਾਲ ਗੱਲਬਾਤ ਕੀਤੀ। ਇਸ ਦੌਰਾਨ ਉਨ੍ਹਾਂ ਹਾਜ਼ਰੀ 1 ਰਜਿਸਟਰ ਵੀ ਚੈੱਕ ਕੀਤਾ।ਸਿਵਲ ਸਰਜਨ ਨੇ ਦੱਸਿਆ ਕਿ ਅਚਨਚੇਤ ਚੈਕਿੰਗ ਦੌਰਾਨ ਪੀ.ਐੱਚ.ਸੀ.-ਔੜ ਅਤੇ ਸੀ.ਐੱਚ.ਸੀ. ਰਾਹੋਂ ਦੀ ਚੈਕਿੰਗ ਕਰਨ ਦਾ ਮੁੱਖ ਮੰਤਵ ਸਰਕਾਰੀ ਸਿਹਤ ਸੰਸਥਾਵਾਂ ਵਿਚ ਮਰੀਜ਼ਾਂ ਨੂੰ ਦਿੱਤੀਆਂ. ਜਾ ਰਹੀਆਂ ਸਿਹਤ ਸੇਵਾਵਾਂ ਦੇ ਪੱਧਰ ਦੀ ਜਾਂਚ ਕਰਨਾ ਅਤੇ ਸਿਹਤ ਸੰਸਥਾਵਾਂ ਦੇ ਕੰਮਕਾਜ ਵਿਚ ਸੁਧਾਰ ਲਿਆਉਣਾ ਚਾਹੀਦਾ ਹੈ। ਉਨ੍ਹਾਂ ਸਿਹਤ ਮੁਖੀਆਂ ਨੂੰ ਹਦਾਇਤ ਕੀਤੀ ਕਿ ਸਰਕਾਰੀ ਹਸਪਤਾਲਾਂ ਵਿਚ ਇਲਾਜ ਲਈ ਆਉਣ ਵਾਲੇ ਲੋਕਾਂ ਨੂੰ ਪ੍ਰੇਸ਼ਾਨ ਨਾ ਕੀਤਾ ਜਾਵੇ ਅਤੇ ਉਨ੍ਹਾਂ ਨੂੰ ਸਮੇਂ ਸਿਰ ਸਿਹਤ ਸਹੂਲਤਾਂ ਮੁਹੱਈਆ ਕਰਵਾਉਣਾ ਯਕੀਨੀ ਬਣਾਇਆ ਜਾਵੇ । ਇਸ ਮੌਕੇ ਸੀਨੀਅਰ ਸਹਾਇਕ ਤਰਨਜੀਤ ਦੁੱਗਲ ਤੋਂ ਇਲਾਵਾ ਸਿਹਤ ਵਿਭਾਗ ਦੇ ਅਧਿਕਾਰੀ ਅਤੇ ਕਰਮਚਾਰੀ ਹਾਜ਼ਰ ਸਨ।

## ਐੱਸ ਡੀ ਕਾਲਜ ਫਾਰ ਵੂਮੈਨ 'ਚ ਰਾਸ਼ਟਰੀ ਸਪੇਸ ਡੇ ਮਨਾਇਆ



ਸੁਲਤਾਨਪੁਰ ਲੋਧੀ ( ਹਨੀ )- ਐੱਸ ਡੀ ਕਾਲਜ ਫਾਰ ਵੂਮੈਨ ਵਿਖੇ ਪ੍ਰਿੰਸੀਪਲ ਡਾ. ਵੰਦਨਾ ਸ਼ੁਕਲਾ ਦੀ ਅਗਵਾਈ ਵਿਚ ਰਾਜਨੀਤੀ ਸ਼ਾਸਤਰ ਵਿਭਾਗ ਵੱਲੋਂ ਰਾਸ਼ਟਰੀ ਪੁਲਾੜ ਦਿਵਸ ਸਬੰਧੀ ਸਮਾਗਮ ਕਰਵਾਇਆ ਗਿਆ।ਇਸ ਦੌਰਾਨ ਵਿਦਿਆਰਥਣਾਂ ਦਰਮਿਆਨ ਪੋਸਟਰ ਮੇਕਿੰਗ ਮੁਕਾਬਲਾ ਕਰਵਾਇਆ ਗਿਆ ।ਸਮਾਗਮ ਦਾ ਉਦੇਸ਼ ਪੁਲਾੜ ਖੋਜ ਵਿਚ ਸ਼ਾਨਦਾਰ ਪ੍ਰਾਪਤੀਆਂ ਦਾ ਜਸ਼ਨ ਮਨਾਉਣਾ ਅਤੇ ਪੁਲਾੜ ਵਿਗਿਆਨ ਦੀ ਸਮਝ ਨੂੰ ਡੂੰਘਾ ਕਰਨਾ ਤੇ ਵਿਦਿਆਰਥੀਆਂ ਵਿੱਚ ਉਤਸੁਕਤਾ ਪੈਦਾ ਕਰਨਾ ਸੀ। ਬੀ.ਏ. ਪਹਿਲਾ ਸਮੈਸਟਰ ਦੀ ਵਿਦਿਆਰਥਣ ਹਰਸ਼ਿਤਾ ਅਤੇ ਬੀ.ਏ. 5ਵਾਂ ਸਮੈਸਟਰ ਦੀ ਵਿਦਿਆਰਥਣ ਨਵਜੋਤ ਕੌਰ ਨੇ ਸਾਂਝੇ ਤੌਰ 'ਤੇ ਪਹਿਲਾ, ਬੀ.ਏ. 5ਵਾਂ ਸਮੈਸਟਰ ਦੀ ਵਿਦਿਆਰਥਣ ਕਿਰਨਦੀਪ ਕੌਰ ਨੇ ਦੂਜਾ ਅਤੇ ਬੀ.ਏ. 5ਵਾਂ ਸਮੈਸਟਰ ਦੀ ਵਿਦਿਆਰਥਣ ਜਸਵਿੰਦਰ ਕੌਰ ਨੇ ਤੀਸਰਾ ਸਥਾਨ ਹਾਸਲ ਕੀਤਾ।ਇਹ ਸਾਰਾ ਸਮਾਗਮ ਸਹਾਇਕ ਪ੍ਰੋਫੈਸਰ ਸੁਨੀਤਾ ਕਲੇਰ ਮੁਖੀ ਰਾਜਨੀਤੀ ਸ਼ਾਸਤਰ ਵਿਭਾਗ ਦੀ ਦੇਖ-ਰੇਖ ਹੇਠ ਕਰਵਾਇਆ ਗਿਆ।

## ਲੋਕ ਸਭਾ ਚੋਣਾਂ 'ਚ ਵਧੀਆ ਕਾਰਗੁਜ਼ਾਰੀ ਕਰਨ 'ਤੇ ਕੀਤਾ ਸਨਮਾਨਤ

ਅੱਡਾ ਸਰਾਂ (ਜਸਵੀਰ ਕਾਜਲ)- ਲੋਕ ਸਭਾ ਚੋਣਾਂ 'ਚ ਵਧੀਆ ਕਾਰਗੁਜ਼ਾਰੀ ਕਰਨ ਤੇ ਐੱਸ. ਡੀ.ਐਮ. ਪ੍ਰੀਤਇੰਦਰ ਸਿੰਘ ਹੁਸ਼ਿਆਰਪੁਰ ਦੋ ਸਕੇ ਭਰਾਵਾਂ ਲੈਕਚਰਾਰ ਸੁਨੀਲ ਕੁਮਾਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖੁੱਡਾ ਅਤੇ ਲੈਕਚਰਾਰ ਰੋਹਿਤ ਕੁਮਾਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦਸੂਹਾ ਨੂੰ ਸਨਮਾਨਤ ਕੀਤਾ ਗਿਆ।

## ਇੰਗਲੈਂਡ ਵਿਖੇ ਜਥੇਦਾਰ ਬਾਬਾ ਗੁਰਦੇਵ ਸਿੰਘ ਤਰਨਾ ਦਲ ਬਜਵਾੜਾ ਕਲਾਂ ਨੂੰ ਕੀਤਾ ਸਨਮਾਨਤ



ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)- ਜਥੇਦਾਰ ਬਾਬਾ ਗੁਰਦੇਵ ਸਿੰਘ ਮੁਖੀ ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਛਾਉਣੀ ਨਿਹੰਗ ਸਿੰਘਾਂ ਤਰਨਾ ਦਲ ਬਜਵਾੜਾ ਕਲਾਂ ਜੋ ਕਿ ਪ੍ਰਚਾਰ ਪ੍ਰਸਾਰ ਲਈ ਇੰਗਲੈਂਡ ਸਿੱਖੀ ਦਾ ਪ੍ਰਚਾਰ ਕਰਨ ਲਈ ਗਏ ਹਨ। ਇਸ ਮੌਕੇ ਜਥੇਦਾਰ ਬਾਬਾ ਗੁਰਦੇਵ ਸਿੰਘ ਤਰਨਾ ਦਲ ਬਜਵਾੜਾ ਕਲਾਂ ਨੇ ਇੰਗਲੈਂਡ ਵਿਦੇਸ਼ਾਂ ਦੀ ਧਰਤੀ ਤੋਂ ਪੱਲਾ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਇੰਗਲੈਂਡ ਦੀ ਧਰਤੀ ਤੇ ਗੁਰਦੁਆਰਾ ਸ੍ਰੀ ਗੁਰੂ ਹਰਿ ਰਾਇ ਸਾਹਿਬ ਦੇ ਅਸਥਾਨ 'ਤੇ ਜਥੇਦਾਰ ਬਾਬਾ ਹਰਨਾਮ ਸਿੰਘ ਖਾਲਸਾ, ਗਿਆਨੀ ਅਮਰਜੀਤ ਸਿੰਘ ਸਿੰਘ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਵੱਲੋਂ ਜਥੇਦਾਰ ਬਾਬਾ ਗੁਰਦੇਵ ਸਿੰਘ ਮੁਖੀ ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਜੀ ਛਾਉਣੀ ਨਿਹੰਗ ਸਿੰਘਾਂ ਤਰਨਾ ਦਲ ਬਜਵਾੜਾ ਕਲਾਂ ਨੂੰ ਵਿਸ਼ੇਸ਼ ਤੌਰ 'ਤੇ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਸਟੈਨਫੋਰਡ ਦੀਆਂ ਸੰਗਤਾਂ ਵੱਲੋਂ ਜਥੇਦਾਰ ਬਾਬਾ ਗੁਰਦੇਵ ਸਿੰਘ ਤਰਨਾ ਦਲ ਬਜਵਾੜਾ ਕਲਾਂ ਨੂੰ ਜੀ ਆਇਆਂ ਕਿਹਾ ਗਿਆ। ਇਸ ਮੌਕੇ ਜਥੇਦਾਰ ਬਾਬਾ ਗੁਰਦੇਵ ਸਿੰਘ ਤਰਨਾ ਦਲ ਬਜਵਾੜਾ ਕਲਾਂ ਇੰਗਲੈਂਡ ਦੇ ਵੱਖ ਵੱਖ ਗੁਰਦੁਆਰਿਆਂ ਵਿੱਚ ਸਿੱਖੀ ਦਾ ਪ੍ਰਚਾਰ ਪ੍ਰਸਾਰ ਕਰਕੇ ਸੰਗਤਾਂ ਨੂੰ ਗੁਰੂ ਘਰ ਨਾਲ ਜੋੜਨਗੇ।

## ਵਿਸ਼ਾਲ ਜਾਗਰਣ ਤੇ ਭੰਡਾਰਾ ਅੱਜ

ਰਾਹੋਂ (ਕੁਲਵਿੰਦਰ ਸਿੰਘ ਰਾਹੋਂ) ਮਈਆ ਜੀ ਅਸੀਂ ਬੱਚੇ ਤੇਰੇ ਕਲੱਬ ਅਤੇ ਸ਼ਹਿਰ ਵਾਸੀਆਂ ਦੇ ਸਹਿਯੋਗ ਨਾਲ ਕ੍ਰਿਸ਼ਨ ਜਨਮ ਅਸ਼ਟਮੀ ਦੇ ਸ਼ੁੱਭ ਅਵਸਰ 'ਤੇ ਵਿਸ਼ਾਲ ਜਾਗਰਣ ਅਤੇ ਭੰਡਾਰਾ 26 ਅਗਸਤ ਦਿਨ ਸੋਮਵਾਰ ਨੂੰ ਬੱਸ ਸਟੈਂਡ ਤੇ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ਪਹੁੰਚ ਰਹੇ ਕਲਾਕਾਰਾਂ 'ਚ ਵਿਨੋਦ ਰਾਜਨ ਯਮੁਨਾ ਨਗਰ ਵਾਲੇ ਲੱਕੀ ਨਵਾਜ ਅੰਮ੍ਰਿਤਸਰ ਵਾਲੇ, ਲੱਕੀ ਸ਼ਰਮਾ ਨਵਾਂਸ਼ਹਿਰ ਵਾਲੇ ਭਗਵਾਨ ਸ਼੍ਰੀ ਕ੍ਰਿਸ਼ਨ ਦਾ ਗੁਣਗਾਨ ਕਰਨਗੇ।

## ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ 'ਚ ਕ੍ਰਿਸ਼ਨ ਜਨਮ ਅਸ਼ਟਮੀ ਮਨਾਈ



ਕਪੂਰਥਲਾ ( ਹਨੀ ) ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਵਿਖੇ ਪ੍ਰਿੰਸੀਪਲ ਪ੍ਰਭਦੀਪ ਕੌਰ ਮੌਂਗਾ ਦੀ ਅਗਵਾਈ ਵਿਚ ਕ੍ਰਿਸ਼ਨ ਜਨਮ ਅਸ਼ਟਮੀ ਸਬੰਧੀ ਸਮਾਗਮ ਦਾ ਆਯੋਜਨ ਕੀਤਾ ਗਿਆ । ਇਸ ਦੌਰਾਨ ਸਕੂਲ ਵਿੱਚ ਸਪੈਸ਼ਲ ਅਸੈਂਬਲੀ ਕਰਵਾਈ ਗਈ । ਪ੍ਰਿੰਸੀਪਲ ਮੌਂਗਾ ਨੇ ਵਿਦਿਆਰਥੀਆਂ ਅਤੇ ਸਟਾਫ ਮੈਂਬਰਾਂ ਨੂੰ ਕਿਸ਼ਨ ਜਨਮ ਅਸ਼ਟਮੀ ਦੀ ਵਧਾਈ ਦਿੰਦਿਆਂ ਕ੍ਰਿਸ਼ਨ ਜੀ ਦੇ ਜਨਮ ਨਾਲ ਸੰਬੰਧਤ ਬਾਲ ਲੀਲਾਵਾਂ 'ਤੇ ਚਾਨਣਾ ਪਾਇਆ । ਕੇ ਜੀ ਵਿੰਗ ਦੇ ਵਿਦਿਆਰਥੀ ਰਾਧਾ ਕ੍ਰਿਸ਼ਨ ਦੇ ਪਹਿਰਾਵੇ 'ਚ ਸਮਾਗਮ ਵਿੱਚ ਸ਼ਾਮਲ ਹੋਏ । ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਇੰਜੀਨੀਅਰ ਹਰਨਿਆਮਤ ਕੌਰ ਅਤੇ ਪ੍ਰਸ਼ਾਸਕ ਇੰਜੀਨੀਅਰ ਨਿਮਰਤਾ ਕੌਰ ਨੇ ਸਟਾਫ ਮੈਂਬਰਾਂ ਅਤੇ ਵਿਦਿਆਰਥੀਆਂ ਨੂੰ ਕ੍ਰਿਸ਼ਨ ਜਨਮ ਅਸ਼ਟਮੀ ਦੀ ਵਧਾਈ ਦਿੱਤੀ ।

## ਆਪਣੇ ਅਧਿਕਾਰ ਲੈਣ ਲਈ ਸੰਘਰਸ਼ ਕਰਨਾ ਚਾਹੀਦਾ : ਐਡਵੋਕੇਟ ਹੈਸੋਂਵਾਲ



ਫਗਵਾੜਾ( ਡਾ ਰਮਨ) ਯੂਨੀਵਰਸਲ ਮਨੁੱਖੀ ਅਧਿਕਾਰ ਬਿਊਰੋ ਪੰਜਾਬ (ਰਜਿ:) ਦੀ ਪੰਜਾਬ ਪੱਧਰ ਦੀ ਮੀਟਿੰਗ ਹੁਸ਼ਿਆਰਪੁਰ ਰੋਡ ਨੇੜੇ ਸਬਜੀ ਮੰਡੀ ਬਸਰਾ ਜਠੇਰੇ ਘਰ ਵਿਖੇ ਹੋਈ ਇਸ ਮੀਟਿੰਗ ਵਿੱਚ ਪੰਜਾਬ ਭਰ ਦੇ ਅਹੁਦੇਦਾਰਾਂ ਤੇ ਮੈਂਬਰਾਂ ਨੇ ਸ਼ਮੂਲੀਅਤ ਕੀਤੀ।ਇਸ ਮੌਕੇ ਯੂਨੀਵਰਸਲ ਮਨੁੱਖੀ ਅਧਿਕਾਰ ਬਿਊਰੋ ਪੰਜਾਬ ਰਜਿ: ਦੇ ਚੇਅਰਮੈਨ ਮਾਨਯੋਗ ਕੇਹਰ ਸਿੰਘ ਐਡਵੋਕੇਟ ਹੈਸੋਂਵਾਲ ਨੇ ਲੋਕਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਤੁਹਾਨੂੰ ਆਪਣੇ ਅਧਿਕਾਰ ਲੈਣ ਲਈ ਸੰਘਰਸ਼ ਕਰਨਾ ਚਾਹੀਦਾ ਹੈ। ਉਹਨਾਂ ਨੇ ਚਿੰਤਾ ਜਾਹਰ ਕੀਤੀ ਕਿ ਸੰਵਿਧਾਨ ਵਿੱਚ ਦਿੱਤੇ ਮਨੁੱਖੀ ਅਧਿਕਾਰ ਲੋਕਾਂ ਨੂੰ ਨਹੀਂ ਮਿਲ ਰਹੇ ਸਮਾਜ ਦੇ ਗਰੀਬ ਵਰਗ ਦੀ ਲੁੱਟ ਖਸੁੱਟ ਵੱਡੇ ਪੱਧਰ 'ਤੇ ਹੋ ਰਹੀ ਹੈ। ਸਾਰਿਆਂ ਨੇ ਇਹ ਤਹੀਆ ਕੀਤਾ ਕਿ ਯੂਨੀਵਰਸਲ ਮਨੁੱਖੀ ਅਧਿਕਾਰ ਬਿਊਰੋ ਪੰਜਾਬ ਰਜਿ: ਨੂੰ ਮਜਬੂਤ ਕੀਤਾ ਜਾਵੇ।

## ਹੈਜ਼ੇ ਤੇ ਡਾਇਰੀਆ ਨਾਲ 25 ਤੋਂ 30 ਪਰਵਾਰ ਲਪੇਟ 'ਚ



ਮੋਰਿੰਡਾ (ਜੈਜ਼ੀ ਸਰਦਾਰ)- ਮੁਹੱਲਾ ਜੋਗੀਆਂ ਵਾਲਾ ਵਾਰਡ ਨੰਬਰ 14 ਪਿਛਲੇ ਕੁੱਝ ਦਿਨਾਂ ਤੋਂ ਹੈਜੇ ਤੇ ਡਾਇਰੀਆ ਨਾਲ 25 ਤੋਂ 30 ਪਰਿਵਾਰ ਲਪੇਟ ਵਿੱਚ ਆਏ ਹਨ। ਜਿਹੜੇ ਆਪਣਾ ਇਲਾਜ ਸਰਕਾਰੀ ਹਸਪਤਾਲ, ਪ੍ਰਾਈਵੇਟ ਹਸਪਤਾਲਾਂ ਵਿਚ ਕਰਵਾ ਰਹੇ ਹਨ। ਸਰਕਾਰੀ ਹਸਪਤਾਲ ਵਿਚ ਪੁਖ਼ਤਾ ਪ੍ਰਬੰਧ ਨਾ ਹੋਣ ਕਰਕੇ ਮਰੀਜ਼ਾਂ ਨੂੰ ਪ੍ਰਾਈਵੇਟ ਹਸਪਤਾਲਾਂ ਵਿਚ ਰੈਫਰ ਕੀਤਾ ਜਾ ਰਿਹਾ। ਵਾਟਰ ਸਪਲਾਈ ਵਿਭਾਗ ਵੱਲੋਂ ਜਿਹੜੇ ਪਾਣੀ ਦੇ ਕੁਨੈਕਸ਼ਨ ਨਾਲੀਆਂ ਵਿਚ ਨੇ ਉਨ੍ਹਾਂ ਨੂੰ ਕੱਟਿਆ ਜਾ ਰਿਹਾ। ਨਗਰ ਕੌਂਸਲ ਵੱਲੋਂ ਸਫਾਈ ਪੂਰੀ ਜ਼ੋਰਾਂ 'ਤੇ ਕਰਵਾਈ ਜਾ ਰਹੀ ਹੈ। ਜਸਪ੍ਰੀਤ ਕੌਰ ਮੋਰਿੰਡਾ ਚੇਅਰਪਰਸਨ ਇਸਤਰੀ ਵਿੰਗ ਜ਼ਿਲ੍ਹਾ ਰੋਪੜ ਮਨੁੱਖੀ ਅਧਿਕਾਰ ਮੰਚ ਪੰਜਾਬ ਨੇ ਪ੍ਰੈਸ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜਿਹੜੀ ਸਫਾਈ ਹੁਣ ਹੋ ਰਹੀ ਹੈ, ਵਾਟਰ ਸਪਲਾਈ ਵਿਭਾਗ ਜਿਹੜੇ ਕੁਨੈਕਸ਼ਨ ਹੁਣ ਚੈਕਿੰਗ ਕਰ ਰਿਹਾ ਅਗਰ ਪਹਿਲਾਂ ਕੀਤੇ ਹੁੰਦੇ ਸ਼ਾਇਦ ਇਹ ਬਿਮਾਰੀ ਨਾ ਆਉਂਦੀ। ਵਾਟਰ ਸਪਲਾਈ ਵਿਭਾਗ ਨੂੰ ਵੀ ਚਾਹੀਦਾ ਹੈ ਕਿ ਜਿਹੜੇ ਮੁਲਾਜ਼ਮ ਪਾਣੀ ਦਾ ਕਨੈਕਸ਼ਨ ਕਰਦੇ ਹਨ ਉਹ ਨਾਲੀਆਂ ਦੇ ਵਿੱਚ ਪਾਈਪਾਂ ਨਾ ਪਾਉਣ। ਸਰਕਾਰੀ ਹਸਤਪਤਾਲ ਮੋਰਿੰਡਾ ਵਿਚ ਹਮੇਸ਼ਾ ਡਾਕਟਰਾਂ ਦੀ ਘਾਟ ਰਹਿੰਦੀ ਹੈ ਜਦਕਿ ਇਸ ਹਸਤਪਤਾਲ ਨੂੰ ਨੇੜੇ ਦੇ ਕਈ ਪਿੰਡ ਲੱਗਦੇ ਹਨ। ਸਰਕਾਰ ਨੂੰ ਬੇਨਤੀ ਹੈ ਕੀ ਇਸ ਅਪਡੇਟ ਕਰਕੇ ਸਿਹਤ ਸਹੂਲਤਾਂ ਵਧਾਈਆਂ ਜਾਣ ਤਾਂ ਸ਼ਹਿਰ ਵਾਸੀਆਂ ਤੇ ਨੇੜੇ ਤੇੜੇ ਪਿੰਡਾਂ ਤੋਂ ਆਉਣ ਵਾਲੇ ਮਰੀਜ਼ ਨੂੰ ਪ੍ਰਾਈਵੇਟ ਹਸਪਤਾਲਾਂ ਵਿਚ ਨਾ ਜਾਣਾ ਪਵੇ।

# ਵਿਦਿਆਰਥੀਆਂ ਨਸ਼ਿਆਂ ਵਿਰੁੱਧ ਪੇਂਟਿੰਗਜ਼ ਬਣਾਈਆਂ



ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)- ਸਥਾਨਕ ਉਪਕਾਰ ਕੋਆਰਡੀਨੇਸ਼ਨ ਸੋਸਾਇਟੀ ਦੇ ਸੱਦੇ 'ਤੇ ਬਾਬਾ ਵਜ਼ੀਰ ਸਿੰਘ ਖਾਲਸਾ ਸ.ਸ.ਸਕੂਲ ਦੇ ਵਿਦਿਆਰਥੀਆਂ ਨੇ ਨਸ਼ਿਆਂ ਵਿਰੁੱਧ ਵਿਸ਼ੇਸ਼ ਜਾਗਰੂਕਤਾ ਪੇਂਟਿੰਗਜ਼ ਬਣਾਈਆਂ ਜਿਸ ਦੀ ਜੱਜਮੈਂਟ ਸੁੱਖਵਿੰਦਰ ਸਿੰਘ, ਪਰਵਿੰਦਰ ਸਿੰਘ ਜੱਸੋਮਜਾਰਾ, ਅਮਰਜੀਤ ਸਿੰਘ, ਨਰਿੰਦਰਪਾਲ, ਬੀਰਬਲ ਤੱਖੀ ਤੇ ਅਧਾਰਤ ਜੱਜ- ਮੰਡਲੀ ਵਲੋਂ ਕੀਤੀ ਗਈ। ਨਤੀਜਿਆਂ ਅਨੁਸਾਰ ਤਨੀਸ਼ਾ ਕੈਂਥ ਕਲਾਸ ਬਾਰ੍ਹਵੀਂ ਨੂੰ ਪਹਿਲਾ, ਸਾਨੂੰ ਬਾਰ੍ਹਵੀਂ ਨੂੰ ਦੂਸਰਾ, ਬਿਰਜੇਸ਼ ਕਲਾਸ ਛੇਵੀਂ ਨੂੰ ਤੀਸਰਾ ਤੇ ਮਨਜੀਤ ਰਾਮ ਨੂੰ ਚੌਥਾ ਸਥਾਨ ਪ੍ਰਾਪਤ ਹੋਇਆ। ਇਸ ਮੌਕੇ ਪੂਜਾ, ਰਾਮ, ਬਿਮਲ, ਸਾਨੂੰ ਤੇ ਬਰਿਜੇਸ਼ ਨੇ ਜਾਗਰੂਕਤਾ ਗੀਤ ਤੇ ਕਵਿਤਾਵਾਂ ਪੇਸ਼ ਕੀਤੀਆਂ। ਸਟਾਫ ਵਲੋਂ ਪ੍ਰਿੰਸੀਪਲ ਜਸਵੀਰ ਸਿੰਘ, ਸ਼ਮ੍ਹਾ ਮਲਹੌਨ, ਸੁਖਜਿੰਦਰ ਸਿੰਘ, ਸੁਰਜੀਤ ਕੌਰ, ਸੰਨਦੀਪ ਕੌਰ, ਕਮਲ ਅਤੇ ਰਿਆ ਨੇ ਸ਼ਮੂਲੀਅਤ ਕੀਤੀ। ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਜੇ.ਐਸ.ਗਿੱਦਾ, ਪਰਮ ਸਿੰਘ ਖਾਲਸਾ, ਗੁਰਚਰਨ ਸਿੰਘ ਬਸਿਆਲ੍ਹਾ, ਰਮਨਦੀਪ ਸਿੰਘ ਥਿਆੜਾ ਅਤੇ ਨਰਿੰਦਰਪਾਲ ਨੇ ਦੱਸਿਆ ਕਿ ਇਸ ਵੇਲੇ ਨਸ਼ਿਆਂ ਦੀ ਬੁਰਾਈ ਨੇ ਪੰਜਾਬ ਸਾਹਮਣੇ ਵੱਡਾ ਚੈਲਿੰਜ ਖੜ੍ਹਾ ਕਰ ਦਿੱਤਾ ਹੈ, ਬਹੁਤੀਆਂ ਸਮਾਜਿਕ ਮੁਸ਼ਕਲਾਂ ਦੀ ਜੜ੍ਹ ਨਸ਼ੇ ਬਣ ਗਏ ਹਨ। ਘਰੇਲੂ ਹਿੰਸਾ, ਚੋਰੀਆਂ, ਖੋਹ-ਖੁਆਈ, ਗੈਰ-ਇਖਲਾਕੀ ਘਟਨਾਵਾਂ, ਜੁਆਨੀ ਦਾ ਘਾਣ, ਡਕੈਤੀਆਂ ਤੇ ਸਨੈਚਿੰਗ ਆਦਿ ਦੀ ਬੁਨਿਆਦ ਨਸ਼ਿਆਂ ਦੀ ਬਹੁਤਾਤ ਹੀ ਹੈ। ਬੁਲਾਰਿਆਂ ਨੇ ਵਿਦਿਆਰਥੀਆਂ ਨੂੰ ਨਸ਼ਿਆਂ ਦੀ ਬੁਰਾਈ ਤੋਂ ਸਾਵਧਾਨ ਕੀਤਾ। ਉਪਕਾਰ ਸੋਸਾਇਟੀ ਵਲੋਂ ਪੇਂਟਿੰਗਜ਼ ਵਿੱਚੋਂ ਪਹਿਲੀਆਂ ਚਾਰ ਪੁਜੀਸ਼ਨਾਂ ਵਾਲੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਤੇ ਤੋਹਫੇ ਦਿੱਤੇ ਗਏ। ਇਸ ਤੋਂ ਬਿਨਾਂ ਗੀਤ-ਕਵਿਤਾਵਾਂ ਪੇਸ਼ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਅਤੇ ਸਮੂਹ ਪ੍ਰਤੀਯੋਗੀਆਂ ਨੂੰ ਸਰਟੀਫਿਕੇਟ ਤਕਸੀਮ ਕੀਤੇ ਗਏ।ਪ੍ਰਿੰਸੀਪਲ ਜਸਵੀਰ ਸਿੰਘ ਨੇ ਉਪਕਾਰ ਸੋਸਾਇਟੀ ਤੇ ਵਿਸ਼ੇਸ਼ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ।

# ਸ਼ਿਵ ਸੈਨਾ ਨੇ ਚੌਪਾਟੀ 'ਚ ਨਗਰ ਨਿਗਮ ਦੀ ਕਾਰਵਾਈ 'ਤੇ ਚੁੱਕੇ ਸਵਾਲ



ਫਗਵਾੜਾ ( ਡਾ. ਰਮਨ)- ਨਗਰ ਨਿਗਮ ਪ੍ਰਸ਼ਾਸਨ ਦੀ ਕਾਰਜਸ਼ੈਲੀ 'ਤੇ ਸਵਾਲੀਆ ਨਿਸ਼ਾਨ ਲਾਉਂਦਿਆਂ ਸ਼ਿਵ ਸੈਨਾ (ਯੂ.ਬੀ.ਟੀ.) ਦੇ ਸੂਬਾ ਪ੍ਰੈਸ ਸਕੱਤਰ ਕਮਲ ਸਰੋਜ ਨੇ ਅੱਜ ਇਥੇ ਗੱਲਬਾਤ ਕਰਦਿਆਂ ਕਿਹਾ ਕਿ ਸਰਕਾਰੀ ਥਾਵਾਂ ਤੋਂ ਨਾਜਾਇਜ਼ ਕਬਜ਼ਿਆਂ ਨੂੰ ਛੁਡਾਉਣਾ ਪ੍ਰਸ਼ਾਸਨ ਦੀ ਜ਼ਿੰਮੇਵਾਰੀ ਹੈ ਪਰ ਇਸ ਮਾਮਲੇ ਵਿਚ ਪੱਖਪਾਤ ਦੀ ਨੀਤੀ ਨੂੰ ਬਿਲਕੁਲ ਵੀ ਸਵੀਕਾਰ ਨਹੀਂ ਕੀਤਾ ਜਾ ਸਕਦਾ। ਉਹਨਾਂ ਦੱਸਿਆ ਕਿ ਫਗਵਾੜਾ ਨਗਰ ਨਿਗਮ ਨੇ ਸ਼ੁੱਕਰਵਾਰ ਨੂੰ ਗੁਰੂ ਹਰਗੋਬਿੰਦ ਨਗਰ ਦੇ ਚੌਪਾਟੀ ਇਲਾਕੇ 'ਚ ਨਾਜਾਇਜ਼ ਕਬਜ਼ੇ ਹਟਾਉਣ ਦੇ ਨਾਂ 'ਤੇ ਪਿਕ ਐਂਡ ਚੂਜ਼ ਦੀ ਨੀਤੀ 'ਤੇ ਚਲਦਿਆਂ ਸਿਰਫ ਇਕ ਖੋਖੇ ਤੇ ਕੁਝ ਰੇਹੜੀਆਂ ਨੂੰ ਨਿਸ਼ਾਨਾ ਬਣਾਇਆ ਹੈ। ਜਦਕਿ ਗੁਰੂ ਹਰਗੋਬਿੰਦ ਨਗਰ ਸਮੇਤ ਸ਼ਹਿਰ ਭਰ ਵਿੱਚ ਕਈ ਥਾਵਾਂ 'ਤੇ ਨਜਾਇਜ਼ ਕਬਜ਼ੇ ਆਮ ਦੇਖੇ ਜਾ ਸਕਦੇ ਹਨ ਪਰ ਨਿਗਮ ਅਧਿਕਾਰੀਆਂ ਨੂੰ ਉਹ ਕਬਜ਼ੇ ਨਜ਼ਰ ਨਹੀਂ ਆਉਂਦੇ। ਕਮਲ ਸਰੋਜ ਨੇ ਕਿਹਾ ਕਿ ਹੈਰਾਨੀਜਨਕ ਗੱਲ ਇਹ ਹੈ ਕਿ ਜਿੱਥੇ ਨਿਗਮ ਅਧਿਕਾਰੀ ਖੋਖੇ ਤੇ ਰੇਹੜੀ ਵਾਲਿਆਂ ਨੂੰ ਹਟਾਉਣ ਲਈ ਡਿੱਚ ਮਸ਼ੀਨਾਂ ਲੈ ਕੇ ਪਹੁੰਚੇ ਸਨ, ਉੱਥੇ ਕਈ ਪ੍ਰਭਾਵਸ਼ਾਲੀ ਵਿਅਕਤੀਆਂ ਨੇ ਵੀ ਨਜਾਇਜ਼ ਕਬਜ਼ੇ ਕੀਤੇ ਹੋਏ ਹਨ, ਪਰ ਉਨ੍ਹਾਂ ਨੂੰ ਕੋਈ ਨੋਟਿਸ ਨਹੀਂ ਦਿੱਤਾ ਗਿਆ ਅਤੇ ਨਾ ਹੀ ਕੋਈ ਚਿਤਾਵਨੀ ਦਿੱਤੀ ਗਈ। ਜਿਸ ਤੋਂ ਸਪੱਸ਼ਟ ਹੈ ਕਿ ਪ੍ਰਸ਼ਾਸਨ ਦਾ ਪੀਲਾ ਪੰਜਾ ਗਰੀਬਾਂ ਦੇ ਘਰਾਂ ਦੇ ਚੁੱਲ੍ਹੇ ਦੀ ਅੱਗ ਨੂੰ ਹੀ ਬੁਝਾ ਸਕਦਾ ਹੈ। ਜਿਸ ਦਾ ਸ਼ਿਵ ਸੈਨਾ ਤਿੱਖਾ ਵਿਰੋਧ ਕਰਦੀ ਹੈ। ਕਮਲ ਸਰੋਜ ਦੇ ਨਾਲ-ਨਾਲ ਸੀਨੀਅਰ ਆਗੂ ਬਲਜੀਤ ਸਿੰਘ ਭੁੱਲਾਰਾਈ ਨੇ ਵੀ ਪ੍ਰਸ਼ਾਸਨ ਨੂੰ ਚੇਤਾਵਨੀ ਦਿੱਤੀ ਕਿ ਗਰੀਬਾਂ ਨਾਲ ਬੇਇਨਸਾਫੀ ਵਾਲੀ ਨੀਤੀ ਮਨਜ਼ੂਰ ਨਹੀਂ। ਰੇਹੜੀ-ਫੜ੍ਹੀ ਵਾਲਿਆਂ ਅਤੇ ਖੋਖੇ ਆਦਿ 'ਤੇ ਕਾਰਵਾਈ ਕਰਨ ਤੋਂ ਪਹਿਲਾਂ ਸ਼ਹਿਰ ਭਰ 'ਚ ਪ੍ਰਭਾਵਸ਼ਾਲੀ ਲੋਕਾਂ ਵੱਲੋਂ ਕੀਤੇ ਨਾਜਾਇਜ਼ ਕਬਜ਼ਿਆਂ ਨੂੰ ਹਟਾਇਆ ਜਾਵੇ, ਨਹੀਂ ਤਾਂ ਸ਼ਿਵ ਸੈਨਾ ਨਿਗਮ ਪ੍ਰਸ਼ਾਸਨ ਦੀ ਬੇਰਹਿਮੀ ਦਾ ਸ਼ਿਕਾਰ ਹੋਏ ਲੋਕਾਂ ਨੂੰ ਇਨਸਾਫ਼ ਦਿਵਾਉਣ ਦੀ ਮੰਗ ਨੂੰ ਲੈ ਕੇ ਰੋਸ ਪ੍ਰਦਰਸ਼ਨ ਕਰਨ ਲਈ ਮਜਬੂਰ ਹੋਵੇਗੀ। ਇਸ ਮੌਕੇ ਸਾਬਕਾ ਸ਼ਹਿਰੀ ਪ੍ਰਧਾਨ ਮਨੋਜ ਸ਼ਰਮਾ ਅਤੇ ਅਨੂਪ ਦੁੱਗਲ ਵੀ ਮੌਜੂਦ ਸਨ।

# ਬਾਬਾ ਝੰਡਾ ਸਿੰਘ ਦੀ ਯਾਦ ਨੂੰ ਸਮਰਪਤ ਬਰਸੀ ਸਮਾਗਮ 30 ਨੂੰ



ਅੱਡਾ ਸਰਾਂ (ਜਸਵੀਰ ਕਾਜਲ)-ਸ਼੍ਰੀਮਾਨ ਧੰਨ ਧੰਨ ਬਾਬਾ ਝੰਡਾ ਸਿੰਘ ਦੀ ਯਾਦ ਨੂੰ ਸਮਰਪਤ ਸਲਾਨਾ ਬਰਸੀ ਸਮਾਗਮ 30 ਅਗਸਤ ਨੂੰ ਪਿੰਡ ਬੈਂਚ ਖੁਰਦ ਵਿਖੇ ਕਰਵਾਇਆ ਜਾ ਰਿਹਾ ਹੈ ।ਜਿਸ ਵਿੱਚ ਪੰਥ ਦੇ ਪ੍ਰਸਿੱਧ ਢਾਡੀ ਅਤੇ ਕੀਰਤਨੀ ਜਥੇ ਪਹੁੰਚ ਕੇ ਗੁਰਬਾਣੀ ਕਥਾ ਕੀਰਤਨ ਰਾਹੀਂ ਆਈਆਂ ਹੋਈਆਂ ਸੰਗਤਾਂ ਨੂੰ ਨਿਹਾਲ ਕਰਨਗੇ।ਸੇਵਾਦਾਰ ਪ੍ਰਬੰਧਕਾਂ ਨੇ ਦੱਸਿਆ ਕਿ 22 ਅਗਸਤ ਤੋਂ ਸ੍ਰੀ ਅਖੰਡ ਪਾਠ ਸਾਹਿਬ ਦੀ ਲੜੀ ਆਰੰਭ ਹੋ ਚੁੱਕੀ ਹੈ ਜੋ ਲੜੀਵਾਰ 30 ਅਗਸਤ ਤੱਕ ਭੋਗ ਪਾਏ ਜਾਣਗੇ। ਭੋਗ ਉਪਰੰਤ ਸਿੱਖ ਪੰਥ ਦੇ ਮਹਾਨ ਢਾਡੀ ਜਥਾ ਬੀਬੀ ਦਲੇਰ ਕੌਰ ਖਾਲਸਾ ਪੰਡੋਰੀ ਖਾਸ ਵਾਲੇ ਅਤੇ ਭਾਈ ਹਰਭਜਨ ਸਿੰਘ ਸੋਤਲਾ ਵਾਲੇ ਰਾਗੀ ਜਥਾ 30 ਅਗਸਤ ਨੂੰ ਰਸਭਿੰਨੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ।ਇਸ ਮੌਕੇ ਗੁਰਦੁਆਰਾ ਕਮੇਟੀ ਪ੍ਰਧਾਨ ਸਤਨਾਮ ਸਿੰਘ, ਖਜ਼ਾਨਚੀ ਅਵਤਾਰ ਸਿੰਘ, ਜਸਬੀਰ ਸਿੰਘ, ਦਵਿੰਦਰ ਸਿੰਘ, ਜਸਵੀਰ ਸਿੰਘ, ਹੈਡ ਗ੍ਰੰਥੀ ਰਾਏ ਸਿੰਘ, ਅਮਨਦੀਪ ਸਿੰਘ, ਲਵਪ੍ਰੀਤ ਸਿੰਘ, ਮਨਵੀਰ ਸਿੰਘ, ਰੋਮਨਪ੍ਰੀਤ ਸਿੰਘ, ਕਰਮਵੀਰ ਸਿੰਘ, ਇੰਦਰਜੀਤ ਸਿੰਘ, ਤਲਵਿੰਦਰ ਸਿੰਘ, ਹਰਜਿੰਦਰ ਸਿੰਘ, ਜਸ਼ਨਜੀਤ ਸਿੰਘ, ਵਰਿੰਦਰ ਸਿੰਘ, ਰਣਵੀਰ ਸਿੰਘ, ਚੰਦਵੀਰ ਸਿੰਘ, ਪ੍ਰਦੀਪ ਸਿੰਘ, ਜਸਕਰਨ ਸਿੰਘ, ਹਰਨੇਕ ਲੰਬੜ ਅਤੇ ਹੋਰ ਸੰਗਤਾਂ ਹਾਜ਼ਰ ਸਨ।

# ਸਰਕਾਰ ਨੇ ਲੋਕਾਂ 'ਤੇ ਪਾਇਆ ਵਿੱਤੀ ਬੋਝ : ਲੱਖੀ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-ਪੰਜਾਬ ਦੀ ਆਪ ਸਰਕਾਰ ਵੱਲੋਂ ਵਾਹਨਾਂ 'ਤੇ ਟੈਕਸ ਦਰਾਂ ਵਧਾ ਕੇ ਆਮ ਲੋਕਾਂ ਦੇ ਵਿੱਤੀ ਬੋਝ ਨੂੰ ਵਧਾ ਦਿੱਤਾ ਹੈ, ਇਸ ਤੋਂ ਪਹਿਲਾਂ ਵੀ ਸਰਕਾਰ ਨੇ ਬਹੁਤ ਸਾਰੇ ਟੈਕਸ ਲਗਾਏ ਹਨ ਜਿਨ੍ਹਾਂ ਕਰਕੇ ਆਮ ਜਨਤਾ ਤਰਾਹ ਤਰਾਹ ਕਰ ਰਹੀ ਹੈ। ਉਪਰੋਕਤ ਸ਼ਬਦ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਲਖਵਿੰਦਰ ਸਿੰਘ ਲੱਖੀ ਨੇ ਸੰਖਿਪਤ ਪੱਤਰਕਾਰ ਵਾਰਤਾ ਨੂੰ ਸੰਬੋਧਿਤ ਕਰਦੇ ਹੋਏ ਕਹੇ। ਲੱਖੀ ਨੇ ਕਿਹਾ ਕਿ ਜਦੋਂ ਦੀ ਇਹ ਸਰਕਾਰ ਹੋਂਦ ਵਿੱਚ ਆਈ ਹੈ ਕੇਵਲ ਕੂੜ ਪ੍ਰਚਾਰ ਦੇ ਨਾਲ ਆਪਣਾ ਕੰਮ ਚਲਾ ਰਹੀ ਹੈ ਇਹਨਾਂ ਕਿਹਾ ਲੋਕਾਂ ਨੂੰ ਸਹੂਲਤ ਦੇਣ ਦੇ ਨਾਂਅ ਤੇ ਚੋਰ ਰਸਤੇ ਦੇ ਨਾਲ ਟੈਕਸਾਂ ਦੀ ਭਰਮਾਰ ਪੰਜਾਬ ਦੀ ਜਨਤਾ 'ਤੇ ਪਾ ਦਿੱਤੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਮੀਤ ਪ੍ਰਧਾਨ ਸੰਜੀਵ ਤਲਵਾੜ ਨੇ ਕਿਹਾ ਕਿ ਇੱਕ ਸੋਚੀ ਸਮਝੀ ਸਾਜਿਸ਼ ਦੇ ਅਧੀਨ ਕੇਜਰੀਵਾਲ ਅਤੇ ਉਸਦੇ ਸਾਥੀਆਂ ਨੇ ਰਾਜਨੀਤੀ ਦਾ ਵਪਾਰੀਕਰਨ ਕਰਕੇ ਕਰੋੜਾਂ ਰੁਪਏ ਕਮਾਏ ਹਨ ਉਹਨਾਂ ਕਿਹਾ ਜਨਤਾ ਨੂੰ ਅੱਜ ਵੀ ਸੱਚਾਈ ਦਾ ਸਾਹਮਣਾ ਕਰ ਲੈਣਾ ਚਾਹੀਦਾ ਹੈ ਕਿ ਇਹ ਝੂਠ ਅਤੇ ਫਰੇਬ ਨਾਲ ਰਾਜ ਗੱਦੀ ਹਾਸਲ ਕਰਨ ਵਿੱਚ ਕਾਮਯਾਬ ਹੋਏ ਸੀ ਤੇ ਉਹੀ ਝੂਠ ਫਰੇਬ ਇਹ ਹੁਣ ਤੱਕ ਬੋਲਦੇ ਆ ਰਹੇ ਹਨ ਜਦ ਕਿ ਅੰਕੜੇ ਇਹਨਾਂ ਦੇ ਕੰਮਾਂ ਦੇ ਖਿਲਾਫ ਬੋਲ ਰਹੇ ਹਨ। ਤਲਵਾੜ ਨੇ ਕਿਹਾ ਕਿ ਲੋਕ ਸਭਾ ਚੋਣਾਂ ਵਿੱਚ ਸਰਕਾਰ ਦੀ ਕਾਰਜ ਪ੍ਰਣਾਲੀ ਦੇ ਖਿਲਾਫ ਲੋਕਾਂ ਨੇ ਫਤਵਾ ਦਿੱਤਾ ਹੈ ਤੇ ਹੁਣ ਹੋਣ ਬਾਲੀਆਂ ਜਿਮਨੀ ਚੋਣਾਂ ਵਿੱਚ ਹਾਰ ਦੇ ਡਰ ਨੂੰ ਦੇਖਦੇ ਹੋਏ ਸਰਕਾਰ ਨੇ ਵੋਟਾਂ ਦੀ ਖਰੀਦ ਫਰੋਖਤ ਸ਼ੁਰੂ ਕਰ ਦਿੱਤੀ ਹੈ। ਅਕਾਲੀ ਨੇਤਾਵਾਂ ਨੇ ਲੋਕਾਂ ਨੂੰ ਸੱਚਾਈ ਜਾਨਣ ਦੀ ਗੱਲ ਕਰਦੇ ਹੋਏ ਸਰਕਾਰ ਦੇ ਖਿਲਾਫ ਵੋਟ ਪਾਉਣ ਦੀ ਅਪੀਲ ਕੀਤੀ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਜ਼ਿਲ੍ਹਾ ਦਫਤਰ ਇੰਚਾਰਜ ਲਵਲੀ ਪਹਿਲਵਾਨ ਰਵਿੰਦਰ ਸਿੰਘ ਵੀ ਹਾਜ਼ਰ ਸਨ।

# ਮੁਲਾਜ਼ਮ ਤੇ ਪੈਨਸ਼ਨਰ ਆਗੂਆਂ ਨੇ ਸਰਕਾਰ ਦੇ ਲਾਰਿਆਂ ਦੀ ਪੰਡ ਫੂਕੀ

ਜਲੰਧਰ: ( ਰਾਜੇਸ਼ ਥਾਪਾ) ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਜਲੰਧਰ ਵੱਲੋਂ ਪੁੱਡਾ ਗਰਾਊਂਡ ਜਲੰਧਰ ਵਿਖੇ ਪੰਜਾਬ ਸਰਕਾਰ ਦੇ ਲਾਰਿਆਂ ਦੀ ਪੰਡ ਫੂਕੀ ਗਈ।ਮੁੱਖ ਮੰਤਰੀ ਦੀ ਮੀਟਿੰਗਾਂ ਦੇ ਕੇ ਭੱਜਣ ਦੀ ਸਖਤ ਤਿੱਖੇ ਸ਼ਬਦਾਂ 'ਚ ਨਿਖੇਧੀ ਕਰਦਿਆਂ ਆਗੂਆਂ ਨੇ ਆਖਿਆ ਕਿ ਮੁੱਖ ਮੰਤਰੀ ਵੱਲੋਂ ਲਗਾਤਾਰ ਮੀਟਿੰਗਾਂ ਮੁਲਤਵੀ ਕਰਕੇ ਪੰਜਾਬ ਦੇ ਲਗਭਗ ਸੱਤ ਲੱਖ ਮੁਲਾਜ਼ਮਾਂ ਤੇ ਪੈਨਸ਼ਨਾਂ ਨਾਲ ਧੋਖਾ ਕੀਤਾ ਜਾ ਰਿਹਾ ਹੈ, ਜਿਸ ਕਰਕੇ ਮੁਲਾਜ਼ਮ ਤੇ ਪੈਨਸ਼ਰਰ ਪੈਨਸ਼ਨਰਾਂ ਅੰਦਰ ਵਿਆਪਕ ਰੋਸ ਹੈ।ਸਾਂਝਾ ਫਰੰਟ ਜਲੰਧਰ ਦੇ ਕਨਵੀਨਰ ਨਵਪ੍ਰੀਤ ਸਿੰਘ ਬੱਲੀ, ਪਿਆਰਾ ਸਿੰਘ, ਸੁਭਾਸ਼ ਮੱਟੂ, ਰਹੇਲਾ ਨੇ ਆਖਿਆ ਕਿ ਮੁਲਾਜ਼ਮਾਂ / ਪੈਨਸ਼ਨਰਾਂ ਦੀਆਂ ਮੰਗਾਂ ਸੰਬੰਧੀ ਮੁੱਖ-ਮੰਤਰੀ ਵੱਲੋਂ 1 ਜੁਲਾਈ ਨੂੰ ਕਬਾਨਾ ਕਲੱਬ ਫਗਵਾੜਾ ਵਿਖੇ ਸਾਂਝਾ ਫਰੰਟ ਨਾਲ ਮੀਟਿੰਗ ਕੀਤੀ ਸੀ, ਉਸ ਵਿੱਚ ਮੁੱਖ ਮੰਤਰੀ ਵੱਲੋਂ ਇਸ ਗੱਲ ਦਾ ਭਰੋਸਾ ਦਿੱਤਾ ਗਿਆ ਸੀ ਕਿ ਚੋਣ ਜਾਬਤਾ ਖਤਮ ਹੋਣ ਉਪਰੰਤ ਸਾਂਝਾ ਫਰੰਟ ਨਾਲ 25 ਜੁਲਾਈ ਨੂੰ ਪੰਜਾਬ ਭਵਨ ਚੰਡੀਗੜ੍ਹ ਵਿਖੇ ਭਾਵ-ਪੂਰਕ ਮੀਟਿੰਗ ਕਰਕੇ ਸਾਰੀਆਂ ਮੰਗਾਂ ਦਾ ਨਿਪਟਾਰਾ ਕੀਤਾ ਜਾਵੇਗਾ। ਪਰੰਤੂ ਅਫਸੋਸ ਦੀ ਗੱਲ ਹੈ ਕਿ ਮੁੱਖ ਮੰਤਰੀ ਦਫਤਰ ਵੱਲੋਂ ਇਹ ਮੀਟਿੰਗ ਮੁਲਤਵੀ ਕਰਕੇ ਮੁੜ 2 ਅਗਸਤ ਦੀ ਮੀਟਿੰਗ ਤੈਅ ਕਰ ਦਿੱਤੀ ਗਈ, ਜਿਹੜੀ ਕਿ ਫਿਰ ਮੁਲਤਵੀ ਕਰ ਦਿੱਤੀ ਗਈ ਅਤੇ ਮੁੜ 22 ਅਗਸਤ ਦੀ ਮੀਟਿੰਗ ਮੀਟਿੰਗ ਤੈਅ ਕਰ ਦਿੱਤੀ ਗਈ ਹੁਣ 21 ਅਗਸਤ ਨੂੰ ਇਹ ਮੀਟਿੰਗ ਵੀ ਮੁਲਤਵੀ ਕਰਕੇ 12 ਸਤੰਬਰ ਨੂੰ ਕੈਬਨਟ ਸਬ ਕਮੇਟੀ ਨਾਲ ਮੀਟਿੰਗ ਕਰਨ ਦਾ ਪੱਤਰ ਜਾਰੀ ਕਰ ਦਿੱਤਾ ਗਿਆ ਹੈ।

# ਮੁਲਾਜ਼ਮਾਂ ਤੇ ਪੈਨਸ਼ਨਰਜ਼ ਸਾਂਝਾ ਫਰੰਟ ਵੱਲੋਂ ਤਹਿਸੀਲ ਪੱਧਰੀ ਰੈਲੀ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-ਮੁੱਖ ਮੰਤਰੀ ਪੰਜਾਬ ਵਲੋਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਮੰਗਾਂ ਨੂੰ ਹੱਲ ਕਰਨ ਦੀ ਥਾਂ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਨੂੰ ਵਾਰ-ਵਾਰ ਮੀਟਿੰਗ ਦਾ ਸਮਾਂ ਦੇ ਕੇ ਮੀਟਿੰਗਾਂ ਰੱਦ ਕਰਨ ਦੇ ਵਿਰੋਧ ਵਿੱਚ ਮੁਲਾਜ਼ਮ-ਪੈਨਸ਼ਨਰ ਵਰਗ ਵੱਲੋਂ ਸਰਕਾਰ ਵਿਰੁੱਧ ਆਪਣੇ ਰੋਹ ਦਾ ਪ੍ਰਗਟਾਵਾ ਕਰਨ ਲਈ ਸੂਬੇ ਅੰਦਰ ਥਾਂ-ਥਾਂ ਸਰਕਾਰ ਦੀਆਂ ਅਰਥੀਆਂ ਅਤੇ ਲਾਰਿਆਂ ਦੀਆਂ ਪੰਡਾਂ ਫੂਕਣ ਦਾ ਸੰਘਰਸ਼ ਉਲੀਕਿਆ ਗਿਆ। ਇਸ ਸੰਘਰਸ਼ ਦੇ ਤਹਿਤ ਸਾਂਝਾ ਫਰੰਟ ਤਹਿਸੀਲ ਹੁਸ਼ਿਆਰਪੁਰ ਵਲੋਂ ਮਿੰਨੀ ਸਕੱਤਰੇਤ ਵਿਖੇ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਆਗੂ ਸ਼ਮਸ਼ੇਰ ਸਿੰਘ ਧਾਮੀ, ਪ.ਸ.ਸ.ਫ. ਦੇ ਤਹਿਸੀਲ ਪ੍ਰਧਾਨ ਰਾਜ ਕੁਮਾਰ, ਪੰਜਾਬ ਪੈਨਸ਼ਨਰਜ਼ ਯੂਨੀਅਨ ਆਗੂ ਅਮਰੀਕ ਸਿੰਘ, ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਆਗੂ ਦਵਿੰਦਰ ਸਿੰਘ, ਪੰਜਾਬ ਰੋਡਵੇਜ਼ ਪੈਨਸ਼ਨਰਜ਼ ਅਤੇ ਫੈਮਲੀ ਪੈਨਸ਼ਨਰ ਵੈਲਫੇਅਰ ਐਸੋਸੀਏਸ਼ਨ ਆਗੂ ਹਰਮੇਸ਼ ਪਾਲ, ਡੀ.ਐਮ.ਐਫ. ਆਗੂ ਬਲਜੀਤ ਸਿੰਘ ਦੀ ਅਗਵਾਈ ਹੇਠ ਰੈਲੀ ਕੀਤੀ ਗਈ ਅਤੇ ਸਰਕਾਰ ਦੇ ਲਾਰਿਆਂ ਦੀ ਪੰਡ ਫੂਕੀ ਗਈ। ਇਸ ਮੌਕੇ ਸੰਬੋਧਨ ਕਰਦਿਆਂ ਸਾਂਝੇ ਫਰੰਟ ਦੇ ਆਗੂਆਂ ਇੰਦਰਜੀਤ ਵਿਰਦੀ, ਸੂਰਜ ਪ੍ਰਕਾਸ਼ ਆਨੰਦ, ਓਂਕਾਰ ਸਿੰਘ, ਵਿਕਾਸ ਸ਼ਰਮਾ, ਨੰਦ ਰਾਮ, ਦਵਿੰਦਰ ਸਿੰਘ, ਰਕੇਸ਼ ਕੁਮਾਰ ਮਹਿਲਾਂਵਾਲੀ ਨੇ ਕਿਹਾ ਕਿ ਜਲੰਧਰ ਜ਼ਿਮਨੀ ਚੋਣ ਮੌਕੇ ਝੰਡਾ ਮਾਰਚ ਦੇ ਦਬਅ ਹੇਠ ਮੁੱਖ ਮੰਤਰੀ ਵਲੋਂ ਮੀਟਿੰਗਾਂ ਤੋਂ ਭੱਜਣ ਦੇ ਰੋਸ ਤੇ ਝੂਠੇ ਲਾਰਿਆਂ ਦੀਆਂ ਪੰਡਾਂ ਫੂਕੀਆਂ ਜਾਣਗੀਆਂ।ਸੂਬਾ ਆਗੂ ਸਾਥੀ ਮਨਜੀਤ ਸਿੰਘ ਸੈਣੀ ਨੇ ਸਪੱਸ਼ਟ ਕੀਤਾ ਕਿ ਸਾਂਝੇ ਫਰੰਟ ਵਲੋਂ ਕੀਤੇ ਗਏ ਫੈਸਲੇ ਤਹਿਤ ਮੁੱਖ ਮੰਤਰੀ ਵਲੋਂ ਮੀਟਿੰਗ ਤੋਂ ਭੱਜਦਿਆਂ ਸਬ ਕਮੇਟੀ ਵਲੋਂ ਦਿੱਤੀ ਗਈ 12 ਸਤੰਬਰ ਦੀ ਮੀਟਿੰਗ ਦਾ ਬਾਈਕਾਟ ਕਰਕੇ 3 ਸਤੰਬਰ ਨੂੰ ਚੰਡੀਗੜ੍ਹ ਵਿਖੇ ਵਿਸ਼ਾਲ ਸੂਬਾ ਪੱਧਰੀ ਰੈਲੀ ਅਤੇ ਵਿਧਾਨ ਸਭਾ ਵੱਲ ਮਾਰਚ ਕੀਤਾ ਜਾਵੇਗਾ।





# 1 ਪਿਸਟਲ, 6 ਰੌਂਦ ਤੇ 1 ਮੈਗਜ਼ੀਨ ਸਮੇਤ ਇੱਕ ਗ੍ਰਿਫਤਾਰ

ਫਗਵਾੜਾ ( ਡਾ. ਰਮਨ)- ਵਤਸਲਾ ਗੁਪਤਾ ਸੀਨੀਅਰ ਪੁਲਸ ਕਪਤਾਨ ਕਪੂਰਥਲਾ ਦਿਸ਼ਾ ਨਿਰਦੇਸ਼ ਹੇਠ ਮਾੜੇ ਅਨਸਰਾਂ ਦੇ ਖਿਲਾਫ ਵਿੱਢੀ ਮੁਹਿੰਮ ਦੇ ਤਹਿਤ ਜ਼ਿਲ੍ਹਾ ਕਪੂਰਥਲਾ ਦੀ ਸਬ ਡਵੀਜ਼ਨ ਫਗਵਾੜਾ ਪੁਲਸ ਟੀਮ ਵੱਲੋਂ 1 ਪਿਸਟਲ, 6 ਰੌਂਦ ਤੇ 1 ਮੈਗਜ਼ੀਨ ਸਮੇਤ ਇੱਕ ਵਿਅਕਤੀ ਨੂੰ ਗ੍ਰਿਫਤਾਰ ਕਰਨ ਵਿੱਚ ਸਫਲਤਾ ਹਾਸਿਲ ਕੀਤੀ। ਰੁਪਿੰਦਰ ਕੌਰ ਭੱਟੀ ਪੁਲਸ ਕਪਤਾਨ ਫਗਵਾੜਾ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਉਹਨਾਂ ਦੀ ਸੁਪਰਵੀਜ਼ਨ ਹੇਠ ਅਤੇ ਅਤੇ ਜਸਪ੍ਰੀਤ ਸਿੰਘ ਉਪ ਪੁਲਸ ਕਪਤਾਨ ਸਬ ਡਵੀਜ਼ਨ ਫਗਵਾੜਾ ਦੀ ਨਿਗਰਾਨੀ ਹੇਠ ਇੰਸਪੈਕਟਰ ਜਤਿੰਦਰ ਕੁਮਾਰ ਮੁੱਖ ਅਫਸਰ ਥਾਣਾ ਸਿਟੀ ਫਗਵਾੜਾ ਅਤੇ ਇੰਸਪੈਕਟਰ ਅਮਨ ਕੁਮਾਰ ਇੰਚਾਰਜ ਪੀ.ਸੀ.ਆਰ/ਟ੍ਰੈਫਿਕ ਫਗਵਾੜਾ ਦੀ ਪੁਲਸ ਟੀਮ ਏ.ਐਸ.ਆਈ. ਮਹਿੰਦਰ ਸਿੰਘ 833/ਕਪੂ: ਪੀ.ਸੀ.ਆਰ. ਸਮੇਤ ਏ.ਐਸ.ਆਈ. ਤੀਰਥ ਸਿੰਘ 1483/ਕਪੂ: ਬੀਟ ਨੰਬਰ 05 ਪਰ ਅਤੇ ਬੀਟ ਨੰਬਰ 07 ਪਰ ਏ.ਐਸ.ਆਈ ਰਜਿੰਦਰ ਸਿੰਘ 695/ਕਪੂ: ਤੇ ਏ.ਐਸ.ਆਈ ਸਤਿੰਦਰ ਸਿੰਘ 1305/ਕਪੂ ਮਿਤੀ 22-08-24 ਨੂੰ ਬਤੌਰ (ਪੀ.ਸੀ.ਆਰ. ਡਿਊਟੀ) ਸਪੈਸ਼ਲ ਨਾਕਾਬੰਦੀ ਦੇ ਸਬੰਧ ਵਿੱਚ ਸ਼ਿਵਪੁਰੀ ਰੋਡ ਮਾਡਲ ਟਾਊਨ ਮੋੜ ਮੁਹੱਲਾ ਪ੍ਰੇਮਪੁਰਾ ਫਗਵਾੜਾ ਮੌਜੂਦ ਸੀ ਜੋ ਪੁਲਸ ਪਾਰਟੀ ਵੱਲੋਂ ਮਾਡਲ ਟਾਊਨ ਫਗਵਾੜਾ ਵੱਲੋਂ ਪ੍ਰੇਮਪੁਰ ਫਗਵਾੜਾ ਵੱਲੋਂ ਆਉਂਦੀ ਇੱਕ ਕਾਲੇ ਰੰਗ ਕਾਰ ਨੂੰ ਰੁਕਣ ਦਾ ਇਸ਼ਾਰਾ ਕੀਤਾ, ਜੋ ਹੁੰਡਈ ਕੰਪਨੀ ਦੀ ਕਾਰ ਜਿਸ ਦੇ ਸ਼ੀਸ਼ੇ ਵੀ ਕਾਲੇ ਸੀ, ਦੇ ਨਾਕਾ ਪਾਰਟੀ ਪਾਸ ਰੁਕਣ 'ਤੇ ਏ.ਐਸ.ਆਈ. ਮਹਿੰਦਰ ਸਿੰਘ ਵੱਲੋਂ ਉਸ ਗੱਡੀ ਦੇ ਡਰਾਈਵਰ ਨੂੰ ਉਸ ਦਾ ਨਾਮ ਪਤਾ ਪੁੱਛਣ 'ਤੇ ਉਸ ਨੇ ਆਪਣਾ ਨਾਮ ਸਨੀ ਪੁੱਤਰ ਸ਼ਿੰਦਾ ਵਾਸੀ ਸ਼ਹੀਦ ਜੋਗਿੰਦਰ ਨਗਰ ਫਗਵਾੜਾ ਜ਼ਿਲ੍ਹਾ ਕਪੂਰਥਲਾ ਦੱਸਿਆ, ਜਿਸ ਨੂੰ ਏ.ਐਸ.ਆਈ. ਮਹਿੰਦਰ ਸਿੰਘ ਵੱਲੋਂ ਆਪਣੀ ਗੱਡੀ ਦੇ ਕਾਗਜ਼ਾਤ ਦਿਖਾਉਣ ਬਾਰੇ ਕਿਹਾ ਤਾਂ ਉਕਤ ਡਰਾਈਵਰ ਗੱਡੀ ਵਿੱਚੋਂ ਉੱਤਰ ਕੇ ਕਹਿਣ ਲੱਗਾ ਕਿ ਉਸ ਨੇ ਕਾਗਜ਼ ਨਹੀਂ ਦਿਖਾਉਣੇ ਤੇ ਬਹਿਸਬਾਜ਼ੀ ਕਰਨੀ ਸ਼ੁਰੂ ਕਰ ਦਿੱਤੀ ਤੇ ਉਸ ਨਾਲ ਹੱਥੋਪਾਈ ਹੁੰਦੇ ਹੋਏ ਉਸ ਦੀ ਵਰਦੀ ਪਾੜ ਦਿੱਤੀ ਤੇ ਉਸ ਦੇ ਸੱਟਾਂ ਮਾਰੀਆਂ।

ਜਿੱਥੇ ਬਾਕੀ ਮੌਜੂਦ ਕਰਮਚਾਰੀਆਂ ਨੇ ਸਨੀ ਨੂੰ ਮਾਰਨ ਤੋਂ ਰੋਕਣ 'ਤੇ ਉਹ ਉਹਨਾਂ ਦੇ ਵੀ ਗਲ ਪੈ ਗਿਆ, ਜਿਸ ਨੂੰ ਪੁਲਸ ਪਾਰਟੀ ਨੇ ਕਾਬੂ ਕੀਤਾ ਤਾਂ ਉਸ ਦੀ ਡੱਬ ਵਿੱਚੋਂ ਇੱਕ ਪਿਸਟਲ ਹੇਠਾਂ ਡਿੱਗ ਪਿਆ, ਜਿਸ ਨੂੰ ਚੈੱਕ ਕਰਨ ਤੇ ਉਹ ਲੋਡ ਪਾਇਆ ਗਿਆ ਤੇ ਜਿਸ ਵਿੱਚ ਇੱਕ ਮੈਗਜ਼ੀਨ ਤੇ 6 ਰੌਂਦ ਜ਼ਿੰਦਾ ਬ੍ਰਾਮਦ ਹੋਏ, ਜੋ ਕਿ ਸਨੀ ਇਸ ਪਿਸਟਲ ਬਾਰੇ ਕੋਈ ਵੀ ਲਾਇੰਸਸ ਪੇਸ਼ ਨਹੀਂ ਕਰ ਸਕਿਆ ਜਿਸ ਪਾਸ ਪਿਸਟਲ ਗੈਰ ਕਾਨੂੰਨੀ ਪਾਇਆ ਗਿਆ ਜਿਸ 'ਤੇ ਸਨੀ ਖਿਲਾਫ ਮੁਕੱਦਮਾ ਥਾਣਾ ਸਿਟੀ ਫਗਵਾੜਾ ਦਰਜ ਰਜਿਸਟਰ ਕਰਕੇ ਉਸ ਨੂੰ ਗ੍ਰਿਫਤਾਰ ਕੀਤਾ ਗਿਆ।

# 3 ਦੀ ਰੈਲੀ ਤੋਂ ਬਾਅਦ ਪੰਜਾਬ ਵਿਧਾਨ ਸਭਾ ਵੱਲ ਰੋਸ ਮਾਰਚ ਦਾ ਐਲਾਨ



**ਜਲੰਧਰ ( ਰਾਜੇਸ਼ ਥਾਪਾ )-** ਪੰਜਾਬ ਪੈਨਸ਼ਨਰਜ਼ ਯੂਨੀਅਨ ( ਸਬੰਧਤ ਏਟਕ ਅਤੇ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1680 ਸੈਕਟਰ 22 ਬੀ ,ਚੰਡੀਗੜ੍ਹ ) ਦੀ ਸੂਬਾ ਕਾਰਜਕਾਰਨੀ ਕਮੇਟੀ ਦੀ ਇੱਕ ਮੀਟਿੰਗ ਇੱਥੇ ਜਸਵੰਤ ਸਿੰਘ ਸਮਰਾ ਭਵਨ ਵਿਖੇ ਸੂਬਾ ਪ੍ਰਧਾਨ ਜਗਦੀਸ਼ ਸਿੰਘ ਚਾਹਲ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਨੂੰ ਸੰਬੋਧਨ ਕਰਦਿਆਂ ਜਥੇਬੰਦੀ ਦੇ ਸੂਬਾਈ ਕਾਰਜਕਾਰੀ ਚੇਅਰਮੈਨ ਅਵਤਾਰ ਸਿੰਘ ਗਗੜਾ, ਸੀਨੀਅਰ ਮੀਤ ਪ੍ਰਧਾਨ ਗੁਰਜੀਤ ਸਿੰਘ ਘੋੜੇਵਾਹ, ਜਨਰਲ ਸਕੱਤਰ ਪ੍ਰੇਮ ਚਾਵਲਾ, ਐਡੀਸ਼ਨਲ ਜਨਰਲ ਸਕੱਤਰ ਸੱਤਿਆ ਪਾਲ ਗੁਪਤਾ, ਮੁੱਖ ਜਥੇਬੰਦਕ ਸਕੱਤਰ ਅਵਤਾਰ ਸਿੰਘ ਤਾਰੀ, ਵਿੱਤ ਸਕੱਤਰ ਪ੍ਰਿਤਪਾਲ ਸਿੰਘ ਪੰਡੋਰੀ, ਪ੍ਰੈਸ ਸਕੱਤਰ ਕੁਲਵੰਤ ਸਿੰਘ ਚਾਨੀ, ਮੀਤ ਪ੍ਰਧਾਨ ਜਗਮੇਲ ਸਿੰਘ ਪੱਖੋਵਾਲ, ਸੂਬਾਈ ਆਗੂ ਬਲਰਾਜ ਸਿੰਘ ਭੰਗੂ, ਸਵਰਨ ਸਿੰਘ ਹਠੂਰ, ਨਸੀਬ ਸਿੰਘ ਜੜੋਤ, ਸੱਤ ਪਾਲ ਸਿੰਘ ਸਹਿਗਲ, ਕਾਮਰੇਡ ਸੁੱਚਾ ਸਿੰਘ ਅਜਨਾਲਾ, ਗੁਰਮੇਲ ਚੰਦ ਨਵਾਂਸ਼ਹਿਰ, ਮਨਜੀਤ ਸਿੰਘ ਮਨਸੂਰਾਂ, ਗੁਰਦੀਪ ਸਿੰਘ ਪਠਾਨਕੋਟ, ਹਰਜਿੰਦਰ ਸਿੰਘ ਲੁਧਿਆਣਾ, ਗੁਰਬਖਸ਼ ਸਿੰਘ ਢਿੱਲੋਂ ਬਟਾਲਾ, ਵਿਜੇ ਕੁਮਾਰ ਜਲੰਧਰ, ਹਰਿੰਦਰ ਸਿੰਘ ਚੀਮਾ ਜਲੰਧਰ ਤੇ ਪਰਮਜੀਤ ਸਿੰਘ ਜਗਰਾਉਂ ਨੇ ਆਪਣੇ ਵਿਚਾਰ ਪੇਸ਼ ਕਰਦੇ ਹੋਏ ਪੰਜਾਬ ਸਰਕਾਰ 'ਤੇ ਦੋਸ਼ ਲਾਇਆ ਹੈ ਕਿ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਹੱਕੀ ਅਤੇ ਜਾਇਜ਼ ਮੰਗਾਂ ਨੂੰ ਗਿਣੀ ਮਿਥੀ ਸਾਜਿਸ਼ ਤਹਿਤ ਨਜ਼ਰ ਅੰਦਾਜ਼ ਕੀਤਾ ਜਾ ਰਿਹਾ ਹੈ ਅਤੇ ਮੁੱਖ ਮੰਤਰੀ ਪੰਜਾਬ ਵੱਲੋਂ ਮੁਲਾਜ਼ਮ ਅਤੇ ਪੈਨਸ਼ਨਰ ਆਗੂਆਂ ਨਾਲ ਗੱਲਬਾਤ ਕਰਨ ਤੋਂ ਲਗਾਤਾਰ ਭਗੌੜੇ ਹੋ ਗਏ ਹਨ। ਮੀਟਿੰਗ ਦੌਰਾਨ ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਵੱਲੋਂ 3 ਸਤੰਬਰ ਨੂੰ ਚੰਡੀਗੜ੍ਹ ਵਿਖੇ ਸੂਬਾ ਪੱਧਰੀ ਰੋਸ ਰੈਲੀ ਕਰਨ ਤੋਂ ਬਾਅਦ ਪੰਜਾਬ ਵਿਧਾਨ ਸਭਾ ਵੱਲ ਰੋਸ ਮਾਰਚ ਕਰਨ ਦੇ ਫੈਸਲੇ ਨੂੰ ਸਫਲ ਬਣਾਉਣ ਲਈ ਪੰਜਾਬ ਪੈਨਸ਼ਨਰਜ਼ ਯੂਨੀਅਨ ਵੱਲੋਂ ਭਰਵੀਂ ਸ਼ਮੂਲੀਅਤ ਕਰਨ ਦਾ ਫੈਸਲਾ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪੈਨਸ਼ਨਰ ਆਗੂ ਅਜਮੇਰ ਸਿੰਘ ਮੋਗਾ, ਅਮਰੀਕ ਸਿੰਘ, ਸੰਤੋਖ ਸਿੰਘ ਜਲੰਧਰ, ਦਵਿੰਦਰ ਪਾਲ ਸਿੰਘ ਜਲੰਧਰ, ਮਨਜੀਤ ਸਿੰਘ ਗਿੱਲ, ਸੁਰੇਸ਼ ਕੁਮਾਰ ਪਠਾਨਕੋਟ, ਦਰਸ਼ਨ ਸਿੰਘ ਲੁਧਿਆਣਾ, ਦਲਜੀਤ ਸਿੰਘ, ਮਹਿੰਦਰ ਸਿੰਘ, ਜਸਵਿੰਦਰ ਸਿੰਘ ਭੰਗਾਲ, ਜਗਸੀਰ ਸਿੰਘ ਜਗਰਾਉਂ, ਗੁਰਮੁਖ ਸਿੰਘ, ਜਸਵੀਰ ਸਿੰਘ ਰੋਪੜ ਤੇ ਸੰਤੋਖ ਸਿੰਘ ਕੈਸ਼ੀਅਰ ਆਦਿ ਸ਼ਾਮਲ ਸਨ।

# ਮੁੱਖ ਮੰਤਰੀ ਦੇ ਝੂਠੇ ਲਾਰਿਆਂ ਦੀ ਪੰਡ ਫੂਕ ਕੇ ਕੀਤਾ ਪਿੱਟ-ਸਿਆਪਾ



**ਫ਼ਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)-** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਲੋਂ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਨੂੰ ਦਿੱਤੀ ਗਈ ਮੀਟਿੰਗ ਵਾਰ-ਵਾਰ ਰੱਦ ਕਰਨ, ਮੁਲਾਜ਼ਮ ਅਤੇ ਪੈਨਸ਼ਨਰਾਂ ਦੀਆਂ ਮੰਗਾਂ ਨੂੰ ਮੰਨਣ ਅਤੇ ਲਾਗੂ ਕਰਨ ਤੋਂ ਵਾਰ-ਵਾਰ ਪਾਸਾ ਵੱਟਣ ਦੇ ਰੋਸ ਵਜੋਂ ਮੁੱਖ ਮੰਤਰੀ ਪੰਜਾਬ ਦੇ ਝੂਠੇ ਲਾਰਿਆਂ ਦੀ ਪੰਡ ਫੂਕ ਕੇ ਜ਼ੋਰਦਾਰ ਨਾਅਰੇਬਾਜ਼ੀ ਕਰਦੇ ਹੋਏ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਫ਼ਗਵਾੜਾ ਵਲੋਂ ਫਗਵਾੜਾ ਵਿਖੇ ਪੰਜਾਬ ਸਰਕਾਰ ਦਾ ਪਿੱਟ ਸਿਆਪਾ ਕੀਤਾ ਗਿਆ।ਇਸ ਸਮੇਂ ਸਾਂਝਾ ਫਰੰਟ ਦੇ ਆਗੂਆਂ ਕਰਨੈਲ ਸਿੰਘ ਸੰਧੂ, ਜਸਵਿੰਦਰ ਫ਼ਗਵਾੜਾ, ਹੰਸ ਰਾਜ ਬੰਗੜ, ਜਸਵੀਰ ਸਿੰਘ ਸੈਣੀ, ਪਰਮਿੰਦਰ ਪਾਲ ਸਿੰਘ, ਗੁਰਮੁਖ ਲੋਕ ਪ੍ਰੇਮੀ, ਮੋਹਣ ਸਿੰਘ ਭੱਟੀ, ਸੁਖਦੇਵ ਫ਼ਗਵਾੜਾ, ਕੁਲਦੀਪ ਸਿੰਘ ਕੌੜਾ, ਤਾਰਾ ਸਿੰਘ ਬੀਕਾ, ਜਸਵੀਰ ਭੰਗੂ, ਰਾਜਿੰਦਰ ਪਾਲ ਕੌਰ ਰਾਜਵਿੰਦਰ ਕੌਰ ਆਦਿ ਨੇ ਸੰਬੋਧਨ ਕੀਤਾ। ਇਸ ਸਮੇਂ ਹੋਰਨਾਂ ਤੋਂ ਇਲਾਵਾ ਹਰਚਰਨ ਭਾਰਤੀ, ਸੀਤਲ ਰਾਮ ਬੰਗਾ, ਡਾ.ਤਰਲੋਕ ਸਿੰਘ, ਪ੍ਰਮੋਦ ਕੁਮਾਰ ਜੋਸ਼ੀ,ਭਾਗ ਮੱਲ, ਮਲਕੀਅਤ ਸਿੰਘ ਅੱਪਰਾ,ਪਰਮਜੀਤ ਕੌਰ, ਪਿਆਰਾ ਰਾਮ ਪਲਾਹੀ, ਗੌਰਵ ਰਾਠੌਰ, ਭੁਪਿੰਦਰ ਸਿੰਘ ਮਾਹੀ, ਸਤਪਾਲ ਸਿੰਘ ਖੱਟਕੜ, ਪੰਕਜ ਰਾਵਤ, ਡਾ.ਕੋਮਲ ਸਿੰਘ, ਪ੍ਰੇਮ ਖਲਵਾੜਾ, ਸਤਨਾਮ ਸਿੰਘ ਪਰਮਾਰ, ਰਸ਼ਪਾਲ ਸਿੰਘ, ਗਿਆਨ ਚੰਦ ਦਾਦਰਾ, ਹਰਜਿੰਦਰ ਨਿਆਣਾ,ਰਾਮ ਲੁਭਾਇਆ ਰਿਹਾਣਾ ਜੱਟਾਂ, ਆਦਿ ਜੁਝਾਰੂ ਸਾਥੀ ਹਾਜ਼ਰ ਹੋਏ।

# ਬਿਜਲੀ ਮੁਲਾਜ਼ਮਾਂ ਵੱਲੋਂ ਪੰਜਾਬ ਸਰਕਾਰ ਵਿਰੁੱਧ ਅਰਥੀ ਫੂਕ ਮੁਜ਼ਾਹਰਾ



**ਮੋਰਿੰਡਾ ( ਜੈਜ਼ੀ ਸਰਦਾਰ )-** ਪੰਜਾਬ ਰਾਜ ਬਿਜਲੀ ਬੋਰਡ ਦੇ ਮੁਲਾਜ਼ਮਾਂ ਵੱਲੋਂ ਮੁਲਾਜ਼ਮ ਜਥੇਬੰਦੀਆਂ ਬਿਜਲੀ ਮੁਲਾਜ਼ਮ ਏਕਤਾ ਮੰਚ ਅਤੇ ਜੁਆਇੰਟ ਫੋਰਮ ਪੰਜਾਬ ਵੱਲੋਂ ਦਿੱਤੇ ਸੱਦੇ ਅਨੁਸਾਰ ਉਪ ਮੰਡਲ ਅਫਸਰ ਦੇ ਮੋਰਿੰਡਾ ਸਥਿਤ ਦਫਤਰ ਵਿਖੇ ਪੰਜਾਬ ਸਰਕਾਰ ਵਿਰੁੱਧ ਅਰਥੀ ਫੂਕ ਮੁਜ਼ਾਹਰਾ ਕੀਤਾ ਗਿਆ ਅਤੇ ਸਰਕਾਰ ਵਿਰੁੱਧ ਜ਼ਬਰਦਸਤ ਨਾਅਰੇਬਾਜ਼ੀ ਕੀਤੀ ਗਈ।ਇਸ ਧਰਨਾ ਪ੍ਰਦਰਸ਼ਨ ਨੂੰ ਸਰਬਜੀਤ ਸਿੰਘ ਪ੍ਰਧਾਨ ਪੀ ਐਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਮੋਰਿੰਡਾ, ਮੀਤ ਪ੍ਰਧਾਨ ਤਰਨਜੀਤ ਸਿੰਘ ਘੜੂੰਆ, ਟੀ ਐਸ ਯੂ ਦੇ ਪ੍ਰਧਾਨ ਭਪਿੰਦਰ ਸਿੰਘ ਅਤੇ ਸਕੱਤਰ ਬਲਜਿੰਦਰ ਸਿੰਘ ਹੈਪੀ ਅਤੇ ਐਮ ਐਸ ਸੀ ਓ ਬਰਿੰਦਰ ਸਿੰਘ ਨੇ ਸੰਬੋਧਨ ਕਰਦਿਆਂ ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਲੰਮੇ ਸਮੇਂ ਤੋਂ ਲਟਕਦੀਆਂ ਮੰਗਾਂ ਸਬੰਧੀ ਧਾਰਨ ਕੀਤੇ ਨਾਂਹ ਪੱਖੀ ਰਵੱਈਏ ਦੀ ਜ਼ੋਰਦਾਰ ਸ਼ਬਦਾਂ ਵਿੱਚ ਨਿਖੇਧੀ ਕੀਤੀ ਅਤੇ ਸਰਕਾਰ ਤੋਂ ਮੰਗ ਕੀਤੀ ਕਿ ਡੀ ਏ ਦੀਆਂ ਕਿਸਤਾਂ ਤੁਰੰਤ ਐਲਾਨ ਕਰਕੇ ਇਹਨਾਂ ਦਾ ਬਕਾਇਆ ਨਗਦ ਦਿੱਤਾ ਜਾਵੇ , ਪੁਰਾਣੀ ਪੈਨਸ਼ਨ ਲਾਗੂ ਕੀਤੀ ਜਾਵੇ। ਜੇਕਰ ਕਿਸੇ ਬਿਜਲੀ ਮੁਲਾਜ਼ਮ ਦੀ ਡਿਊਟੀ ਦੌਰਾਨ ਮੌਤ ਹੋ ਜਾਂਦੀ ਹੈ ਤਾਂ ਉਸ ਨੂੰ ਸ਼ਹੀਦ ਐਲਾਨ ਕੇ ਇਕ ਕਰੋੜ ਰੁਪਿਆ ਮੁਆਵਜ਼ਾ ਰਾਸ਼ੀ ਦਿੱਤੀ ਜਾਵੇ ਅਤੇ ਵਾਰਸਾਂ ਨੂੰ ਤੁਰੰਤ ਨੌਕਰੀ ਦਿੱਤੀ ਜਾਵੇ। ਇਸ ਧਰਨਾ ਪ੍ਰਦਰਸ਼ਨ ਨੂੰ ਹੋਰਨਾਂ ਤੋਂ ਬਿਨਾਂ ਸੀਨੀਅਰ ਮੀਤ ਪ੍ਰਧਾਨ ਗੁਰਦੀਪ ਸਿੰਘ, ਸੁਖਵਿੰਦਰ ਸਿੰਘ ਗਗਨ ਰਾਣਾ ਅਤੇ ਮੈਡਮ ਨਵਦੀਪ ਕੌਰ ਨੇ ਵੀ ਸੰਬੋਧਨ ਕੀਤਾ ਅਤੇ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮੰਗਾਂ ਪ੍ਰਵਾਨ ਕਰਕੇ ਲਾਗੂ ਨਾ ਕੀਤੀਆਂ ਗਈਆਂ ਤਾਂ ਆਉਣ ਵਾਲੇ ਸਮੇਂ ਵਿੱਚ ਸੰਘਰਸ਼ ਨੂੰ ਹੋਰ ਵੀ ਤੇਜ਼ ਕੀਤਾ ਜਾਵੇਗਾ ਜਿਸ ਦੀ ਸਾਰੀ ਜਿੰਮੇਵਾਰੀ ਸਰਕਾਰ ਸਿਰ ਹੋਵੇਗੀ।

# ਪੀ ਸੀ ਐੱਮ ਐੱਸ ਡੀ ਕਾਲਜ ਵਿਖੇ ਰਾਸ਼ਟਰੀ ਲਾਇਬ੍ਰੇਰੀਅਨ ਦਿਵਸ ਮਨਾਇਆ

**ਜਲੰਧਰ (ਇਕਬਾਲ ਸਿੰਘ ਉੱਭੀ)** ਪੀ.ਸੀ.ਐਮ.ਐਸ.ਡੀ ਕਾਲਜ ਫਾਰ ਵੂਮੈਨ ਵਿਖੇ ਲਾਇਬ੍ਰੇਰੀਅਨ ਸ਼੍ਰੀਮਤੀ ਸੋਨੀਆ ਨੇ ਕਾਲਜ ਦੇ ਵਿਦਿਆਰਥੀਆਂ ਨੂੰ ਇਸ ਦਿਨ ਦੇ ਪਿੱਛੇ ਦੇ ਇਤਿਹਾਸ ਅਤੇ ਸਿੱਖਿਆ ਅਤੇ ਸਮਾਜ ਦੇ ਖੇਤਰ ਵਿੱਚ ਇਸਦੀ ਮਹੱਤਤਾ ਬਾਰੇ ਜਾਣੂ ਕਰਵਾਇਆ। ਇਸ ਸਮਾਗਮ ਦਾ ਆਯੋਜਨ ਕਰਨ ਦਾ ਉਦੇਸ਼ ਵਿਦਿਆਰਥੀਆਂ ਨੂੰ ਕਾਲਜ ਦੀ ਲਾਇਬ੍ਰੇਰੀ ਨਾਲ ਜੋੜਨਾ ਅਤੇ ਉਨ੍ਹਾਂ ਨੂੰ ਛੋਟੀ ਉਮਰ ਵਿੱਚ ਪੜ੍ਹਨ ਦੀਆਂ ਆਦਤਾਂ ਨੂੰ ਕਿਵੇਂ ਵਿਕਸਿਤ ਕਰਨਾ ਹੈ, ਉਨ੍ਹਾਂ ਦੇ ਜੀਵਨ ਨੂੰ ਆਕਾਰ ਦੇਣ ਵਿੱਚ ਲਾਇਬ੍ਰੇਰੀਆਂ ਦੀ ਮਹੱਤਤਾ ਨੂੰ ਸਮਝਣਾ ਸੀ। ਉਹਨਾਂ ਨੇ ਕਿਹਾ ਕਿ ਇਹ ਦਿਨ ਲਾਇਬ੍ਰੇਰੀਅਨਾਂ ਨੂੰ ਉੱਚ ਗੁਣਵੱਤਾ ਵਾਲੀ ਸੂਚਨਾ ਪ੍ਰਨਾਲੀ ਪ੍ਰਦਾਨ ਕਰਕੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੀਆਂ ਸੂਚਨਾ ਲੋੜਾਂ ਨੂੰ ਪੂਰਾ ਕਰਨ ਲਈ ਕੰਮ ਕਰਨ ਦੇ ਉਨ੍ਹਾਂ ਦੇ ਮਿਸ਼ਨ ਦੀ ਯਾਦ ਦਿਵਾਉਂਦਾ ਹੈ। ਪ੍ਰਿੰਸੀਪਲ ਸ਼੍ਰੀਮਤੀ (ਡਾ.) ਪੂਜਾ ਪਰਾਸ਼ਰ ਨੇ ਲਾਇਬ੍ਰੇਰੀ ਦੀ ਮਹੱਤਤਾ ਅਤੇ ਨੌਜਵਾਨ ਮਨਾਂ ਨੂੰ ਢਾਲਣ ਅਤੇ ਆਕਾਰ ਦੇਣ ਲਈ ਲਾਇਬ੍ਰੇਰੀਆਂ ਦੀ ਅਹਿਮ ਭੂਮਿਕਾ ਬਾਰੇ ਦੱਸਿਆ। ਉਨ੍ਹਾਂ ਵਿਦਿਆਰਥੀਆਂ ਨੂੰ ਗਿਆਨ ਹਾਸਲ ਕਰਨ ਲਈ ਲਾਇਬ੍ਰੇਰੀ ਵਿੱਚ ਕਿਤਾਬਾਂ ਪੜ੍ਹਨ ਦੀ ਆਦਤ ਪਾਉਣ ਦੀ ਸਲਾਹ ਦਿੱਤੀ।

# 'ਸਫਾਈ 'ਚ ਭਲਾਈ' ਹਫਤਾ ਮਨਾਇਆ



**ਫਗਵਾੜਾ (ਡਾ. ਰਮਨ)** ਪੰਜਾਬ ਸਰਕਾਰ ਵਲੋਂ 'ਸਫਾਈ 'ਚ ਭਲਾਈ' ਸੰਦੇਸ਼ ਨਾਲ ਚਲਾਈ ਜਾ ਰਹੀ ਇਕ ਹਫਤੇ ਦੀ ਵਿਸ਼ੇਸ਼ ਮੁਹਿਮ ਤਹਿਤ ਪ੍ਰੇਮ ਨਗਰ ਸੇਵਾ ਸੁਸਾਇਟੀ ਵਲੋਂ ਕਾਰਪੋਰੇਸ਼ਨ ਫਗਵਾੜਾ ਦੇ ਸਹਿਯੋਗ ਸਦਕਾ ਖੇੜਾ ਰੋਡ ਸਥਿਤ ਮਾਸਟਰ ਸਾਧੂ ਰਾਮ ਨਗਰ, ਪ੍ਰੇਮ ਨਗਰ, ਗੁਰੂ ਨਾਨਕ ਪੁਰਾ ਅਤੇ ਮੇਨ ਖੇੜਾ ਰੋਡ ਵਿਖੇ ਸਫਾਈ ਮੁਹਿਮ ਚਲਾਈ ਗਈ ਅਤੇ ਨਾਲ ਹੀ ਵੇਸਟ ਪਲਾਸਟਿਕ ਵੀ ਇਕੱਠਾ ਕੀਤਾ ਗਿਆ।ਮੁਹਿਮ ਦੀ ਸ਼ੁਰੂਆਤ ਨਗਰ ਨਿਗਮ ਫਗਵਾੜਾ ਦੇ ਜੁਆਇੰਟ ਕਮਿਸ਼ਨਰ ਕੁਲਪ੍ਰੀਤ ਸਿੰਘ ਨੇ ਕਰਵਾਈ। ਸੁਸਾਇਟੀ ਪ੍ਰਧਾਨ ਸੁਧੀਰ ਸ਼ਰਮਾ, ਜਨਰਲ ਸਕੱਤਰ ਸੁਰਿੰਦਰ ਪਾਲ ਅਤੇ ਨਗਰ ਕੌਂਸਲ ਫਗਵਾੜਾ ਦੇ ਸਾਬਕਾ ਪ੍ਰਧਾਨ ਮਲਕੀਅਤ ਸਿੰਘ ਰਘਬੋਤਰਾ ਨੇ ਵੀ ਸਫਾਈ ਸੇਵਕਾਂ ਦੇ ਨਾਲ ਮੁਹਿਮ 'ਚ ਹਿੱਸਾ ਲਿਆ। ਇਸ ਦੌਰਾਨ ਸੀਨੀਅਰ ਸਿਟੀਜਨ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਵਿਸ਼ਵਾ ਮਿੱਤਰ ਸ਼ਰਮਾ ਦੀ ਪ੍ਰਧਾਨਗੀ ਹੇਠ ਇਕ ਜਾਗਰੂਕਤਾ ਸੈਮੀਨਾਰ ਵੀ ਕਰਵਾਇਆ ਗਿਆ।ਨਗਰ ਨਿਗਮ ਦੇ ਚੀਫ ਸੈਨੇਟਰੀ ਇੰਸਪੈਕਟਰ ਅਜੇ ਕੁਮਾਰ, ਸੈਨੇਟਰੀ ਇੰਸਪੈਕਟਰ ਨਾਮ ਦੇਵ ਅਤੇ ਹਿਤੇਸ਼ ਸ਼ਰਮਾ, ਸਵੱਛ ਭਾਰਤ ਮਿਸ਼ਨ ਦੇ ਐਮ ਆਈ ਐਸ ਸਨੀ ਗੁਪਤਾ ਸਮੇਤ ਹੋਰਨਾਂ ਬੁਲਾਰਿਆਂ ਨੇ ਜਿੱਥੇ ਆਪਣਾ ਆਲਾ-ਦੁਆਲਾ ਆਪ ਸਾਫ ਰੱਖਣ ਹਿੱਤ ਪ੍ਰੇਰਿਆ। ਸੈਮੀਨਾਰ ਦੌਰਾਨ ਮਹਿਲਾ ਸਫਾਈ ਕਰਮਚਾਰੀਆਂ ਦੀ ਹੌਸਲਾ ਅਫਜਾਈ ਲਈ ਸਨਮਾਨ ਵਜੋਂ ਕਪੜੇ ਦੇ ਸੂਟ ਵੀ ਭੇਟ ਕੀਤੇ ਗਏ।ਜੁਆਇੰਟ ਕਮਿਸ਼ਨਰ ਕੁਲਪ੍ਰੀਤ ਸਿੰਘ ਅਤੇ ਹੋਰਨਾਂ ਪਤਵੰਤਿਆਂ ਦਾ ਧੰਨਵਾਦ ਵੀ ਕੀਤਾ।

# ਕੌਮੀ ਇਨਸਾਫ਼ ਮੋਰਚੇ ਨੂੰ ਜਬਰੀ ਚੁਕਵਾਉਣ 'ਤੇ ਸੁਪਰੀਮ ਕੋਰਟ ਨੇ ਲਾਈ ਰੋਕ

**ਮੋਹਾਲੀ (ਗੁਰਜੀਤ ਬਿੱਲਾ)** ਚੰਡੀਗੜ੍ਹ-ਮੋਹਾਲੀ ਬਾਰਡਰ 'ਤੇ ਕਰੀਬ ਡੇਢ ਸਾਲ ਤੋਂ ਕੌਮੀ ਇਨਸਾਫ ਮੋਰਚਾ ਬੰਦੀ ਸਿੰਘਾਂ ਦੀ ਰਿਹਾਈ ਲਈ ਤੇ ਹੋਰ ਪੰਥਕ ਮੁੱਦਿਆ ਨੂੰ ਲੈ ਕੇ ਸੰਘਰਸ਼ ਕਰ ਰਿਹਾ ਹੈ, ਜਿਸ ਨੂੰ ਚੁਕਵਾਉਣ ਲਈ ਇਕ ਸਿੱਖ ਵਿਰੋਧੀ ਸੰਸਥਾ ਵੱਲੋਂ ਹਾਈ ਕੋਰਟ ਵਿੱਚ ਪਾਈ ਰਿਟ ਖਿਲਾਫ ਮਾਨਯੋਗ ਸੁਪਰੀਮ ਕੋਰਟ ਦੇ ਬੈਂਚ ਨੇ ਕੌਮੀ ਇਨਸਾਫ ਮੋਰਚੇ ਨੂੰ ਨਾ ਚੁੱਕਣ ਦੇ ਆਦੇਸ਼ ਜਾਰੀ ਕੀਤੇ ਹਨ, ਜਿਸ ਸਦਕਾ ਸਿੱਖ ਸੰਗਤਾਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਹੈ। ਮੋਹਾਲੀ ਪ੍ਰੈੱਸ ਕਲੱਬ ਵਿਖੇ ਕੌਮੀ ਇੰਨਸਾਫ ਮੋਰਚੇ ਵੱਲੋਂ ਇਕ ਪ੍ਰੈੱਸ ਕਾਨਫਰੰਸ ਦੌਰਾਨ ਮੋਰਚੇ ਦੇ ਕਨਵੀਨਰ ਭਾਈ ਪਾਲ ਸਿੰਘ ਫ਼ਰਾਂਸ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਕੌਮੀ ਇਨਸਾਫ ਮੋਰਚਾ ਕਰੀਬ 19 ਮਹੀਨਿਆਂ ਤੋਂ ਵੱਧ ਸਮੇਂ ਤੋਂ ਬੰਦੀ ਸਿੰਘਾਂ ਦੀ ਰਿਹਾਈ ਅਤੇ ਹੋਰ ਪੰਥਕ ਮੁੱਦਿਆ ਨੂੰ ਲੈ ਕੇ ਚੰਡੀਗੜ੍ਹ ਦੀ ਬਰੂਹਾਂ 'ਤੇ ਡਟਿਆ ਹੋਇਆ ਹੈ, ਜਿਸ ਨੂੰ ਚੁਕਵਾਉਣ ਲਈ ਇਕ ਪਾਈ ਰਿਟ ਖਿਲਾਫ ਹੁਣ ਮਾਨਯੋਗ ਸੁਪਰੀਮ ਕੋਰਟ ਦੇ ਜਸਟਿਸ ਬੀ ਆਰ ਗਾਵਈ ਅਤੇ ਕੇ ਵੀ ਵਿਸ਼ਵਨਾਥਨ ਦੇ ਬੈਂਚ ਨੇ ਕੌਮੀ ਇਨਸਾਫ ਮੋਰਚੇ ਨੂੰ ਨਾ ਚੁੱਕਣ ਦੇ ਆਦੇਸ਼ ਜਾਰੀ ਕੀਤੇ ਗਏ ਹਨ।ਉਹਨਾਂ ਕਿਹਾ ਕਿ ਇਸ ਨਾਲ ਮੋਰਚੇ ਵਿਚ ਖੁਸ਼ੀ ਦੀ ਲਹਿਰ ਦੌੜ ਗਈ ਹੈ ਅਤੇ ਇਸ ਨਾਲ ਮੋਰਚੇ ਨੂੰ ਹੋਰ ਹੱਲੇਸ਼ੇਰੀ ਮਿਲੇਗੀ।ਉਹਨਾਂ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ ਤੱਕ ਅਸੀਂ ਸੰਘਰਸ਼ ਜਾਰੀ ਰੱਖਾਂਗੇ।ਉਹਨਾਂ ਅੱਗੇ ਕਿਹਾ ਸ਼੍ਰੋਮਣੀ ਅਕਾਲੀ ਦਲ ਬਾਦਲ ਨਾ ਹੀ ਸਿੱਖਾਂ ਦੀ ਕਦੇ ਗੱਲ ਕਰ ਸਕਿਆ ਤੇ ਨਾਂ ਕਰੇਗਾ।ਉਹਨਾਂ ਅੱਗੇ ਕਿਹਾ ਕਿ ਬਾਦਲ ਪਰਵਾਰ ਨੇ ਆਪਣੇ ਸਿਆਸੀ ਲਾਹੇ ਲਈ ਸਭ ਤੋਂ ਵੱਧ ਸਿੱਖ ਕੌਮ ਦਾ ਘਾਣ ਕੀਤਾ ਹੈ ਅਤੇ ਕੁੱਝ ਕੁ ਬੰਦੀ ਸਿੰਘਾਂ ਨੂੰ ਵਰਤਣਾ ਚਾਹੁੰਦਾ ਹੈ।ਨਾਲ ਹੀ ਉਹਨਾਂ ਸਿੱਖ ਕੌਮ ਅਤੇ ਬੰਦੀ ਸਿੰਘਾਂ ਅਪੀਲ ਕੀਤੀ ਕਿ ਉਹ ਅਕਾਲੀ ਦਲ ਅਤੇ ਬਾਦਲਾਂ ਦੇ ਅਧੀਨ ਸ਼੍ਰੋਮਣੀ ਕਮੇਟੀ ਦੇ ਜਾਲ ਵਿੱਚ ਨਾ ਫਸਣ, ਕਿਉਂਕਿ ਇਹਨਾਂ ਵੱਲੋਂ ਕਦੇ ਵੀ ਬੰਦੀ ਸਿੰਘਾਂ ਦੀ ਪੈਰਵਾਈ ਹੀ ਨਹੀਂ ਕੀਤੀ ਗਈ, ਉਲਟਾ ਆਪਣੀ ਸਰਕਾਰ ਵੇਲੇ ਸਿੱਖ ਨੌਜਵਾਨਾਂ ਨੂੰ ਬੰਦੀ ਬਣਾਇਆ ਗਿਆ ਸੀ।ਅਖ਼ੀਰ ਵਿਚ ਉਹਨਾਂ ਕਿਹਾ ਕਿ ਅਸੀਂ ਕੇਂਦਰ ਅਤੇ ਪੰਜਾਬ ਸਰਕਾਰ ਨੂੰ ਦੱਸਣਾ ਚਾਹੁੰਦੇ ਹਾਂ ਕਿ ਸੁਪਰੀਮ ਕੋਰਟ ਨੇ ਵੀ ਮੋਰਚੇ ਦੀਆਂ ਮੰਗਾਂ ਨੂੰ ਸਹੀ ਕਰਾਰ ਦਿੱਤਾ ਹੈ ਅਤੇ ਹੁਣ ਦੋਵੇਂ ਸਰਕਾਰਾਂ ਕੌਮੀ ਇਨਸਾਫ਼ ਮੋਰਚੇ ਦੀਆਂ ਮੰਗਾਂ ਨੂੰ ਪੂਰਾ ਕਰਦਿਆਂ ਬੰਦੀ ਸਿੰਘਾਂ ਨੂੰ ਰਿਹਾਅ ਕਰਨ।ਉਹਨਾਂ ਕਿਹਾ ਕਿ ਸਰਕਾਰ ਬੰਦੀ ਸਿੰਘਾਂ ਨੂੰ ਰਿਹਾਅ ਨਾ ਕਰਕੇ ਸ਼ਰੇਆਮ ਕਾਨੂੰਨ ਦੀਆਂ ਧੱਜੀਆਂ ਉਡਾ ਰਹੀ ਹੈ।

# ਪ੍ਰਿੰਸੀਪਲ ਵਰਿੰਦਰਜੀਤ ਕੌਰ ਨੇ ਅਹੁਦਾ ਸੰਭਾਲਿਆ



**ਮੋਰਿੰਡਾ ( ਜੈਜ਼ੀ ਸਰਦਾਰ )-** ਸ਼ਹੀਦ ਸੂਬੇਦਾਰ ਮੇਵਾ ਸਿੰਘ ਸਕੂਲ ਆਫ ਅਮੀਨੈਂਸ ਮੋਰਿੰਡਾ ਵਿਖੇ ਨਵੇਂ ਪ੍ਰਿੰਸੀਪਲ ਵਰਿੰਦਰਜੀਤ ਕੌਰ ਨੇ ਅਹੁਦਾ ਸੰਭਾਲ ਲਿਆ ਹੈ। ਇਸ ਸਬੰਧੀ ਸਕੂਲ ਸਟਾਫ਼ ਦੇ ਸਕੱਤਰ ਲੈਕਚਰਾਰ ਗਿਰਧਾਰੀ ਲਾਲ ਨੇ ਦੱਸਿਆ ਕਿ ਵਰਿੰਦਰਜੀਤ ਕੌਰ ਇੱਕ ਕੁਸ਼ਲ ਪ੍ਰਬੰਧਕ ਹਨ । ਸਕੂਲ ਦੇ ਸਟਾਫ ਨੇ ਉਹਨਾਂ ਦਾ ਭਰਵਾਂ ਸਵਾਗਤ ਕੀਤਾ ਅਤੇ ਸਕੂਲ ਨੂੰ ਹੋਰ ਬੁਲੰਦੀਆਂ ਤੇ ਲੈ ਕੇ ਜਾਣ ਲਈ ਪੂਰਨ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਇਸ ਮੌਕੇ ਲੈਕਚਰਾਰ ਸੰਦੇਸ਼ ਰਾਣੀ, ਰੋਮੀ ਸ਼ਰਮਾ, ਆਤਮਜੀਤ ਕੌਰ, ਵਰਿੰਦਰਜੀਤ ਕੌਰ, ਮੋਹਿਤ ਸੂਰੀ, ਹਰਪ੍ਰੀਤ ਸਿੰਘ, ਸ਼ੇਖਰ ਮਹਾਜਨ, ਸਿਮਰਨਜੀਤ ਕੌਰ, ਅਮਰਿੰਦਰ ਸਿੰਘ, ਪ੍ਰਭਜੋਤ ਕੌਰ, ਚਰਨਜੀਤ ਕੌਰ, ਸੁਖਪ੍ਰੀਤ ਕੌਰ, ਮਨਜੀਤ ਕੌਰ, ਪਾਇਲ ਜੈਨ, ਮਨਦੀਪ ਕੌਰ, ਲਖਬੀਰ ਸਿੰਘ, ਹਰਜੀਤ ਕੌਰ, ਰਵਨੀਤ ਸੋਹੀ, ਰਜਨੀ ਬਾਲਾ, ਪਰਮਿੰਦਰ ਸਿੰਘ, ਗੀਤਿਕਾ, ਅਵਤਾਰ ਸਿੰਘ, ਅਤੇ ਵੰਸ਼ ਸ਼ਰਮਾ ਆਦਿ ਹਾਜ਼ਰ ਸਨ।

## ਓਰੀਐਂਟੇਸ਼ਨ ਈਵੈਂਟ ਪ੍ਰੋਗਰਾਮ 'ਚ ਗਰਾਊਂਡਬ੍ਰੇਕਿੰਗ ਮਾਈਨਰ ਦੀ ਸ਼ੁਰੂਆਤ

**ਰੂਪਨਗਰ :** ਇੰਡੀਅਨ ਇੰਸਟੀਚਿਊਟ ਆਫ਼ ਟੈਕਨਾਲੋਜੀ ਰੋਪੜ (ਆਈ.ਆਈ.ਟੀ ਰੋਪੜ), ਮਸਾਈ ਸਕੂਲ ਦੇ ਸਹਿਯੋਗ ਨਾਲ, ਵਿਦਿਆਰਥੀਆਂ ਨੂੰ ਲੋੜੀਂਦੇ ਹੁਨਰਾਂ ਨਾਲ ਲੈਸ ਕਰਨ ਲਈ ਤਿਆਰ ਕੀਤੇ ਗਏ ਏ.ਆਈ ਪ੍ਰੋਗਰਾਮ ਵਿੱਚ ਆਪਣੇ ਪਾਇਨੀਅਰਿੰਗ ਮਾਈਨਰ ਦੀ ਸ਼ੁਰੂਆਤ ਦਾ ਐਲਾਨ ਕਰਕੇ ਬਹੁਤ ਖੁਸ਼ ਹੈ। ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਤੇਜ਼ੀ ਨਾਲ ਵਿਕਸਤ ਹੋ ਰਹੇ ਖੇਤਰ ਵਿੱਚ ਉੱਤਮ। ਆਈ.ਆਈ.ਟੀ ਰੋਪੜ ਵਿਖੇ ਏ.ਆਈ ਵਿੱਚ ਮਾਈਨਰ ਲਈ ਓਰੀਐਂਟੇਸ਼ਨ ਇੱਕ ਸ਼ਾਨਦਾਰ ਉਦਘਾਟਨ ਅਤੇ ਪ੍ਰੋ: ਰਾਜੀਵ ਆਹੂਜਾ-ਡਾਇਰੈਕਟਰ ਆਈ.ਆਈ.ਟੀ ਰੋਪੜ ਅਤੇ ਪ੍ਰੋ. ਸੁਦਰਸ਼ਨ ਆਇੰਗਰ, ਸੀ.ਐਸ.ਈ ਵਿਭਾਗ ਦੇ ਮੁਖੀ ਸਮੇਤ, ਮਾਣਯੋਗ ਫੈਕਲਟੀ ਅਤੇ ਉਦਯੋਗ ਮਾਹਰਾਂ ਦੇ ਮੁੱਖ ਭਾਸ਼ਣਾਂ ਨਾਲ ਸ਼ੁਰੂ ਹੋਵੇਗਾ।

# ਸੰਵਿਧਾਨ ਨੂੰ ਖਤਮ ਕਰਨਾ ਚਾਹੁੰਦੀ ਹੈ ਭਾਜਪਾ : ਬਰਸਟ

**ਚੰਡੀਗੜ੍ਹ (ਗੁਰਜੀਤ ਬਿੱਲਾ)**-ਆਮ ਆਦਮੀ ਪਾਰਟੀ, ਪੰਜਾਬ ਦੇ ਜਨਰਲ ਸਕੱਤਰ ਅਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਨੇ ਯੂ.ਪੀ.ਐਸ.ਸੀ. ਲੇਟਰਲ ਐਂਟਰੀ ਸਕੀਮ ਨੂੰ ਲੈ ਕੇ ਕੇਂਦਰ ਦੀ ਭਾਜਪਾ ਸਰਕਾਰ 'ਤੇ ਤਿੱਖਾ ਹਮਲਾ ਕਰਦਿਆਂ ਕਿਹਾ ਕਿ ਭਾਜਪਾ ਦੇਸ਼ ਦੇ ਸੰਵਿਧਾਨ ਨੂੰ ਖ਼ਤਮ ਕਰਨਾ ਚਾਹੁੰਦੀ ਹੈ। ਇਹਨਾਂ ਦਾ ਹਰ ਫੈਸਲਾ ਕਿੱਥੇ ਨਾ ਕਿੱਥੇ ਸੰਵਿਧਾਨ ਦੇ ਖਿਲਾਫ਼ ਹੁੰਦਾ ਹੈ। ਭਾਜਪਾ ਵੱਲੋਂ ਸੰਵਿਧਾਨ ਵਿੱਚ ਦਿੱਤੇ ਰਿਜ਼ਰਵੇਸ਼ਨ ਦੇ ਅਧਿਕਾਰਾਂ ਨੂੰ ਤਾਕ 'ਤੇ ਰੱਖ ਕੇ ਇਹ ਭਰਤੀ ਕੱਢੀ ਗਈ ਸੀ, ਤਾਂ ਜੋ ਉਹ ਆਪਣੇ ਚਹੇਤਿਆਂ ਨੂੰ ਸਰਕਾਰ ਦੇ ਉੱਚੇ ਅਹੁਦਿਆਂ 'ਤੇ ਬਿਠਾ ਸਕਣ। ਉਨ੍ਹਾਂ ਕਿਹਾ ਕਿ ਸੰਵਿਧਾਨ ਦੇ ਨਿਰਮਾਤਾ ਡਾ. ਭੀਮ ਰਾਓ ਅੰਬੇਡਕਰ ਵੱਲੋਂ ਭਾਰਤ ਦੀਆਂ ਪ੍ਰਸਥਿਤੀਆਂ ਨੂੰ ਧਿਆਨ ਵਿੱਚ ਰੱਖ ਕੇ ਹਰ ਵਰਗ ਦਾ ਖਿਆਲ ਰੱਖਿਆ ਗਿਆ ਹੈ, ਪਰੰਤੂ ਭਾਜਪਾ ਸੱਤਾ ਦੇ ਨਸ਼ੇ ਵਿੱਚ ਗੜੁੱਚ ਹੋ ਕੇ ਸੰਵਿਧਾਨ ਨੂੰ ਟਿਚ ਸਮਝ ਰਹੀ ਹੈ, ਜਿਸ ਦਾ ਜਵਾਬ ਭਾਰਤ ਦੇ ਲੋਕ ਭਾਜਪਾ ਨੂੰ ਜ਼ਰੂਰ ਦੇਣਗੇ।ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਪਹਿਲਾਂ ਹੀ ਸੰਵਿਧਾਨ ਅਤੇ ਰਿਜ਼ਰਵੇਸ਼ਨ ਨੂੰ ਅਣਦੇਖਾ ਕਰਕੇ ਲੇਟਰਲ ਐਂਟਰੀ ਰਾਹੀਂ ਆਈ ਏ ਐਸ ਪੱਧਰ ਦੀਆਂ 60 ਤੋਂ ਵੱਧ ਅਸਾਮੀਆਂ ਭਰ ਚੁੱਕੀ ਹੈ ਤੇ ਹੁਣ ਫਿਰ 45 ਹੋਰ ਅਹੁਦਿਆਂ 'ਤੇ ਨਿਯੁਕਤੀਆਂ ਕਰਨਾ ਚਾਹੁੰਦੀ ਸੀ। ਪਰ ਦੇਸ਼ ਵਿੱਚ ਇਸ ਦਾ ਵਿਰੋਧ ਹੋਣ ਅਤੇ ਚਾਰ ਰਾਜਾਂ ਵਿੱਚ ਚੋਣ ਹੋਣ ਕਾਰਨ ਇਸ ਨੂੰ ਰੱਦ ਕਰਨਾ ਪਿਆ। ਚਾਹੇ ਭਾਜਪਾ ਨੇ ਚਾਰ ਰਾਜਾਂ ਹਰਿਆਣਾ, ਜੰਮੂ-ਕਸ਼ਮੀਰ, ਝਾਰਖੰਡ ਅਤੇ ਮਹਾਰਾਸ਼ਟਰ ਵਿੱਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਹਾਰ ਦੇ ਡਰ ਕਾਰਨ ਇਹ ਫ਼ੈਸਲਾ ਵਾਪਸ ਲੈ ਲਿਆ ਹੈ, ਪਰ ਲੋਕ ਇਹਨਾਂ ਦੇ ਇਰਾਦਿਆਂ ਨੂੰ ਚੰਗੀ ਤਰ੍ਹਾਂ ਸਮਝ ਚੁੱਕੇ ਹਨ ਅਤੇ ਚੋਣਾਂ ਵਿੱਚ ਉਹ ਭਾਜਪਾ ਨੂੰ ਇਸ ਦਾ ਕਰਾਰਾ ਜਵਾਬ ਦੇਣਗੇ।

# ਚਾਂਸਲਰ ਡਾ. ਅਸ਼ੋਕ ਕੁਮਾਰ ਮਿੱਤਲ ਸਕੂਲ ਆਫ਼ ਪਲੈਨਿੰਗ ਐਂਡ ਆਰਕੀਟੈਕਚਰ ਲਈ ਨਾਮਜ਼ਦ



**ਜਲੰਧਰ (ਸ਼ੈਲੀ ਐਲਬਰਟ)**-ਸੰਸਦ ਮੈਂਬਰ (ਰਾਜ ਸਭਾ) ਅਤੇ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐੱਲ. ਪੀ. ਯੂ.) ਦੇ ਸੰਸਥਾਪਕ ਚਾਂਸਲਰ ਡਾ. ਅਸ਼ੋਕ ਕੁਮਾਰ ਮਿੱਤਲ ਨੂੰ ਸਕੂਲ ਆਫ ਪਲਾਨਿੰਗ ਐਂਡ ਆਰਕੀਟੈਕਚਰ ਕੌਂਸਲ (ਐਸ.ਪੀ.ਏ.) ਦੇ ਉੱਘੇ ਮੈਂਬਰ ਵਜੋਂ ਨਾਮਜ਼ਦ ਕੀਤਾ ਗਿਆ ਹੈ।

ਰਾਜ ਸਭਾ ਦੇ ਚੇਅਰਮੈਨ ਜਗਦੀਪ ਧਨਖੜ ਦੁਆਰਾ ਇੱਕ ਨਿਯਮਤ ਅਸਾਮੀ ਤਹਿਤ ਇਹ ਨਿਯੁਕਤੀ ਡਾ. ਮਿੱਤਲ ਦੀ ਸਿੱਖਿਆ ਅਤੇ ਯੋਜਨਾਬੰਦੀ ਅਤੇ ਆਰਕੀਟੈਕਚਰ ਪ੍ਰਤੀ ਵਚਨਬੱਧਤਾ ਨੂੰ ਰੇਖਾਂਕਿਤ ਕਰਦੀ ਹੈ।ਨਾਮਜ਼ਦਗੀ ਲਈ ਧੰਨਵਾਦ ਪ੍ਰਗਟ ਕਰਦੇ ਹੋਏ, ਡਾ. ਮਿੱਤਲ ਨੇ ਕੌਂਸਲ ਵਿੱਚ ਆਪਣੀ ਭੂਮਿਕਾ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਇਹ ਮੇਰੇ ਲਈ ਇੱਕ ਵਿਸ਼ੇਸ਼ ਸਨਮਾਨ ਦੀ ਗੱਲ ਹੈ। ਮੈਂ ਐਸ ਪੀ ਏ ਕੌਂਸਲ ਦੇ ਮੈਂਬਰ ਵਜੋਂ ਸਿੱਖਿਆ ਵਿੱਚ ਨਵੀਨਤਾ ਅਤੇ ਉੱਤਮਤਾ ਨੂੰ ਉਤਸ਼ਾਹਿਤ ਕਰਨ ਲਈ ਉਤਸੁਕ ਹਾਂ। ਧਰਮਿੰਦਰ ਪ੍ਰਧਾਨ, ਸਿੱਖਿਆ ਮੰਤਰੀ, ਭਾਰਤ ਸਰਕਾਰ ਅਤੇ ਐਮ ਪੀ ਏ ਕੌਂਸਲ ਦੇ ਚੇਅਰਪਰਸਨ ਨੇ ਡਾ. ਮਿੱਤਲ ਨੂੰ ਵਿਦਿਅਕ ਵਿਕਾਸ ਲਈ ਉਹਨਾਂ ਦੀ ਵਡਮੁੱਲੀ ਮੁਹਾਰਤ ਅਤੇ ਦ੍ਰਿਸ਼ਟੀ ਨੂੰ ਮਾਨਤਾ ਦੇਣ ਲਈ ਆਪਣੀਆਂ ਸ਼ੁੱਭਕਾਮਨਾਵਾਂ ਦਿੱਤੀਆਂ।

## ਮਾਨਵਤਾ ਦੀ ਭਲਾਈ ਲਈ ਖ਼ੂਨਦਾਨ ਕਰਦੀ ਰਹਾਂਗੀ : ਕੰਵਲਜੀਤ ਕੌਰ

**ਫਗਵਾੜਾ ( ਡਾ. ਰਮਨ)** ਮਾਨਵਤਾ ਦੀ ਭਲਾਈ ਲਈ ਖੂਨ ਦਾਨ ਤੋਂ ਵੱਡੀ ਕੋਈ ਸੇਵਾ ਨਹੀਂ। ਕੰਵਲਜੀਤ ਕੌਰ ਸਮਾਜ ਸੇਵੀ (ਐਨ ਆਰ ਆਈ) ਪਤਨੀ ਜਗਦੀਸ਼ ਕੁਮਾਰ ਵਾਸੀ ਭਗਤਪੁਰਾ ਵੱਲੋਂ ਬੱਲਡ ਬੈਂਕ ਹਰਗੋਬਿੰਦ ਨਗਰ ਫਗਵਾੜਾ ਵਿਖੇ ਜ਼ਰੂਰਤਮੰਦ ਲਈ ਖ਼ੂਨਦਾਨ ਕੀਤਾ ਗਿਆ। ਖ਼ੂਨਦਾਨ ਕਰਨ ਉਪਰੰਤ ਕੰਵਲਜੀਤ ਕੌਰ ਨੇ ਆਖਿਆ ਕਿ ਭਾਵੇਂ ਉਹ ਇਟਲੀ ਵਿਖੇ ਰਹਿੰਦੇ ਹਨ, ਪਰ ਉਨ੍ਹਾਂ ਦਾ ਦਿਲ ਹਮੇਸ਼ਾ ਅਪਣੇ ਵਤਨ ਦੀ ਮਿੱਟੀ ਦੀ ਯਾਦ ਤਾਜ਼ਾ ਕਰਵਾਉਦਾ ਰਹਿੰਦਾ ਹੈ। ਇਸ ਲਈ ਉਹ ਜਦੋਂ ਵੀ ਵਤਨ ਵਾਪਸੀ ਕਰਦੇ ਹਨ ਤਾਂ ਉਹ ਖ਼ੂਨਦਾਨ ਕਰਨਾ ਨਹੀਂ ਭੁਲਦੇ।

# ਵਿਸ਼ਵ ਅਰਜਨ ਵੈੱਲਫੇਅਰ ਕਲੱਬ ਸੈਲਾ ਵੱਲੋਂ ਪ੍ਰਿੰਅਕਾ ਦਾਸ ਦਾ ਸਨਮਾਨ



**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)-** ਬੀਤੇ ਦਿਨੀਂ ਇਲਾਕਾ ਗੜ੍ਹਸ਼ੰਕਰ ਦੇ ਪਿੰਡ ਮੋਰਾਂਵਾਲੀ ਦੀ ਵਸਨੀਕ ਪ੍ਰਿਅੰਕਾ ਦਾਸ ਵਲੋਂ ਸਾਊਥ ਅਫਰੀਕਾ ਦੀ ਸਭ ਤੋਂ ਉੱਚੀ ਪਹਾੜੀ 'ਤੇ ਚੜ੍ਹ ਕੇ ਵਿਸ਼ਵ ਵਿੱਚ ਜਿੱਥੇ ਭਾਰਤ ਅਤੇ ਪੰਜਾਬ ਦਾ ਨਾਮ ਰੋਸ਼ਨ ਕੀਤਾ ਉੱਥੇ ਹੀ ਇਲਾਕਾ ਗੜ੍ਹਸ਼ੰਕਰ ਵਿੱਚ ਵੀ ਖੁਸ਼ੀ ਦੀ ਲਹਿਰ ਹੈ। ਇਲਾਕੇ ਦੇ ਪਿੰਡ ਮੋਰਾਂਵਾਲੀ ਦੀ ਰਹਿਣ ਵਾਲੀ ਪਿਅੰਕਾ ਦਾਸ ਨੂੰ ਜਿੱਥੇ ਸ਼ਹੀਦ ਏ ਆਜ਼ਮ ਸਰਦਾਰ ਭਗਤ ਸਿੰਘ ਫੁੱਟਬਾਲ ਕਲੱਬ ਅਤੇ ਦਿ ਐਕਸ ਸਰਵਿਸ ਵੈਲਫੇਅਰ ਸੁਸਾਇਟੀ ਵਲੋਂ ਤਿਆਰੀ ਕਰਵਾਈ ਗਈ ਅਤੇ ਹਰ ਤਰ੍ਹਾ ਦਾ ਬਣਦਾ ਸਹਿਯੋਗ ਦਿੱਤਾ ਗਿਆ ਉੱਥੇ ਹੀ ਅੱਜ ਵਿਸ਼ਵ ਅਰਜਨ ਵੈਲਫੇਅਰ ਕਲੱਬ ਸੈਲਾ ਵਲੋਂ ਸਮਾਜਸੇਵੀ ਮੈਡਮ ਸਾਰਿਤਾ ਸ਼ਰਮਾ ਅਤੇ ਕੁਲਵਿੰਦਰ ਬਿੱਟੂ ਅਤੇ ਸਮੂਹ ਮੈਂਬਰਾਂ ਦੀ ਅਗਵਾਈ ਹੇਠ ਪ੍ਰਿਅੰਕਾ ਦਾਸ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਸ਼ਹੀਦ ਏ ਆਜ਼ਮ ਸਰਦਾਰ ਭਗਤ ਸਿੰਘ ਫੁੱਟਬਾਲ ਕਲੱਬ ਦੇ ਪ੍ਰਧਾਨ ਜਸਵੀਰ ਸਿੰਘ ਰਾਏ, ਦਿ ਐਕਸ ਸਰਵਿਸ ਵੈਲਫੇਅਰ ਟਰੱਸਟ ਤੋਂ ਰਿਟਾ ਸੂਬੇਦਾਰ ਕੇਵਲ ਸਿੰਘ ਭੱਜਲ, ਕੋਚ ਲਖਵਿੰਦਰ ਪਾਰੋਵਾਲ ਨੇ ਪ੍ਰਿਅੰਕਾ ਦਾਸ ਨੂੰ ਮੁਬਾਰਕਬਾਦ ਦਿੱਤੀ ਅਤੇ ਉਹਨਾਂ ਵਿਸ਼ਵ ਅਰਜਨ ਵੈਲਫੇਅਰ ਕਲੱਬ ਦਾ ਧੰਨਵਾਦ ਕੀਤਾ। ਇਸ ਮੌਕੇ ਉੱਘੇ ਸਮਾਜਸੇਵੀ ਗੋਲਡੀ ਸਿੰਘ ਬੀਹੜਾ, ਕਰਨੈਲ ਸਿੰਘ ਨੰਬਰਦਾਰ, ਨਰਿੰਦਰ ਕੁਮਾਰ ਸੈਲਾ, ਰਾਕੇਸ਼ ਕੁਮਾਰ ਬੱਬੂ, ਜੰਗ ਬਹਾਦਰ ਸਤਨੋਰ, ਸੈਂਡੀ ਭੱਜਲਾ ਅਤੇ ਹੋਰ ਹਾਜ਼ਰ ਸਨ।

# ਪੰਡਤ ਵਿਸ਼ਨੂੰ ਦਿਗੰਬਰ ਪਲੁਸਕਰ ਦਾ ਜਨਮ ਦਿਨ ਮਨਾਇਆ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਸਰਕਾਰੀ ਕਾਲਜ ਦੇ ਸੰਗੀਤ ਵਿਭਾਗ ਵੱਲੋਂ ਪ੍ਰਿੰਸੀਪਲ ਸ ਅਨੀਤਾ ਸਾਗਰ ਦੀ ਅਗਵਾਈ ਅਧੀਨ ਪੰਡਿਤ ਵਿਸ਼ਨੂੰ ਦਿਗੰਬਰ ਪਲੁਸਕਰ ਦਾ ਜਨਮ ਦਿਨ ਮਨਾਇਆ ਗਿਆ। ਜਿਸ ਵਿੱਚ ਵਿਭਾਗ ਦੇ ਵਿਦਿਆਰਥੀਆਂ ਨੇ ਭਾਗ ਲਿਆ । ਪ੍ਰੋਫੈਸਰ ਹਰਮਿੰਦਰ ਕੌਰ ਨੇ ਪੰਡਿਤ ਵਿਸ਼ਨੂ ਦਿਗੰਬਰ ਪਲੁਸਕਰ ਦੇ ਜੀਵਨ ਬਾਰੇ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ। ਕਾਲਜ ਪ੍ਰਿੰਸੀਪਲ ਨੇ ਸੰਗੀਤ ਵਿਭਾਗ ਦੀ ਮਹੱਤਤਾ ਬਾਰੇ ਦਸਦਿਆਂ ਸੰਗੀਤ ਦੀ ਸਿਖਲਾਈ ਲੈ ਰਹੇ ਵਿਦਿਆਰਥੀਆਂ ਦਾ ਹੌਸਲਾ ਵਧਾਇਆ ਤੇ ਬਾਅਦ ਵਿੱਚ ਵਿਭਾਗ ਦੇ ਵਿਦਿਆਰਥੀਆਂ ਨੂੰ ਇੱਕ ਸ਼ਾਸਤਰੀ ਸੰਗੀਤ ਉੱਪਰ ਅਧਾਰਿਤ ਫਿਲਮ ਕਟਿਆਰ ਦਿਖਾਈ ਗਈ।ਬਾਅਦ ਵਿੱਚ ਵਿਭਾਗ ਮੁਖੀ ਪ੍ਰੋਫੈਸਰ ਹਰਜਿੰਦਰ ਪਾਲ ਅਮਨ ਵਲੋਂ ਪ੍ਰਿੰਸੀਪਲ ਸਾਹਿਬਾ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਪ੍ਰੋ: ਲਖਵਿੰਦਰ ਸਿੰਘ, ਪ੍ਰੋ: ਜਸਪਾਲ ਸਿੰਘ ਅਤੇ ਪੰਕਜ ਕੁਮਾਰ ਵੀ ਮੌਜੂਦ ਰਹੇ। ਮੰਚ ਸੰਚਾਲਨ ਪ੍ਰੋ: ਸਚਕਿਰਨ ਨੇ ਕੀਤਾ।

## ਕ੍ਰਿਸ਼ਨ ਜਨਮ ਅਸ਼ਟਮੀ ਸੰਬੰਧੀ ਸ਼ੋਭਾ ਯਾਤਰਾ ਕੱਢੀ

**ਫਿਲੌਰ (ਨਿਰਮਲ)**- ਸ਼੍ਰੀ ਕ੍ਰਿਸ਼ਨ ਜਨਮ ਅਸ਼ਟਮੀ ਮਹਾ ਉਤਸਵ ਦੇ ਸੰਬੰਧ ਵਿੱਚ ਸ਼ਰਧਾਲੂ ਸੰਗਤਾਂ ਵੱਲੋਂ ਵਿਸ਼ਾਲ ਸ਼ੋਭਾ ਯਾਤਰਾ ਕੱਢੀ ਗਈ ਜੋ ਸ਼੍ਰੀ ਰਾਧਾ ਕ੍ਰਿਸ਼ਨ ਪਾਠਸ਼ਾਲਾ ਮੰਦਰ ਫਿਲੌਰ ਤੋਂ ਸ਼ੁਰੂ ਹੋਈ ਭਾਰੀ ਗਿਣਤੀ ਵਿੱਚ ਸ਼ਰਧਾਲੂ ਸੰਗਤਾਂ ਨੇ ਭਾਗ ਲਿਆ ਸੰਗਤਾਂ ਸ਼੍ਰੀ ਰਾਧਾ ਕ੍ਰਿਸ਼ਨ ਜੀ ਦੀ ਮਹਿਮਾ ਦਾ ਗੁਣਗਾਨ ਕਰ ਰਹੀਆਂ ਸਨ ਸ਼ੋਭਾ ਯਾਤਰਾ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਚੋਂ ਲੰਘੀ ਸ਼ਰਧਾਲੂਆਂ ਸੱਜਣਾ ਸ਼ਹਿਰ ਨਿਵਾਸੀਆਂ ਵੱਲੋਂ ਸਵਾਗਤ ਕੀਤਾ ਗਿਆ। ਇਸ ਮੌਕੇ ਡਾ: ਕੇਵਲ ਕ੍ਰਿਸ਼ਨ ਚੇਅਰਮੈਨ, ਰਸ਼ਪਾਲ ਸਿੰਘ ਪ੍ਰਧਾਨ, ਬਿੱਟੂ ਸ਼ਰਮਾ, ਸੁਸ਼ੀਲ ਸ਼ਰਮਾ ,ਵਿਸ਼ਾਲ, ਵਿਕਾਸ, ਟੋਨੀ ਕੱਕੜ, ਅਨਮੋਲ, ਦਿਨੇਸ਼ ਜੋਸ਼ੀ ਅਤੇ ਸ਼ਹਿਰ ਦੇ ਪਤਵੰਤੇ ਸ਼ਾਮਲ ਹੋਏ।

## ਫਰੈਸ਼ਰਾਂ ਲਈ ਦੋ ਰੋਜ਼ਾ ਟੇਲੈਂਟ ਹੰਟ

**ਜਲੰਧਰ (ਇਕਬਾਲ ਸਿੰਘ ਉਭੀ)**-ਪੀ ਸੀ ਐਮ ਐਸ ਡੀ ਕਾਲਜ ਲੜਕੀਆਂ, ਵਿੱਚ ਕਾਲਜ ਦੇ ਯੂਥ ਕਲੱਬ ਨੇ ਸੈਸ਼ਨ 2024-25 ਲਈ ਦੋ ਰੋਜ਼ਾ ਟੇਲੈਂਟ ਹੰਟ ਦਾ ਆਯੋਜਨ ਕੀਤਾ।ਸਮਾਗਮ ਦੀ ਸ਼ੁਰੂਆਤ ਦੀਪ ਜਗਾ ਕੇ ਕੀਤੀ ਗਈ।ਪਹਿਲੇ ਦਿਨ ਸਾਹਿਤਕ ਆਈਟਮਾਂ ਵਿਚ ਬਹਿਸ, ਘੋਸ਼ਣਾ ਅਤੇ ਕਾਵਿਕ ਪਾਠ, ਲਲਿਤ ਕਲਾ ਦੀਆਂ ਆਈਟਮਾਂ- ਕਾਰਟੂਨਿੰਗ, ਲੈਂਡਸਕੇਪ, ਮੂਰਤੀ, ਰੰਗੋਲੀ, ਮਹਿੰਦੀ, ਨੇਲ ਆਰਟ, ਮੇਕਅੱਪ ਅਤੇ ਫੁਲਕਾਰੀ ਦੇ ਮੁਕਾਬਲੇ ਕਰਵਾਏ ਗਏ।ਦੂਜੇ ਦਿਨ ਡਾਂਸ, ਥੀਏਟਰ, ਸੰਗੀਤ ਅਤੇ ਫੈਂਸੀ ਡਰੈੱਸ ਆਈਟਮਾਂ ਦੇ ਮੁਕਾਬਲੇ ਕਰਵਾਏ ਗਏ।ਵੱਖ-ਵੱਖ ਸਟਰੀਮ ਦੇ ਵਿਦਿਆਰਥੀਆਂ ਨੇ ਜੋਸ਼ ਨਾਲ ਭਾਗ ਲਿਆ।ਜੇਤੂ ਵਿਦਿਆਰਥੀਆਂ ਨੂੰ ਪ੍ਰਿੰਸੀਪਲ ਮੈਡਮ ਵੱਲੋਂ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ।

# ਯੋਗ ਸਿੱਖ ਮਹਿਲਾ ਵੋਟਰਾਂ ਲਈ ਫੋਟੋ ਲਗਾਉਣੀ ਲਾਜ਼ਮੀ ਨਹੀਂ : ਜ਼ਿਲ੍ਹਾ ਚੋਣ ਅਫ਼ਸਰ

**ਹੁਸ਼ਿਆਰਪੁਰ (ਬਲਬੀਰ ਸਿੰਘ ਸੈਣੀ)**-ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਕੋਮਲ ਮਿੱਤਲ ਨੇ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਬੋਰਡ) ਦੀਆਂ ਚੋਣਾਂ ਲਈ ਸਾਰੇ ਯੋਗ ਸਿੱਖ ਵੋਟਰਾਂ ਲਈ ਰਜਿਸਟ੍ਰੇਸ਼ਨ ਫਾਰਮਾਂ 'ਚ ਫੋਟੋਆਂ ਲਗਾਉਣੀਆਂ ਲਾਜ਼ਮੀ ਸਨ।ਉਨ੍ਹਾਂ ਕਿਹਾ ਕਿ ਹੁਣ ਚੀਫ਼ ਕਮਿਸ਼ਨਰ ਗੁਰਦੁਆਰਾ ਚੋਣ ਪੰਜਾਬ ਵੱਲੋਂ ਜਾਰੀ ਪੱਤਰ 'ਚ ਸੋਧ ਕਰਕੇ ਇਹ ਫ਼ੈਸਲਾ ਕੀਤਾ ਗਿਆ ਹੈ ਕਿ ਯੋਗ ਸਿੱਖ ਮਹਿਲਾ ਵੋਟਰਾਂ ਲਈ ਫੋਟੋ ਲਗਾਉਣਾ ਆਪਸ਼ਨਲ ਹੋਵੇਗਾ।ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਚੀਫ਼ ਕਮਿਸ਼ਨਰ ਗੁਰਦੁਆਰਾ ਚੋਣਾਂ ਦੀ ਤਰਫ਼ੋਂ ਗੁਰਦੁਆਰਾ ਬੋਰਡ ਚੋਣ ਖੇਤਰ 'ਚ ਵੋਟਰ ਸੂਚੀ ਤਿਆਰ ਕਰਨ ਦੀ ਪ੍ਰਕਿਰਿਆ ਦੇ ਹਿੱਸੇ ਵਜੋਂ ਵੋਟਰ ਰਜਿਸਟ੍ਰੇਸ਼ਨ ਦਾ ਕੰਮ ਜੋ 21 ਅਕਤੂਬਰ 2023 ਤੋਂ 31 ਜੁਲਾਈ 2024 ਤੱਕ ਲਗਾਤਾਰ ਚੱਲ ਰਿਹਾ ਸੀ, ਜੋ ਕਿ ਹੁਣ 16 ਸਤੰਬਰ ਤੱਕ ਜਾਰੀ ਰਹੇਗਾ। ਉਨ੍ਹਾਂ ਦੱਸਿਆ ਕਿ ਤਾਜ਼ਾ ਸ਼ਡਿਊਲ ਅਨੁਸਾਰ ਵੋਟਰ ਸੂਚੀਆਂ ਦੀ ਤਿਆਰੀ ਅਤੇ ਛਪਾਈ ਦਾ ਕੰਮ 17 ਸਤੰਬਰ ਤੋਂ 8 ਅਕਤੂਬਰ ਤੱਕ ਹੋਵੇਗਾ। ਇਸ ਤੋਂ ਬਾਅਦ 9 ਅਕਤੂਬਰ ਨੂੰ ਵੋਟਰ ਸੂਚੀਆਂ ਪ੍ਰਕਾਸ਼ਿਤ ਕੀਤੀਆਂ ਜਾਣਗੀਆਂ।ਦਾਅਵੇ ਅਤੇ ਇਤਰਾਜ਼ ਪ੍ਰਾਪਤ ਕਰਨ ਦੀ ਆਖਰੀ ਮਿਤੀ 29 ਅਕਤੂਬਰ ਹੋਵੇਗੀ। ਉਨ੍ਹਾਂ ਕਿਹਾ ਕਿ 8 ਨਵੰਬਰ ਤੱਕ ਸਿੱਖ ਗੁਰਦੁਆਰਾ ਬੋਰਡ ਚੋਣਾਂ 1959 ਦੇ ਨਿਯਮ ਨੰਬਰ 10 (3) ਅਨੁਸਾਰ ਦਾਅਵੇ ਅਤੇ ਇਤਰਾਜ਼ ਦੂਰ ਕਰ ਦਿੱਤੇ ਜਾਣਗੇ। ਇਸ ਤੋਂ ਬਾਅਦ 25 ਨਵੰਬਰ ਨੂੰ ਸਪਲੀਮੈਂਟਰੀ ਸੂਚੀਆਂ ਦੀ ਤਿਆਰੀ ਅਤੇ ਛਪਾਈ ਕੀਤੀ ਜਾਵੇਗੀ। ਸ਼੍ਰੋਮਣੀ ਪ੍ਰਬੰਧਕ ਕਮੇਟੀ ਦੀਆਂ ਚੋਣ ਸੂਚੀਆਂ ਦੀ ਅੰਤਿਮ ਪ੍ਰਕਾਸ਼ਨਾ 26 ਨਵੰਬਰ ਨੂੰ ਕੀਤੀ ਜਾਵੇਗੀ।

# ਮੁਲਾਜ਼ਮ ਤੇ ਪੈਨਸ਼ਨਰ ਆਗੂਆਂ ਪੰਜਾਬ ਸਰਕਾਰ ਦੇ ਲਾਰਿਆਂ ਦੀ ਪੰਡ ਫੂਕੀ



**ਮਹਿਤਪੁਰ (ਰਾਜਾ)-** ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਜਲੰਧਰ ਵੱਲੋਂ ਪੁੱਡਾ ਗਰਾਊਂਡ ਜਲੰਧਰ ਵਿਖੇ ਪੰਜਾਬ ਸਰਕਾਰ ਦੇ ਲਾਰਿਆਂ ਦੀ ਪੰਡ ਫੂਕੀ ਗਈ । ਮੁੱਖ ਮੰਤਰੀ ਦੀ ਮੀਟਿੰਗਾਂ ਦੇ ਕੇ ਭੱਜਣ ਦੀ ਸਖਤ ਤਿੱਖੇ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਆਗੂਆਂ ਨੇ ਆਖਿਆ ਕਿ ਮੁੱਖ ਮੰਤਰੀ ਵੱਲੋਂ ਲਗਾਤਾਰ ਮੀਟਿੰਗਾਂ ਮੁਲਤਵੀ ਕਰਕੇ ਪੰਜਾਬ ਦੇ ਲਗਭਗ ਸੱਤ ਲੱਖ ਮੁਲਾਜ਼ਮਾਂ ਤੇ ਪੈਨਸ਼ਨਾਂ ਨਾਲ ਧੋਖਾ ਕੀਤਾ ਜਾ ਰਿਹਾ ਹੈ ਜਿਸ ਕਰਕੇ ਮੁਲਾਜ਼ਮ ਤੇ ਪੈਨਸ਼ਨਰਾਂ ਅੰਦਰ ਵਿਆਪਕ ਰੋਸ ਹੈ । ਪ੍ਰੈਸ ਦੇ ਨਾਂ ਬਿਆਨ ਜਾਰੀ ਕਰਦਿਆਂ ਸਾਂਝਾ ਫਰੰਟ ਜਲੰਧਰ ਦੇ ਕਨਵੀਨਰ ਨਵਪ੍ਰੀਤ ਸਿੰਘ ਬੱਲੀ, ਪਿਆਰਾ ਸਿੰਘ, ਸੁਭਾਸ਼ ਮੱਟੂ ਨੇ ਸੰਬੋਧਨ ਕੀਤਾ। ਆਗੂਆਂ ਆਖਿਆ ਕਿ ਸਾਂਝਾ ਫਰੰਟ ਵੱਲੋਂ ਫੈਸਲਾ ਕੀਤਾ ਗਿਆ ਕਿ ਕੈਬਨਿਟ ਸਬ ਕਮੇਟੀ ਨਾਲ ਮੀਟਿੰਗ ਨਹੀਂ ਕੀਤੀ ਜਾਵੇਗੀ ਕਿਉਂਕਿ ਇਸ ਪੱਧਰ ਦੀਆਂ ਪਹਿਲਾਂ ਵੀ ਕਈ ਮੀਟਿੰਗਾਂ ਹੋ ਚੁੱਕੀਆਂ ਹਨ ਜੋ ਕਿ ਅਸਲੋਂ ਹੀ ਬੇਸਿੱਟਾ ਸਿੱਧ ਹੋਈਆਂ ਹਨ।ਪੰਜਾਬ ਸਰਕਾਰ ਦੇ ਲਾਰਿਆਂ ਦੀ ਪੰਡ/ ਅਰਥੀ ਫੂਕਣ ਸਮੇਂ ਜਰਨੈਲ ਸਿੰਘ, ਕੰਵਲਜੀਤ ਸੰਗੋਵਾਲ, ਮਾਸਟਰ ਮਨੋਹਰ ਲਾਲ, ਤਰਸੇਮ ਮਾਧੋਪੁਰੀ, ਵਿਦਿਆ ਸਾਗਰ, ਰਸ਼ਮਿੰਦਰਪਾਲ ਸੋਨੂ, ਮੰਗਤ ਸਿੰਘ, ਕਮਲਜੀਤ ਸਿੰਘ ਬਜੂਹਾ, ਕੁਲਦੀਪ ਰਾਣਾ, ਸਤਨਾਮ ਸਿੰਘ, ਪੰਕਜ ਕੁਮਾਰ ਜੋਗਿੰਦਰ ਸਿੰਘ, ਅਵਤਾਰ ਸਿੰਘ, ਵਿਜੇ ਕੁਮਾਰ, ਭਾਰਤ ਭੂਸ਼ਨ, ਅਸ਼ਵਨੀ ਕੁਮਾਰ, ਕ੍ਰਿਸ਼ਨ ਲਾਲ ਭਗਤ, ਬਲਵਿੰਦਰ ਸਿੰਘ ਕਾਲੜਾ, ਸ਼ਾਦੀ ਲਾਲ, ਰਮੇਸ਼ ਸ਼ਰਮਾ, ਜਸਪਾਲ ਸਿੰਘ, ਪ੍ਰਕਾਸ਼ ਸ਼ੈਲੀ, ਸ੍ਰੀ ਰਹੇਲਾ ਜੀ, ਵੇਦ ਪ੍ਰਕਾਸ਼, ਜੋਗਿੰਦਰ ਸਿੰਘ ਆਦਿ ਆਗੂ ਹਾਜ਼ਰ ਸਨ।ਉਕਤ ਜਾਣਕਾਰੀ ਕਨਵੀਨਰ ਨਵਪ੍ਰੀਤ ਬੱਲੀ ਨੇ ਸਾਂਝੀ ਕੀਤੀ।

# ਹਰਮਨਪ੍ਰੀਤ ਸਿੰਘ ਤੇ ਗੋਪਾਲ ਚੌਹਾਨ ਦੀ ਬੈਡਮਿੰਟਨ ਅੰਡਰ-14 ਦੇ ਰਾਜ ਪੱਧਰੀ ਮੁਕਾਬਲਿਆਂ ਲਈ ਚੋਣ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)** ਜ਼ਿਲ੍ਹਾ ਪੱਧਰੀ ਬੈਡਮਿੰਟਨ ਅੰਡਰ-14 (ਲੜਕੇ) ਦੇ ਮੁਕਾਬਲਿਆਂ 'ਚ ਸ੍ਰੀ ਅਨੰਦਪੁਰ ਸਾਹਿਬ ਜ਼ੋਨ ਦੂਜੇ ਸਥਾਨ 'ਤੇ ਰਿਹਾ।ਮਧੂਬਨ ਵਾਟਿਕਾ ਸਕੂਲ ਨੂਰਪੁਰ ਬੇਦੀ ਵਿਖੇ ਹੋਏ ਬੈਡਮਿੰਟਨ ਲੜਕਿਆਂ ਦੇ ਅੰਡਰ-14 ਫਾਈਨਲ ਦੇ ਫਸਵੇਂ ਮੁਕਾਬਲੇ ਵਿੱਚ ਨੂਰਪੁਰ ਬੇਦੀ ਜੋਨ ਨੇ ਸ੍ਰੀ ਅਨੰਦਪੁਰ ਸਾਹਿਬ ਜ਼ੋਨ ਨੂੰ ਹਰਾ ਕੇ ਪਹਿਲਾਂ ਸਥਾਨ ਹਾਸਲ ਕੀਤਾ ਜਦਕਿ ਸ੍ਰੀ ਆਨੰਦਪੁਰ ਸਾਹਿਬ ਜ਼ੋਨ ਦੂਸਰੇ ਸਥਾਨ 'ਤੇ ਰਿਹਾ।ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਸੈਮੀਫਾਈਨਲ ਮੁਕਾਬਲੇ ਵਿੱਚ ਸ੍ਰੀ ਅਨੰਦਪੁਰ ਸਾਹਿਬ ਅਤੇ ਭਲਾਣ ਜੋਨ ਦਾ ਟੱਕਰ ਦਾ ਮੁਕਾਬਲਾ ਹੋਇਆ ਜਿਸ ਵਿੱਚ ਸ੍ਰੀ ਅਨੰਦਪੁਰ ਸਾਹਿਬ ਜ਼ੋਨ ਨੇ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕਰਦਿਆਂ ਫਾਈਨਲ ਵਿੱਚ ਜਗ੍ਹਾ ਬਣਾਈ ਸੀ।ਇਹਨਾਂ ਮੁਕਾਬਲਿਆਂ ਤੋਂ ਬਾਅਦ ਸ੍ਰੀ ਅਨੰਦਪੁਰ ਸਾਹਿਬ ਜ਼ੋਨ ਦੇ ਦੋ ਖਿਡਾਰੀ ਹਰਮਨਪ੍ਰੀਤ ਸਿੰਘ ਭਾਈ ਨੰਦ ਲਾਲ ਪਬਲਿਕ ਸਕੂਲ ਅਤੇ ਗੋਪਾਲ ਚੌਹਾਨ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਦੀ ਸ਼ਾਨਦਾਰ ਖੇਡ ਨੂੰ ਦੇਖਦਿਆਂ ਰਾਜ ਪੱਧਰੀ ਬੈਡਮਿੰਟਨ ਮੁਕਾਬਲਿਆਂ ਲਈ ਚੋਣ ਕੀਤੀ ਗਈ।



# ਚੱਬੇਵਾਲ ਵਿਧਾਨ ਸਭਾ ਹਲਕੇ 'ਚ ਵੰਡੇ 67 ਲੱਖ ਦੇ ਚੈੱਕ, 14 ਪਿੰਡਾਂ ਦੇ ਵਿਕਾਸ ਕਾਰਜਾਂ ਨੂੰ ਮਿਲੇਗੀ ਤੇਜ਼ੀ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)-** ਵਿਧਾਨ ਸਭਾ ਹਲਕਾ ਚੱਬੇਵਾਲ ਅਧੀਨ ਪੈਂਦੇ 14 ਪਿੰਡਾਂ ਵਿੱਚ ਵਿਕਾਸ ਕਾਰਜਾਂ ਨੂੰ ਤੇਜ਼ੀ ਨਾਲ ਮੁਕੰਮਲ ਕਰਨ ਦੇ ਮੰਤਵ ਨਾਲ 67 ਲੱਖ ਰੁਪਏ ਦੇ ਚੈੱਕ ਵੰਡੇ ਗਏ।ਇਹ ਵਿਸ਼ੇਸ਼ ਸਮਾਗਮ ਹੁਸ਼ਿਆਰਪੁਰ ਦੇ ਪਿੰਡ ਕੋਟ ਫਤੂਹੀ ਵਿੱਚ ਡਾ. ਵਿਪਨ ਪਚਨੰਗਲ ਅਤੇ ਗ੍ਰਾਮ ਪੰਚਾਇਤ ਵੱਲੋਂ ਕਰਵਾਇਆ ਗਿਆ, ਜਿਸ ਵਿੱਚ ਹੁਸ਼ਿਆਰਪੁਰ ਦੇ ਸੰਸਦ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ। ਇਸ ਮੌਕੇ ਹਾਜ਼ਰ ਪਿੰਡ ਵਾਸੀਆਂ ਅਤੇ ਸਥਾਨਕ ਨੁਮਾਇੰਦਿਆਂ ਨੇ ਸੰਸਦ ਮੈਂਬਰ ਦਾ ਨਿੱਘਾ ਸਵਾਗਤ ਕੀਤਾ। ਸਮਾਗਮ ਦੌਰਾਨ ਡਾ. ਚੱਬੇਵਾਲ ਨੇ ਦੱਸਿਆ ਕਿ ਇਹ ਰਾਸ਼ੀ ਪਿੰਡਾਂ ਵਿੱਚ ਛੱਤਾਂ ਦੀ ਮੁਰੰਮਤ, ਨਾਲੀਆਂ ਦੀ ਨਿਕਾਸੀ, ਖੇਡ ਸਟੇਡੀਅਮ ਅਤੇ ਹੋਰ ਲੋੜੀਂਦੀਆਂ ਸਹੂਲਤਾਂ ਲਈ ਵਰਤੀ ਜਾਵੇਗੀ। ਉਨ੍ਹਾਂ ਇਹ ਵੀ ਕਿਹਾ ਕਿ ਇਲਾਕੇ ਦੇ ਲੋਕਾਂ ਦੀ ਭਲਾਈ ਅਤੇ ਉਨ੍ਹਾਂ ਦਾ ਜੀਵਨ ਪੱਧਰ ਉੱਚਾ ਚੁੱਕਣਾ ਉਨ੍ਹਾਂ ਦੀ ਪਹਿਲ ਹੈ।ਇਸ ਮੌਕੇ ਡਾ.ਇਸ਼ਾਂਕ, ਬਲਜੀਤ ਕੌਂਟ, ਹਰਜਿੰਦਰ ਕੌਰ, ਟੋਨੀ ਮਾਹਿਲ ਬਲਟੋਹੀਆਂ, ਜੀਵਨ ਕਹਾਰਪੁਰ, ਕ੍ਰਿਪਾਲ ਸਰਪੰਚ ਭਗਤਪੁਰ, ਗੁਰਬਖਸ਼ ਕੌਰ ਸਰਪੰਚ ਨਗਦੀਪੁਰ, ਬਲਕਾਰ, ਹੀਰਾ ਅਤੇ ਗੁਰਮੇਲ ਸਰਪੰਚ ਆਦਿ ਸਥਾਨਕ ਆਗੂ ਵੀ ਹਾਜ਼ਰ ਸਨ।

# ਕੰਨਿਆ ਸਕੂਲ ਰਾਹੋਂ ਦੀਆਂ ਵਿਦਿਆਰਥਣਾਂ ਨੇ ਜ਼ੋਨਲ ਖੇਡਾਂ 'ਚ ਮਾਰੀ ਬਾਜ਼ੀ



**ਰਾਹੋਂ (ਕੁਲਵਿੰਦਰ ਸਿੰਘ ਰਾਹੋਂ)**-ਜ਼ੋਨ ਨੰਬਰ 5- ਸਰਕਾਰੀ ਹਾਈ ਸਕੂਲ ਕੋਟ ਰਾਂਝਾ ਵਿਖੇ ਜ਼ੋਨਲ ਪੱਧਰੀ ਖੇਡਾਂ ਕਰਵਾਈਆਂ ਗਈਆਂ ਜਿਸ ਵਿੱਚ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਰਾਹੋਂ ਦੀਆਂ ਵਿਦਿਆਰਥਣਾਂ ਨੇ ਵਧ ਚੜ੍ਹ ਕੇ ਭਾਗ ਲਿਆ। ਪ੍ਰਿੰਸੀਪਲ ਬਲਜਿੰਦਰ ਸਿੰਘ ਨੇ ਦੱਸਿਆ ਕਿ ਇਸ ਵਾਰ ਵਿਦਿਆਰਥਣਾਂ ਨੇ ਵੱਖ-ਵੱਖ ਵਰਗਾਂ ਦੀਆਂ ਟੀਮਾਂ ਵਿੱਚ ਭਾਗ ਲਿਆ। ਨੈਸ਼ਨਲ ਕਬੱਡੀ ਦੇ ਵਰਗ 14 ਦੀਆਂ ਵਿਦਿਆਰਥਣਾਂ ਅਤੇ ਵਰਗ 17 ਦੀਆਂ ਵਿਦਿਆਰਥਣਾਂ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਸਰਕਲ ਕਬੱਡੀ ਦੇ ਵਰਗ 19 ਵਿੱਚ ਪਹਿਲਾ ਸਥਾਨ ਹਾਸਲ ਕੀਤਾ। ਰੱਸਾਕਸ਼ੀ ਮੁਕਾਬਲੇ ਵਿੱਚ ਵਰਗ 19 ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ। ਬੈਡਮਿੰਟਨ ਦੇ ਵਰਗ 14 ਦੀਆਂ ਵਿਦਿਆਰਥਣਾਂ ਨੇ ਸ.ਸ.ਸ.ਸ ਬਹਿਲੂਰ ਕਲਾਂ ਨੂੰ ਅਤੇ ਵਰਗ 17 ਦੀਆਂ ਵਿਦਿਆਰਥਣਾਂ ਨੇ ਸ.ਸ.ਸ.ਸ ਬਹਿਲੂਰ ਕਲਾਂ ਨੂੰ ਹਰਾ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ। ਚੈੱਸ ਦੇ ਵਰਗ 14 ਵਿੱਚ ਦੂਸਰਾ ਅਤੇ ਵਰਗ 19 ਵਿੱਚ ਪਹਿਲਾ ਸਥਾਨ ਹਾਸਲ ਕੀਤਾ। ਟੇਬਲ ਟੈਨਿਸ ਦੇ ਵਰਗ 19 ਵਿੱਚ ਪਹਿਲਾ ਅਤੇ ਵਰਗ 14 ਵਿੱਚ ਦੂਸਰਾ ਸਥਾਨ ਪ੍ਰਾਪਤ ਕੀਤਾ। ਫੁੱਟਬਾਲ, ਹੈਂਡਵਾਲ ਅਤੇ ਵਾਲੀਵਾਲ ਮੁਕਾਬਲਿਆਂ ਵਿੱਚ ਸਾਰੀਆਂ ਟੀਮਾਂ ਬਿਨਾਂ ਮੁਕਾਬਲੇ ਜੇਤੂ ਰਹੀਆਂ। ਜੇਤੂ ਟੀਮਾਂ ਹੁਣ ਜ਼ਿਲ੍ਹਾ ਪੱਧਰ ਤੇ ਆਪਣਾ ਪ੍ਰਦਰਸ਼ਨ ਕਰਨਗੀਆਂ। ਇਸ ਮੌਕੇ ਦਵਿੰਦਰ ਕੌਰ, ਸਤਨਾਮ ਸਿੰਘ, ਗੁਰਸ਼ਰਨਦੀਪ, ਰਾਜਨ ਰਾਣਾ, ਅਜੀਤ ਸਿੰਘ, ਸੁਖਮਿੰਦਰ ਕੌਰ,ਚਰਨਜੀਤ ਸਿੰਘ, ਸਤਿੰਦਰ ਕੌਰ, ਗਗਨਦੀਪ, ਅਲਕਾ ਅਰੋੜਾ, ਸੋਨਾ ਸ਼ਰਮਾ, ਆਦਿ ਹਾਜ਼ਰ ਸਨ।

# ਇਮਾਨਦਾਰ ਮੁੱਖ ਅਧਿਆਪਕਾ ਨੂੰ ਡੈਪੂਟੇਸ਼ਨ 'ਤੇ ਭੇਜਣ ਦੀ ਕੀਤੀ ਸਖ਼ਤ ਨਿੰਦਾ

**ਨੰਗਲ (ਸੁਰਜੀਤ)-** ਸਰਕਾਰੀ ਹਾਈ ਸਕੂਲ ਦਸਗਰਾਈਂ ਦੀ ਮੁੱਖ ਅਧਿਆਪਕਾ ਨੂੰ ਡੈਪੂਟੇਸ਼ਨ 'ਤੇ ਭੇਜਣ ਕਾਰਨ ਇਲਾਕੇ ਦੇ ਲੋਕਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਬੀਤੀ ਦਿਨੀਂ ਸਕੂਲ ਦੀ ਮੁੱਖ ਅਧਿਆਪਕਾ ਪਰਮਜੀਤ ਕੌਰ ਨੂੰ ਬਦਲਾ ਲਊ ਭਾਵਨਾ ਨਾਲ ਦਸੰਬਰ ਮਹੀਨੇ ਤੱਕ ਚਮਕੌਰ ਸਾਹਿਬ ਨੇੜੇ ਡੈਪੂਟੇਸ਼ਨ 'ਤੇ ਭੇਜ ਦਿੱਤਾ ਗਿਆ।ਪਰ ਮੈਡਮ ਦੇ ਜਾਣ ਤੋਂ ਬਾਅਦ ਬੱਚਿਆਂ ਦੀ ਪੜ੍ਹਾਈ ਦਾ ਬਹੁਤ ਨੁਕਸਾਨ ਹੋ ਰਿਹਾ ਹੈ। ਭਾਵੇਂ ਸਕੂਲ ਦੇ ਸਮੂਹ ਸਟਾਫ ਤੇ ਹੋਰ ਮੋਹਤਬਰਾਂ ਨੇ ਡੈਪੂਟੇਸ਼ਨ ਰੱਦ ਕਰਨ ਲਈ ਸਿੱਖਿਆ ਮੰਤਰੀ ਕੋਲ ਗੁਹਾਰ ਵੀ ਲਗਾਈ ਸੀ।ਅੱਜ ਇੱਥੇ ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਸੁਰਜੀਤ ਸਿੰਘ ਢੇਰ, ਯੂਥ ਕਾਂਗਰਸ ਦੇ ਆਗੂ ਡਾਕਟਰ ਅੱਛਰ ਸ਼ਰਮਾ, ਇੰਦਰਜੀਤ ਸਿੰਘ ਫੌਜੀ, ਬਰਜਿੰਦਰ ਸਿੰਘ ਡੋਡ, ਗੁਰਚਰਨ ਸਿੰਘ ਕੂਨਰ, ਪੰਚ ਹਰਜੀਤ ਸਿੰਘ ਡੋਡ ਨੇ ਕਿਹਾ ਕਿ ਮੈਡਮ ਨੂੰ ਡੈਪੂਟੇਸ਼ਨ 'ਤੇ ਭੇਜਣਾ ਇਲਾਕੇ ਦੇ ਲੋਕਾਂ ਨਾਲ ਘੋਰ ਬੇਇਨਸਾਫ਼ੀ ਹੈ। ਮੈਡਮ ਇਮਾਨਦਾਰੀ ਨਾਲ ਸਕੂਲ ਦਾ ਪ੍ਰਬੰਧ ਚਲਾ ਰਹੀ ਸੀ। ਸਿੱਖਿਆ ਮੰਤਰੀ ਨੂੰ ਆਪ ਦਖ਼ਲ ਅੰਦਾਜ਼ੀ ਕਰਕੇ ਇਹ ਮੈਡਮ ਨੂੰ ਡੈਪੂਟੇਸ਼ਨ 'ਤੇ ਭੇਜਣ ਦਾ ਫ਼ੈਸਲਾ ਰੱਦ ਕਰਨਾ ਚਾਹੀਦਾ ਹੈ। ਜਿਸ ਸਕੂਲ ਵਿੱਚ ਮੈਡਮ ਨੂੰ ਭੇਜਿਆ ਗਿਆ ਹੈ, ਉਥੇ ਬੱਚੇ ਵੀ ਘੱਟ ਹਨ ਤੇ ਸਟਾਫ ਵੀ ਪੂਰਾ ਹੈ। ਜਦਕਿ ਦਸਗਰਾਈਂ ਸਕੂਲ ਵਿੱਚ ਬੱਚਿਆਂ ਦੀ ਗਿਣਤੀ ਜ਼ਿਆਦਾ ਹੈ ਤੇ ਸਟਾਫ ਘੱਟ ਹੈ। ਹਿਸਾਬ ਦੇ ਵਿਦਿਆਰਥੀ ਹੁਣ ਚਿੰਤਾ ਵਿਚ ਹਨ।

# ਗੁੱਡ ਸਮਾਰੀਟਨ, ਫਰਿਸ਼ਤਾ ਤੇ ਹਿੱਟ ਐਂਡ ਰਨ ਸਕੀਮਾਂ ਬਾਰੇ ਜਾਗਰੂਕਤਾ ਪੋਸਟਰ ਜਾਰੀ



**ਹੁਸ਼ਿਆਰਪੁਰ, (ਓਮ ਪ੍ਰਕਾਸ਼ ਰਾਣਾ )**-ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਸੜਕ ਹਾਦਸਿਆਂ ਵਿਚ ਜ਼ਖਮੀਆਂ ਦੀ ਮਦਦ ਲਈ ਲੋਕਾਂ ਵਿਚ ਜਾਗਰੂਕਤਾ ਫੈਲਾਉਣ ਦੇ ਮੰਤਵ ਨਾਲ ਗੁੱਡ ਸਮਾਰੀਟਨ (ਚੰਗੇ ਨਾਗਰਿਕ), ਫਰਿਸ਼ਤੇ ਅਤੇ ਹਿੱਟ ਐਂਡ ਰਨ ਵਰਗੀਆਂ ਸਕੀਮਾਂ ਤਹਿਤ ਅੱਠ ਵੱਖ-ਵੱਖ ਤਰ੍ਹਾਂ ਦੇ ਸੜਕ ਸੁਰੱਖਿਆ ਪੋਸਟਰ ਜਾਰੀ ਕੀਤੇ। ਪਹਿਲੇ ਪੜਾਅ ਵਿਚ ਜ਼ਿਲ੍ਹੇ ਦੇ ਸਾਰੇ ਹਸਪਤਾਲਾਂ, ਥਾਣਿਆਂ ਅਤੇ ਜਨਤਕ ਥਾਵਾਂ 'ਤੇ 2000 ਦੇ ਕਰੀਬ ਪੋਸਟਰ ਅਤੇ ਫਲੈਕਸ ਲਗਾਏ ਜਾਣਗੇ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਗੁੱਡ ਸਮਾਰੀਟਨ ਅਤੇ ਫਰਿਸ਼ਤੇ ਸਕੀਮ ਤਹਿਤ ਸੜਕ ਹਾਦਸਿਆਂ ਵਿਚ ਜ਼ਖਮੀ ਹੋਏ ਵਿਅਕਤੀਆਂ ਨੂੰ ਹਸਪਤਾਲ ਪਹੁੰਚਾਉਣ ਵਾਲੇ ਵਿਅਕਤੀਆਂ ਨੂੰ ਸਨਮਾਨਿਤ ਕੀਤਾ ਜਾਵੇਗਾ ਅਤੇ ਫਰਿਸ਼ਤੇ ਸਕੀਮ ਤਹਿਤ ਉਨ੍ਹਾਂ ਨੂੰ 2000 ਰੁਪਏ ਦੀ ਇਨਾਮੀ ਰਾਸ਼ੀ ਦੇ ਨਾਲ ਪ੍ਰਸੰਸਾ ਪੱਤਰ ਵੀ ਦਿੱਤਾ ਜਾਵੇਗਾ।ਇਸ ਤੋਂ ਇਲਾਵਾ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਫਰਿਸ਼ਤੇ ਸਕੀਮ ਤਹਿਤ ਪੰਜਾਬ ਸਰਕਾਰ ਵੱਲੋਂ 500 ਦੇ ਕਰੀਬ ਸਰਕਾਰੀ ਅਤੇ ਪ੍ਰਾਈਵੇਟ ਹਸਪਤਾਲਾਂ ਨੂੰ ਨਕਦ ਰਹਿਤ ਇਲਾਜ ਲਈ ਸੂਚੀਬੱਧ ਕੀਤਾ ਗਿਆ ਹੈ, ਜਿਨ੍ਹਾਂ ਨੂੰ ਮੈਪਲਜ਼ ਐਪ (ਮੈਪ ਮਾਈ ਇੰਡੀਆ) ਤੇ ਲੋਕੇਸ਼ਨ ਦੇ ਨਾਲ ਮੈਪ ਕੀਤਾ ਗਿਆ ਹੈ, ਜਿਥੇ ਜ਼ਖਮੀ ਦਾ ਇਲਾਜ ਬਿਨ੍ਹਾਂ ਕਿਸੇ ਪੈਸੇ ਦੇ ਤੁਰੰਤ ਸ਼ੁਰੂ ਹੋ ਜਾਵੇਗਾ।ਉਨ੍ਹਾਂ ਹਿੱਟ ਐਂਡ ਰਨ ਮੁਆਵਜ਼ਾ ਯੋਜਨਾ ਬਾਰੇ ਵੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਸਕੀਮ ਤਹਿਤ ਜੇਕਰ ਕਿਸੇ ਅਣਪਛਾਤੇ ਵਾਹਨ ਨਾਲ ਕੋਈ ਹਾਦਸਾ ਵਾਪਰਦਾ ਹੈ ਅਤੇ ਵਾਹਨ ਭੱਜ ਜਾਂਦਾ ਹੈ ਤਾਂ ਮੋਟਰ ਵਹੀਕਲ ਤੋਂ ਗੰਭੀਰ ਜ਼ਖ਼ਮੀ ਵਿਅਕਤੀ ਨੂੰ 50,000 ਰੁਪਏ ਅਤੇ ਮੌਤ ਹੋਣ 'ਤੇ ਕਾਨੂੰਨੀ ਵਾਰਸਾਂ ਨੂੰ 2 ਲੱਖ ਰੁਪਏ ਦਾ ਮੁਆਵਜ਼ਾ ਦਿੱਤਾ ਜਾਵੇਗਾ।

# ਜਨਮ ਅਸ਼ਟਮੀ ਦਾ ਤਿਉਹਾਰ ਮਨਾਇਆ

**ਜਲੰਧਰ (ਇਕਬਾਲ ਸਿੰਘ ਉਭੀ)**-ਸੇਂਟ ਸੋਲਜਰ ਡਿਵਾਈਨ ਪਬਲਿਕ ਸਕੂਲ, ਮਾਸਟਰ ਗੁਰਬੰਤਾ ਸਿੰਘ ਮਾਰਗ, ਜਲੰਧਰ ਵਿਖੇ ਜਨਮ ਅਸ਼ਟਮੀ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ ਗਿਆ।ਜਿਸ ਦੀ ਅਗਵਾਈ ਸਕੂਲ ਦੀ ਪ੍ਰਿੰਸੀਪਲ ਦਿਵਪ੍ਰੀਤ ਕੌਰ ਅਤੇ ਸਕੂਲ ਸਟਾਫ ਦੀ ਦੇਖ-ਰੇਖ ਹੇਠ ਕੀਤੀ ਗਈ।ਇਸ ਮੌਕੇ ਮੁੱਖ ਮਹਿਮਾਨ ਚੇਅਰਮੈਨ ਅਨਿਲ ਚੋਪੜਾ ਅਤੇ ਵਾਈਸ ਚੇਅਰਪਰਸਨ ਸੰਗੀਤਾ ਚੋਪੜਾ ਦਾ ਸਕੂਲ ਦੇ ਪ੍ਰਿੰਸੀਪਲ, ਸਟਾਫ਼ ਮੈਂਬਰਾਂ ਅਤੇ ਵਿਦਿਆਰਥੀਆਂ ਦੇ ਮਾਪਿਆਂ ਵੱਲੋਂ ਸਵਾਗਤ ਕੀਤਾ ਗਿਆ।ਪ੍ਰੋਗਰਾਮ ਦੀ ਸ਼ੁਰੂਆਤ ਮੁੱਖ ਮਹਿਮਾਨ ਨੇ ਸ਼ਮਾ ਰੋਸ਼ਨ ਕਰ ਅਤੇ ਭਗਵਾਨ ਸ਼੍ਰੀ ਕ੍ਰਿਸ਼ਨ ਦੀ ਆਰਤੀ ਨਾਲ ਕੀਤੀ।ਇਸ ਮੌਕੇ ਵਿਦਿਆਰਥੀਆਂ ਨੇ ਨਾਟਕ ਅਤੇ ਨ੍ਰਿਤ ਰਾਹੀਂ ਸ੍ਰੀ ਕ੍ਰਿਸ਼ਨ ਦੀ ਦੋਸਤੀ ਦੀਆਂ ਮਹਾਂਕਥਾਵਾਂ ਅਤੇ ਉਨ੍ਹਾਂ ਦੇ ਜੀਵਨ ਨਾਲ ਸਬੰਧਤ ਕਹਾਣੀਆਂ 'ਤੇ ਨਾਟਕ ਪੇਸ਼ ਕੀਤੇ। ਇਸ ਮੌਕੇ ਗਰੁੱਪ ਦੇ ਚੇਅਰਮੈਨ ਅਨਿਲ ਚੋਪੜਾ ਅਤੇ ਵਾਈਸ ਚੇਅਰਪਰਸਨ ਸੰਗੀਤਾ ਚੋਪੜਾ ਨੇ ਸਾਰਿਆਂ ਨੂੰ ਜਨਮ ਅਸ਼ਟਮੀ ਦੀ ਵਧਾਈ ਦਿੱਤੀ।

26-AUG-PAGE-10.qxd 8/25/2024 10:38 PM Page 1



# ਮੁਲਾਜ਼ਮਾਂ ਤੇ ਪੈਨਸ਼ਨਰਾਂ ਨੇ ਮੁੱਖ ਮੰਤਰੀ ਦੇ ਝੂਠੇ ਲਾਰਿਆਂ ਦੀ ਪੰਡ ਫੂਕੀ

## 3 ਨੂੰ ਚੰਡੀਗੜ੍ਹ ਰੋਸ ਰੈਲੀ ਤੇ ਮਾਰਚ 'ਚ ਸ਼ਾਮਲ ਹੋਣ ਦਾ ਐਲਾਨ





**ਫਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**-ਸਥਾਨਕ ਡਿਪਟੀ ਕਮਿਸ਼ਨਰ ਦੇ ਦਫ਼ਤਰ ਸਾਹਮਣੇ ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਦੇ ਸੱਦੇ ਅਨੁਸਾਰ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੇ ਵੱਡੀ ਗਿਣਤੀ ਵਿੱਚ ਸ਼ਾਮਲ ਹੋ ਕੇ ਮੁੱਖ ਮੰਤਰੀ ਪੰਜਾਬ ਸਰਕਾਰ ਵੱਲੋਂ ਵਾਰ ਵਾਰ ਮੀਟਿੰਗਾਂ ਦਾ ਸਮਾਂ ਦੇ ਕੇ ਮੀਟਿੰਗਾਂ ਨਾ ਕਰਨ ਦੀ ਵਾਅਦਾ ਖਿਲਾਫੀ ਦੇ ਰੋਸ ਵਜੋਂ ਤਿੱਖੀ ਨਾਅਰੇਬਾਜ਼ੀ ਕਰਕੇ ਆਪਣਾ ਰੋਸ ਤੇ ਗੁੱਸਾ ਪ੍ਰਗਟ ਕੀਤਾ ਅਤੇ ਮੁੱਖ ਮੰਤਰੀ ਪੰਜਾਬ ਦੇ ਝੂਠੇ ਲਾਰਿਆਂ ਦੀ ਪੰਡ ਫੂਕੀ ਗਈ।ਇਸ ਮੌਕੇ ਆਗੂਆਂ ਨੇ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ 'ਤੇ ਦੋਸ਼ ਲਾਇਆ ਕਿ ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਨਾਲ 1 ਜੁਲਾਈ ਨੂੰ ਫਗਵਾੜਾ ਵਿਖੇ ਹੋਈ ਮੀਟਿੰਗ ਦੌਰਾਨ ਖੁਦ ਵਾਅਦੇ ਕਰਕੇ ਮੀਟਿੰਗ ਕਰਨ ਤੋਂ ਭੱਜ ਗਏ ਹਨ।ਸਮੂਹ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਹੱਕੀ ਅਤੇ ਜਾਇਜ਼ ਮੰਗਾਂ ਪ੍ਰਵਾਨ ਕਰਨਾ ਤਾਂ ਬਹੁਤ ਦੂਰ ਦੀ ਗੱਲ ਹੈ।ਇਸ ਸਮੇਂ ਮੁਲਾਜ਼ਮ ਤੇ ਪੈਨਸ਼ਨਰ ਆਗ ਪ੍ਰੇਮ ਚਾਵਲਾ, ਜਤਿੰਦਰ ਕੁਮਾਰ, ਅਸ਼ੋਕ ਕੌਸ਼ਲ, ਵੀਰ ਇੰਦਰਜੀਤ ਸਿੰਘ ਪੁਰੀ, ਸੁਖਵਿੰਦਰ ਸਿੰਘ ਸੁੱਖੀ, ਇੰਦਰਜੀਤ ਸਿੰਘ ਖੀਵਾ, ਚੰਦ ਸਿੰਘ ਡੋਡ, ਹਰਪ੍ਰੀਤ ਸਿੰਘ ਬਿਜਲੀ ਬੋਰਡ, ਹਰਪਾਲ ਸਿੰਘ ਮਚਾਕੀ, ਗਗਨ ਪਾਹਵਾ, ਗੁਰਪ੍ਰੀਤ ਸਿੰਘ ਔਲਖ, ਆਸ਼ਾ ਵਰਕਰਾਂ ਦੇ ਆਗੂ ਸਿੰਬਲਜੀਤ ਕੌਰ, ਚਰਨਜੀਤ ਕੌਰ ਲੰਭਵਾਲੀ, ਕੁਲਵਿੰਦਰ ਸਿੰਘ ਮੌੜ, ਸੂਰਤ ਸਿੰਘ ਮਾਹਲਾ, ਸੂਬਾ ਸਿੰਘ ਰਾਮੇਆਣਾ, ਦਰਜਾ ਚਾਰ ਮੁਲਾਜ਼ਮਾਂ ਦੇ ਆਗੂ ਇਕਬਾਲ ਸਿੰਘ ਢੁੱਡੀ, ਬਲਕਾਰ ਸਿੰਘ ਸਹੋਤਾ ਤੇ ਇਕਬਾਲ ਸਿੰਘ ਰਣ ਸਿੰਘ ਵਾਲਾ, ਸ਼ਿਵ ਨਾਥ ਦਰਦੀ, ਕ੍ਰਿਸ਼ਨ ਕੁਮਾਰ, ਨਰਿੰਦਰ ਸਿੰਘ ਭੈਰੋ ਤੇ ਅਜੀਤ ਸਿੰਘ ਨੇ ਭਗਵੰਤ ਮਾਨ ਸਰਕਾਰ ਵੱਲੋਂ ਮੁਲਾਜ਼ਮ ਤੇ ਪੈਨਸ਼ਨਰ ਮੰਗਾਂ ਪ੍ਰਤੀ ਅਪਣਾਈ ਜਾ ਰਹੀ ਬੇਰੁਖੀ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ।ਫੈਸਲਾ ਕੀਤਾ ਗਿਆ ਕਿ ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਦੀ ਸੂਬਾਈ ਲੀਡਰਸ਼ਿਪ ਵੱਲੋਂ ਉਲੀਕੇ ਗਏ ਪ੍ਰੋਗਰਾਮ ਅਨੁਸਾਰ 3 ਸਤੰਬਰ ਨੂੰ ਚੰਡੀਗੜ੍ਹ ਵਿਖੇ ਰੋਸ ਰੈਲੀ ਕਰਨ ਤੋਂ ਬਾਅਦ ਪੰਜਾਬ ਵਿਧਾਨ ਸਭਾ ਵੱਲ ਰੋਸ ਮਾਰਚ ਦੇ ਐਕਸ਼ਨ ਪ੍ਰੋਗਰਾਮ ਵਿੱਚ ਫਰੀਦਕੋਟ ਜ਼ਿਲ੍ਹੇ ਤੋਂ ਵੱਡੀ ਗਿਣਤੀ ਵਿੱਚ ਮੁਲਾਜ਼ਮ ਦੇ ਪੈਨਸ਼ਨਰ ਸ਼ਾਮਲ ਹੋਣਗੇ।ਇਸ ਦੌਰਾਨ ਮੁਲਾਜ਼ਮ ਲਹਿਰ ਦੇ ਪ੍ਰਮੁੱਖ ਆਗੂ ਵੇਦ ਪ੍ਰਕਾਸ਼ ਦੇ ਸਦੀਵੀ ਵਿਛੋੜਾ ਦੇ ਜਾਣ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।ਇਸ ਤੋਂ ਇਲਾਵਾ ਮੁਲਾਜ਼ਮ ਆਗੂ ਜਤਿੰਦਰ ਕੁਮਾਰ ਦੀ ਨਗਰ ਕੌਂਸਲ ਫਰੀਦਕੋਟ ਤੋਂ ਰਾਏਕੋਟ ਵਿਖੇ ਕੀਤੀ ਗਈ ਸਿਆਸੀ ਆਧਾਰ 'ਤੇ ਬਦਲੀ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ ਤੇ ਇਹ ਬਦਲੀ ਤੁਰੰਤ ਰੱਦ ਕਰਨ ਦੀ ਮੰਗ ਕੀਤੀ ਗਈ।

**ਨਾਭਾ (ਵਰਿੰਦਰ ਵਰਮਾ)** : ਲੋਕਾਂ ਨੂੰ ਲਭਾਉਣੇ ਲਾਰੇ ਦੇਣ ਤੋਂ ਬਾਅਦ ਹੋਂਦ ਵਿੱਚ ਆਈ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਲੋਕ ਮਸਲੇ ਹੱਲ ਤਾਂ ਕੀ ਕਰਨੇ ਸੀ, ਉਹ ਮੁਲਾਜ਼ਮਾਂ ਤੇ ਪੈਨਸ਼ਨਰਾਂ ਨਾਲ ਗੱਲਬਾਤ ਕਰਨ ਲਈ ਵੀ ਤਿਆਰ ਨਹੀਂ ਹੈ, ਜਿਸ ਕਾਰਨ ਮੁਲਾਜ਼ਮਾਂ ਤੇ ਪੈਨਸ਼ਨਰਾਂ ਵਿੱਚ ਭਾਰੀ ਰੋਹ ਤੇ ਬੇਚੈਨੀ ਪਾਈ ਜਾ ਰਹੀ ਹੈ ਤੇ ਨਾਭਾ ਤਹਿਸੀਲ ਦੇ ਮੁਲਾਜ਼ਮਾਂ ਵੱਲੋਂ ਪੰਜਾਬ ਸਰਕਾਰ ਦੀ ਲਾਰਿਆਂ ਦੀ ਪੰਡ ਨੂੰ ਫੂਕਿਆ ਗਿਆ। ਮੁਲਾਜ਼ਮਾਂ ਨੂੰ ਸੰਬੋਧਨ ਕਰਦਿਆਂ ਦਰਸ਼ਨ ਬੇਲੂ ਮਾਜਰਾ, ਲਖਵਿੰਦਰ ਖਾਨਪੁਰ, ਚਮਕੌਰ ਸਿੰਘ ਧਾਰੋਕੀ ਤੇ ਦਿਆਲ ਸਿੰਘ ਸਿੱਧੂ ਨੇ ਕਿਹਾ ਕਿ ਹੁਣ ਸਰਕਾਰ ਦੇ ਨਾਲ ਗੱਲ ਕਰਨ ਦੀ ਬਜਾਏ ਸਰਕਾਰ ਖਿਲਾਫ ਆਰ-ਪਾਰ ਦੀ ਲੜਾਈ ਵਿੱਢੀ ਜਾਵੇ।ਇਸ ਫੈਸਲੇ ਦੇ ਤਹਿਤ 3 ਸਤੰਬਰ ਨੂੰ ਸਮੁੱਚੇ ਪੰਜਾਬ ਦੇ ਵੱਡੀ ਗਿਣਤੀ ਵਿੱਚ ਮੁਲਾਜ਼ਮ ਤੇ ਪੈਨਸ਼ਨਰ ਵਹੀਰਾਂ ਘੱਤ ਕੇ ਚੰਡੀਗੜ੍ਹ ਪੁੱਜਣਗੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਇਲਾਵਾ ਰਾਜਵੀਰ ਨਾਭਾ, ਭਜਨ ਸਿੰਘ, ਕੋਰ ਸਿੰਘ, ਇਕਬਾਲ ਸਿੰਘ, ਗੁਰਜੰਟ ਸਿੰਘ, ਗੁਰਮੀਤ ਸਿੰਘ ਪੇਧਨ, ਸ਼ਮਸ਼ੇਰ ਸਿੰਘ ਆਦਿ ਆਗੂ ਸ਼ਾਮਲ ਹੋਏ।

## ਕੁੱਟਮਾਰ ਦੇ ਦੋਸ਼ 'ਚ 13 ਨਾਮਜ਼ਦ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਸਿਟੀ ਜਲਾਲਾਬਾਦ ਦੀ ਪੁਲਸ ਵੱਲੋਂ ਇਕ ਰੈਸੋਰੈਂਟ ਵਿੱਚ ਇੱਕ ਵਿਅਕਤੀ ਦੀ ਕੁੱਟਮਾਰ ਕਰਕੇ ਜ਼ਖਮੀ ਕਰਨ ਦੇ ਦੋਸ਼ ਵਿੱਚ 13 ਲੋਕਾਂ ਖਿਲਾਫ ਪਰਚਾ ਦਰਜ ਕੀਤਾ ਗਿਆ ਹੈ। ਮੁਦੱਈ ਗਗਨਦੀਪ ਸਿੰਘ ਪੁੱਤਰ ਮਲਕੀਤ ਸਿੰਘ ਵਾਸੀ ਬਾਬਾ ਦੀਪ ਸਿੰਘ ਨਗਰ ਜਲਾਲਾਬਾਦ ਨੇ ਪੁਲਸ ਕੋਲ ਬਿਆਨ ਦਰਜ ਕਰਵਾਏ ਗਏ ਹਨ ਕਿ 18 ਅਗਸਤ 2024 ਨੂੰ ਦੇਰ ਰਾਤ ਕਰੀਬ 11 ਵਜੇ ਉਹ ਆਪਣੇ ਦੋਸਤਾਂ ਨਾਲ ਫਲਾਵਰ ਰੈਸਟੋਰੈਂਟ ਵਿੱਚ ਖਾਣਾ ਖਾਣ ਲਈ ਗਏ ਸੀ ਅਤੇ ਇਸ ਦੌਰਾਨ ਰਜਿਤ ਸਚਦੇਵਾ ਪੁੱਤਰ ਸੋਨੂੰ ਸਚਦੇਵਾ ਵਗੈਰਾ ਵੱਲੋਂ ਕਿਸੇ ਰੰਜਿਸ਼ ਨੂੰ ਲੈ ਕੇ ਉਸ ਦੀ ਕੁੱਟਮਾਰ ਕੀਤੀ ਗਈ, ਜਿਸ 'ਤੇ ਉਸ ਨੂੰ (ਮੁਦੱਈ ਗਗਨਦੀਪ ਸਿੰਘ) ਸੱਟਾਂ ਲੱਗਣ ਕਰਕੇ ਸਰਕਾਰੀ ਹਸਪਤਾਲ ਵਿਖੇ ਦਾਖਲ ਕਰਵਾਇਆ ਗਿਆ। ਜਾਂਚ ਅਧਿਕਾਰੀ ਮਹਿੰਦਰ ਸਿੰਘ ਨੇ ਦੱਸਿਆ ਕਿ ਮੁਦੱਈ ਗਗਨਦੀਪ ਸਿੰਘ ਦੇ ਬਿਆਨਾਂ ਦੇ ਅਧਾਰ 'ਤੇ ਰਜਿਤ ਸਚਦੇਵਾ ਪੁੱਤਰ ਸੋਨੂੰ ਸਚਦੇਵਾ, ਸਚਿਨ ਚੁੱਘ ਪੁੱਤਰ ਰੋਣਕੀ ਰਾਮ, ਹੈਪੀ ਸਿੱਘੂ ਵਾਸੀਆਨ ਜਲਾਲਾਬਾਦ, ਤਮੰਨ ਕਮੀਰੀਆ ਪੁੱਤਰ ਰਾਜ ਕਮੀਰੀਆ, ਕਵਲਜੀਤ ਸਿੰਘ ਪੁੱਤਰ ਰੇਸ਼ਮ, ਘੁੱਕੀ ਪੁੱਤਰ ਰੇਸ਼ਮ ਸਿੰਘ, ਰਾਜ ਸਿੰਘ ਪੁੱਤਰ ਰੇਸ਼ਮ ਸਿੰਘ ਤੇ 5-6 ਅਣਪਛਾਤੇ ਵਿਅਕਤੀਆਂ ਖਿਲਾਫ ਥਾਣਾ ਸਿਟੀ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਹੈ।

## ਪਾਰਟੀ ਵੱਲੋਂ ਸੌਂਪੀ ਜ਼ਿੰਮੇਵਾਰੀ ਤਨਦੇਹੀ ਨਾਲ ਨਿਭਾਵਾਂਗਾ : ਕੋਹਲੀ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਆਮ ਆਦਮੀ ਪਾਰਟੀ ਦੇ ਪਟਿਆਲਾ ਤੋਂ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਕਿਹਾ ਕਿ ਮੈਨੂੰ ਜੋ ਪਾਰਟੀ ਨੇ ਸਪੋਕਸਮੈਨ ਬਣਾ ਕੇ ਵੱਡੀ ਜ਼ਿੰਮੇਵਾਰੀ ਸੌਂਪੀ ਹੈ, ਉਸ ਨੂੰ ਮੈਂ ਪੂਰੀ ਤਨਦੇਹੀ ਨਾਲ ਨਿਭਾਵਾਂਗਾ।ਉਨ੍ਹਾ ਕਿਹਾ ਕਿ ਮੁੱਖ ਮੰਤਰੀ ਸ੍ਰੀ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਪੰਜਾਬ ਇੰਚਾਰਜ ਡਾ. ਸੰਦੀਪ ਪਾਠਕ ਮੈਂਬਰ ਰਾਜ ਸਭਾ ਦਾ ਮੈਂ ਦਿਲੋਂ ਧੰਨਵਾਦੀ ਹਾਂ, ਜਿਨ੍ਹਾਂ ਨੇ ਮੈਨੂੰ ਪਾਰਟੀ ਦੀ ਸੇਵਾ ਕਰਨ ਲਈ ਇਹ ਜ਼ਿੰਮੇਵਾਰੀ ਦਿੱਤੀ ਗਈ।ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਕਿਹਾ ਕਿ ਮੈਂ ਬਤੌਰ ਵਿਧਾਇਕ ਜੋ ਆਮ ਲੋਕਾਂ ਦੇ ਦਰਮਿਆਨ ਜਾ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣ ਕੇ ਤੇ ਹੱਲ ਕੀਤੀਆਂ ਹਨ, ਉਸ ਦਾ ਸਿਹਰਾ ਪਾਰਟੀ ਨੂੰ ਜਾਂਦਾ ਹੈ।ਮੈਂ ਪਾਰਟੀ ਲੀਡਰਸ਼ਿਪ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਜੋ ਜ਼ਿੰਮੇਵਾਰੀ ਸੌਂਪੀ ਗਈ ਹੈ, ਉਸ ਨੂੰ ਤਹਿਦਿਲੋਂ ਨਿਭਾਵਾਂਗਾ।

## ਸੜਕਾਂ 'ਤੇ ਪਸ਼ੂ ਲੈ ਕੇ ਘੁੰਮਦੇ ਗੁੱਜਰਾਂ ਖਿਲਾਫ ਕਾਰਵਾਈ ਦੀ ਮੰਗ



**ਜ਼ੀਰਾ (ਪਰਮਜੀਤ ਸਿੰਘ ਧੰਜੂ)**-ਭਾਰਤੀ ਕਿਸਾਨ ਯੂਨੀਅਨ ਕਾਦੀਆਂ ਦੀ ਇੱਕ ਮੀਟਿੰਗ ਜ਼ਿਲ੍ਹਾ ਕਮੇਟੀ ਮੈਂਬਰ ਮੋਹਨ ਸਿੰਘ ਨੰਬਰਦਾਰ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਜਥੇਬੰਦੀ ਦੇ ਅਹੁਦੇਦਾਰ ਤੇ ਵਰਕਰ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ।ਇਸ ਦੌਰਾਨ ਹਾਜ਼ਰ ਕਿਸਾਨ ਆਗੂਆਂ ਨੇ ਗੁੱਜਰਾਂ ਵੱਲੋਂ ਸੜਕਾਂ ਤੇ ਰਾਸ਼ਟਰੀ ਰਾਜ ਮਾਰਗਾਂ 'ਤੇ ਆਪਣੇ ਪਸ਼ੂਆਂ ਨੂੰ ਚਰਾਉਣ 'ਤੇ ਗਹਿਰੀ ਚਿੰਤਾ ਪ੍ਰਗਟ ਕੀਤੀ ਗਈ।ਇਸ ਦੌਰਾਨ ਕਿਸਾਨ ਆਗੂਆਂ ਨੇ ਕਿਹਾ ਕਿ ਭਾਵੇਂ ਪੰਜਾਬ ਸਰਕਾਰ ਨੇ ਰਾਸ਼ਟਰੀ ਰਾਜ ਮਾਰਗਾਂ 'ਤੇ ਪਸ਼ੂਆਂ ਨੂੰ ਲੈ ਕੇ ਆਉਣ ਦੀ ਪਾਬੰਦੀ ਲਗਾਈ ਹੋਈ ਹੈ, ਪਰ ਇਸ ਦੇ ਬਾਵਜੂਦ ਗੁੱਜਰ ਸਰੇਆਮ ਸੜਕਾਂ ਤੇ ਰਾਸ਼ਟਰੀ ਰਾਜ ਮਾਰਗਾਂ 'ਤੇ ਆਪਣੇ ਪਸ਼ੂਆਂ ਨੂੰ ਲੈ ਕੇ ਤੁਰੇ ਫਿਰਦੇ ਹਨ, ਜੋ ਕਿ ਨਾ ਸਿਰਫ ਟ੍ਰੈਫਿਕ ਵਿੱਚ ਵਿਘਨ ਪਾਉਂਦੇ ਹਨ, ਬਲਕਿ ਸੜਕਾਂ ਦੇ ਕਿਨਾਰਿਆਂ ਤੇ ਫੁੱਟਪਾਥਾਂ 'ਤੇ ਲਗਾਏ ਪੌਦਿਆਂ ਨੂੰ ਵੀ ਮਰੁੰਡ ਕੇ ਖਾ ਜਾਂਦੇ ਹਨ।ਮੀਟਿੰਗ ਦੌਰਾਨ ਕਿਸਾਨ ਆਗੂਆਂ ਨੇ ਡਿਪਟੀ ਕਮਿਸ਼ਨਰ ਤੋਂ ਮੰਗ ਕੀਤੀ ਕਿ ਸੜਕਾਂ 'ਤੇ ਪਸ਼ੂਆਂ ਨੂੰ ਲਿਆਉਣ ਲਈ ਲਗਾਈ ਗਈ ਪਾਬੰਦੀ ਸਿਰਫ ਕਾਗਜ਼ਾਂ ਵਿੱਚ ਹੀ ਸੀਮਤ ਨਾ ਰੱਖੀ ਜਾਵੇ, ਬਲਕਿ ਇਸ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰਨ ਲਈ ਗੁੱਜਰਾਂ ਖਿਲਾਫ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇ ਤਾਂ ਜੋ ਵਾਤਾਵਰਨ ਪ੍ਰੇਮੀਆਂ ਦੇ ਹਰਿਆਲੀ ਭਰੇ ਵਾਤਾਵਰਨ ਦੇ ਸੁਪਨਿਆਂ ਨੂੰ ਬੂਰ ਪੈ ਸਕੇ।ਇਸ ਮੌਕੇ ਦਰਸ਼ਨ ਸਿੰਘ, ਪ੍ਰੀਤਮ ਸਿੰਘ, ਮਨਦੀਪ ਸਿੰਘ, ਹਰਪ੍ਰੀਤ ਸਿੰਘ, ਮੋਹਨ ਸਿੰਘ ਨੰਬਰਦਾਰ, ਹਰਬੰਸ ਸਿੰਘ, ਕੇਵਲ ਸਿੰਘ, ਵਕੀਲਪਾਲ ਸਿੰਘ, ਕਮਲਜੀਤ ਸਿੰਘ, ਜਰਨੈਲ ਸਿੰਘ, ਡਾ. ਗੁਰਚਰਨ ਆਦਿ ਹਾਜ਼ਰ ਸਨ।

## ਪੰਜਾਬ ਜਮਹੂਰੀ ਮੋਰਚੇ ਦੀ ਇਲਾਕਾ ਕਮੇਟੀ ਦੀ ਮੀਟਿੰਗ

**ਸੰਗਰੂਰ (ਪ੍ਰਵੀਨ ਸਿੰਘ)**-ਪੰਜਾਬ ਜਮਹੂਰੀ ਮੋਰਚੇ ਨੇ ਸੰਗਰੂਰ ਵਿੱਚ ਬੱਸਾਂ ਨੂੰ ਬਸ ਅੱਡੇ ਤੱਕ ਆਉਣ-ਜਾਣ ਲਈ ਬਣਾਏ ਰੂਟ ਪਲਾਨ ਕਾਰਨ ਲੋਕਾਂ ਨੂੰ ਆ ਰਹੀਆਂ ਦਿੱਕਤਾਂ ਨੂੰ ਦੂਰ ਕਰਨ ਲਈ ਹਰ ਬਸ ਦੇ ਬਰਨਾਲਾ ਕੈਂਚੀਆਂ ਰਾਹੀਂ ਆਉਣ ਨੂੰ ਯਕੀਨੀ ਬਣਾਉਣ, ਸੜਕਾਂ 'ਤੇ ਹੋ ਰਹੀ ਪਾਰਕਿੰਗ ਨੂੰ ਬੰਦ ਕਰਨ ਤੇ ਸ਼ਹਿਰ ਵਿੱਚ ਸਾਧਨਾਂ ਨੂੰ ਇੱਕ ਨਿਸ਼ਚਿਤ ਗਤੀ ਅੰਦਰ ਚਲਾਉਣ ਨੂੰ ਯਕੀਨੀ ਬਣਾਉਣ ਦੀ ਮੰਗ ਕੀਤੀ ਹੈ।

ਇਹ ਮੰਗ ਪੰਜਾਬ ਜਮਹੂਰੀ ਮੋਰਚੇ ਦੀ ਇਲਾਕਾ ਕਮੇਟੀ ਦੀ ਮੀਟਿੰਗ ਵਿੱਚ ਕੀਤੀ ਗਈ।ਮੀਟਿੰਗ ਵਿੱਚ ਸਰਵਸੰਮਤੀ ਨਾਲ ਚੰਦ ਸਿੰਘ ਧੂਰੀ ਨੂੰ ਇਲਾਕਾ ਕਨਵੀਨਰ ਚੁਣਿਆ ਗਿਆ। ਮੀਟਿੰਗ ਵਿੱਚ ਪਾਸ ਇਕ ਮਤੇ ਵਿੱਚ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿੱਚ ਔਰਤਾਂ ਨਾਲ ਬਲਾਤਕਾਰ, ਕਤਲ ਤੇ ਜ਼ਬਰ ਦੀਆਂ ਵਾਪਰ ਰਹੀਆਂ ਘਟਨਾਵਾਂ ਉਪਰ ਗਹਿਰੀ ਚਿੰਤਾ ਦਾ ਪ੍ਰਗਟਾਵਾ ਕੀਤਾ ਗਿਆ ਅਤੇ ਵੱਖ ਵੱਖ ਰਾਜਾਂ ਦੀਆਂ ਸਰਕਾਰਾਂ ਵੱਲੋਂ ਦੋਸ਼ੀਆਂ ਖਿਲਾਫ ਤੁਰੰਤ ਕਾਰਵਾਈ ਕਰਨ ਦੀ ਥਾਂ ਇਨਸਾਫ਼ ਲਈ ਸੰਘਰਸ਼ ਕਰਨ ਵਾਲੇ ਲੋਕਾਂ ਖਿਲਾਫ ਕੇਸ ਦਰਜ ਕਰਨ ਦੀ ਨਿਖੇਧੀ ਕੀਤੀ ਗਈ।ਬੀ ਜੇ ਪੀ ਦੀਆਂ ਸਰਕਾਰਾਂ ਵੱਲੋਂ ਆਪਣੇ ਰਾਜਸੀ ਵਿਰੋਧੀਆਂ ਤੇ ਧਾਰਮਿਕ ਘੱਟ ਗਿਣਤੀਆਂ ਦੇ ਲੋਕਾਂ ਨੂੰ ਕਿਸੇ ਜੁਰਮ ਕਰਨ ਤੇ ਕਾਨੂੰਨੀ ਕਾਰਵਾਈ ਕਰਨ ਦੀ ਥਾਂ ਉਨ੍ਹਾਂ ਦੇ ਘਰਾਂ ਤੇ ਵਪਾਰਕ ਥਾਵਾਂ ਨੂੰ ਬੁਲਡੋਜ਼ਰਾਂ ਨਾਲ ਮਲੀਆਮੇਟ ਕਰਨ ਦੀਆਂ ਗੈਰ-ਕਾਨੂੰਨੀ ਕਾਰਵਾਈਆਂ ਨੂੰ ਰੋਕਣ ਲਈ ਮਾਨਯੋਗ ਸੁਪਰੀਮ ਕੋਰਟ ਨੂੰ ਬੇਨਤੀ ਕੀਤੀ ਕਿ ਉਹ ਇਨ੍ਹਾਂ ਸੰਬੰਧੀ ਖੁਦ ਦਖਲਅੰਦਾਜ਼ੀ ਕਰਕੇ ਕਾਰਵਾਈ ਕਰੇ।ਲੋਕਾਂ ਨੂੰ ਸਰਕਾਰਾਂ ਦੇ ਅਜਿਹੀਆਂ ਸੰਵੇਦਨਸ਼ੀਲ ਘਟਨਾਵਾਂ ਪ੍ਰਤੀ ਧਾਰਨ ਕੀਤੇ ਲੋਕ ਵਿਰੋਧੀ ਵਤੀਰੇ ਖਿਲਾਫ ਸੰਘਰਸ਼ ਕਰਨ ਦਾ ਸੱਦਾ ਦਿੱਤਾ।ਮੀਟਿੰਗ ਵਿਚ ਸਰਵਸ੍ਰੀ ਬਬਨ ਪਾਲ, ਗੁਰਚਰਨ ਸਿੰਘ ਅਕੋਈ, ਪਰਮ ਵੇਦ, ਚੰਦ ਸਿੰਘ ਧੂਰੀ, ਨਿਰਭੈ ਸਿੰਘ, ਜਗਰੂਪ ਸਿੰਘ ਉਗਰਾਹਾਂ, ਸੀਤਾਰਾਮ, ਸੁਰਿੰਦਰ ਉਪਲੀ, ਸਵਰਨਜੀਤ ਸਿੰਘ, ਹਰਜੀਤ ਸਿੰਘ ਬਾਲੀਆਂ, ਦਰਸ਼ਨ ਸਿੰਘ ਝਨੇੜ ਤੇ ਨਛੱਤਰ ਸਿੰਘ ਚੱਠੇ ਅਤੇ ਗੁਰਦੀਪ ਸਿੰਘ ਸ਼ਾਮਲ ਸਨ।

## ਮੈਡੀਕਲ ਪ੍ਰੈਕਟੀਸ਼ਨਰਜ਼ ਨੇ ਜਾਗਰੂਕਤਾ ਕੈਂਪ 'ਚ ਦਿੱਤਾ ਸਹਿਯੋਗ



**ਜ਼ੀਰਾ (ਨਰਿੰਦਰ ਅਨੇਜਾ)**-ਪੰਜਾਬ ਸਰਕਾਰ ਦੀਆਂ ਹਦਾਇਤਾਂ, ਸਿਵਲ ਸਰਜਨ ਫਿਰੋਜ਼ਪੁਰ ਦੇ ਹੁਕਮਾਂ ਅਨੁਸਾਰ ਤੇ ਸੀਨੀਅਰ ਮੈਡੀਕਲ ਅਫ਼ਸਰ ਜ਼ੀਰਾ ਡਾਕਟਰ ਮਨਜੀਤ ਕੌਰ ਦੀ ਅਗਵਾਈ ਹੇਠ 24 ਅਗਸਤ 2024 ਨੂੰ ਪਿੰਡ ਰਟੌਲ ਰੋਹੀ ਵਿੱਚ ਆਈ.ਸੀ.ਟੀ.ਸੀ. ਸੈਂਟਰ ਤੇ ਟੀ.ਬੀ. ਵਿਭਾਗ ਵੱਲੋਂ ਐਨਟੈਸਟੀਫਾਈਡ ਕੰਪੇਨ ਤਹਿਤ ਟੀ.ਬ. ਤੇ ਐੱਚ.ਆਈ.ਵੀ. ਜਾਗਰੂਕਤਾ ਕੈਂਪ ਲਾਇਆ ਗਿਆ।ਇਸ ਦਾ ਮੁੱਖ ਉਦੇਸ਼ ਪਿੰਡ ਪਿੰਡ ਜਾ ਕੇ ਐੱਚ.ਆਈ.ਵੀ. ਤੇ ਟੀ.ਬੀ. ਦੀਆਂ ਖਤਰਨਾਕ ਬੀਮਾਰੀਆਂ ਤੋਂ ਜਾਗਰੂਕ ਕਰਕੇ ਇਨ੍ਹਾਂ ਜਾਨਲੇਵਾ ਬੀਮਾਰੀਆਂ ਦਾ ਜੜ੍ਹ ਤੋਂ ਖਾਤਮਾ ਕਰਨਾ ਹੈ।ਇਸ ਮੌਕੇ ਪਿੰਡ ਰਟੌਲ ਰੋਹੀ ਦੇ ਲੋਕਾਂ ਨੂੰ ਐੱਸ.ਟੀ.ਐੱਸ. ਹਰਪ੍ਰੀਤ ਸਿੰਘ ਤੇ ਕੌਂਸਲਰ ਅੰਜਨਾ ਸ਼ਰਮਾ ਨੇ ਇਨ੍ਹਾਂ ਖਤਰਨਾਕ ਸਥਿਤੀ ਵਿੱਚ ਪਹੁੰਚਣ ਤੋਂ ਪਹਿਲਾਂ ਹੀ ਰੋਕਿਆ ਜਾ ਸਕੇ।ਇਸ ਕੈਂਪ ਵਿੱਚ ਲੱਗਭੱਗ ਪੰਜਾਹ ਦੇ ਕਰੀਬ ਲੋਕਾਂ ਦੇ ਸੈਂਪਲ ਲਏ ਗਏ।ਹਰਪ੍ਰੀਤ ਸਿੰਘ ਤੇ ਅੰਜਨਾ ਸ਼ਰਮਾ ਤੋਂ ਇਲਾਵਾ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਬਲਾਕ ਜ਼ੀਰਾ ਦੀ ਟੀਮ ਨੇ ਵੀ ਪ੍ਰਧਾਨ ਗੁਰਦਿੱਤ ਸਿੰਘ ਦੀ ਅਗਵਾਈ ਹੇਠ ਆਪਣਾ ਸਹਿਯੋਗ ਦਿੰਦੇ ਹੋਏ ਬਣਦਾ ਯੋਗਦਾਨ ਪਾਇਆ।ਗੁਰਦਿੱਤ ਸਿੰਘ ਤੋਂ ਇਲਾਵਾ ਜਰਨੈਲ ਸਿੰਘ, ਪ੍ਰਧਾਨ ਜਸਵਿੰਦਰ ਸਿੰਘ ਸੋਢੀਵਾਲਾ, ਗੁਰਪ੍ਰੀਤ ਸਿੰਘ, ਕੁਲਵੀਰ ਸਿੰਘ, ਹਰਬੰਸ ਸਿੰਘ ਤੇ ਰਾਜਵਿੰਦਰ ਸਿੰਘ ਆਦਿ ਨੇ ਵੀ ਲੋਕਾਂ ਨੂੰ ਜਾਗਰੂਕ ਕਰਦੇ ਹੋਏ ਸਿਵਲ ਹਸਪਤਾਲ ਜ਼ੀਰਾ ਦੀ ਟੀਮ ਦਾ ਸਾਥ ਦਿੱਤਾ ਤਾਂ ਕਿ ਇਨ੍ਹਾਂ ਭੈੜੀਆਂ ਬੀਮਾਰੀਆਂ ਤੋਂ ਸਮਾਜ ਨੂੰ ਬਚਾਇਆ ਜਾ ਸਕੇ। ਬੀਮਾਰੀਆਂ ਬਾਰੇ ਜਾਣਕਾਰੀ ਦਿੱਤੀ ਅਤੇ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਕਿਸੇ ਵੀ ਤਰ੍ਹਾਂ ਦੇ ਸਾਡੇ ਵੱਲੋਂ ਦੱਸੇ ਗਏ ਲੱਛਣ ਤੁਹਾਨੂੰ ਨਜ਼ਰ ਆਉਂਦੇ ਹਨ ਤਾਂ ਤੁਰੰਤ ਸਿਵਲ ਹਸਪਤਾਲ ਜ਼ੀਰਾ ਵਿੱਚ ਪਹੁੰਚ ਕੇ ਬੇਝਿਜਕ ਸਾਡੇ ਨਾਲ ਸੰਪਰਕ ਕਰੋ ਤਾਂ ਕਿ ਬੀਮਾਰੀ ਨੂੰ ਗੰਭੀਰ

## ਵਪਾਰ ਮੰਡਲ ਪੰਜਾਬ ਦਾ ਵਫ਼ਦ ਡੀ ਐੱਸ ਪੀ ਨੂੰ ਮਿਲਿਆ

**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਸ਼ਹਿਰ ਵਿੱਚ ਪੁਲਸ ਨਫ਼ਰੀ ਵਧਾਉਣ ਤੇ ਪੀ.ਸੀ.ਆਰ. ਗਸ਼ਤ ਵਧਾਉਣ ਦੀ ਮੰਗ ਨੂੰ ਲੈ ਕੇ ਵਪਾਰ ਮੰਡਲ ਪੰਜਾਬ ਦਾ ਇੱਕ ਵਫ਼ਦ ਡੀ.ਐੱਸ.ਪੀ. ਧੂਰੀ ਮਨਦੀਪ ਸਿੰਘ ਸੰਧੂ ਨੂੰ ਮਿਲਿਆ।ਵਫ਼ਦ ਨੇ ਡੀ.ਆਈ.ਜੀ. ਪਟਿਆਲਾ ਤੇ ਜ਼ਿਲ੍ਹਾ ਪੁਲਸ ਮੁਖੀ ਸੰਗਰੂਰ ਦੇ ਨਾਮ 'ਤੇ ਵੱਖ ਵੱਖ ਮੰਗ ਪੱਤਰ ਸੌਂਪਦਿਆਂ ਮੰਗ ਕੀਤੀ ਕਿ ਧੂਰੀ ਮਾਣਯੋਗ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦਾ ਹਲਕਾ ਹੈ।ਧੂਰੀ ਸ਼ਹਿਰ ਵਿੱਚ ਪੁਲਸ ਨਫ਼ਰੀ ਘੱਟ ਹੋਣ ਕਾਰਨ ਲੋਕ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ, ਕਿਉਂਕਿ ਗੈਰ-ਸਮਾਜਿਕ ਅਨਸਰ ਆਪਣੀਆਂ ਵਾਰਦਾਤਾਂ ਨੂੰ ਅੰਜਾਮ ਦੇ ਰਹੇ ਹਨ।ਉਨ੍ਹਾਂ ਦੱਸਿਆ ਕਿ ਪਹਿਲਾਂ ਧੂਰੀ ਸ਼ਹਿਰ ਵਿੱਚ 6/7 ਪੀ.ਸੀ.ਆਰ ਮੋਟਰਸਾਈਕਲ ਗਸ਼ਤ ਕਰਦੇ ਸਨ, ਪਰ ਇਹ ਹੁਣ ਮੋਟਰਸਾਈਕਲ ਬੰਦ ਹੋ ਚੁੱਕੇ ਹਨ।ਉਨ੍ਹਾਂ ਵਪਾਰੀਆਂ ਤੇ ਆਮ ਲੋਕਾਂ ਵਿੱਚ ਪਾਏ ਜਾ ਸਹਿਮ ਦੇ ਮਾਹੌਲ ਨੂੰ ਮੁੱਖ ਰੱਖਦਿਆਂ ਪੁਲਸ ਨਫ਼ਰੀ ਵਧਾਉਣ ਤੇ ਪੀ.ਸੀ.ਆਰ. ਗਸ਼ਤ ਵਧਾਉਣ ਦੀ ਮੰਗ ਕੀਤੀ।ਵਫ਼ਦ ਦੀ ਗੱਲ ਨੂੰ ਸੁਣਦਿਆਂ ਡੀ.ਐੱਸ.ਪੀ. ਧੂਰੀ ਮਨਦੀਪ ਸਿੰਘ ਸੰਧੂ ਨੇ ਦੱਸਿਆ ਕਿ ਉਹ ਇਸ ਬਾਰੇ ਉੱਚ ਅਧਿਕਾਰੀਆਂ ਨੂੰ ਜਾਣੂ ਕਰਵਾਉਣਗੇ ਤੇ ਨਫ਼ਰੀ ਅਤੇ ਗਸ਼ਤ ਵਧਾਉਣ ਲਈ ਹਰ ਸੰਭਵ ਉਪਰਾਲੇ ਕਰਨਗੇ।ਇਸ ਮੌਕੇ ਵਪਾਰ ਮੰਡਲ ਪੰਜਾਬ ਦੇ ਪ੍ਰਧਾਨ ਅਮਨ ਗਰਗ, ਪੰਜਾਬ ਪ੍ਰਦੇਸ਼ ਵਪਾਰ ਮੰਡਲ ਦੇ ਜ਼ਿਲ੍ਹਾ ਜਨਰਲ ਸਕੱਤਰ ਹੰਸ ਰਾਜ ਬਜਾਜ, ਸਕੱਤਰ ਜਨਰਲ ਰਾਜੇਸ਼ਵਰ ਚੌਧਰੀ ਤੇ ਸ਼ੀਤਲ ਗਰਗ ਆਦਿ ਹਾਜ਼ਰ ਸਨ।

## ਸੰਵਿਧਾਨ ਨੂੰ ਖਤਮ ਕਰਨਾ ਚਾਹੁੰਦੀ ਹੈ ਭਾਜਪਾ : ਬਰਸਟ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਆਮ ਆਦਮੀ ਪਾਰਟੀ ਪੰਜਾਬ ਦੇ ਜਨਰਲ ਸਕੱਤਰ ਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ੍ਰ. ਹਰਚੰਦ ਸਿੰਘ ਬਰਸਟ ਨੇ ਯੂ.ਪੀ.ਐੱਸ.ਸੀ. ਲੇਟਰਲ ਐਂਟਰੀ ਸਕੀਮ ਨੂੰ ਲੈ ਕੇ ਕੇਂਦਰ ਦੀ ਭਾਜਪਾ ਸਰਕਾਰ 'ਤੇ ਤਿੱਖਾ ਹਮਲਾ ਕਰਦਿਆਂ ਕਿਹਾ ਕਿ ਭਾਜਪਾ ਦੇਸ਼ ਦੇ ਸੰਵਿਧਾਨ ਨੂੰ ਖ਼ਤਮ ਕਰਨਾ ਚਾਹੁੰਦੀ ਹੈ।ਇਨ੍ਹਾਂ ਦਾ ਹਰ ਫੈਸਲਾ ਕਿਤੇ ਨਾ ਕਿਤੇ ਸੰਵਿਧਾਨ ਦੇ ਖਿਲਾਫ਼ ਹੁੰਦਾ ਹੈ।ਭਾਜਪਾ ਵੱਲੋਂ ਸੰਵਿਧਾਨ ਵਿੱਚ ਦਿੱਤੇ ਰਿਜ਼ਰਵੇਸ਼ਨ ਦੇ ਅਧਿਕਾਰਾਂ ਨੂੰ ਤਾਕ 'ਤੇ ਰੱਖ ਕੇ ਇਹ ਭਰਤੀ ਕੱਢੀ ਗਈ ਸੀ, ਤਾਂ ਜੋ ਉਹ ਆਪਣੇ ਚਹੇਤਿਆਂ ਨੂੰ ਸਰਕਾਰ ਦੇ ਉੱਚੇ ਅਹੁਦਿਆਂ 'ਤੇ ਬੈਠਾ ਸਕਣ।ਉਨ੍ਹਾਂ ਕਿਹਾ ਕਿ ਸੰਵਿਧਾਨ ਦੇ ਨਿਰਮਾਤਾ ਡਾ. ਭੀਮ ਰਾਓ ਅੰਬੇਡਕਰ ਜੀ ਵੱਲੋਂ ਭਾਰਤ ਦੀਆਂ ਪ੍ਰਸਥਿਤੀਆਂ ਨੂੰ ਧਿਆਨ ਵਿੱਚ ਰੱਖ ਕੇ ਹਰ ਵਰਗ ਦਾ ਖਿਆਲ ਰੱਖਿਆ ਗਿਆ ਹੈ, ਪ੍ਰੰਤੂ ਭਾਜਪਾ ਸੱਤਾ ਦੇ ਨਸ਼ੇ ਵਿੱਚ ਗੜੁਚ ਹੋ ਕੇ ਸੰਵਿਧਾਨ ਨੂੰ ਵੀ ਟਿਚ ਸਮਝ ਰਹੀ ਹੈ, ਜਿਸ ਦਾ ਜਵਾਬ ਭਾਰਤ ਦੇ ਲੋਕ ਭਾਜਪਾ ਨੂੰ ਜ਼ਰੂਰ ਦੇਣਗੇ।ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਪਹਿਲਾਂ ਹੀ ਸੰਵਿਧਾਨ ਤੇ ਰਿਜ਼ਰਵੇਸ਼ਨ ਨੂੰ ਅਣਦੇਖਾ ਕਰਕੇ ਲੇਟਰਲ ਐਂਟਰੀ ਰਾਹੀਂ ਆਈਏਐੱਸ ਪੱਧਰ ਦੀਆਂ 60 ਤੋਂ ਵੱਧ ਅਸਾਮੀਆਂ ਭਰ ਚੁੱਕੀ ਹੈ ਤੇ ਹੁਣ ਫਿਰ 45 ਹੋਰ ਅਹੁਦਿਆਂ 'ਤੇ ਨਿਯੁਕਤੀਆਂ ਕਰਨਾ ਚਾਹੁੰਦੀ ਸੀ, ਪਰ ਦੇਸ਼ ਵਿੱਚ ਇਸ ਦਾ ਵਿਰੋਧ ਹੋਣ ਤੇ ਚਾਰ ਰਾਜਾਂ ਵਿੱਚ ਚੋਣ ਹੋਣ ਕਾਰਨ ਇਸ ਨੂੰ ਰੱਦ ਕਰਨਾ ਪਿਆ।ਚਾਹੇ ਭਾਜਪਾ ਨੇ ਚਾਰ ਰਾਜਾਂ ਹਰਿਆਣਾ, ਜੰਮੂ-ਕਸ਼ਮੀਰ, ਝਾਰਖੰਡ ਤੇ ਮਹਾਰਾਸ਼ਟਰ ਵਿੱਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਹਾਰ ਦੇ ਡਰ ਕਾਰਨ ਇਹ ਫ਼ੈਸਲਾ ਵਾਪਸ ਲੈ ਲਿਆ ਹੈ, ਪਰ ਲੋਕ ਇਨ੍ਹਾਂ ਦੇ ਇਰਾਦਿਆਂ ਨੂੰ ਚੰਗੀ ਤਰ੍ਹਾਂ ਸਮਝ ਚੁੱਕੇ ਹਨ ਤੇ ਚੋਣਾਂ ਵਿੱਚ ਉਹ ਭਾਜਪਾ ਨੂੰ ਇਸ ਦਾ ਕਰਾਰਾ ਜਵਾਬ ਦੇਣਗੇ।

## ਦੁਕਾਨ ਦੀ ਭੰਨਤੋੜ ਤੇ ਕੁੱਟਮਾਰ ਕਰਨ ਦੇ ਦੋਸ਼ 'ਚ 11 ਨਾਮਜ਼ਦ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਸਿਟੀ ਜਲਾਲਾਬਾਦ ਦੀ ਪੁਲਸ ਵੱਲੋਂ ਦੁਕਾਨਦਾਰ ਦੀ ਕੁੱਟਮਾਰ ਕਰਕੇ ਸੱਟਾਂ ਮਾਰਨ ਤੇ ਦੁਕਾਨ ਦੀ ਭੰਨਤੋੜ ਕਰਨ ਦੇ ਦੋਸ਼ ਵਿੱਚ 11 ਵਿਅਕਤੀਆਂ ਖਿਲਾਫ ਪਰਚਾ ਦਰਜ ਕੀਤਾ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਮੁਦਈ ਸਚਿਨ ਚੁੱਘ ਪੁੱਤਰ ਰੌਣਕੀ ਰਾਮ ਵਾਸੀ ਬਾਬਾ ਦੀਪ ਸਿੰਘ ਕਲੋਨੀ ਜਲਾਲਾਬਾਦ ਨੇ ਪੁਲਸ ਕੋਲ ਬਿਆਨ ਦਰਜ ਕਰਵਾਏ ਹਨ ਕਿ ਉਸ ਦੀ ਮੋਬਾਇਲ ਦੀ ਦੁਕਾਨ ਜੋਕਿ ਬਾਹਮਣੀ ਬਜ਼ਾਰ ਜਲਾਲਾਬਾਦ ਸ਼ਹਿਰ ਵਿੱਚ ਹੈ ਅਤੇ ਬੀਤੀ 21 ਅਗਸਤ 2024 ਨੂੰ ਦੇਰ ਸ਼ਾਮ ਕਰੀਬ 5.30 ਵਜੇ ਨੂੰ ਗੁਰਪ੍ਰੀਤ ਸਿੰਘ ਵਗੈਰਾ ਵੱਲੋਂ ਉਸ (ਮੁਦਈ ਸਚਿਨ ਚੁੱਘ) ਦੀ ਦੁਕਾਨ ਆ ਕੇ ਕੁੱਟਮਾਰ ਕਰਕੇ ਸੱਟਾਂ ਮਾਰੀਆਂ ਤੇ ਦੁਕਾਨ ਵਿੱਚ ਪਏ ਮਾਨ ਦੀ ਭੰਨਤੋੜ ਕੀਤੀ ਗਈ ਹੈ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਜਸਵੰਤ ਸਿੰਘ ਨੇ ਦੱਸਿਆ ਕਿ ਮੁਦੱਈ ਸਚਿਨ ਚੁੱਘ ਦੇ ਬਿਆਨਾਂ 'ਤੇ ਗੁਰਪ੍ਰੀਤ ਸਿੰਘ ਪੁੱਤਰ ਖਰੈਤ ਸਿੰਘ ਵਾਸੀ ਬਾਹਮਣੀਵਾਲਾ, ਸਾਗਰ ਸ਼ਰਮਾ ਤੇ ਅਨਮੋਲ ਉਰਫ ਮੋਹਲੀ ਵਾਸੀਆਨ ਜਲਾਲਾਬਾਦ, ਬਿੱਲਾ ਉਰਫ ਸਰਪੰਚ ਵਾਸੀ ਨੇੜੇ ਰੇਲਵੇ ਬਾਹਮਣੀ ਫਾਟਕ ਜਲਾਲਾਬਾਦ, ਜੋਬਨ ਰਾਏ ਵਾਸੀ ਜਲਾਲਾਬਾਦ, ਅਰਮਾਨ ਮਿਨੀ ਵਾਸੀ ਸਾਹਮਣੇ ਉਲਡ ਸਕੂਲ ਜਿਮ ਅਰਿਆਵਾਲੀ ਗਲੀ ਜਲਾਲਾਬਾਦ, ਗਗਨਦੀਪ ਸਿੰਘ ਪੁੱਤਰ ਮਲਕੀਤ ਸਿੰਘ ਵਾਸੀ ਜਲਾਲਾਬਾਦ ਤੇ 5-6 ਹੋਰ ਅਣਪਛਾਤੇ ਵਿਅਕਤੀਆਂ ਦੇ ਖਿਲਾਫ ਮੁਕੱਦਮਾ ਰਜਿਸਟਰ ਕੀਤਾ ਗਿਆ ਹੈ ਅਤੇ ਪੁਲਸ ਵੱਲੋਂ ਨਾਮਜ਼ਦ ਵਿਅਕਤੀਆਂ ਦੀ ਗ੍ਰਿਫਤਾਰੀ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।

## ਦੇਸ਼ ਭਗਤ 'ਵਰਸਿਟੀ ਵੱਲੋਂ ਡਿਵੈਲਪਿੰਗ ਸੌਫਟ ਸਕਿੱਲ ਵਿਸ਼ੇ 'ਤੇ ਲੈਕਚਰ



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਦੇਸ਼ ਭਗਤ ਯੂਨੀਵਰਸਿਟੀ ਮੰਡੀ ਗੋਬਿੰਦਗੜ੍ਹ ਦੇ ਬਿਜ਼ਨੈੱਸ ਮੈਨੇਜਮੈਂਟ ਤੇ ਕਾਮਰਸ ਵਿਭਾਗ ਵੱਲੋਂ ਸਟੂਡੈਂਟ ਇੰਡਕਸ਼ਨ ਪ੍ਰੋਗਰਾਮ ਦੌਰਾਨ ਡਿਵੈਲਪਿੰਗ ਸੌਫਟ ਸਕਿੱਲ ਐਂਡ ਕਾਨਫੀਡੈਂਸ ਬਿਲਡਿੰਗ ਵਿਸ਼ੇ 'ਤੇ ਗੈਸਟ ਲੈਕਚਰ ਕਰਵਾਇਆ ਗਿਆ।ਪ੍ਰੋਗਰਾਮ ਦੇ ਸ਼ੁਰੂ ਵਿੱਚ ਡਾ. ਮਨਪ੍ਰੀਤ ਕੌਰ, ਸਹਾਇਕ ਪ੍ਰੋਫੈਸਰ, ਬਿਜ਼ਨੈੱਸ ਮੈਨੇਜਮੈਂਟ ਤੇ ਕਾਮਰਸ ਵਿਭਾਗ ਨੇ ਡਾ. ਬਲਜੀਤ ਕੌਰ, ਸਹਾਇਕ ਪ੍ਰੋਫੈਸਰ, ਅੰਗਰੇਜ਼ੀ ਵਿਭਾਗ, ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦਾ ਮੁੱਖ ਬੁਲਾਰੇ ਵਜੋਂ ਤੇ ਡਾ. ਰਜਨੀ ਸਲੂਜਾ, ਮੁਖੀ, ਬਿਜ਼ਨੈੱਸ ਮੈਨੇਜਮੈਂਟ ਤੇ ਕਾਮਰਸ ਵਿਭਾਗ ਨੂੰ ਜੀ ਆਈਆਂ ਆਖਿਆ।ਡਾ. ਬਲਜੀਤ ਕੌਰ ਨੇ ਆਪਣੇ ਲੈਕਚਰ ਦੌਰਾਨ ਸੌਫਟ ਸਕਿੱਲ ਦੇ ਵੱਖ-ਵੱਖ ਹਿੱਸਿਆਂ ਜਿਵੇਂ ਕਿ ਲੀਡਰਸ਼ਿਪ ਸਕਿੱਲ, ਲਿਸਨਿੰਗ ਸਕਿੱਲ, ਟਾਈਮ ਮੈਨੇਜਮੈਂਟ, ਸਟ੍ਰੈੱਸ ਮੈਨੇਜਮੈਂਟ ਤੇ ਕਮਿਊਨੀਕੇਸ਼ਨ ਸਕਿੱਲ ਬਾਰੇ ਵਿਸਥਾਰ ਨਾਲ ਦੱਸਿਆ।ਉਨ੍ਹਾਂ ਸਕਾਰਾਤਮਕ ਬਾਡੀ ਲੈਂਗੂਏਜ ਦੀ ਮਹੱਤਤਾ ਬਾਰੇ ਵੀ ਗੱਲ ਕੀਤੀ ਤੇ ਵਿਦਿਆਰਥੀਆਂ ਨੂੰ ਸਕਾਰਾਤਮਕ ਬਾਡੀ ਲੈਂਗੂਏਜ ਵਿਕਸਿਤ ਕਰਨ ਤੇ ਉਨ੍ਹਾਂ ਦੀ ਸਮੁੱਚੀ ਸ਼ਖਸੀਅਤ ਨੂੰ ਨਿਖਾਰਨ ਵਿੱਚ ਮਦਦ ਕਰਨ ਲਈ ਵੱਖ-ਵੱਖ ਸੁਝਾਅ ਤੇ ਗੁਣ ਦੱਸੇ।ਵਿਭਾਗ ਦੀ ਮੁਖੀ ਡਾ. ਰਜਨੀ ਸਲੂਜਾ ਨੇ ਰਸਮੀ ਤੌਰ 'ਤੇ ਧੰਨਵਾਦ ਕੀਤਾ।ਉਨ੍ਹਾਂ ਵਿਭਾਗ ਨੂੰ ਅਜਿਹੇ ਸਮਾਗਮ ਕਰਵਾਉਣ ਲਈ ਵਧਾਈ ਦਿੱਤੀ।ਇਸ ਮੌਕੇ ਸਹਾਇਕ ਡਾਇਰੈਕਟਰ ਮੀਡੀਆ ਅਵਤਾਰ ਸਿੰਘ, ਡਾ. ਬਲਦੀਪ ਸਿੰਘ ਸਹਾਇਕ ਪ੍ਰੋਫੈਸਰ, ਸਨੀ ਸੁਰਯਾਵੰਸ਼ੀ ਸਹਾਇਕ ਪ੍ਰੋਫੈਸਰ, ਡਾ. ਮਨੋਜ ਕੁਮਾਰ ਸਹਾਇਕ ਪ੍ਰੋਫੈਸਰ, ਮਨਮੀਤ ਸਿੰਘ ਸਹਾਇਕ ਪ੍ਰੋਫੈਸਰ ਆਦਿ ਹਾਜ਼ਰ ਸਨ।

## ਕਿਤਾਬਾਂ 'ਤੇ ਰੀਵਿਊ ਪੜ੍ਹੇ

**ਸੁਨਾਮ (ਅਸ਼ੋਕ ਬਾਂਸਲ ਹਾਕਮ ਭੱਟੀ)**-ਸ਼ਹੀਦ ਊਧਮ ਸਿੰਘ ਸਰਕਾਰੀ ਕਾਲਜ ਵਿਖੇ ਉਚੇਰੀ ਸਿੱਖਿਆ ਵਿਭਾਗ ਪੰਜਾਬ ਦੇ ਦਿਸ਼ਾ-ਨਿਰਦੇਸ਼ ਤੇ ਪ੍ਰਿੰਸੀਪਲ ਪ੍ਰੋਫੈਸਰ ਮੀਨਾਕਸ਼ੀ ਮੜਕਣ ਦੀ ਯੋਗ ਅਗਵਾਈ ਹੇਠ ਬੁੱਕ ਰੀਵਿਊ ਦੇ ਤੀਜੇ ਸੈਸ਼ਨ ਦਾ ਕਾਰਜ ਪੂਰਾ ਕੀਤਾ ਗਿਆ।ਇਸ ਸੈਸ਼ਨ ਦੌਰਾਨ ਡਾ. ਵਿਕਾਸ ਕੁਮਾਰ ਨੇ 'ਰਸੀਦੀ ਟਿਕਟ', ਪ੍ਰੋ. ਪ੍ਰਭਜੀਤ ਕੌਰ ਨੇ 'ਰਾਤ ਬਾਕੀ ਹੈ', ਪ੍ਰੋ. ਰਾਜਵੀਰ ਕੌਰ ਨੇ 'ਜ਼ਿੰਦਗੀ ਦੀ ਸੌਗਾਤ', ਡਾ. ਮਨਪ੍ਰੀਤ ਹਾਂਡਾ ਨੇ 'ਸੱਭਿਆਚਾਰ ਤੇ ਵਿਚਾਰ', ਡਾ ਪਰਮਜੀਤ ਕੌਰ ਨੇ 'ਏਕ ਔਰ ਭਗਵਾਨ', ਡਾ. ਮੀਨਾਕਸ਼ੀ ਨੇ 'ਅਜ਼ਾਦੀ ਦੇ ਅੰਦੋਲਨ ਵਿੱਚ ਪੰਜਾਬੀ ਔਰਤ', ਡਾ ਧਰਮਿੰਦਰ ਸਿੰਘ ਨੇ 'ਸਾਊਦੀ ਅਰਬ', ਪ੍ਰੋ ਸੁਮੀਤ ਸ਼ਰਮਾ ਨੇ 'ਦ ਸਿਕਰਟ', ਡਾ. ਅੰਚਲਾ ਨੇ 'ਗੋਦਾਨ' ਤੇ ਪ੍ਰੋ ਰਜਨੀ ਨੇ 'ਇੱਕ ਦੁਖਿਆਰੀ ਔਰਤ' ਕਿਤਾਬਾਂ 'ਤੇ ਆਪਣੇ-ਆਪਣੇ ਰੀਵਿਊ ਪੜ੍ਹੇ।ਇਸ ਸੈਸ਼ਨ ਦੀ ਕਾਰਗੁਜ਼ਾਰੀ ਮੇਨ ਲਾਇਬ੍ਰੇਰੀ ਵਿੱਚ ਕੀਤੀ ਗਈ।ਇਸ ਦੌਰਾਨ ਮੰਚ ਸੰਚਾਲਕ ਦੀ ਭੂਮਿਕਾ ਮੈਡਮ ਰੁਪਾਲੀ ਭਾਰਦਵਾਜ ਨੇ ਨਿਭਾਈ।ਇਸ ਮੌਕੇ ਪ੍ਰਿੰਸੀਪਲ ਪ੍ਰੋਫੈਸਰ ਮੀਨਾਕਸ਼ੀ ਮੜਕਣ ਨੇ ਕਿਹਾ ਕਿ 'ਬੁੱਕ ਰੀਵਿਊ' ਦਾ ਤੀਜਾ ਸੈਸ਼ਨ ਹੋਰ ਵੀ ਰੌਚਕ ਰਿਹਾ, ਜਿਸ ਤੋਂ ਇਹ ਸਿੱਧ ਹੁੰਦਾ ਹੈ ਕਿ ਕਿਤਾਬਾਂ ਨਾਲ ਪਾਈ ਸਾਂਝ ਸਾਨੂੰ ਸਾਰਥਕ ਦਿਸ਼ਾ ਵੱਲ ਲੈ ਜਾਂਦੀ ਹੈ।

## ਦਿ ਐੱਜ ਓਵਰਸੀਜ਼ ਕੰਸਲਟੈਂਟ ਨੇ ਕੈਨੇਡਾ ਦੀ ਪੀ ਆਰ ਲਵਾਈ



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਸਥਾਨਕ ਏ ਪੀ ਇੰਨਕਲੇਵ ਵਿਖੇ ਸਥਿਤ ਦਿ ਐੱਜ ਓਵਰਸੀਜ਼ ਕੰਸਲਟੈਂਟ ਧੂਰੀ ਦੀ ਮਿਹਨਤੀ ਟੀਮ ਨੇ ਇੱਕ ਜੋੜੇ ਦੀ ਕੈਨੇਡਾ ਦੀ ਪੀ ਆਰ ਲਗਵਾ ਕੇ ਦਿੱਤੀ ਹੈ।ਦਫ਼ਤਰ ਵਿਖੇ ਨਰੇਸ਼ ਅੱਤਰੀ ਨੇ ਆਪਣੀ ਧੀ ਤੇ ਦਾਮਾਮ ਦੀ ਕੈਨੇਡਾ ਦੀ ਪੀ ਆਰ ਲੱਗਣ 'ਤੇ ਚੀਫ ਮੈਨੇਜਿੰਗ ਡਾਇਰੈਕਟਰ ਜਗਸੀਰ ਸਿੰਘ ਜੱਗੀ ਢੀਂਡਸਾ ਤੇ ਸਮੁੱਚੀ ਟੀਮ ਧੰਨਵਾਦ ਕੀਤਾ।ਸੀ.ਐੱਮ.ਡੀ. ਜਗਸੀਰ ਸਿੰਘ ਜੱਗੀ ਢੀਂਡਸਾ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਉਨ੍ਹਾਂ ਦੀ ਕੰਪਨੀ ਬਿਹਤਰ ਆਈਲਟਸ ਤੇ ਪੀਟੀਈ ਦੇ ਬਿਹਤਰ ਨਤੀਜਿਆਂ ਲਈ ਤੱਤਪਰ ਰਹਿੰਦੀ ਹੈ।ਉਨ੍ਹਾ ਕਿਹਾ ਕਿ ਕੈਨੇਡਾ, ਯੂ.ਕੇ. ਜਾਂ ਆਸਟਰੇਲੀਆ ਸਟੂਡੈਂਟ ਵੀਜ਼ੇ ਜਾਂ ਸਟੂਡੈਂਟ ਸਪਾਊਸ ਵੀਜ਼ੇ ਸਮੇਤ ਵਿਜ਼ਟਰ ਤੇ ਸੁਪਰ ਵੀਜ਼ਿਆਂ ਦੇ ਉਨ੍ਹਾਂ ਦੀ ਕੰਪਨੀ ਦੇ ਨਤੀਜੇ 100 ਫੀਸਦੀ ਰਹੇ ਹਨ।ਉਨ੍ਹਾ ਕਿਹਾ ਕਿ ਸੰਸਥਾ ਵੱਲੋਂ ਆਈਲਟਸ ਤੇ ਪੀਟੀਈ ਦੀ ਮਿਆਰੀ ਸਿੱਖਿਆ ਦੇ ਕੇ ਬੱਚਿਆਂ ਨੂੰ ਪੈਰਾਂ ਸਿਰ ਖੜ੍ਹੇ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਦੇ ਸੰਸਥਾ ਦੇ ਸਿਖਿਆਰਥੀ ਮਿਆਰੀ ਬੈਂਡ ਲੈ ਕੇ ਆਪਣੇ ਵਿਦੇਸ਼ ਜਾਣ ਦਾ ਸੁਪਨਾ ਪੂਰਾ ਕਰ ਰਹੇ ਹਨ।ਸ੍ਰੀ ਢੀਂਡਸਾ ਨੇ ਦੱਸਿਆ ਕਿ ਉਨ੍ਹਾਂ ਦੀ ਟੀਮ ਵੱਲੋਂ ਵਿਦੇਸ਼ ਜਾਣ ਦੇ ਚਾਹਵਾਨ ਨੌਜਵਾਨਾਂ ਦੀ ਫਾਈਲ ਬਹੁਤ ਹੀ ਸਰਲ ਤੇ ਸੁਖਾਲੇ ਢੰਗ ਨਾਲ ਅੰਬੈਸੀ ਵਿੱਚ ਲਗਾ ਕੇ ਉਨ੍ਹਾਂ ਨੂੰ ਵੱਖ-ਵੱਖ ਦੇਸ਼ਾਂ ਦੇ ਵੀਜ਼ੇ ਦਿਵਾ ਕੇ ਉਨ੍ਹਾਂ ਦਾ ਵਿਦੇਸ਼ ਜਾਣ ਦੇ ਸੁਪਨੇ ਸਾਕਾਰ ਕੀਤੇ ਜਾ ਰਹੇ ਹਨ।ਉਨ੍ਹਾ ਕਿਹਾ ਕਿ ਵਿਦੇਸ਼ ਜਾਣ ਦੇ ਚਾਹਵਾਨ ਉਨ੍ਹਾਂ ਦੇ ਦਫ਼ਤਰ ਵਿੱਚ ਆ ਕੇ ਸੰਪਰਕ ਕਰ ਸਕਦੇ ਹਨ।

## ਸੀਨੀਅਰ ਸਿਟੀਜ਼ਨ ਵੈੱਲਫੇਅਰ ਸੁਸਾਇਟੀ ਨੇ ਟ੍ਰੈਫਿਕ ਨਿਯਮਾਂ ਸਬੰਧੀ ਫਲੈਕਸ ਲਗਾਏ



**ਜਲਾਲਾਬਾਦ (ਜੀਤ ਕੁਮਾਰ)**-ਸੀਨੀਅਰ ਸਿਟੀਜਨ ਵੈੱਲਫੇਅਰ ਸੁਸਾਇਟੀ ਵੱਲੋਂ ਪ੍ਰਧਾਨ ਸ਼ਗਨ ਲਾਲ ਡੂਮੜਾ ਦੀ ਅਗਵਾਈ ਹੇਠ ਟ੍ਰੈਫਿਕ ਦੀ ਪਾਲਣਾ ਸਬੰਧੀ ਨਵੇਂ ਆਏ ਨਿਯਮਾਂ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਬਣਾਏ ਗਏ 24 ਫਲੈਕਸ ਨੂੰ ਜਨਤਕ ਥਾਵਾਂ 'ਤੇ ਲਗਾਉਣ ਦੀ ਸ਼ੁਰੂਆਤ ਕੀਤੀ ਗਈ। ਫਲੈਕਸ ਲਗਾਉਣ ਦੀ ਸ਼ੁਰੂਆਤ ਡੀ.ਐੱਸ.ਪੀ. ਦਫਤਰ ਜਲਾਲਾਬਾਦ ਦੇ ਬਾਹਰ ਲਗਾ ਕੇ ਕੀਤੀ ਗਈ। ਇਸ ਦੇ ਬਾਅਦ ਥਾਣਾ ਸਿਟੀ ਦੇ ਬਾਹਰ ਬਣੇ ਸਾਂਝ ਕੇਂਦਰ ਵਿਖੇ ਫਲੈਕਸ ਲਗਾਈ ਗਈ। ਇਸ ਮੌਕੇ ਪ੍ਰਧਾਨ ਸ਼ਗਨ ਲਾਲ ਡੂਮੜਾ, ਜਨਰਲ ਸਕੱਤਰ ਤੇ ਮਾਰਕਿਟ ਕਮੇਟੀ ਜਲਾਲਾਬਾਦ ਦੇ ਚੇਅਰਮੈਨ ਦੇਵ ਰਾਜ ਸ਼ਰਮਾ, ਸਰਪ੍ਰਸਤ ਤਿਲਕ ਰਾਜ ਕੁਮਾਰ, ਕੇ. ਜੀ. ਸ਼ਰਮਾ, ਕੇਦਾਰ ਨਾਥ ਨਾਗਪਾਲ, ਸੁਭਾਸ਼ ਕੁਮਾਰ, ਥਾਣਾ ਸਿਟੀ ਦੇ ਐੱਸ.ਐੱਚ.ਓ. ਅੰਗਰੇਜ਼ ਕੁਮਾਰ, ਟ੍ਰੈਫਿਕ ਪੁਲਸ ਇੰਚਾਰਜ ਸੂਰਜ ਭਾਨ, ਸੰਦੀਪ ਕੁਮਾਰ, ਨਵਦੀਪ ਆਦਿ ਹਾਜ਼ਰ ਸਨ।

## ਅਭੈ ਭਾਰਦਵਾਜ ਸੈਂਟੀਨਲ ਸਕੂਲ ਦੇ ਹੈੱਡ ਬੁਆਏ ਨਿਯੁਕਤ



**ਸਮਰਾਲਾ (ਸੁਰਜੀਤ ਸਿੰਘ)**-ਸਕੂਲ ਪੱਧਰ 'ਤੇ ਵਿਦਿਆਰਥੀਆਂ ਵਿੱਚ ਲੀਡਰਸ਼ਿਪ ਤੇ ਪ੍ਰਬੰਧਕੀ ਗੁਣ ਪੈਦਾ ਕਰਨ ਲਈ ਸਥਾਨਕ ਸੈਂਟੀਨਾਲ ਇੰਟਰਨੈਸ਼ਨਲ ਸਕੂਲ ਵਿੱਚ ਵੱਖ-ਵੱਖ ਨਿਯੁਕਤੀਆਂ ਲਈ ਵਿਦਿਆਰਥੀਆਂ ਨੂੰ ਨਾਮਜ਼ਦ ਕਰਨ ਸਬੰਧੀ ਸਮਾਗਮ ਕੀਤਾ ਗਿਆ, ਜਿਸ ਵਿੱਚ ਵੱਖ ਵੱਖ ਨਿਯੁਕਤੀਆਂ ਕਰਕੇ ਸਕੂਲ ਕੈਬਨਿਟ ਦਾ ਗਠਨ ਕੀਤਾ ਗਿਆ।ਇਹ ਜਾਣਕਾਰੀ ਦਿੰਦੇ ਹੋਏ ਸਕੂਲ ਪ੍ਰਿੰਸੀਪਲ ਡਾ. ਪੂਨਮ ਸ਼ਰਮਾ ਨੇ ਦੱਸਿਆ ਕਿ ਅਜਿਹਾ ਕਰਨ ਨਾਲ ਵਿਦਿਆਰਥੀਆਂ ਵਿੱਚ ਛੋਟੀ ਉਮਰ ਤੋਂ ਹੀ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਹੋਵੇਗੀ।ਇਸੇ ਦੌਰਾਨ ਇੱਕ ਸਨਮਾਨ ਸਮਾਰੋਹ ਕੀਤਾ ਗਿਆ। ਸਕੂਲ ਮੈਨੇਜਮੈਂਟ ਵੱਲੋਂ ਪ੍ਰਧਾਨ ਕਰਨਵੀਰ ਸਿੰਘ ਢਿੱਲੋਂ ਤੇ ਐੱਮ. ਡੀ. ਅੰਮ੍ਰਿਪਾਲ ਕੌਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਸਭਾ ਦੇ ਨਵੇਂ ਚੁਣੇ ਗਏ ਮੈਂਬਰਾਂ ਨੂੰ ਮੁੱਖ ਮਹਿਮਾਨ ਵੱਲੋਂ ਬੈਜ ਤੇ ਝੰਡੇ ਦੇ ਕੇ ਸਨਮਾਨਤ ਕੀਤਾ ਗਿਆ।ਹੈੱਡ ਗਰਲ ਰਿਪਨਜੋਤ ਕੌਰ ਨੇ ਸ਼ਾਮਲ ਹੋਏ ਮੈਂਬਰਾਂ ਨੂੰ ਸਹੁੰ ਚੁਕਾਈ।ਮੈਂਬਰਾਂ ਨੇ ਫਰਜ਼ਾਂ ਤੇ ਚੁਣੌਤੀਆਂ ਨੂੰ ਸਵੀਕਾਰ ਕਰਨ ਲਈ ਤਿਆਰ ਬਰ ਤਿਆਰ ਕੀਤਾ।ਦਰਸ਼ਕਾਂ ਨੇ ਹੈੱਡ ਬੁਆਏ ਤੇ ਹੈੱਡ ਗਰਲ, ਖੇਡ ਕਪਤਾਨਾਂ ਤੇ ਹਾਊਸ ਕਪਤਾਨਾਂ ਦੇ ਭਾਸ਼ਣਾਂ ਨੂੰ ਸੁਣਿਆ।ਰਿਪਨਜੋਤ ਕੌਰ ਨੂੰ ਹੈੱਡ ਗਰਲ ਤੇ ਅਭੈ ਭਾਰਦਵਾਜ ਨੂੰ ਹੈੱਡ ਬੁਆਏ ਨਿਯੁਕਤ ਕੀਤਾ ਗਿਆ, ਜਦਕਿ ਅਨੂਪਇੰਦਰ ਸਿੰਘ ਬੈਨੀਪਾਲ ਤੇ ਹਰਮਨਪ੍ਰੀਤ ਕੌਰ, ਗੁਰਮਨ ਕੌਰ ਨੂੰ ਸਪੋਰਟਸ ਕਪਤਾਨ ਨਿਯੁਕਤ ਕੀਤਾ ਗਿਆ।ਅਭੈ ਪ੍ਰਤਾਪ ਸਿੰਘ ਨੂੰ ਰਣਜੀਤ ਹਾਊਸ ਕੈਪਟਨ, ਅਨੂਪਇੰਦਰ ਸਿੰਘ ਬੈਨੀਪਾਲ ਪਰਤਾਪ ਹਾਊਸ, ਜਸਕਰਨ ਸਿੰਘ ਭਗਤ ਹਾਊਸ ਤੇ ਅਰਸ਼ਦੀਪ ਸਿੰਘ ਨੂੰ ਅਜ਼ਾਦ ਹਾਊਸ ਦੇ ਕਪਤਾਨ ਵਜੋਂ ਨਿਯੁਕਤ ਕੀਤਾ ਗਿਆ ਹੈ।ਮੁੱਖ ਮਹਿਮਾਨ ਕਰਨਵੀਰ ਸਿੰਘ ਢਿੱਲੋਂ ਨੇ ਵਿਦਿਆਰਥੀਆਂ ਨੂੰ ਆਪਣੀ ਜ਼ਿੰਦਗੀ ਵਿੱਚ ਵਧੀਆ ਪ੍ਰਦਰਸ਼ਨ ਕਰਨ ਲਈ ਪ੍ਰੇਰਿਤ ਕੀਤਾ।ਇਸ ਮੌਕੇ ਪ੍ਰਿੰਸੀਪਲ ਡਾ. ਪੂਨਮ ਸ਼ਰਮਾ ਨੇ ਕਿਹਾ ਕਿ ਸਕੂਲ ਵੱਲੋਂ ਚੁਣੇ ਹੋਏ ਵਿਦਿਆਰਥੀਆਂ ਨੂੰ ਵੱਡੀ ਜ਼ਿੰਮੇਵਾਰੀ ਸੌਂਪੀ ਗਈ ਹੈ ਤੇ ਉਨ੍ਹਾਂ ਨੂੰ ਆਪਣੀ ਡਿਊਟੀ ਇਸ ਤਰ੍ਹਾਂ ਨਿਭਾਉਣੀ ਚਾਹੀਦੀ ਹੈ ਕਿ ਉਹ ਪੂਰੇ ਸਕੂਲ ਲਈ ਇੱਕ ਮਿਸਾਲ ਬਣੇ।ਸਕੂਲ ਕੌਂਸਲ ਦੇ ਮੈਂਬਰਾਂ ਨੇ ਹਰ ਕੋਸ਼ਿਸ਼ ਵਿੱਚ ਸੰਪੂਰਨਤਾ ਲਈ ਯਤਨ ਕਰਨ ਤੇ ਆਪਣੇ ਸਕੂਲ ਨੂੰ ਸ਼ਾਨ ਦੀਆਂ ਹੋਰ ਉਚਾਈਆਂ ਤੱਕ ਲਿਜਾਣ ਦਾ ਵਾਅਦਾ ਕੀਤਾ।ਇਸ ਮੌਕੇ ਸਕੂਲ ਦਾ ਸਮੂਹ ਸਟਾਫ਼ ਸ਼ਾਮਲ ਸੀ।

## ਸਰਕਾਰ ਨੌਜਵਾਨਾਂ ਨੂੰ ਖੇਡਾਂ ਪ੍ਰਤੀ ਉਤਸ਼ਾਹਤ ਕਰਨ ਲਈ ਵਚਨਬੱਧ : ਸੰਧਵਾਂ



**ਲੁਧਿਆਣਾ (ਰਾਜ ਸਿੰਗਲਾ)**-ਪੰਜਾਬ ਸਰਕਾਰ ਰਾਜ ਦੇ ਨੌਜਵਾਨਾਂ ਨੂੰ ਖੇਡਾਂ ਪ੍ਰਤੀ ਉਤਸ਼ਾਹਤ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ, ਤਾਂ ਜੋ ਖੇਡਾਂ ਦੇ ਖੇਤਰ ਵਿੱਚ ਪੰਜਾਬ ਨੂੰ ਮੋਹਰੀ ਰਾਜ ਵਜੋਂ ਉਭਰਿਆ ਜਾ ਸਕੇ।ਇਸੇ ਤਹਿਤ 29 ਅਗਸਤ ਨੂੰ ਸੰਗਰੂਰ ਵਿਖੇ ਮੁੱਖ ਮੰਤਰੀ ਪੰਜਾਬ ਸ੍ਰੀ ਭਗਵੰਤ ਸਿੰਘ ਮਾਨ ਵੱਲੋਂ ਖੇਡਾਂ ਵਤਨ ਪੰਜਾਬ ਦੀਆਂ-2024 ਦੀ ਸ਼ੁਰੂਆਤ ਕਰਨ ਜਾ ਰਹੇ ਹਨ।ਇਹ ਵਿਚਾਰ ਪੰਜਾਬ ਵਿਧਾਨ ਸਭਾ ਦੇ ਸਪੀਕਰ ਸ੍ਰੀ ਕੁਲਤਾਰ ਸਿੰਘ ਸੰਧਵਾਂ ਨੇ ਗੁਰੂ ਨਾਨਕ ਪਬਲਿਕ ਸਕੂਲ ਵੱਲੋਂ ਸਥਾਨਕ ਗੁਰੂ ਨਾਨਕ ਸਟੇਡੀਅਮ ਵਿਖੇ ਸੀ.ਆਈ.ਐੱਸ.ਸੀ.ਈ. ਖੇਤਰੀ ਐਥਲੈਟਿਕਸ ਟੂਰਨਾਮੈਂਟ ਵਿੱਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਣ ਮੌਕੇ ਪ੍ਰਗਟ ਕੀਤੇ।ਸਪੀਕਰ ਸੰਧਵਾਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕਰਵਾਈਆਂ ਜਾ ਰਹੀਆਂ 'ਖੇਡਾਂ ਵਤਨ ਪੰਜਾਬ ਦੀਆਂ' ਦੀ ਪ੍ਰੇਰਣਾ ਦਾ ਨੌਜਵਾਨਾਂ 'ਤੇ ਅਸਰ ਸਾਫ ਦੇਖਣ ਨੂੰ ਨਜ਼ਰ ਆ ਰਿਹਾ ਹੈ।ਇਨ੍ਹਾਂ ਖੇਡਾਂ ਦੌਰਾਨ ਜਿੱਥੇ ਨੌਜਵਾਨਾਂ ਵੱਲੋਂ ਵੱਧ ਚੜ੍ਹ ਕੇ ਸ਼ਮੂਲੀਅਤ ਕੀਤੀ ਜਾਂਦੀ ਹੈ, ਉੱਥੇ ਹੀ ਆਪਣੇ ਪੱਧਰ 'ਤੇ ਵੀ ਵੱਖ-ਵੱਖ ਟੂਰਨਾਮੈਂਟ ਕਰਵਾਏ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਜੇਕਰ ਨੌਜਵਾਨ ਪੀੜ੍ਹੀ ਆਪਣੇ ਆਪ ਨੂੰ ਖੇਡਾਂ ਨਾਲ ਜੋੜਦੀ ਹੈ ਤਾਂ ਉਹ ਨਾ ਸਿਰਫ਼ ਖਿਡਾਰੀ ਬਣ ਸਕਣਗੇ, ਸਗੋਂ ਚੰਗੀਆਂ ਨੌਕਰੀਆਂ ਦੇ ਮੌਕੇ ਵੀ ਪ੍ਰਾਪਤ ਕਰਨਗੇ ਅਤੇ ਸਭ ਤੋਂ ਵੱਡੀ ਗੱਲ ਇਹ ਹੈ ਕਿ ਉਹ ਤੰਦਰੁਸਤ ਰਹਿਣਗੇ।ਇਸ ਲਈ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨਾ ਸਮੇਂ ਦੀ ਲੋੜ ਹੈ।ਉਨ੍ਹਾ ਕਿਹਾ ਕਿ ਮੁੱਖ ਮੰਤਰੀ ਸ੍ਰ. ਭਗਵੰਤ ਮਾਨ ਜੀ ਦਾ ਸੁਪਨਾ ਹੈ ਕਿ ਪੰਜਾਬ ਇੱਕ ਨਸ਼ਾ ਮੁਕਤ ਸੂਬਾ ਹੋਵੇ।ਇਸ ਮੌਕੇ ਉਪ ਮੰਡਲ ਮੈਜਿਸਟਰੇਟ ਲੁਧਿਆਣਾ ਪੱਛਮੀ ਦੀਪਕ ਭਾਟੀਆ ਤੇ ਗੁਰੂ ਨਾਨਕ ਪਬਲਿਕ ਸਕੂਲ ਦੇ ਪ੍ਰਧਾਨ ਜਸਬੀਰ ਸਿੰਘ, ਪ੍ਰਿੰਸੀਪਲ ਸ਼੍ਰੀਮਤੀ ਮੋਨਾ ਸਿੰਘ, ਜੀ.ਐੱਸ. ਫਾਊਂਡੇਸ਼ਨ ਕਾਲਜ ਆਫ ਲਾਅ ਦੇ ਡਾਇਰੈਕਟਰ ਸ੍ਰੀ ਸ਼ਰਵਨ ਸਹਿਗਲ, ਸਾਬਕਾ ਪ੍ਰਧਾਨ ਜ਼ਿਲ੍ਹਾ ਬਾਰ ਐਸੋਸੀਏਸ਼ਨ ਮੋਗਾ ਹਰਦੀਪ ਸਿੰਘ ਲੋਧੀ ਤੇ ਸਟਾਫ ਹਾਜ਼ਰ ਸੀ।

## ਮਾਡਰਨ ਕਾਲਜ ਵਿਖੇ ਕਰਾਇਆ ਤੀਆਂ ਤ੍ਰਿੰਝਣ ਪ੍ਰੋਗਰਾਮ



**ਚੀਮਾ ਮੰਡੀ (ਰਵਿੰਦਰ ਚੀਮਾ)**-ਮਾਡਰਨ ਕਾਲਜ ਵੀਰ ਕਲਾਂ ਦੇ ਵੇਹੜੇ ਵਿੱਚ ਕਰਾਇਆ ਗਿਆ ਤੀਆਂ ਤ੍ਰਿੰਝਣ ਦਾ ਪ੍ਰੋਗਰਾਮ ਯਾਦਗਾਰੀ ਹੋ ਨਿੱਬੜਿਆ। ਇਸ ਮੌਕੇ ਮੁੱਖ ਮਹਿਮਾਨ ਦੇ ਤੌਰ 'ਤੇ ਡਾਕਟਰ ਸਾਕਸੀ ਬਾਂਸਲ ਅਤੇ ਮੈਡਮ ਪੂਨਮ ਸ਼ਰਮਾ ਸੁਨਾਮ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਮੌਕੇ ਡਾਕਟਰ ਨਵਜੋਤ ਕੌਰ ਨੇ ਮੁੱਖ ਮਹਿਮਾਨਾਂ ਨੂੰ ਜੀ ਆਇਆਂ ਆਖਿਆ ਅਤੇ ਇਸ ਤੋਂ ਬਾਅਦ ਧਾਰਮਿਕ ਗੀਤ ਨਾਲ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ। ਇਸ ਮੌਕੇ ਵਿਦਿਆਰਥੀਆਂ ਵੱਲੋਂ ਗਿੱਧਾ ਭੰਗੜਾ ਤੇ ਹੋਰ ਗੀਤ ਗਾ ਕੇ ਆਪਣਾ ਮਨੋਰੰਜਨ ਕੀਤਾ ਗਿਆ। ਇਸ ਮੌਕੇ ਮਿਸ ਤ੍ਰਿੰਜਣ ਦਾ ਮੁਕਾਬਲਾ ਵੀ ਕਰਾਇਆ ਗਿਆ, ਜਿਸ ਵਿੱਚੋਂ ਹਰਮਨਦੀਪ ਕੌਰ ਈਟੀਟੀ ਦੀ ਵਿਦਿਆਰਥਣ ਮਿਸ ਤ੍ਰਿੰਝਣ ਚੁਣੀ ਗਈ। ਬੈਸਟ ਡਾਂਸਰ ਦਾ ਖਿਤਾਬ ਪਰਨੀਤ ਕੌਰ ਤੇ ਦੀਕਸ਼ਾ ਨੇ ਜਿੱਤਿਆ ਪੁਰਾਤਨ ਪਹਿਰਾਵਾ ਮੁਕਾਬਲੇ ਵਿੱਚ ਪਹਿਲਾ ਸਥਾਨ ਜੋਬਨ ਪ੍ਰੀਤ ਨੇ ਹਾਸਲ ਕੀਤਾ। ਇਸ ਮੌਕੇ ਡਾਕਟਰ ਸਾਕਸੀ ਬਾਂਸਲ ਨੇ ਬੋਲਦਿਆਂ ਕਿਹਾ ਕਿ ਇਹ ਵਿਦਿਆਰਥੀਆਂ ਦਾ ਬਹੁਤ ਵੱਡਾ ਉਪਰਾਲਾ ਹੈ। ਆਪਣੇ ਸੱਭਿਆਚਾਰ ਨੂੰ ਜੋੜਨ ਦਾ ਜੋ ਦਿਨੋ ਦਿਨ ਅਲੋਪ ਹੁੰਦਾ ਜਾ ਰਿਹਾ ਹੈ। ਇਸ ਮੌਕੇ ਉਨ੍ਹਾਂ ਵਿਦਿਆਰਥੀਆਂ ਨੂੰ ਵਧਾਈ ਵੀ ਦਿੱਤੀ, ਜਿਨ੍ਹਾਂ ਨੇ ਕਿ ਗਵਾਚ ਰਹੇ ਪੁਰਾਣੇ ਸੱਭਿਆਚਾਰ ਨੂੰ ਸਾਂਭ ਕੇ ਰੱਖਣ ਦਾ ਯਤਨ ਕੀਤਾ ਹੈ।

## ਸਰਪੰਚ ਨੇ ਸਕੂਲ 'ਚ ਮਨਾਇਆ ਬੇਟੀ ਦਾ ਜਨਮ ਦਿਨ




**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਪਿੰਡ ਮੌਲਵੀਵਾਲਾ ਦੇ ਸਰਪੰਚ ਦਵਿੰਦਰਦੀਪ ਸਿੰਘ ਬੂਟਾ ਵੱਲੋਂ ਆਪਣੀ ਬੇਟੀ ਅਮਾਨਤ ਸੰਧੂ ਦਾ ਜਨਮ ਦਿਨ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਪਿੰਡ ਦੇ ਸਕੂਲ ਦੇ ਬੱਚਿਆਂ ਨਾਲ ਮਨਾਇਆ ਗਿਆ।ਪਿੰਡ ਦੇ ਪਤਵੰਤਿਆਂ ਦੀ ਹਾਜ਼ਰੀ ਵਿੱਚ ਬੱਚੀ ਦੇ ਜਨਮ ਦਿਨ ਦਾ ਕੇਕ ਕੱਟਣ ਉਪਰੰਤ ਵਿਦਿਆਰਥੀਆਂ ਦੀ ਲੋੜ ਨੂੰ ਮੁੱਖ ਰੱਖਦੇ ਹੋਏ ਬੂਟ ਵੰਡੇ ਗਏ।ਦੱਸਣਯੋਗ ਹੈ ਕਿ ਸਰਪੰਚ ਦਵਿੰਦਰਦੀਪ ਸਿੰਘ ਵੱਲੋਂ ਹਰ ਸਾਲ ਆਪਣੀ ਵਿਦੇਸ਼ ਰਹਿੰਦੀ ਧੀ ਦਾ ਜਨਮ ਦਿਨ ਸਕੂਲ ਦੇ ਬੱਚਿਆਂ ਨਾਲ ਮਨਾਇਆ ਜਾਂਦਾ ਹੈ।ਇਸ ਤੋਂ ਪਹਿਲਾਂ ਉਹ ਦਾਨ ਦੇ ਰੂਪ ਵਿੱਚ ਸਕੂਲ ਦੇ ਬੱਚਿਆਂ ਲਈ ਠੰਡੇ ਪਾਣੀ ਦਾ ਵਾਟਰ ਕੂਲਰ ਤੇ ਇਨਵਰਟਰ ਦਾਨ ਕਰ ਚੁੱਕੇ ਹਨ।ਇਸ ਮੌਕੇ ਹੋਰਨਾਂ ਤੋਂ ਇਲਾਵਾ ਬੀਆਰਸੀ ਗੁਰਪਾਲ ਸਿੰਘ, ਭੁਪਿੰਦਰਜੀਤ ਸਿੰਘ, ਹਰਿੰਦਰਪਾਲ ਸਿੰਘ, ਗੁਰਵਿੰਦਰ ਸਿੰਘ ਸਿੱਧੂ, ਪੰਚ ਚਰਨਾ ਸਿੰਘ, ਸਰਕਾਰੀ ਪ੍ਰਾਇਮਰੀ ਸਕੂਲ ਮੌਲਵੀ ਵਾਲਾ ਦੇ ਇੰਚਾਰਜ ਸ੍ਰੀਮਤੀ ਨੀਤੂ ਤੇ ਅਧਿਆਪਕ ਮਨਪ੍ਰੀਤ ਸਿੰਘ ਅਤੇ ਗੁਲਾਬ ਸਿੰਘ ਸਰਕਾਰੀ ਮਿਡਲ ਸਕੂਲ ਦੇ ਅਧਿਆਪਕ ਮੁੱਖ ਅਧਿਆਪਕ ਹਰਪ੍ਰੀਤ ਸਿੰਘ ਅਤੇ ਅਧਿਆਪਕ ਸੰਦੀਪ ਸਿੰਘ, ਮਿਸ ਸੁਪ੍ਰੀਤ ਕੌਰ, ਸਰਕਾਰੀ ਪ੍ਰਾਇਮਰੀ ਸਕੂਲ ਮੌਲਵੀਵਾਲਾ ਦੇ ਇੰਚਾਰਜ ਸ੍ਰੀਮਤੀ ਨੀਤੂ, ਅਧਿਆਪਕ ਮਨਪ੍ਰੀਤ ਸਿੰਘ ਤੇ ਗੁਲਾਬ ਸਿੰਘ ਆਦਿ ਹਾਜ਼ਰ ਸਨ।

## ਉੱਘੇ ਵਿਗਿਆਨੀ ਡਾ. ਔਲਖ ਨੂੰ ਪੁਲਸ ਵੱਲੋਂ ਪ੍ਰੇਸ਼ਾਨ ਕਰਨ ਖ਼ਿਲਾਫ਼ ਰੋਸ ਪ੍ਰਦਰਸ਼ਨ




**ਲੁਧਿਆਣਾ (ਐੱਮ ਐੱਸ ਭਾਟੀਆ, ਰੈਕਟਰ ਕਥੂਰੀਆ)**

ਬੀਤੀ 20 ਅਗਸਤ ਨੂੰ ਪੀ ਏ ਯੂ ਵਿਖੇ ਬਾਇਓ ਗੈਸ ਫ਼ੈਕਟਰੀਆਂ ਵਿਰੋਧੀ ਸੰਘਰਸ਼ ਦੀ ਤਾਲਮੇਲ ਕਮੇਟੀ ਦੀ ਪੰਜਾਬ ਸਰਕਾਰ ਦੇ ਮੁੱਖ ਸੱਕਤਰ ਵੀ ਕੇ ਸਿੰਘ ਨਾਲ ਹੋਈ ਮੀਟਿੰਗ ਤੋਂ ਬਾਅਦ ਲੁਧਿਆਣਾ ਪੁਲਸ ਨੇ ਗੱਲਬਾਤ 'ਚ ਮੁੱਖ ਤੌਰ 'ਤੇ ਸ਼ਾਮਲ ਉੱਘੇ ਲੋਕ ਪੱਖੀ ਵਿਗਿਆਨੀ ਡਾ. ਬਲਵਿੰਦਰ ਸਿੰਘ ਔਲਖ ਨੂੰ ਪ੍ਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ ਹੈ।ਬਲਵਿੰਦਰ ਔਲਖ ਵੱਲੋਂ ਇਸ ਮੀਟਿੰਗ ਦੌਰਾਨ ਇਨ੍ਹਾਂ ਗੈਸ ਫੈਕਟਰੀਆਂ ਦੀ ਕਾਰਗੁਜ਼ਾਰੀ ਬਾਰੇ ਝੂਠੇ ਸਰਕਾਰੀ ਭੰਡੀ ਪ੍ਰਚਾਰ ਨੂੰ ਦਲੀਲਾਂ ਸਹਿਤ ਰੱਦ ਕਰਦਿਆਂ ਇਨ੍ਹਾਂ ਨੂੰ ਕੈਂਸਰ ਫੈਕਟਰੀਆਂ ਦਾ ਨਾਮ ਦਿੱਤਾ ਹੈ।ਇਸ ਤੋਂ ਬੁਖਲਾਹਟ ਵਿੱਚ ਆ ਕੇ ਲੁਧਿਆਣਾ ਪੁਲਸ ਦੀ ਸਪੈਸ਼ਲ ਬ੍ਰਾਂਚ ਦੇ ਇੱਕ ਥਾਣੇਦਾਰ ਨੇ ਡਾ. ਔਲਖ ਦੇ ਘਰੇ ਜਾ ਕੇ ਉਨ੍ਹਾਂ ਦੇ ਪਰਿਵਾਰ ਤੋਂ ਉਨ੍ਹਾਂ ਦੇ ਵੇਰਵੇ ਜਾਨਣ ਦੀ ਕੋਸ਼ਿਸ਼ ਕੀਤੀ।ਡਾ. ਔਲਖ ਦੇ ਘਰ ਨਾ ਹੋਣ 'ਤੇ ਉਨ੍ਹਾਂ ਨੂੰ ਫੋਨ 'ਤੇ ਦਬਕਾਉਣ ਦੀ ਸਬੰਧਤ ਥਾਣੇਦਾਰ ਵੱਲੋਂ ਕੋਸ਼ਿਸ਼ ਕੀਤੀ ਗਈ। ਉਪਰੰਤ ਸਾਰਾ ਦਿਨ ਸਾਦਾ ਵਰਦੀ 'ਚ ਪੁਲਸ ਉਨ੍ਹਾਂ ਦੇ ਘਰ ਬਾਹਰ ਗੱਡੀਆਂ 'ਤੇ ਸਵਾਰ ਹੋ ਕੇ ਖੜੀ ਰਹੀ।ਇਸ ਸਮੁੱਚੇ ਘਟਨਾਕ੍ਰਮ ਦਾ ਪਤਾ ਲੱਗਣ 'ਤੇ ਤਾਲਮੇਲ ਕਮੇਟੀ ਦੇ ਸੱਦੇ 'ਤੇ ਬਾਇਓ ਗੈਸ ਵਿਰੋਧੀ ਸੰਘਰਸ਼ ਮੋਰਚਿਆਂ ਭੂੰਦੜੀ, ਅਖਾੜਾ, ਮੁਸ਼ਕਾਬਾਦ, ਘੁੰਗਰਾਲੀ ਰਾਜਪੂਤਾਂ ਤੋਂ ਸਵਾ ਸੌ ਦੇ ਕਰੀਬ ਵਰਕਰ ਰਾਤ ਸਾਢੇ ਨੌਂ ਵਜੇ ਡਾ. ਔਲਖ ਦੇ ਘਰ ਪੰਹੁਚ ਗਏ।ਇਸ ਸਮੇਂ ਨੇਤਾ ਜੀ ਪਾਰਕ, ਹੈਬੋਵਾਲ ਵਿਖੇ ਵਰਕਰਾਂ ਦੀ ਰੋਹ ਭਰਪੂਰ ਰੈਲੀ ਨੂੰ ਸੰਬੋਧਨ ਕਰਦਿਆਂ ਤਾਲਮੇਲ ਕਮੇਟੀ ਦੇ ਆਗੂਆਂ ਡਾ. ਸੁਖਦੇਵ ਸਿੰਘ ਭੂੰਦੜੀ, ਕੰਵਲਜੀਤ ਖੰਨਾ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਉੱਚ ਅਧਿਕਾਰੀਆਂ ਤੇ ਸਰਕਾਰੀ ਪੱਖ ਦੇ ਮਾਹਰਾਂ ਨਾਲ ਦੋ ਵੇਰ ਹੋਈ ਮੀਟਿੰਗ 'ਚ ਡਾ. ਔਲਖ ਨੇ ਤੱਥਾਂ, ਦਲੀਲਾਂ ਤੇ ਅੰਕੜਿਆਂ ਸਹਿਤ ਜਦੋਂ ਸਾਬਿਤ ਕਰ ਦਿੱਤਾ ਕਿ ਇਹ ਸੀ ਬੀ ਜੀ ਫ਼ੈਕਟਰੀਆਂ ਅਸਲ 'ਚ ਕੈਂਸਰ ਫ਼ੈਕਟਰੀਆਂ ਹਨ ਤਾਂ ਪੰਜਾਬ ਸਰਕਾਰ ਬੁਖਲਾਹਟ 'ਚ ਆ ਗਈ ਹੈ।

ਸਿੱਟੇ ਵਜੋਂ ਵੱਖ ਵੱਖ ਪੁਲਸ ਅਧਿਕਾਰੀਆਂ ਵੱਲੋਂ ਡਾ. ਔਲਖ ਬਾਰੇ ਪੁੱਛ-ਗਿੱਛ ਸ਼ੁਰੂ ਕਰ ਦਿੱਤੀ ਗਈ। ਉਨ੍ਹਾ ਪੰਜਾਬ ਸਰਕਾਰ ਦੀ ਇਸ ਦੋਗਲੀ ਨੀਤੀ ਦੀ ਸਖ਼ਤ ਨਿਖੇਧੀ ਕਰਦਿਆਂ ਕਿਹਾ ਕਿ ਭਗਵੰਤ ਮਾਨ ਸਰਕਾਰ ਨੂੰ ਇਹ ਕੈਂਸਰ ਫ਼ੈਕਟਰੀਆਂ ਬੰਦ ਕਰਨ ਲਈ ਹਰ ਕੁਰਬਾਨੀ ਦੇ ਕੇ ਮਜਬੂਰ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਸਰਕਾਰ ਦੇ ਇਸ ਦੋਗਲੇਪਣ ਤੇ ਲਟਕਾਊ ਰਵੱਈਏ ਖ਼ਿਲਾਫ਼ ਪੰਜ ਸਤੰਬਰ ਨੂੰ ਦਿੱਲੀ ਹਾਈਵੇ ਜਾਮ ਕੀਤਾ ਜਾਵੇਗਾ।ਇਸ ਸਮੇਂ ਮਜ਼ਦੂਰ ਆਗੂ ਲਖਵਿੰਦਰ ਸਿੰਘ, ਕਮੇਟੀ ਦੇ ਆਗੂਆਂ ਗੁਰਪ੍ਰੀਤ ਸਿੰਘ ਗੁਰੀ, ਹਰਮੇਲ ਸਿੰਘ ਸਰਪੰਚ, ਪ੍ਰਧਾਨ ਗੁਰਤੇਜ ਸਿੰਘ ਅਖਾੜਾ ਨੇ ਲੁਧਿਆਣਾ ਪੁਲਸ ਨੂੰ ਡਾ. ਔਲਖ ਨੂੰ ਜਾਣਬੁੱਝ ਕੇ ਪ੍ਰੇਸ਼ਾਨ ਕਰਨ ਦੀ ਨਿੰਦਾ ਕਰਦਿਆਂ ਇਹ ਵਤੀਰਾ ਬੰਦ ਕਰਨ ਦੀ ਮੰਗ ਕੀਤੀ।ਇਸ ਸਮੇਂ ਡਾ. ਔਲਖ ਨੇ ਜ਼ੋਰ ਦੇ ਕੇ ਕਿਹਾ ਕਿ ਉਹ ਸੱਚ ਬੋਲਦੇ ਰਹਿਣਗੇ ਕਿ ਇਹ ਸੀ ਬੀ ਜੀ ਪਲਾਂਟ ਨਹੀਂ ਹਨ, ਸਗੋਂ ਕੈਂਸਰ ਫ਼ੈਕਟਰੀਆਂ ਹਨ।ਪੰਜਾਬੀਆਂ ਲਈ ਮੌਤ ਦੇ ਖੂਹ ਹਨ, ਜਿਨ੍ਹਾਂ ਨੂੰ ਕਦਾਚਿਤ ਪੰਜਾਬ ਦੀ ਧਰਤੀ 'ਤੇ ਨਹੀਂ ਲੱਗਣ ਦਿੱਤਾ ਜਾਵੇਗਾ।ਇਸ ਸਮੇਂ ਹਰਦੇਵ ਸਿੰਘ ਅਖਾੜਾ, ਜਗਦੇਵ ਸਿੰਘ ਅਖਾੜਾ, ਸੁਰਜੀਤ ਸਿੰਘ ਭੂੰਦੜੀ, ਤੇਜਾ ਸਿੰਘ ਭੂੰਦੜੀ, ਨਿਰਮਲ ਸਿੰਘ ਮੁਸ਼ਕਾਬਾਦ, ਜਗਸੀਰ ਸਿੰਘ ਸੀਰਾ, ਰੂਪ ਸਿੰਘ ਮੁਸ਼ਕਾਬਾਦ, ਮਲਵਿੰਦਰ ਸਿੰਘ ਲਵਲੀ, ਕਰਮਜੀਤ ਸਿੰਘ ਸਹੋਤਾ, ਸਵਰਨ ਸਿੰਘ ਅਖਾੜਾ ਆਦਿ ਹਾਜ਼ਰ ਸਨ।ਇਸ ਦੌਰਾਨ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਜ਼ਿਲ੍ਹਾ ਪ੍ਰਧਾਨ ਜਗਤਾਰ ਸਿੰਘ ਦੇਹੜਕਾ, ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਜ਼ਿਲ੍ਹਾ ਆਗੂ ਬਲਵੰਤ ਸਿੰਘ ਘੁਡਾਣੀ, ਜਮਹੂਰੀ ਅਧਿਕਾਰ ਸਭਾ ਦੇ ਆਗੂ ਜਸਵੰਤ ਜੀਰਖ, ਇਨਕਲਾਬੀ ਮਜ਼ਦੂਰ ਕੇਂਦਰ ਦੇ ਕਾ. ਸੁਰਿੰਦਰ ਨੇ ਪੁਲਸ ਦੀਆਂ ਚਾਲਾਂ ਦੀ ਜ਼ੋਰਦਾਰ ਨਿੰਦਾ ਕਰਦਿਆਂ ਕਿਹਾ ਕਿ ਜੇਕਰ ਸਰਕਾਰ ਨੇ ਅਪਣਾ ਵਤੀਰਾ ਨਾ ਬਦਲਿਆ ਤਾਂ ਇਸ ਦੇ ਮਾੜੇ ਸਿੱਟੇ ਨਿਕਲਣਗੇ।ਉਨ੍ਹਾਂ ਸਰਕਾਰ ਦੀਆਂ ਇਨ੍ਹਾਂ ਲੋਕ ਵਿਰੋਧੀ ਨੀਤੀਆਂ ਖਿਲਾਫ 5 ਸਤੰਬਰ ਨੂੰ ਦਿੱਲੀ ਹਾਈਵੇ ਜਾਮ ਕਰਨ ਨੂੰ ਸਫਲ ਬਣਾਉਣ ਦਾ ਸੱਦਾ ਦਿੱਤਾ।ਆਉਣ ਵਾਲੀਆਂ ਜ਼ਿਮਨੀ ਚੋਣਾਂ 'ਚ ਆਮ ਆਦਮੀ ਪਾਰਟੀ ਸਰਕਾਰ ਦਾ ਡੱਟ ਕੇ ਵਿਰੋਧ ਕੀਤਾ ਜਾਵੇਗਾ।

## ਵਿਧਾਇਕ ਦਿਆਲਪੁਰਾ ਨੇ ਸ਼ੇਰਪੁਰ ਦੇ ਗੰਦੇ ਪਾਣੀ ਦੀ ਨਿਕਾਸੀ ਦਾ ਹੱਲ ਕਰਾਇਆ




**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਬਲਾਕ ਮਾਛੀਵਾੜਾ ਅਧੀਨ ਆਉਂਦੇ ਪਿੰਡ ਸ਼ੇਰਪੁਰ ਬੇਟ ਵਿਖੇ ਗੰਦੇ ਪਾਣੀ ਦੀ ਨਿਕਾਸੀ ਜੋ ਕਿ ਲੋਕਾਂ ਲਈ ਵੱਡੀ ਸਮੱਸਿਆ ਬਣੀ ਹੋਈ ਸੀ, ਉਸਦਾ ਹੱਲ ਸਾਬਕਾ ਚੇਅਰਮੈਨ ਸੋਹਨ ਲਾਲ ਸ਼ੇਰਪੁਰੀ ਦੇ ਯਤਨਾਂ ਸਦਕਾ ਹਲਕਾ ਸਮਰਾਲਾ ਤੋਂ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਨੇ ਹੱਲ ਕਰਾਇਆ। ਸੋਹਣ ਲਾਲ ਸ਼ੇਰਪੁਰੀ ਨੇ ਦੱਸਿਆ ਕਿ ਪਿੰਡ 'ਚ ਅਬਾਦੀ ਵਧਦੀ ਜਾ ਰਹੀ ਹੈ ਅਤੇ ਬਾਰਿਸ਼ਾਂ ਦੌਰਾਨ ਆਸ-ਪਾਸ ਦੇ ਖੇਤਰ ਤੋਂ ਵੀ ਪਾਣੀ ਟੋਭੇ ਵਿਚ ਆ ਗਿਰਦਾ ਸੀ, ਜਿਸ ਨਾਲ ਇਹ ਓਵਰਫਲੋਅ ਹੋ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਇਹ ਗੰਦਾ ਪਾਣੀ ਪਿੰਡ ਦੀਆਂ ਗਲੀਆਂ ਵਿਚ ਆ ਜਾਂਦਾ ਸੀ, ਜਿਸ ਨਾਲ ਲੋਕਾਂ ਨੂੰ ਵੱਡੀ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਸ਼ੇਰਪੁਰੀ ਨੇ ਦੱਸਿਆ ਕਿ ਹਲਕਾ ਸਮਰਾਲਾ ਦੇ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਨੇ ਲੋਕਾਂ ਦੀ ਸਮੱਸਿਆ ਦੇ ਹੱਲ ਅਤੇ ਪਿੰਡ ਦੇ ਵਿਕਾਸ ਲਈ 15 ਲੱਖ ਰੁਪਏ ਦੀ ਗ੍ਰਾਂਟ ਨਾਲ ਅੱਜ ਟੋਭੇ ਦੀ ਸਫ਼ਾਈ ਦਾ ਕੰਮ ਸ਼ੁਰੂ ਕਰਵਾ ਦਿੱਤਾ। ਉਨ੍ਹਾਂ ਕਿਹਾ ਕਿ ਟੋਭਾ ਸਾਫ਼ ਹੋਣ ਨਾਲ ਗੰਦੇ ਪਾਣੀ ਦੀ ਨਿਕਾਸੀ ਤੋਂ ਲੋਕਾਂ ਨੂੰ ਨਿਜ਼ਾਤ ਮਿਲ ਜਾਵੇਗੀ। ਟੋਭੇ ਦੀ ਸਫ਼ਾਈ ਦਾ ਜਾਇਜ਼ਾ ਲੈਣ ਲਈ ਵਿਸ਼ੇਸ਼ ਤੌਰ 'ਤੇ ਹਲਕਾ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਵੀ ਪੁੱਜੇ ਅਤੇ ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਦਾ ਮੁੱਖ ਉਦੇਸ਼ ਲੋਕਾਂ ਦੀਆਂ ਸਮੱਸਿਆ ਦਾ ਹੱਲ ਕਰਨਾ ਹੈ ਜਿਸ ਲਈ ਉਹ ਹਮੇਸ਼ਾ ਯਤਨਸ਼ੀਲ ਹਨ। ਇਸ ਮੌਕੇ ਠੇਕੇਦਾਰ ਰਾਜਵੀਰ ਸਿੰਘ ਖੁਰਾਣਾ, ਜੀਤ ਸਿੰਘ, ਰਣਜੀਤ ਸਿੰਘ ਛੌੜੀਆਂ ਸੋਨੂੰ ਖੁਰਾਣਾ, ਸੁਰਜੀਤ ਸਿੰਘ,

# ਔਰਤਾਂ 'ਤੇ ਹੋ ਰਹੇ ਜ਼ੁਲਮ ਵਿਰੁੱਧ ਰੋਸ ਮਾਰਚ ਕੱਢਿਆ



ਸਰਾਏ ਅਮਾਨਤ ਖਾਂ (ਮੱਖਣ ਮਨੋਜ)-ਪੰਜਾਬ ਇਸਤਰੀ ਸਭਾ ਤਰਨ ਤਾਰਨ, ਜਨਵਾਦੀ ਇਸਤਰੀ ਸਭਾ ਅਤੇ ਸੀਪੀਆਈ ਨੇ ਕਸਬਾ ਝਬਾਲ ਵਿਖੇ ਪੰਜਾਬ ਇਸਤਰੀ ਸਭਾ ਦੀ ਆਗੂ ਸੀਮਾ ਸੋਹਲ, ਬਲਵਿੰਦਰ ਝਬਾਲ ਅਤੇ ਜਨਵਾਦੀ ਇਸਤਰੀ ਸਭਾ ਜਨਵਾਦੀ ਆਗੂ ਹਰਪ੍ਰੀਤ ਕੌਰ ਸੀਪੀਆਈ ਆਗੂ ਦਵਿੰਦਰ ਸੋਹਲ ਦੀ ਅਗਵਾਈ ਵਿੱਚ ਮੀਟਿੰਗ ਕਰਕੇ ਰੋਸ ਮਾਰਚ ਕੀਤਾ ਜਿਸ ਵਿੱਚ ਵੱਡੀ ਗਿਣਤੀ ਵਿੱਚ ਔਰਤਾਂ ਅਤੇ ਮਰਦਾਂ ਨੇ ਹਿੱਸਾ ਲਿਆ।ਆਗੂਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਕਲਕੱਤੇ ਵਿੱਚ ਵਾਪਰੀ ਅਤਿ ਸ਼ਰਮਨਾਕ ਘਟਨਾ ਇਨਸਾਨੀਅਤ ਦੇ ਨਾਂ ਤੇ ਧੱਬਾ ਹੈ।ਇਸ ਨੇ ਸਾਰੇ ਲੋਕਾਂ ਨੂੰ ਹਿਲਾ ਕੇ ਰੱਖ ਦਿੱਤਾ ਹੈ।

ਇਕੱਠ ਨੂੰ ਸੀਮਾ ਸੋਹਲ, ਹਰਪ੍ਰੀਤ ਕੌਰ, ਦਵਿੰਦਰ ਸੋਹਲ ਅਤੇ ਬਿੱਲਾ ਖੂਹ ਵਾਲਾ ਆਦਿ ਨੇ ਸੰਬੋਧਨ ਕੀਤਾ ।ਪ੍ਰਬੰਧ ਦੀ ਤਿਆਰੀ ਵਿੱਚ ਸਲਵਿੰਦਰ, ਗੁਰਪ੍ਰੀਤ ਕੌਰ, ਚਰਨਜੀਤ ਕੌਰ, ਸਰਬਜੀਤ ਕੌਰ ਪੰਜਵੜ, ਹਰਜਿੰਦਰ ਕੌਰ, ਅਮਨਦੀਪ, ਬਲਬੀਰ, ਰਿਤੂ, ਕੁਲਵਿੰਦਰ, ਬਲਜਿੰਦਰ ਸੁਮਨ, ਅਰਵਿੰਦ ਗੁਪਤਾ, ਜਗਤਾਰ ਝਬਾਲ ਅਤੇ ਹਰੀਸ਼ ਆਦ ਨੇ ਕੀਤਾ।ਰੋਸ ਮਾਰਚ ਕਰਦਿਆਂ ਆਗੂਆਂ ਨੇ ਸਰਕਾਰ ਕੋਲੋਂ ਮੰਗ ਕੀਤੀ ਕਿ ਬੇਟੀਆਂ ਦੀ ਸੁਰੱਖਿਆ ਸਬੰਧੀ ਬਣਾਏ ਗਏ ਕਾਨੂੰਨਾਂ ਨੂੰ ਸਖਤੀ ਨਾਲ ਲਾਗੂ ਕੀਤਾ ਜਾਵੇ ਤਾਂ ਕਿ ਲੜਕੀਆਂ ਹਰ ਖੇਤਰ ਵਿੱਚ ਮੱਲਾਂ ਮਾਰ ਕੇ ਦੇਸ਼ ਦਾ ਨਾਂ ਰੌਸ਼ਨ ਕਰਨ ।

# ਗ਼ਦਰੀਆਂ ਨੂੰ ਸ਼ਰਧਾਂਜਲੀ ਹਿੱਤ 3 ਸਤੰਬਰ ਨੂੰ ਰੁੜੀਵਾਲਾ ਵਿਖੇ ਦੀਵਾਨ ਸਜਾਏ ਜਾਣਗੇ

**ਚੋਹਲਾ ਸਾਹਿਬ (ਨਰਜ਼)**—ਗ਼ਦਰੀਆਂ ਦੇ ਪਰਵਾਰਾਂ ਅਤੇ ਪਿੰਡ ਤੇ ਇਲਾਕਾ ਨਿਵਾਸੀਆਂ ਵੱਲੋਂ ਅੰਗਰੇਜ਼ਾਂ ਵੱਲੋਂ ਅੰਬਾਲੇ ਦੀ ਜੇਲ੍ਹ ਵਿੱਚ 12 ਗ਼ਦਰੀਆਂ ਨੂੰ ਫਾਂਸੀ ਦਿੱਤੀ ਗਈ ਅਤੇ 6 ਨੂੰ ਉਮਰ ਕੈਦ ਤੇ ਜਾਇਦਾਦ ਜ਼ਬਤ ਦੀ ਸਜ਼ਾ ਹੋਈ ਸੀ।ਇਨ੍ਹਾਂ ਸਾਰਿਆਂ ਨੂੰ ਸ਼ਰਧਾਂਜਲੀ ਅਰਪਿਤ ਕਰਨ ਲਈ 3 ਸਤੰਬਰ ਨੂੰ ਗ਼ਦਰੀਆਂ ਦੀ ਯਾਦਗਾਰ ਤੇ ਪਿੰਡ ਰੁੜੀਵਾਲਾ ਵਿਖੇ ਅਖੰਡ ਪਾਠ ਸਾਹਿਬ ਦੇ ਭੋਗ ਪੈਣ ਉਪਰੰਤ ਦੀਵਾਨ ਸਜਾਇਆ ਜਾਵੇਗਾ।ਪ੍ਰੈੱਸ ਬਿਆਨ ਜਾਰੀ ਕਰਦਿਆਂ ਪ੍ਰਵਾਰਕ ਮੈਂਬਰ ਸੁਰਜੀਤ ਸਿੰਘ ਰੁੜੀਵਾਲਾ ਨੇ ਕਿਹਾ ਕਿ ਸ਼ਹੀਦ ਹੋਣ ਵਾਲੇ ਗ਼ਦਰੀਆਂ ਨੇ ਮੀਆਂ ਮੀਰ ਛਾਉਣੀ ਲਾਹੌਰ ਵਿਖੇ ਰਸਾਲੇ ਅੰਦਰ ਗਦਰ ਪਾਰਟੀ ਸਥਾਪਤ ਕੀਤੀ ਹੋਈ ਸੀ।ਪ੍ਰਸਿੱਧ ਗਦਰੀ ਪ੍ਰੇਮ ਸਿੰਘ ਪਿੰਡ ਸੁਰਸਿੰਘ ਮੀਟਿੰਗਾਂ ਕਰਾਉਂਦਾ ਸੀ।ਪਾਰਟੀ ਦੇ ਫੈਸਲੇ ਅਨੁਸਾਰ 26 ਨਵੰਬਰ 1914 ਨੂੰ ਸਿਪਾਹੀਆਂ ਨੇ ਛਾਉਣੀ ਵਿੱਚ ਹਥਿਆਰਾਂ ਸਮੇਤ ਇਕੱਠੇ ਹੋ ਕੇ ਪਹਿਲਾਂ ਅੰਗਰੇਜ਼ਾਂ ਅਫ਼ਸਰਾਂ ਨੂੰ ਪਾਰ ਬੁਲਾਉਣਾ ਸੀ ਤੇ ਫਿਰ ਸਾਰਿਆਂ ਨੇ ਗ਼ਦਰੀਆਂ ਦੇ ਅੱਡੇ ਤੇ ਝਾੜ ਸਾਹਿਬ ਨੇੜੇ ਸ਼ਾਹਬਾਜਪੁਰ ਗ਼ਦਰੀਆਂ ਨੂੰ ਆ ਮਿਲਣਾ ਸੀ ਤੇ ਫਿਰ ਇਥੋਂ ਸਾਰਿਆਂ ਨੇ ਪਿੰਡਾਂ ਦੇ ਲੋਕਾਂ ਨੂੰ ਨਾਲ ਲੈਂਦਿਆਂ ਹੋਇਆਂ ਲਾਹੌਰ ਪਹੁੰਚ ਕੇ ਅੰਗਰੇਜ਼ ਗਵਰਨਰ ਦਾ ਖ਼ਾਤਮਾ ਕਰਕੇ ਕੋਠੀ ਤੇ ਝੰਡਾ ਚੜ੍ਹਾ ਕੇ ਦੇਸ਼ ਦੀ ਆਜ਼ਾਦੀ ਦਾ ਐਲਾਨ ਕਰਨਾ ਸੀ।ਇਹ ਖ਼ਬਰ ਫਿਰੋਜ਼ਪੁਰ ਪਹੁੰਚਦਿਆਂ ਕਰਤਾਰ ਸਿੰਘ ਸਰਾਭਾ ਨੇ ਫਿਰੋਜ਼ਪੁਰ ਛਾਉਣੀ ਵਿੱਚ ਬਗਾਵਤ ਕਰਾ ਦੇਣੀ ਸੀ।ਦੋਹਾਂ ਥਾਵਾਂ ਦੀ ਬਗਾਵਤ ਦੀ ਖਬਰ ਸੁਣ ਕੇ ਫਿਰ ਜਿਥੇ ਜਿਥੇ ਗ਼ਦਰੀਆਂ ਨੇ ਗਦਰ ਕਰਨ ਦੀਆਂ ਜ਼ਿੰਮੇਵਾਰੀਆਂ ਲਈਆਂ ਸਨ, ਸਾਰੇ ਥਾਵਾਂ 'ਤੇ ਇੱਕੋ ਵਾਰ ਬਗਾਵਤ ਹੋ ਜਾਣੀ ਸੀ ਪਰ ਮੀਆਂ ਮੀਰ ਦੀ ਬਗਾਵਤ ਛਾਉਣੀ ਦੇ ਗੁਰਦੁਆਰੇ ਦੇ ਗ੍ਰੰਥੀ ਮੂਲਾ ਸਿੰਘ ਨੇ ਨੇਪਰੇ ਨਾ ਚੜ੍ਹਨ ਦਿੱਤੀ।ਅੰਗਰੇਜ਼ਾਂ ਨੂੰ ਪਤਾ ਲੱਗ ਗਿਆ ਕਿ ਕਿਹੜੇ ਸਿਪਾਹੀ ਗ਼ਦਰੀਆਂ ਨਾਲ ਮਿਲੇ ਹੋਏ ਹਨ।ਉਹ ਸਿਪਾਹੀ ਵਿਸ਼ਵ ਜੰਗ ਵਿੱਚ ਬਸਰੇ ਜਾ ਚੁੱਕੇ ਸਨ।ਅੰਗਰੇਜ਼ਾਂ ਨੇ ਉਨ੍ਹਾਂ 'ਚੋਂ 12 ਸਿਪਾਹੀਆਂ ਨੂੰ ਵਾਪਸ ਮੰਗਵਾ ਕੇ ਮੌਤ ਦੀ ਸਜ਼ਾ ਦਿੱਤੀ ਜਿਨ੍ਹਾਂ ਵਿੱਚ ਚਾਰ ਸਿਪਾਹੀ ਭਗਤ ਸਿੰਘ, ਮੋਤਾ ਸਿੰਘ, ਤਾਰਾ ਸਿੰਘ ਤੇ ਵਿਸਾਵਾ ਸਿੰਘ ਪਿੰਡ ਰੁੜੀਵਾਲਾ ਦੇ ਸਨ।ਦੀਵਾਨ ਵਿੱਚ ਇਨਾਂ ਦੇਸ਼ ਭਗਤਾਂ ਬਾਰੇ ਵਿਚਾਰ ਰੱਖਣ ਲਈ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਜਨਰਲ ਸਕੱਤਰ ਪਿਰਥੀਪਾਲ ਸਿੰਘ ਮਾੜੀਮੇਘਾ ਤੇ ਸਾਬਕਾ ਜਨਰਲ ਸਕੱਤਰ ਬੀਬੀ ਰਘਬੀਰ ਕੌਰ ਪਹੁੰਚ ਰਹੀ ਹੈ।

# ਕਟਾਰੂਚੱਕ ਨੇ ਦੀਨਾਨਗਰ ਤੋਂ ਘਰੋਟਾ ਮਾਰਗ ਅਤੇ ਦੋ ਪੁਲਾਂ ਦਾ ਕੀਤਾ ਨਿਰੀਖਣ



ਪਠਾਨਕੋਟ: (ਦਵਿੰਦਰ ਸਿੰਘ)- ਕੈਬਨਿਟ ਮੰਤਰੀ ਪੰਜਾਬ ਲਾਲ ਚੰਦ ਕਟਾਰੂਚੱਕ ਵੱਲੋਂ ਡਿਪਟੀ ਕਮਿਸ਼ਨਰ ਪਠਾਨਕੋਟ ਆਦਿੱਤਿਆ ਉੱਪਲ ਅਤੇ ਹੋਰ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਦੀਨਾਨਗਰ ਤੋਂ ਘਰੋਟਾ ਜਾਣ ਵਾਲੇ ਮਾਰਗ ਦਾ ਅਤੇ ਘਰੋਟਾ ਨਜ਼ਦੀਕ ਖਾਲ ਤੇ ਬਣਾਏ ਦੋ ਪੁਲਾਂ ਦਾ ਵੀ ਨਿਰੀਖਣ ਕੀਤਾ ਗਿਆ।ਇਸ ਮੌਕੇ ਹੋਰਨਾਂ ਤੋਂ ਇਲਾਵਾ ਮਨੋਹਰ ਠਾਕੁਰ ਸੰਯੁਕਤ ਸਕੱਤਰ ਪੰਜਾਬ ਟ੍ਰੇਡਰ ਕਮਿਸ਼ਨ, ਬਲਾਕ ਪ੍ਰਧਾਨ ਪਵਨ ਕੁਮਾਰ ਫੌਜੀ, ਬਲਾਕ ਪ੍ਰਧਾਨ ਰਣਜੀਤ ਸਿੰਘ ਜੀਤਾ, ਬਲਾਕ ਪ੍ਰਧਾਨ ਬਲਜੀਤ ਸਿੰਘ ਅਤੇ ਹੋਰ ਪਾਰਟੀ ਦੇ ਕਾਰਜਕਰਤਾ ਅਤੇ ਅਧਿਕਾਰੀ ਵੀ ਹਾਜ਼ਰ ਸਨ।ਜ਼ਿਕਰਯੋਗ ਹੈ ਕਿ ਦੀਨਾਨਗਰ ਤੋਂ ਘਰੋਟਾ ਮਾਰਗ ਜੋ ਕਿ ਦਰਜਨਾਂ ਪਿੰਡਾਂ ਨੂੰ ਦੀਨਾਨਗਰ ਨਾਲ ਜੋੜਦਾ ਹੈ ਅਤੇ ਖਸਤਾ ਹਾਲਤ ਰੋਡ ਕਰਕੇ ਜਿੱਥੇ ਆਏ ਦਿਨ ਦੁਰਘਟਨਾਵਾਂ ਹੁੰਦੀਆਂ ਹਨ ਅਤੇ ਰਾਹਗੀਰਾਂ ਨੂੰ ਵੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ।ਜਾਣਕਾਰੀ ਦਿੰਦਿਆਂ ਕਟਾਰੂਚੱਕ ਨੇ ਦੱਸਿਆ ਕਿ ਹੈਵੀ ਵਾਹਨਾਂ ਦੇ ਚਲਦਿਆਂ ਦੀਨਾਨਗਰ ਤੋਂ ਘਰੋਟਾ ਜਾਣ ਵਾਲਾ ਮਾਰਗ ਜੋ ਕਿ ਕਾਫੀ ਖਸਤਾ ਹਾਲਤ ਹੈ ਅੱਜ ਉਨ੍ਹਾਂ ਵੱਲੋਂ ਖੁਦ ਇਸ ਰੋਡ ਦੀ ਵਿਜ਼ਟ ਕੀਤੀ ਗਈ ਹੈ, ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਵੱਲੋਂ ਇਸ ਰੋਡ ਦਾ ਨਿਰਮਾਣ ਤਾਂ ਕਰਵਾਇਆ ਗਿਆ ਸੀ ਪਰ ਇਹ ਰੋਡ ਜ਼ਿਆਦਾ ਦੇਰ ਤੱਕ ਟਿਕ ਨਹੀਂ ਸਕਿਆ ਅਤੇ ਹੁਣ ਇਸ ਦੀ ਹਾਲਤ ਕਾਫੀ ਖਸਤਾ ਹੈ ਜਦਕਿ ਇਸ ਰੋਡ ਦਾ ਲਾਭ ਕਰੀਬ 50 ਪਿੰਡਾਂ ਨੂੰ ਹੈ।ਉਨ੍ਹਾਂ ਮੌਕੇ ਤੇ ਅਧਿਕਾਰੀਆਂ ਨੂੰ ਆਦੇਸ਼ ਦਿੰਦਿਆਂ ਕਿਹਾ ਕਿ ਇਸ ਰੋਡ ਦੇ ਨਿਰਮਾਣ ਕਾਰਜ ਨੂੰ ਲੈ ਕੇ ਪਹਿਲੇ ਫੇਜ਼ ਵਿੱਚ ਕੱਲ ਤੋਂ ਹੀ ਜੋ ਦੀਨਾਨਗਰ ਤੋਂ ਛੰਨੀ ਤੱਕ ਵੱਡੇ ਖੱਡੇ ਪਏ ਹੋਏ ਹਨ ਉਨ੍ਹਾਂ ਨੂੰ ਭਰਨ ਦਾ ਕੰਮ ਸ਼ੁਰੂ ਕੀਤਾ ਜਾਵੇ।ਇਸ ਮੌਕੇ ਕੈਬਨਿਟ ਮੰਤਰੀ ਨੇ ਕਿਹਾ ਕਿ ਘਰੋਟਾ ਤੋਂ ਭੀਮਪੁਰ ਤੱਕ ਕੰਕਰੀਟ ਦੀ ਸੜਕ ਬਣਾਈ ਜਾਵੇਗੀ ਅਤੇ ਭੀਮਪੁਰ ਤੋਂ ਦੀਨਾਨਗਰ ਤੱਕ ਪ੍ਰੀਮਿਕਸ ਪਾ ਕੇ ਵਧੀਆ ਕਵਾਲਿਟੀ ਦੇ ਰੋਡ ਦਾ ਨਵਨਿਰਮਾਣ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਸਮੱਸਿਆ ਨੂੰ ਜਲਦੀ ਮਾਨਯੋਗ ਮੁੱਖ ਮੰਤਰੀ ਪੰਜਾਬ ਦੇ ਧਿਆਨ ਵਿੱਚ ਲਿਆਂਦਾ ਜਾਵੇਗਾ ਤਾਂ ਜੋ ਲੋਕਾਂ ਨੂੰ ਇੱਕ ਵਧੀਆ ਰੋਡ ਮਿਲ ਸਕੇ।

# ਸੁਰਿੰਦਰ ਸਿੰਘ ਨੇ ਡੀ ਐੱਸ ਪੀ ਵਜੋਂ ਸੰਭਾਲਿਆ ਚਾਰਜ



ਦੀਨਾਨਗਰ (ਸੰਜੀਵ)- ਦੀਨਾਨਗਰ ਸਬ ਡਵੀਜ਼ਨ ਵਿੱਚ ਤਾਇਨਾਤ ਨਵੇਂ ਡੀਐੱਸਪੀ ਸੁਰਿੰਦਰ ਸਿੰਘ ਨੇ ਚਾਰਜ ਸੰਭਾਲ ਕੇ ਆਪਣਾ ਕੰਮ ਸ਼ੁਰੂ ਕਰ ਦਿੱਤਾ ਹੈ।ਇਸ ਤੋਂ ਪਹਿਲਾਂ ਸਟਾਫ਼ ਨੇ ਉਨ੍ਹਾਂ ਦਾ ਸਵਾਗਤ ਕੀਤਾ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡੀਐੱਸਪੀ ਸੁਰਿੰਦਰ ਸਿੰਘ ਨੇ ਕਿਹਾ ਕਿ ਉਨ੍ਹਾਂ ਦਾ ਇਹ ਉਪਰਾਲਾ ਨੌਜਵਾਨਾਂ ਨੂੰ ਨਸ਼ਿਆਂ ਦੀ ਬੁਰਾਈ ਤੋਂ ਦੂਰ ਰਹਿਣ ਲਈ ਪ੍ਰੇਰਿਤ ਕਰਨਾ ਹੋਵੇਗਾ।ਅਪਰਾਧ ਨੂੰ ਨੱਥ ਪਾਉਣ ਲਈ ਲੋਕਾਂ ਅਤੇ ਪੁਲਸ ਦਾ ਆਪਸੀ ਤਾਲਮੇਲ ਹੋਣਾ ਬਹੁਤ ਜ਼ਰੂਰੀ ਹੈ।ਅੱਜ ਤੋਂ ਹੀ ਅਸੀਂ ਆਪਣੀ ਟੀਮ ਨਾਲ ਇਲਾਕੇ 'ਚ ਅਪਰਾਧ ਵਿਰੁੱਧ ਕੰਮ ਕਰਨਾ ਸ਼ੁਰੂ ਕਰ ਦੇਵਾਂਗੇ।ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਅਧੀਨ ਆਉਂਦੇ ਖੇਤਰਾਂ ਵਿੱਚ ਨਸ਼ਾ ਵੇਚਣ ਵਾਲਿਆਂ ਨੂੰ ਬਖਸ਼ਿਆ ਨਹੀਂ ਜਾਵੇਗਾ।ਜੇਕਰ ਲੋਕ ਪੁਲਿਸ ਨੂੰ ਸਹਿਯੋਗ ਦੇਣ ਤਾਂ ਹੀ ਨਸ਼ਿਆਂ 'ਤੇ ਕਾਬੂ ਪਾਇਆ ਜਾ ਸਕਦਾ ਹੈ।

ਉਨ੍ਹਾਂ ਕਿਹਾ ਕਿ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਨੂੰ ਵੀ ਬਖਸ਼ਿਆ ਨਹੀਂ ਜਾਵੇਗਾ।ਜੇਕਰ ਕੋਈ ਨਾਬਾਲਗ ਬੱਚਾ ਹੁਕਮਾਂ ਦੀ ਉਲੰਘਣਾ ਕਰਦਾ ਪਾਇਆ ਗਿਆ ਤਾਂ ਉਸ ਦਾ ਚਲਾਨ ਕੀਤਾ ਜਾਵੇਗਾ।ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਗੱਡੀ ਚਲਾਉਣ ਦੀ ਇਜਾਜ਼ਤ ਨਹੀਂ ਦੇਣੀ ਚਾਹੀਦੀ।ਇਸ ਦੇ ਨਾਲ ਹੀ ਸਕੂਲਾਂ ਅਤੇ ਕਾਲਜਾਂ ਦੇ ਬਾਹਰ ਪੁਲਸ ਮੁਲਾਜ਼ਮ ਤਾਇਨਾਤ ਕੀਤੇ ਜਾਣਗੇ।

# ਸਮਾਜਿਕ ਨਿਆਂ, ਸ਼ਸ਼ਕਤੀਕਰਨ ਵੈੱਲਫੇਅਰ ਐਸੋਸੀਏਸ਼ਨ ਦੀ ਹੋਈ ਹੰਗਾਮੇਦਾਰ ਮਾਸਿਕ ਮੀਟਿੰਗ



ਵੇਰਕਾ (ਰਾਣਾ) ਸਮਾਜਿਕ ਨਿਆਂ, ਸ਼ਸ਼ਕਤੀਕਰਨ ਵੈਲਫੇਅਰ ਐਸੋਸੀਏਸ਼ਨ ਅੰਮ੍ਰਿਤਸਰ (ਪੰਜਾਬ) ਦੀ ਹੰਗਾਮੇਦਾਰ ਮਾਸਿਕ ਮੀਟਿੰਗ ਸਥਾਨਕ ਕਸਬਾ ਵੇਰਕਾ ਵਿਖੇ ਜ਼ਿਲਾ ਪ੍ਰਧਾਨ ਸਤਿੰਦਰ ਸਿੰਘ ਸਰਕਾਰੀਆ ਦੀ ਅਗਵਾਈ ਹੇਠ ਜਨਰਲ ਸਕੱਤਰ ਕੁਲਜੀਤ ਸਿੰਘ ਵੇਰਕਾ ਦੇ ਗ੍ਰਹਿ ਵਿਖੇ ਹੋਈ।

ਮੀਟਿੰਗ ਵਿੱਚ ਵੱਖ-ਵੱਖ ਜਨਤਕ ਮਸਲਿਆਂ ਸੰਬੰਧੀ ਭਰਪੂਰ ਵਿਚਾਰ-ਵਟਾਂਦਰੇ ਕੀਤੇ ਗਏ ਅਤੇ ਅਗਲੇਰੀ ਰੂਪ ਰੇਖਾ ਉਲੀਕੀ ਗਈ।

ਇਸ ਮੌਕੇ ਵੱਖ-ਵੱਖ ਬੁਲਾਰਿਆਂ ਨੇ ਆਪਣੇ ਸੰਬੋਧਨ ਦੌਰਾਨ ਹੁਣ ਤੱਕ ਦੀਆਂ ਜਥੇਬੰਦਕ ਪ੍ਰਾਪਤੀਆਂ ਦਾ ਵੇਰਵੇ ਸਹਿਤ ਲੇਖਾ ਜੋਖਾ ਪੇਸ਼ ਕੀਤਾ।ਸਮਾਜਿਕ ਨਿਆਂ, ਸ਼ਸ਼ਕਤੀਕਰਨ ਵੈੱਲਫੇਅਰ ਐਸੋਸੀਏਸ਼ਨ ਦੀ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਚੀਫ ਆਰਗੇਨਾਈਜ਼ਰ ਕਰਨਰਾਜ ਸਿੰਘ ਗਿੱਲ, ਸੂਬਾਈ ਪ੍ਰੈੱਸ ਸਕੱਤਰ ਹਰਬਿੰਦਰ ਸਿੰਘ ਰਾਣਾ (ਖੁਸ਼ੀਪੁਰ) ਸੂਬਾ ਕਾਨੂੰਨੀ ਸਲਾਹਕਾਰ ਮਨਜੀਤ ਸਿੰਘ ਵਿਰਕ, ਸੀਨੀਅਰ ਮੀਤ ਪ੍ਰਧਾਨ ਤਜਿੰਦਰ ਸਿੰਘ ਸੋਹੀ, ਜ਼ਿਲਾ ਪ੍ਰਧਾਨ ਸਤਿੰਦਰ ਸਿੰਘ ਸਰਕਾਰੀਆ, ਜਨਰਲ ਸਕੱਤਰ ਕੁਲਜੀਤ ਸਿੰਘ ਵੇਰਕਾ, ਸਲਾਹਕਾਰ ਹਰਮਨਦੀਪ ਸਿੰਘ ਛੀਨਾ, ਵਿੱਤ ਸਕੱਤਰ ਹਰਪਾਲ ਸਿੰਘ ਓਠੀਆ, ਮੀਤ ਪ੍ਰਧਾਨ ਅਮਰਿੰਦਰ ਸਿੰਘ ਛੀਨਾ, ਮਨਜੀਤ ਸਿੰਘ ਸੋਹੀਆ ਖੁਰਦ, ਸੇਵਾਮੁਕਤ ਪ੍ਰਿੰਸੀਪਲ ਜਗਤਾਰ ਸਿੰਘ ਮਜੀਠਾ, ਲੈਕ: ਮੁਖਤਿਆਰ ਸਿੰਘ ਸਹੋਤਾ, ਮਾਸਟਰ ਕਸਮੀਰ ਸਿੰਘ ਸੋਹੀਆ ਖੁਰਦ, ਗੌਰਵ ਸਰਮਾ, ਸਾਹਿਬ ਸਿੰਘ ਡੀ.ਈ.ਓ ਦਫ਼ਤਰ (ਐਲੀ:) ਅੰਮ੍ਰਿਤਸਰ, ਸੀ.ਐਚ.ਟੀ ਵਰਿੰਦਰ ਸਿੰਘ ਸੈਂਸਰਾ ਕਲਾ, ਸੀ.ਐਚ.ਟੀ ਹਰਵਿੰਦਰ ਸਿੰਘ ਕੱਥੂਨੰਗਲ, ਸੀਨੀਅਰ ਮੀਤ ਪ੍ਰਧਾਨ ਜਗਜੀਤ ਕੁਮਾਰ ਹਰੀਪੁਰਾ ਆਦਿ ਆਗੂ ਵੀ ਹਾਜ਼ਰ ਸਨ।

# ਦੋਹਾ ਪੁਲਸ ਕੋਲ ਪਏ ਪਾਵਨ ਸਰੂਪਾਂ ਬਾਰੇ ਭਾਰਤ ਸਰਕਾਰ ਸਿੱਖ ਜਗਤ ਨੂੰ ਅਸਲ ਸਥਿਤੀ ਸਪੱਸ਼ਟ ਕਰੇ: ਐਡਵੋਕੇਟ ਧਾਮੀ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਭਾਰਤ ਦੇ ਵਿਦੇਸ਼ ਮੰਤਰੀ ਸ੍ਰੀ ਐੱਸ. ਜੈਸ਼ੰਕਰ ਅਤੇ ਕਤਰ ਵਿਖੇ ਭਾਰਤ ਦੇ ਅੰਬੈਸਡਰ ਸ੍ਰੀ ਵਿਪੁਲ ਨੂੰ ਮੁੜ ਆਖਿਆ ਹੈ ਕਿ ਦੋਹਾ, ਕਤਰ ਵਿੱਚ ਪੁਲਿਸ ਪਾਸ ਰੱਖੇ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਬਾਰੇ ਮੁਕੰਮਲ ਜਾਣਕਾਰੀ ਪ੍ਰਾਪਤ ਕਰਕੇ ਸਿੱਖ ਜਗਤ ਨੂੰ ਅਸਲ ਸਥਿਤੀ ਬਾਰੇ ਸਪੱਸ਼ਟ ਕਰਨ।ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਬੀਤੇ ਦਿਨ ਭਾਰਤ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਵੱਲੋਂ ਇੱਕ ਬਿਆਨ ਰਾਹੀਂ ਦੱਸਿਆ ਗਿਆ ਸੀ ਕਿ ਦੋਹਾ ਪੁਲਿਸ ਕੋਲ ਮੌਜੂਦ ਇੱਕ ਪਾਵਨ ਸਰੂਪ ਵਾਪਸ ਪ੍ਰਾਪਤ ਕਰ ਲਿਆ ਗਿਆ ਹੈ, ਜਦਕਿ ਦੂਸਰੇ ਬਾਰੇ ਕਾਰਵਾਈ ਜਾਰੀ ਹੈ। ਪਰੰਤੂ ਸ਼੍ਰੋਮਣੀ ਕਮੇਟੀ ਨੂੰ ਇਸ ਬਾਰੇ ਪੁਖਤਾ ਜਾਣਕਾਰੀ ਹਾਸਲ ਹੋਈ ਹੈ ਕਿ ਦੋਵੇਂ ਹੀ ਪਾਵਨ ਸਰੂਪ ਅਜੇ ਤੱਕ ਦੋਹਾ ਪੁਲਸ ਕੋਲ ਹੀ ਹਨ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਭਾਰਤ ਸਰਕਾਰ ਸਿੱਖ ਭਾਵਨਾਵਾਂ ਨਾਲ ਦਿਲੋਂ ਜੁੜੇ ਇਸ ਮਾਮਲੇ ਵਿੱਚ ਅਸਪਸ਼ਟ ਬਿਆਨਬਾਜ਼ੀ ਨਾ ਕਰੇ ਸਗੋਂ ਸੰਜੀਦਾ ਯਤਨ ਕਰਕੇ ਪਾਵਨ ਸਰੂਪ ਸਤਿਕਾਰ ਸਹਿਤ ਵਾਪਸ ਕਰਵਾਏ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵਿਦੇਸ਼ ਮੰਤਰਾਲੇ ਦਾ ਇਸ ਗੱਲੋਂ ਸਤਿਕਾਰ ਕਰਦੀ ਹੈ ਕਿ ਉਨ੍ਹਾਂ ਨੇ ਇਸ 'ਤੇ ਯਤਨ ਅਰੰਭੇ ਹਨ, ਪਰੰਤੂ ਸਿੱਖ ਸੰਗਤ ਅੰਦਰ ਦੁਬਿਧਾ ਪੈਦਾ ਕਰਨੀ ਵੀ ਠੀਕ ਨਹੀਂ ਹੈ। ਐਡਵੋਕੇਟ ਧਾਮੀ ਨੇ ਸਾਫ਼ ਤੌਰ 'ਤੇ ਕਿਹਾ ਕਿ ਮਿਲੀ ਜਾਣਕਾਰੀ ਅਨੁਸਾਰ ਦੋਹਾ ਵਿਖੇ ਦੋ ਧਿਰਾਂ ਪਾਸੋਂ ਤਿੰਨ ਪਾਵਨ ਸਰੂਪ ਪੁਲਸ ਨੇ ਆਪਣੇ ਪਾਸ ਲਏ ਸਨ, ਜਿਨ੍ਹਾਂ ਵਿੱਚੋਂ ਦੋ ਅਜੇ ਵੀ ਪੁਲਿਸ ਪਾਸ ਹੀ ਹਨ। ਉਨ੍ਹਾਂ ਆਖਿਆ ਕਿ ਸਰਕਾਰ ਦਾ ਨੁਮਾਇੰਦਾ ਜਿਸ ਇੱਕ ਪਾਵਨ ਸਰੂਪ ਦੇ ਵਾਪਸ ਕੀਤੇ ਜਾਣ ਦੀ ਗੱਲ ਕਰ ਰਿਹਾ ਹੈ ਉਹ ਤਾਂ ਕਈ ਮਹੀਨੇ ਪਹਿਲਾਂ ਹੀ ਉੱਥੋਂ ਦੇ ਸਬੰਧਤ ਸਿੱਖਾਂ ਨੇ ਪ੍ਰਾਪਤ ਕਰ ਲਿਆ ਸੀ। ਜਦਕਿ ਦੋ ਹੋਰ ਪਾਵਨ ਸਰੂਪ ਅਜੇ ਵੀ ਦੋਹਾ ਪੁਲਸ ਪਾਸ ਹਨ, ਜਿਨ੍ਹਾਂ ਵਿੱਚੋਂ ਕੋਈ ਵੀ ਵਾਪਸ ਨਹੀਂ ਦਿੱਤਾ ਗਿਆ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਭਾਰਤ ਦੇ ਵਿਦੇਸ਼ ਮੰਤਰੀ ਨੂੰ ਇਸ ਮਾਮਲੇ ਬਾਰੇ ਮੁਕੰਮਲ ਜਾਣਕਾਰੀ ਹਾਸਲ ਕਰਨ ਉਪਰੰਤ ਪੂਰੀ ਪਾਰਦਰਸ਼ਤਾ ਨਾਲ ਸੰਗਤ ਸਾਹਮਣੇ ਰੱਖਣ ਲਈ ਆਖਿਆ। ਉਨ੍ਹਾਂ ਕਿਹਾ ਕਿ ਸਰਕਾਰ ਦੇ ਵਿਦੇਸ਼ ਮੰਤਰਾਲੇ ਦੀ ਇਹ ਜ਼ਿੰਮੇਵਾਰੀ ਹੈ ਕਿ ਉਹ ਇਸ ਗੰਭੀਰ ਮਾਮਲੇ ਪ੍ਰਤੀ ਡੂੰਘਾਈ ਨਾਲ ਜਾਂਚ ਕਰਵਾਏ ਅਤੇ ਸਿੱਖ ਜਗਤ ਨੂੰ ਅਸਲ ਸਥਿਤੀ ਸਪੱਸ਼ਟ ਕਰੇ।

# ਧਾਲੀਵਾਲ ਨੇ ਸ਼ਹੀਦ ਕਿਸਾਨਾਂ ਦੇ ਪਰਿਵਾਰਕ ਮੈਂਬਰਾਂ ਨੂੰ ਦਿੱਤੇ ਨਿਯੁਕਤੀ ਪੱਤਰ



ਅੰਮ੍ਰਿਤਸਰ (ਜਗਦੀਸ਼ ਕਮਲੇਸ਼)-ਕੈਬਨਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਦਿੱਲੀ ਵਿਖੇ ਲੱਗੇ ਕਿਸਾਨ ਮੋਰਚੇ ਵਿੱਚ ਸ਼ਹੀਦ ਹੋਏ ਜ਼ਿਲੇ ਦੇ ਕਿਸਾਨਾਂ ਦੇ ਪਰਿਵਾਰਕ ਮੈਂਬਰਾਂ ਨੂੰ ਖੇਤੀਬਾੜੀ ਵਿਭਾਗ ਵਿੱਚ ਸਰਕਾਰੀ ਨੌਕਰੀ ਦੇ ਨਿਯੁਕਤੀ ਪੱਤਰ ਦਿੱਤੇ।

ਇਸ ਮੌਕੇ ਉਹਨਾਂ ਨੇ ਕਿਹਾ ਕਿ ਸ਼ਹੀਦ ਕਿਸਾਨ ਪਰਿਵਾਰਾਂ ਦੀ ਬਾਂਹ ਫੜਨਾ ਸਾਡਾ ਮੁਢਲਾ ਫਰਜ਼ ਹੈ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇਨ੍ਹਾਂ ਦੇ ਪਰਿਵਾਰਿਕ ਮੈਂਬਰਾਂ ਨੂੰ ਜੋ ਸਰਕਾਰੀ ਨੌਕਰੀ ਦੇਣ ਦਾ ਐਲਾਨ ਕੀਤਾ ਸੀ, ਉਸੇ ਹਦਾਇਤ ਤਹਿਤ ਅੱਜ ਅੱਠ ਕਿਸਾਨਾਂ ਦੇ ਪਰਿਵਾਰਾਂ ਨੂੰ ਖੇਤੀਬਾੜੀ ਵਿਭਾਗ ਵਿੱਚ ਨੌਕਰੀ ਦਿੱਤੀ ਗਈ ਹੈ।ਉਨ੍ਹਾਂ ਕਿਹਾ ਕਿ ਹਰੇਕ ਸ਼ਹੀਦ ਕਿਸਾਨ ਦੇ ਪਰਿਵਾਰ ਵਿੱਚ ਇੱਕ ਸਰਕਾਰੀ ਨੌਕਰੀ ਦਿੱਤੀ ਜਾਵੇਗੀ ਤਾਂ ਜੋ ਉਸ ਪਰਿਵਾਰ ਦੀ ਆਰਥਿਕ ਹਾਲਤ ਬਿਹਤਰ ਹੋ ਸਕੇ।ਸ ਧਾਲੀਵਾਲ ਨੇ ਕਿਹਾ ਕਿ ਇਨ੍ਹਾਂ ਪਰਿਵਾਰਾਂ ਨੇ ਕੇਵਲ ਪੰਜਾਬ ਦੀ ਨਹੀਂ ਬਲਕਿ ਸਮੁੱਚੀ ਭਾਰਤ ਦੀ ਕਿਰਸਾਨੀ ਦੀ ਲੜਾਈ ਲੜਦੇ ਹੋਏ ਆਪਣਾ ਆਪ ਵਾਰਿਆ ਹੈ, ਇਸ ਲਈ ਸਾਡਾ ਫਰਜ ਬਣਦਾ ਹੈ ਕਿ ਅਸੀਂ ਇਨ੍ਹਾਂ ਪਰਿਵਾਰਾਂ ਦੇ ਨਾਲ ਖੜੀਏ। ਉਨ੍ਹਾਂ ਕਿਹਾ ਕਿ ਹੋਰ ਵੀ ਜਿਹੜੇ ਸ਼ਹੀਦ ਕਿਸਾਨਾਂ ਦੇ ਪਰਿਵਾਰ ਨੌਕਰੀ ਤੋਂ ਰਹਿ ਗਏ ਹਨ।ਉਨ੍ਹਾਂ ਨੂੰ ਵੀ ਭਵਿੱਖ ਵਿੱਚ ਨਿਯੁਕਤੀ ਪੱਤਰ ਦੇ ਦਿੱਤੇ ਜਾਣਗੇ।ਇਸ ਮੌਕੇ ਜ਼ਿਲਾ ਮੁੱਖ ਖੇਤੀਬਾੜੀ ਅਫ਼ਸਰ ਡਾ ਤੇਜਿੰਦਰ ਸਿੰਘ, ਡੀਡੀਓ ਡਾ. ਰਮਨ ਕੁਮਾਰ, ਨਾਇਬ ਤਹਿਸੀਲਦਾਰ ਅਜਨਾਲਾ, ਏਈਓ ਡਾ. ਪ੍ਰਭਦੀਪ ਸਿੰਘ ਗਿੱਲ, ਸੁਪਰਡੈਂਟ ਦਵਿੰਦਰ ਕੌਰ, ਸੀਨੀਅਰ ਸਹਾਇਕ ਸੰਦੀਪ ਸਿੰਘ ਅਦਿ ਹਾਜ਼ਰ ਸਨ।

# ਬਾਬਾ ਸ਼੍ਰੀ ਚੰਦ ਮਾਡਰਨ ਸਕੂਲ 'ਚ ਮਨਾਇਆ ਕ੍ਰਿਸ਼ਨ ਜਨਮ ਅਸ਼ਟਮੀ ਉਤਸਵ

ਦੀਨਾਨਗਰ ( ਬਲਵਿੰਦਰ ਸਿੰਘ ਬਿੱਲਾ)-ਬਾਬਾ ਸ਼੍ਰੀ ਚੰਦ ਸਕੂਲ ਚੂਹੜ-ਚੱਕ ਵਿੱਚ ਨਿੱਕੇ ਨਿੱਕੇ ਬੱਚਿਆਂ ਵੱਲੋਂ ਕ੍ਰਿਸ਼ਨ ਜਨਮ ਅਸ਼ਟਮੀ ਉਤਸਵ ਮਨਾਇਆ ਗਿਆ ਜਿਸ ਵਿੱਚ ਨਰਸਰੀ, ਐੱਲਕੇਜੀ ਅਤੇ ਯੂਕੇਜੀ ਜਮਾਤ ਦੇ ਬੱਚੇ ਰੰਗ ਬਿਰੰਗੀਆਂ ਪੁਸ਼ਾਕਾਂ ਵਿੱਚ ਕਾਨ੍ਹਾ ਤੇ ਰਾਧਾ ਬਣੇ ਨਜ਼ਰ ਆਏ।ਇਹ ਉਤਸਵ ਸਕੂਲ ਦੀ ਪ੍ਰਿੰਸੀਪਲ ਰੀਨਾ ਸਰਮਾਲ ਦੁਆਰਾ ਮਨਾਇਆ ਗਿਆ।ਉਨ੍ਹਾਂ ਨੇ ਸਕੂਲ ਦੇ ਵਿਦਿਆਰਥੀਆਂ ਨੂੰ ਰਾਧਾ ਕ੍ਰਿਸ਼ਨ ਦੇ ਜੀਵਨ ਬਾਰੇ ਬੱਚਿਆਂ ਨੂੰ ਦੱਸਿਆ ।ਸਕੂਲ ਦੇ ਐੱਮ. ਡੀ. ਸਤਨਾਮ ਸਿੰਘ ਨੇ ਬੱਚਿਆਂ ਨੂੰ ਜਨਮ ਅਸ਼ਟਮੀ ਦੀ ਵਧਾਈ ਦਿੱਤੀ ਤੇ ਰਲ-ਮਿਲ ਕੇ ਰਹਿਣ ਲਈ ਕਿਹਾ।ਅੱਠਵੀ, ਨੌਵੀਂ ਤੇ ਦੱਸਵੀਂ ਦੀਆਂ ਵਿਦਿਆਰਥਣਾਂ ਨੇ ਨਾਚ ਗਾਣਾ ਵੀ ਪੇਸ਼ ਕੀਤਾ ।ਬੱਚਿਆ ਵਿੱਚ ਜਨਮ ਅਸ਼ਟਮੀ ਪ੍ਰਤੀ ਉਤਸ਼ਾਹ ਵੇਖਿਆ ਗਿਆ ।ਇਸ ਮੌਕੇ ਸਕੂਲ ਦੇ ਵਾਇਸ ਪ੍ਰਿੰਸੀਪਲ ਅਸ਼ਵਨੀ ਕੁਮਾਰ, ਸਮੂਹ ਸਟਾਫ ਅਮਨਦੀਪ, ਵਿਕਾਸ ਬੈਂਸ, ਕਾਜਲ ਸਲਾਰੀਆ, ਕਾਜਲ, ਕਮਲਜੀਤ, ਗੁਰਜਿੰਦਰ ਕੌਰ, ਸੁਰੇਖ਼ਾ, ਸ਼ਾਲਿਨੀ ਸੈਣੀ, ਨੇਹਾ, ਕੋਆਰਡੀਨੇਟਰ ਇੰਦਰਜੀਤ ਕੌਰ, ਨੇਹਾ, ਜੀਵਨ, ਮਹਿਕ, ਅੰਜੂ, ਸਰਿਸ਼ਟਾ ਮੌਜੂਦ ਸਨ।



# ਗਲੋਬਲ ਪੰਜਾਬੀ ਐਸੋਸੀਏਸ਼ਨ ਵੱਲੋਂ ਬੇਅਦਬੀ ਦੇ ਮਾਮਲੇ 'ਤੇ ਸਖ਼ਤ ਕਾਨੂੰਨ ਬਣਾਉਣ ਦੀ ਮੰਗ



ਅੰਮ੍ਰਿਤਸਰ (ਜਗਦੀਸ਼ ਕਮਲੇਸ਼)-ਗਲੋਬਲ ਪੰਜਾਬੀ ਐਸੋਸੀਏਸ਼ਨ ਦੇ ਪ੍ਰਧਾਨ ਅਤੇ ਕਾਰਜਕਾਰੀ ਮੈਂਬਰਾਂ ਦੀ ਮੀਟਿੰਗ ਉਨ੍ਹਾਂ ਦੀ ਐਸੋਸੀਏਸ਼ਨ ਦੇ ਪ੍ਰਧਾਨ ਡਾ: ਕੁਲਵੰਤ ਸਿੰਘ ਧਾਲੀਵਾਲ ਬ੍ਰਾਂਡ ਏਸਬੈਸੈਂਸਰ ਵਰਲਡ ਕੈਂਸਰ ਕੇਅਰ ਸੁਸਾਇਟੀ ਦੀ ਪ੍ਰਧਾਨਗੀ ਹੇਠ ਹੋਟਲ ਹਾਲੀਡੇ ਵਿਖੇ ਹੋਈ।ਪਹਿਲੀ ਮੀਟਿੰਗ ਵਿੱਚ ਗੁਰੂਆਂ ਦੀ ਧਰਤੀ ਪੰਜਾਬ ਵਿੱਚ ਪਿਛਲੇ ਕੁਝ ਸਾਲਾਂ ਦੌਰਾਨ ਢਾਈ ਸੌ ਤੋਂ ਵੱਧ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਘਟਨਾਵਾਂ 'ਤੇ ਗੰਭੀਰ ਚਿੰਤਾ ਪ੍ਰਗਟਾਈ ਗਈ।ਉਸ ਸਮੇਂ ਦੀਆਂ ਸਰਕਾਰਾਂ ਅਤੇ ਸਿਆਸੀ ਪਾਰਟੀਆਂ ਇਸ ਗੰਭੀਰ ਮੁੱਦੇ ਨੂੰ ਸਿਆਸਤ ਅਤੇ ਸੱਤਾ ਹਾਸਲ ਕਰਨ ਲਈ ਹਥਿਆਰ ਵਜੋਂ ਵਰਤ ਰਹੀਆਂ ਹਨ।ਇਸ ਮਸਲੇ ਦੇ ਹੱਲ ਲਈ ਸੰਜੀਦਾ ਯਤਨ ਕਰਨ ਦੀ ਬਜਾਏ ਬਿਆਨਬਾਜ਼ੀ ਕਰਕੇ ਮਸਲੇ ਨੂੰ ਹੋਰ ਵੀ ਪੇਚੀਦਾ ਬਣਾ ਰਿਹਾ ਹੈ।ਜਥੇਬੰਦੀ ਦੇ ਆਨਰੇਰੀ ਸਕੱਤਰ ਡਾ: ਜਸਵਿੰਦਰ ਸਿੰਘ ਢਿੱਲੋਂ ਸਾਬਕਾ ਵਾਈਸ ਚਾਂਸਲਰ ਨੇ ਦੱਸਿਆ ਕਿ ਪੰਜਾਬੀ ਐਸੋਸੀਏਸ਼ਨ ਨੇ ਐਸੋਸੀਏਸ਼ਨ ਦੇ ਸਰਪ੍ਰਸਤ ਡਾ: ਇਕਬਾਲ ਸਿੰਘ ਲਾਲਪੁਰਾ ਦੀ ਅਗਵਾਈ ਹੇਠ ਕਾਨੂੰਨੀ ਮਾਹਿਰਾਂ ਦੀ ਰਾਇ ਲੈ ਕੇ ਇਸ ਸਬੰਧੀ ਜਾਣਕਾਰੀ ਦਿੱਤੀ। ਭਾਰਤ ਸਰਕਾਰ ਨੂੰ ਸਖ਼ਤ ਕਾਨੂੰਨ ਅਤੇ ਜੁਰਮਾਨੇ ਦੀ ਵਿਵਸਥਾ ਕਰਨ ਲਈ ਮੈਮੋਰੰਡਮ ਤਿਆਰ ਹੈ ਜਿਸ ਨੂੰ ਜਲਦੀ ਹੀ ਕੇਂਦਰੀ ਕਾਨੂੰਨ ਮੰਤਰੀ ਕੋਲ ਪੇਸ਼ ਕੀਤਾ ਜਾਵੇਗਾ।ਮੀਟਿੰਗ ਵਿੱਚ ਭਾਰਤ ਸਰਕਾਰ ਤੋਂ ਹਿੰਦੂ ਸਿੱਖ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ, ਪੰਜਾਬ ਵਿੱਚ ਅਸਲ ਸ਼ਾਂਤੀ ਦਾ ਮਾਹੌਲ ਸਿਰਜਣ, ਪੰਜਾਬ ਅਤੇ ਭਾਰਤ ਤੋਂ ਬਾਹਰਲੇ ਭਾਰਤੀਆਂ ਦੀ ਹਰ ਸੰਕਟ ਵਿੱਚ ਸਾਰਥਕ ਮਦਦ ਕਰਨ ਅਤੇ ਵਿਸ਼ੇਸ਼ ਤੌਰ 'ਤੇ ਭਾਰਤ ਸਰਕਾਰ ਤੋਂ ਤੁਰੰਤ ਮੰਗ ਕੀਤੀ ਗਈ।ਮੀਟਿੰਗ ਵਿੱਚ ਇਸ ਸਮੇਂ ਪ੍ਰੋ: ਗੁਰਵਿੰਦਰ ਸਿੰਘ ਮੰਮਣਕੇ, ਡਾ: ਰਮਨ ਗੁਪਤਾ, ਬ੍ਰਿਗੇਡੀਅਰ ਹਰਸ਼ਰਨ ਸਿੰਘ ਬੋਪਾਰਾਏ, ਸਰਦਾਰ ਦਲਜੀਤ ਸਿੰਘ ਕੋਹਲੀ, ਡਾ: ਧਰਮਵੀਰ ਸਿੰਘ ਸੂਰਿਆ ਆਨੰਦ, ਡਾ: ਸਤਿੰਦਰ ਕੌਰ ਮਨਚੰਦਾ, ਡਾ: ਚਮਕੀਲਾ ਸੋਹਲ, ਬਸੰਤ ਕੁਮਾਰ ਸ਼ਰਮਾ, ਮੁਕਲ ਸ਼ਰਮਾ ਨੇ ਵੀ ਪੰਜਾਬ ਵਿੱਚ ਸ਼ਾਂਤੀ ਦਾ ਮਾਹੌਲ ਬਣਾਉਣ ਲਈ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ ਲਈ ਆਪਣੇ ਵਿਚਾਰ ਰੱਖੇ।

# ਐੱਸ ਐੱਸ ਪੀ ਬਟਾਲਾ ਸੁਹੇਲ ਕਾਸਮ ਮੀਰ ਨੇ ਡੇਰਾ ਬਾਬਾ ਨਾਨਕ ਵਾਸੀਆਂ ਨਾਲ ਕੀਤੀ ਮੀਟਿੰਗ




ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਹਲਕਾ ਡੇਰਾ ਬਾਬਾ ਨਾਨਕ ਦੇ ਪਿੰਡ ਮਾਲੇਵਾਲ ਰੰਧਾਵਾ ਪੈਲੇਸ ਵਿੱਚ ਪੁਲਸ ਲੋਕ ਮਿਲਣੀ ਤਹਿਤ ਡੀਐੱਸਪੀ ਡੇਰਾ ਬਾਬਾ ਨਾਨਕ ਪ੍ਰੀਤਇੰਦਰ ਸਿੰਘ ਦੀ ਅਗਵਾਈ ਹੇਠ ਪੁਲਸ-ਪਬਲਿਕ ਮੀਟਿੰਗ ਕਰਵਾਈ ਗਈ।ਇਸ ਮੀਟਿੰਗ ਵਿੱਚ ਇਲਾਕੇ ਦੇ ਮੋਹਤਬਰ ਆਗੂਆਂ ਨੇ ਹਿੱਸਾ ਲਿਆ।ਇਸ ਮੀਟਿੰਗ ਵਿੱਚ ਪੁਲਸ ਜ਼ਿਲ੍ਹਾ ਬਟਾਲਾ ਦੇ ਐੱਸਐੱਸਪੀ ਸੁਹੇਲ ਕਾਸਮ ਮੀਰ, ਐੱਸਪੀ ਹੈਡਕਵਾਟਰ ਗੁਰਪ੍ਰਤਾਪ ਸਿੰਘ ਸਹੋਤਾ, ਹਲਕਾ ਇੰਚਾਰਜ ਆਮ ਆਦਮੀ ਪਾਰਟੀ ਗੁਰਦੀਪ ਸਿੰਘ ਰੰਧਾਵਾ ਵੱਲੋਂ ਸ਼ਿਰਕਤ ਕੀਤੀ ਗਈ।ਇਲਾਕੇ ਦੇ ਮੋਹਤਬਰ ਆਗੂਆਂ ਨੇ ਉਨ੍ਹਾਂ ਦਾ ਫੁੱਲਾਂ ਦਾ ਬੁੱਕੇ ਭੇਟ ਕਰਕੇ ਨਿੱਘਾ ਸਵਾਗਤ ਕੀਤਾ।ਇਸ ਮੌਕੇ ਐੱਸਐੱਸਪੀ ਬਟਾਲਾ ਨੇ ਲੋਕਾਂ ਦੀਆਂ ਜਨਤਕ ਮੁੱਦਿਆਂ ਤੇ ਸਮੱਸਿਆਵਾਂ ਸੁਣੀਆਂ ਜਿਨ੍ਹਾਂ ਦਾ ਹੱਲ ਕਰਨ ਲਈ ਮੌਕੇ ਤੇ ਅਧਿਕਾਰੀਆਂ ਨੂੰ ਨਿਰਦੇਸ਼ ਜਾਰੀ ਕੀਤੇ ਗਏ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਐੱਸਐੱਸਪੀ ਨੇ ਦੱਸਿਆ ਕਿ ਮਾਨਯੋਗ ਡੀਜੀਪੀ ਗੌਰਵ ਯਾਦਵ ਦੇ ਦਿਸ਼ਾ ਨਿਰਦੇਸ਼ਾਂ ਹੇਠ ਪਿੰਡਾਂ ਸ਼ਹਿਰਾਂ ਕਸਬਿਆਂ ਦੇ ਵਿੱਚ ਲੋਕ ਮਿਲਣੀ ਤਹਿਤ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ ਜਿਸ ਦੇ ਨਾਲ ਲੋਕਾਂ ਦਾ ਪੁਲਸ ਦੇ ਨਾਲ ਆਪਸੀ ਤਾਲਮੇਲ ਵਧੇਗਾ ਤੇ ਜੋ ਵੀ ਉਨਾਂ ਦੀਆਂ ਸਮੱਸਿਆਵਾਂ ਹਨ ਉਨ੍ਹਾਂ ਦਾ ਜਲਦੀ ਹੱਲ ਹੋਵੇਗਾ।ਉਨਾਂ ਇਲਾਕੇ ਦੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੋ ਵੀ ਸਮਾਜ ਵਿੱਚ ਭੈੜੇ ਅਨਸਰ ਹਨ ਉਨ੍ਹਾਂ ਦੇ ਸੰਬੰਧ ਵਿੱਚ ਪੁਲਸ ਨਾਲ ਤਾਲਮੇਲ ਕਰਕੇ ਦੱਸਿਆ ਜਾਵੇ। ਇਸ ਮੌਕੇ ਐੱਸਐੱਚਓ ਡੇਰਾ ਬਾਬਾ ਨਾਨਕ ਗੁਰਮੀਤ ਸਿੰਘ, ਐੱਸਐੱਚਓ ਕੋਟਲੀ ਸੂਰਤ ਮੱਲੀ ਮਨਬੀਰ ਸਿੰਘ, ਚੌਕੀ ਇੰਚਾਰਜ ਮਾਲੇਵਾਲ ਬਲਵਿੰਦਰ ਸਿੰਘ, ਗੀਡਰ ਗੁਰਪਾਲ ਸਿੰਘ, ਰਾਜਵਿੰਦਰ ਸਿੰਘ ਰਾਜੂ ਹਰਦੋਰਵਾਲ, ਰਾਜਾ ਮੱਲੀ, ਸਤਨਾਮ ਸਿੰਘ ਫੌਜੀ ਟਰਪੱਲਾ, ਸ਼ਰਨਜੀਤ ਸਿੰਘ ਤਲਵੰਡੀ ਰਾਮਾ, ਬੀਜੇਪੀ ਆਗੂ ਵਿਜੇ ਸੋਨੀ ਮੋਹਲੋਵਾਲੀ, ਦੀਦਾਰ ਸਿੰਘ ਲਾਹੌਰੀਆ, ਸਰਪੰਚ ਮਹਿੰਦਰ ਸਿੰਘ ਨਿਕੋਸਰਾ, ਲੱਕੀ ਸਰਫਕੋਟ, ਮਨਪ੍ਰੀਤ ਸਿੰਘ ਮੰਨਾ ਧਰਮਕੋਟ, ਕੁਲਦੀਪ ਸਿੰਘ ਭੁੱਲਰ, ਰਮਜੀਤ ਸਿੰਘ ਕੋਟ ਮੌਲਵੀ, ਦਲਬਾਗ ਸਿੰਘ ਪੱਬਾਰਾਲੀ, ਅਵਤਾਰ ਸਿੰਘ ਰੰਧਾਵਾ ਸਿੰਘਪੁਰਾ, ਡਾਕਟਰ ਬਲਵਿੰਦਰ ਸਿੰਘ ਉਦੋਵਾਲੀ, ਬਲਕਾਰ ਸਿੰਘ ਉਦੋਵਾਲੀ, ਸਰਪੰਚ ਹਰਬਿੰਦਰ ਸਿੰਘ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਵੀ ਇਲਾਕੇ ਦੇ ਮੋਹਤਬਰ ਆਗੂ ਹਾਜ਼ਰ ਸਨ।

# ਕੈਬਨਿਟ ਮੰਤਰੀ ਕਟਾਰੂਚੱਕ ਨੇ ਲੋੜਵੰਦਾਂ ਨੂੰ ਟਰਾਈ ਸਾਈਕਲ ਵੰਡੇ



ਪਠਾਨਕੋਟ:(ਦਵਿੰਦਰ ਸਿੰਘ)- ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਵੱਲੋਂ ਅਪਣੇ ਨਿਵਾਸ ਸਥਾਨ ਤੇ ਤਿੰਨ ਲੋੜਵੰਦ ਲੋਕਾਂ ਨੂੰ ਟਰਾਈ ਸਾਈਕਲਾਂ ਦੀ ਵੰਡ ਕੀਤੀ ਗਈ।ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਜੀ ਦੀ ਯੋਗ ਅਗਵਾਈ ਵਿੱਚ ਉਹ ਅਪਣੇ ਹਲਕੇ ਦੇ ਪਿੰਡਾਂ ਤੱਕ ਪਹੁੰਚ ਕਰ ਰਹੇ ਹਨ ਪਿਛਲੇ ਦਿਨਾਂ ਦੌਰਾਨ ਉਨ੍ਹਾਂ ਨੂੰ ਪਿੰਡ ਸਾਨਪੁਰ ਵਿਖੇ ਜਾਣ ਦਾ ਮੌਕਾ ਮਿਲਿਆ।ਇਸ ਦੌਰਾਨ ਪਿੰਡ ਦੇ ਦਿਵਿਆਂਗ ਬਜ਼ੁਰਗ ਲੋਕਾਂ ਵੱਲੋਂ ਉਨ੍ਹਾਂ ਨਾਲ ਰਾਬਤਾ ਕਾਇਮ ਕੀਤਾ ਅਤੇ ਦੱਸਿਆਂ ਕਿ ਉਨ੍ਹਾਂ ਨੂੰ ਟਰਾਈ ਸਾਈਕਿਲ ਦੀ ਲੋੜ ਹੈ ਅੱਜ ਉਨ੍ਹਾਂ ਤਿੰਨ ਬਜ਼ੁਰਗਾਂ ਨੂੰ ਟਰਾਈ ਸਾਈਕਿਲ ਦੀ ਵੰਡ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਮਨੁੱਖਤਾ ਦੀ ਸੇਵਾ ਲਈ ਤਿਆਰ ਰਹਿਣਾ ਚਾਹੀਦਾ ਹੈ ਅਤੇ ਅਪਣੇ ਆਪ ਨੂੰ ਭੁਲਣਾ ਨਹੀਂ ਚਾਹੀਦਾ।ਉਨ੍ਹਾਂ ਕਿਹਾ ਕਿ ਉਨ੍ਹਾਂ ਵੱਲੋਂ ਹੁਣ ਤੱਕ ਲੋੜਵੰਦ 11 ਲੋਕਾਂ ਨੂੰ ਪੰਜਾਬ ਸਰਕਾਰ ਵੱਲੋਂ ਆਏ ਟਰਾਈ ਸਾਈਕਿਲ ਵੰਡੇ ਗਏ ਹਨ ਤਾਂ ਜੋ ਲੋੜਵੰਦਾਂ ਦਾ ਜੀਵਨ ਸੁਖਾਲਾ ਹੋ ਸਕੇ।ਉਨ੍ਹਾਂ ਇੱਕ ਵਾਰ ਫਿਰ ਆਪਣੇ ਨਿਵਾਸ ਸਥਾਨ 'ਤੇ ਤਿੰਨ ਲੋੜਵੰਦਾਂ ਨੂੰ ਟਰਾਈਸਾਈਕਲ ਭੇਂਟ ਕੀਤੇ ਅਤੇ ਹਰੇਕ ਗਰੀਬ ਵਿਅਕਤੀ ਪ੍ਰਤੀ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਇਆ।ਉਨ੍ਹਾਂ ਕਿਹਾ ਕਿ ਸਾਨੂੰ ਮਾਨਵਤਾ ਦੇ ਆਧਾਰ 'ਤੇ ਹਰ ਉਸ ਵਿਅਕਤੀ ਦੀ ਮਦਦ ਲਈ ਅੱਗੇ ਆਉਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਆਖਰੀ ਮੁਕਾਮ 'ਤੇ ਖੜ੍ਹੇ ਹਰ ਉਸ ਵਿਅਕਤੀ ਨੂੰ ਸਰਕਾਰੀ ਸਕੀਮਾਂ ਦਾ ਲਾਭ ਦੇਣ ਲਈ ਯਤਨਸ਼ੀਲ ਹੈ ਜੋ ਅਸਲ ਵਿੱਚ ਇਸ ਦਾ ਹੱਕਦਾਰ ਹੈ।

# ਸੈਮੂਅਲ ਮਸੀਹ ਦੇ ਹਤਿਆਰੇ ਤਾਂਤਰਿਕ ਪਾਦਰੀ ਸਮੇਤ ਸਾਰੇ ਦੋਸ਼ੀਆਂ ਨੂੰ ਤੁਰੰਤ ਗ੍ਰਿਫ਼ਤਾਰ ਕੀਤਾ ਜਾਵੇ : ਤਰਕਸ਼ੀਲ ਸੁਸਾਇਟੀ



ਧਾਰੀਵਾਲ (ਮਨਦੀਪ ਸਿੰਘ ਵਿੱਕੀ)- ਤਰਕਸ਼ੀਲ ਸੁਸਾਇਟੀ ਪੰਜਾਬ ਨੇ ਜ਼ਿਲ੍ਹਾ ਗੁਰਦਾਸਪੁਰ ਪੁਲਸ ਥਾਣਾ ਧਾਰੀਵਾਲ ਦੇ ਪਿੰਡ ਸਿੰਘਪੁਰਾ ਵਿੱਚ ਨੌਜਵਾਨ ਸੈਮੂਅਲ ਮਸੀਹ ਨੂੰ ਅਖੌਤੀ ਭੂਤ ਪ੍ਰੇਤ ਕੱਢਣ ਦੀ ਆੜ ਹੇਠ ਕੁੱਟ ਕੁੱਟ ਕੇ ਜਾਨੋਂ ਮਾਰਨ ਦੀ ਵਹਿਸ਼ੀ ਘਟਨਾ ਦੀ ਸਖਤ ਨਿਖੇਧੀ ਕਰਦਿਆਂ ਪਾਦਰੀ ਸਮੇਤ ਸਾਰੇ ਮੁਲਜ਼ਮਾਂ ਨੂੰ ਤੁਰੰਤ ਗ੍ਰਿਫਤਾਰ ਕਰਨ ਅਤੇ ਸਖਤ ਤੋਂ ਸਖਤ ਸਜ਼ਾ ਦੇਣ ਦੀ ਮੰਗ ਕੀਤੀ ਹੈ। ਇਸਦੇ ਨਾਲ ਹੀ ਸੁਸਾਇਟੀ ਨੇ ਪੰਜਾਬ ਵਿਚ ਪਾਖੰਡੀ ਬਾਬਿਆਂ, ਤਾਂਤਰਿਕਾਂ ਵੱਲੋਂ ਧਾਰਮਿਕ ਆਸਥਾ ਹੇਠ ਅਖੌਤੀ ਭੂਤ ਪ੍ਰੇਤ ਕੱਢਣ ਦੀਆਂ ਗੈਰ ਕਾਨੂੰਨੀ ਗਤੀਵਿਧੀਆਂ ਉਤੇ ਸਖਤ ਪਾਬੰਦੀ ਲਾਉਣ ਲਈ ਪੰਜਾਬ ਸਰਕਾਰ ਤੋਂ ਪੰਜਾਬ ਵਿਚ ਅੰਧ ਵਿਸ਼ਵਾਸ ਰੋਕੂ ਕਾਨੂੰਨ ਲਾਗੂ ਕਰਨ ਦੀ ਵੀ ਜ਼ੋਰਦਾਰ ਮੰਗ ਕੀਤੀ ਹੈ। ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੂਬਾ ਕਮੇਟੀ ਆਗੂਆਂ ਮਾਸਟਰ ਰਾਜਿੰਦਰ ਭਦੌੜ, ਸੁਮੀਤ ਅੰਮ੍ਰਿਤਸਰ, ਜੋਗਿੰਦਰ ਕੁੱਲੇਵਾਲ ਅਤੇ ਜਸਵਿੰਦਰ ਫਗਵਾੜਾ ਨੇ ਇਕ ਪ੍ਰੈਸ ਬਿਆਨ ਰਾਹੀਂ ਕਿਹਾ ਕਿ ਦੁਨੀਆਂ ਵਿੱਚ ਅਜਿਹੀ ਕੋਈ, ਦੈਵੀ, ਤਾਂਤਰਿਕ ਸ਼ਕਤੀ ਨਹੀਂ ਹੈ ਜਿਸ ਨਾਲ ਕਿਸੇ ਬਿਮਾਰੀ ਦਾ ਧਾਰਮਿਕ ਪਾਠ ਪੂਜਾ ਰਾਹੀਂ ਕੋਈ ਇਲਾਜ ਕੀਤਾ ਜਾ ਸਕੇ ਅਤੇ ਲੋਕਾਂ ਨੂੰ ਸਿਰਫ ਵਿਗਿਆਨਕ ਸੋਚ ਅਤੇ ਡਾਕਟਰੀ ਇਲਾਜ ਪ੍ਰਣਾਲੀ ਉਤੇ ਭਰੋਸਾ ਕਰਕੇ ਅਜਿਹੇ ਪਾਖੰਡੀਆਂ ਦੀ ਲੁੱਟ ਤੋਂ ਬਚਣਾ ਚਾਹੀਦਾ ਹੈ। ਤਰਕਸ਼ੀਲ ਆਗੂਆਂ ਨੇ ਦੱਸਿਆ ਕਿ ਇਸ ਸਾਲ ਫਰਵਰੀ ਮਹੀਨੇ ਵਿੱਚ ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਸਮੂਹ ਮੰਤਰੀਆਂ, ਵਿਧਾਇਕਾਂ ਸਮੇਤ ਸਾਰੀਆਂ ਹੀ ਸਿਆਸੀ ਪਾਰਟੀਆਂ ਦੇ ਵਿਧਾਇਕਾਂ ਨੂੰ ਪੰਜਾਬ ਵਿੱਚ ਕਾਲਾ ਜਾਦੂ ਮੰਤਰ ਅਤੇ ਅੰਧ ਵਿਸ਼ਵਾਸ ਵਿਰੋਧੀ ਕਾਨੂੰਨ ਦੇ ਖਰੜੇ ਸਮੇਤ ਮੰਗ ਪੱਤਰ ਦਿੱਤੇ ਗਏ ਸਨ, ਪਰ ਸਰਕਾਰ ਵੱਲੋਂ ਕੋਈ ਕਾਰਵਾਈ ਅਮਲ ਵਿੱਚ ਨਹੀਂ ਲਿਆਂਦੀ ਗਈ। ਤਰਕਸ਼ੀਲ ਆਗੂਆਂ ਨੇ ਪੰਜਾਬ ਸਰਕਾਰ ਤੋਂ ਜ਼ੋਰਦਾਰ ਮੰਗ ਕੀਤੀ ਹੈ ਕਿ ਪਾਖੰਡੀ ਬਾਬਿਆਂ, ਤਾਂਤਰਿਕਾਂ ਦੀਆਂ ਗੈਰ-ਕਾਨੂੰਨੀ ਗਤੀਵਿਧੀਆਂ ਉੱਤੇ ਪਾਬੰਦੀ ਲਾਉਣ ਲਈ ਬਿਨਾਂ ਕਿਸੇ ਦੇਰੀ ਦੇ ਪੰਜਾਬ ਵਿੱਚ ਅੰਧ ਵਿਸ਼ਵਾਸ ਰੋਕੂ ਕਾਨੂੰਨ ਪਾਸ ਕਰਕੇ ਲਾਗੂ ਕੀਤਾ ਜਾਵੇ।

# ਬੀ ਕੇ ਯੂ ਏਕਤਾ ਉਗਰਾਹਾਂ ਨੇ ਪੁਲਸ ਥਾਣਾ ਡੇਰਾ ਬਾਬਾ ਨਾਨਕ ਅੱਗੇ ਲਾਇਆ ਧਰਨਾ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)- ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਡੇਰਾ ਬਾਬਾ ਨਾਨਕ ਵੱਲੋਂ ਬਲਾਕ ਪ੍ਰਧਾਨ ਗੁਰਬਚਨ ਸਿੰਘ ਖੋਦੇ ਬੇਟ ਦੀ ਅਗਵਾਈ ਹੇਠ ਪੁਲਸ ਥਾਣਾ ਡੇਰਾ ਬਾਬਾ ਨਾਨਕ ਅੱਗੇ ਧਰਨਾ ਦਿੱਤਾ ਗਿਆ ਕਿਉਂਕਿ ਜੋ ਪਿਛਲੇ ਦਿਨੀਂ ਪਿੰਡ ਮੁਲੋਵਾਲੀ ਦਾ ਫੌਜੀ ਸੁਖਪ੍ਰੀਤ ਸਿੰਘ ਸ਼ਹੀਦ ਹੋ ਗਿਆ ਸੀ ਉਸ ਦੇ ਭੋਗ ਵਾਲੇ ਦਿਨ ਉਸ ਦੇ ਘਰੋਂ ਉਸ ਦੇ ਪਿੰਡ ਦੇ ਨੌਜਵਾਨ ਰਣਜੀਤ ਸਿੰਘ ਨੇ ਆਪਣੇ ਸਾਥੀ ਗੋਪਾਲ ਸਿੰਘ ਠੇਠਰਕੇ ਨਾਲ ਮਿਲ ਕੇ ਉਸ ਦੇ ਘਰੋਂ 9 ਤੋਲੇ ਦੇ ਕਰੀਬ ਸੋਨਾ ਚੋਰੀ ਕਰ ਲਿਆ ਸੀ। ਪੁਲਸ ਨੇ ਦੋਵੇਂ ਦੋਸ਼ੀ ਫੜੇ ਅਤੇ ਜਿਹੜਾ ਉਨ੍ਹਾਂ ਨੇ ਸੋਨਾ ਰਣਜੀਤ ਸਿੰਘ ਨੇ ਆਪਣੀ ਭੈਣ ਅਤੇ ਦੂਸਰੀ ਔਰਤ ਸ਼ਰਨਜੀਤ ਕੌਰ ਸ਼ਾਹਪੁਰ ਨੂੰ ਦੇ ਦਿੱਤਾ। ਪੁਲਸ ਵੱਲੋਂ ਨਾ ਤੇ ਸ਼ਰਨਜੀਤ ਕੌਰ ਨੂੰ ਗ੍ਰਿਫਤਾਰ ਕੀਤਾ ਤੇ ਨਾ ਹੀ ਦੋਸ਼ੀ ਰਣਜੀਤ ਸਿੰਘ ਦੀ ਭੈਣ ਨੂੰ ਗ੍ਰਿਫਤਾਰ ਕੀਤਾ। ਉਸ ਦੇ ਰੋਸ ਵਜੋਂ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਅਤੇ ਇਲਾਕੇ ਦੇ ਲੋਕਾਂ ਨੇ ਥਾਣੇ ਦੇ ਅੱਗੇ ਸਖਤ ਪ੍ਰਦਰਸ਼ਨ ਕੀਤਾ ਅਤੇ ਫੈਸਲਾ ਕੀਤਾ ਕਿ ਜਿੰਨਾ ਚਿਰ ਸੋਨਾ ਰਿਕਵਰ ਅਤੇ ਬਾਕੀ ਰਹਿੰਦੇ ਦੋਸ਼ੀਆਂ ਦੀ ਗ੍ਰਿਫ਼ਤਾਰੀ ਨਹੀਂ ਹੁੰਦੀ ਉਨਾ ਚਿਰ ਧਰਨਾ ਪ੍ਰਦਰਸ਼ਨ ਜਾਰੀ ਰਹੇਗਾ।ਧਰਨੇ ਨੂੰ ਜ਼ਿਲਾ ਪ੍ਰਧਾਨ ਲਖਵਿੰਦਰ ਸਿੰਘ ਮੰਜਿਆਂਵਾਲੀ, ਜ਼ਿਲਾ ਜਨਰਲ ਦਲਜੀਤ ਸਿੰਘ ਚਿਤੌੜਗੜ੍ਹ, ਬਲਾਕ ਪ੍ਰਧਾਨ ਗੁਰਬਚਨ ਸਿੰਘ ਖੋਦੇ ਬੇਟ ਬਲਾਕ ਡੇਰਾ ਬਾਬਾ ਨਾਨਕ ਜਨਰਲ ਸਕੱਤਰ ਰੁਪਿੰਦਰ ਜੀਤ ਸਿੰਘ ਮਾਲੇਵਾਲ, ਜਗਮੀਤ ਸਿੰਘ ਕਠਿਆਲਾ, ਅਮਨਦੀਪ ਸਿੰਘ ਮੰਗੀਆਂ, ਦਿਲਜੀਤ ਸਿੰਘ ਗਿੱਲਾਂ ਵਾਲੀ, ਸੁਖਦੇਵ ਸਿੰਘ ਕਾਲਾ ਉਦੋਵਾਲੀ, ਸਿਮਰਨ ਜੋਤ ਸਿੰਘ ਮੂਲੋਂ ਵਾਲੀ, ਗੁਰਪ੍ਰੀਤ ਸਿੰਘ ਰਾਂਝਾ ਮੂਲੋਵਾਲੀ, ਸੇਮ ਸਿੰਘ ਖੋਦੇ ਬੇਟ, ਬਲਕਾਰ ਸਿੰਘ ਮੰਗੀਆਂ ਤੋਂ ਇਲਾਵਾ ਕਈ ਕਿਸਾਨ ਮਜ਼ਦੂਰ ਆਗੂ ਸ਼ਾਮਿਲ ਸਨ।

# ਪੰਡੋਰੀ ਰਣ ਸਿੰਘ 'ਚ ਲੱਗਾ ਐੱਚ ਆਈ ਵੀ/ਏਡਜ਼ ਜਾਗਰੂਕਤਾ ਕੈਂਪ



ਸਰਾਏ ਅਮਾਨਤ ਖਾਂ (ਮੱਖਣ ਮਨੋਜ)- ਪੰਜਾਬ ਸਟੇਟ ਏਡਜ਼ ਕੰਟਰੋਲ ਸੁਸਾਇਟੀ ਚੰਡੀਗੜ ਅਤੇ ਸਿਵਲ ਸਰਜਨ ਡਾਕਟਰ ਗੁਰਪ੍ਰੀਤ ਸਿੰਘ ਰਾਏ ਦੇ ਦਿਸ਼ਾ-ਨਿਰਦੇਸ਼ ਅਨੁਸਾਰ, ਡਾ. ਰਾਜੂ ਚੌਹਾਨ ਸੀਨੀਅਰ ਮੈਡੀਕਲ ਅਫਸਰ ਝਬਾਲ ਦੀ ਯੋਗ ਅਗਵਾਈ ਹੇਠ ਪੀਐੱਚਸੀ ਪੰਡੋਰੀ ਰਣ ਸਿੰਘ ਵਿੱਚ ਆਈ ਸੀਟੀਸੀ ਸੈਂਟਰ ਸਿਵਲ ਸਰਜਨ ਤਰਨ ਤਾਰਨ, ਸੰਪੂਰਨ ਸੁਰੱਖਸ਼ਾਂ ਕੇਂਦਰ ਅਤੇ ਡਾਊਨ ਬੋਸਕੋ ਐਨ ਜੀ ਓ ਵੱਲੋਂ ਐਚ ਆਈ ਵੀ/ਏਡਜ਼ ਜਾਗਰੂਕਤਾ ਕੈਂਪ ਲਗਾਇਆ ਗਿਆ ਜਿਸ ਵਿਚ ਆਏ ਹੋਏ ਲੋਕਾਂ ਨੂੰ ਏਡਜ਼ ਦੀ ਰੋਕਥਾਮ ਲਈ ਸੁਰੱਖਿਅਤ ਸੰਭੋਗ, ਸਰਿੰਜ ਸੂਈਆ, ਤੰਦਰੁਸਤ ਵਿਅਕਤੀ ਦਾ ਖੂਨ ਦਾਨ, ਆਦਿ ਤੇ ਭਰਭੂਰ ਜਾਣਕਾਰੀ ਦਿੰਦਿਆ ਹੈਲਥ ਸੁਪਰਵਾਈਜ਼ਰ ਸਰਬਜੀਤ ਸਿੰਘ ਅਤੇ ਗੁਰਵਿੰਦਰ ਸਿੰਘ ਭੌਜੀਆਂ ਨੇ ਦੱਸਿਆ ਕਿ ਆਪਣੇ ਜੀਵਨ ਸਾਥੀ ਨਾਲ ਵਫਾਦਾਰ ਰਹਿਣ, ਬਿਮਾਰ ਹੋਣ ਤੇ ਨਵੀ ਸਰਿੰਜ ਸੂਈ ਦੀ ਵਰਤੋ ਅਤੇ ਲੋੜ ਪੈਣ ਤੇ ਤੰਦਰੁਸਤ ਵਿਅਕਤੀ ਦਾ ਖੂਨ ਚੜਾਉਣਾ ਚਾਹੀਦਾ ਹੈ। ਇਸ ਮੌਕੇ ਡਾ. ਅਮਰਬੀਰ ਸਿੰਘ ਵੱਲੋ ਲੋਕਾ ਦਾ ਚੈੱਕ ਅੱਪ ਕੀਤਾ ਗਿਆ। ਗੋਲਡਨ ਆਰਟ ਥੀਏਟਰ ਵੱਲੋ ਨਾਟਕ ਰਾਹੀਂ ਲੋਕਾਂ ਨੂੰ ਏਡਜ਼ ਤੋ ਬਚਾਅ ਲਈ ਜਾਗਰੂਕ ਕੀਤਾ ।

ਇਸ ਮੌਕੇ ਮੈਡਮ ਪਿੰਕੀ, ਆਈਸੀਟੀਸੀ ਕੌਂਸਲਰ ਸਤਿੰਦਰ ਕੌਰ, ਲਵਲੀਨ ਕੌਰ ਐੱਲ ਟੀ, ਗੁਰਪ੍ਰੀਤ ਸਿੰਘ, ਸਨਮੀਤ ਕੌਰ ਸੀਐਚਓ, ਕੁਲਵਿੰਦਰਜੀਤ ਸਿੰਘ, ਦਵਿੰਦਰ ਕੌਰ, ਸੁਖਦੀਪ ਕੌਰ ਅਤੇ ਮਨਦੀਪ ਕੌਰ ਸਟਾਫ ਨਰਸ, ਨਵਤੇਜ ਸਿੰਘ, ਸਕੱਤਰ ਸਿੰਘ ਅਤੇ ਏਏਏ ਦੇ ਆਸ਼ਾ ਵਰਕਰ ਹਾਜ਼ਰ ਸਨ।ਇਸ ਕੈਂਪ ਨੂੰ ਸਫ਼ਲ ਬਣਾਉਣ ਲਈ ਆਮ ਆਦਮੀ ਪਾਰਟੀ ਦੇ ਆਗੂ ਡਾ. ਕੁਲਦੀਪ ਸਿੰਘ, ਜਗਦੀਸ਼ ਸਿੰਘ ਸਾਬਕਾ ਸਰਪੰਚ ਨੇ ਪੂਰਨ ਸਹਿਯੋਗ ਦਿੱਤਾ।

# ਪੁਲਸ ਵੱਲੋਂ ਨਸ਼ਾ ਤਸਕਰ ਦੀ 38 ਲੱਖ ਰੁਪਏ ਦੀ ਪ੍ਰਾਪਰਟੀ ਸੀਲ



ਧਾਰੀਵਾਲ, (ਮਨਦੀਪ ਸਿੰਘ ਵਿੱਕੀ)- ਥਾਣਾ ਧਾਰੀਵਾਲ ਦੀ ਪੁਲਸ ਨੇ ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਡੀਡਾ ਸਾਂਸੀਆਂ ਵਿੱਚ ਇਕ ਨਸ਼ਾ ਤਸਕਰ ਦੀ 38 ਲੱਖ ਰੁਪਏ ਦੀ ਪ੍ਰਾਪਰਟੀ ਸੀਲ ਕਰ ਦਿੱਤੀ ਹੈ। ਜ਼ਿਕਰਯੋਗ ਹੈ ਕਿ ਥਾਣਾ ਦੀ ਪੁਲਸ ਨੇ 11 ਨਵੰਬਰ 2024 ਨੂੰ ਮਿਨੀ ਕੈਂਟਰ ਵਿੱਚ ਇਕ ਕੁਇੰਟਲ ਚੂਰਾ ਪੋਸਤ (ਡੋਡੇ) ਅਤੇ 30 ਹਜਾਰ ਰੁਪਏ ਡਰੱਗ ਮਨੀ ਲੈ ਕੇ ਆਉਂਦੇ ਸਮੇਂ ਅਸ਼ਵਨੀ ਕੁਮਾਰ ਪੁੱਤਰ ਉਮ ਪ੍ਰਕਾਸ਼ ਵਾਸੀ ਬਾਂਠਾਵਾਲ ਥਾਣਾ ਬਹਿਰਾਮਪੁਰ ਅਤੇ ਕਰਨੈਲ ਚੰਦ ਉਰਫ ਗੋਗੀ ਪੁੱਤਰ ਸ਼੍ਰੀ ਰਾਮ ਵਾਸੀ ਡੀਡਾ ਸਾਂਸੀਆਂ ਥਾਣਾ ਦੀਨਾਨਗਰ ਨੂੰ ਕੈਂਟਰ ਗ੍ਰਿਫਤਾਰ ਕਰਕੇ ਉਨ੍ਹਾਂ ਵਿਰੁੱਧ ਕੇਸ ਦਰਜ ਕੀਤਾ ਸੀ, ਜਿਨ੍ਹਾਂ ਦੀ ਨਸ਼ੇ ਦੇ ਕਾਰੋਬਾਰ ਤੋਂ ਬਣਾਈ ਜਾਇਦਾਦ ਦੀ ਜਾਂਚ ਚੱਲ ਰਹੀ ਸੀ।

ਇਸ ਸਬੰਧੀ ਡੀਐੱਸਪੀ ਕੁਲਵੰਤ ਸਿੰਘ ਮਾਨ ਅਤੇ ਥਾਣਾ ਧਾਰੀਵਾਲ ਦੇ ਮੁਖੀ ਇੰਸਪੈਕਟਰ ਨੇ ਦੱਸਿਆ ਕਿ 11 ਨਵੰਬਰ 2023 ਨੂੰ ਥਾਣਾ ਧਾਰੀਵਾਲ ਦੀ ਪੁਲਸ ਨੇ ਅੰਮ੍ਰਿਤਸਰ-ਪਠਾਨਕੋਟ ਨੈਸ਼ਨਲ ਹਾਈਵੇਅ ਉਪਰ ਜਾਪੂਵਾਲ ਨੇੜੇ ਸਪੈਸ਼ਲ ਨਾਕਾ ਲਗਾ ਕੇ ਇਕ ਕੁਇੰਟਲ ਚੂਰਾ ਪੋਸਤ (ਡੋਡੇ) ਅਤੇ 30 ਹਜ਼ਾਰ ਰੁਪਏ ਡਰੱਗ ਮਨੀ ਸਣੇ ਮਿਨੀ ਕੈਂਟਰ ਨੰਬਰੀ ਪੀਬੀ 13 ਏ ਆਰ 7287 ਦੇ ਡਰਾਇਵਰ ਅਸ਼ਵਨੀ ਕੁਮਾਰ ਪੁੱਤਰ ਉਮ ਪ੍ਰਕਾਸ਼ ਵਾਸੀ ਬਾਂਠਾਵਾਲ ਥਾਣਾ ਬਹਿਰਾਮਪੁਰ ਅਤੇ ਕੰਡਕਟਰ ਸਾਇਡ ਬੈਠੇ ਕਰਨੈਲ ਚੰਦ ਉਰਫ ਗੋਗੀ ਪੁੱਤਰ ਸ਼੍ਰੀ ਰਾਮ ਵਾਸੀ ਡੀਡਾ ਸਾਂਸੀਆਂ ਥਾਣਾ ਦੀਨਾਨਗਰ ਗ੍ਰਿਫਤਾਰ ਕਰਕੇ ਉਨ੍ਹਾਂ ਵਿਰੁੱਧ ਕੇਸ ਦਰਜ ਕੀਤਾ ਸੀ। ਇਨ੍ਹਾਂ ਦੀ ਪ੍ਰਾਪਰਟੀ ਦੀ ਜਾਂਚ ਕਰਨ 'ਤੇ ਨਸ਼ੇ ਦੇ ਕਾਰੋਬਾਰ ਤੋਂ ਕਰਨੈਲ ਚੰਦ ਵਾਸੀ ਡੀਡਾ ਸਾਂਸੀਆਂ ਨੇ ਪ੍ਰਾਪਰਟੀ ਬਣਾਈ ਹੈ। ਸਰਕਾਰੀ ਸੰਬੰਧਿਤ ਅਥਾਰਟੀ ਦੇ ਹੁਕਮਾਂ ਅਨੁਸਾਰ ਸਾਰੀ ਕਾਰਵਾਈ ਮੁਕੰਬਲ ਕਰਕੇ ਅੱਜ ਪਿੰਡ ਡੀਡਾ ਸਾਂਸੀਆਂ ਵਿੱਚ ਪਹੁੰਚ ਕੇ ਨਸ਼ੇ ਦੇ ਕਾਰੋਬਾਰ ਤੋਂ ਕਰਨੈਲ ਚੰਦ ਦੀ ਬਣਾਈ 38 ਲੱਖ ਰੁਪਏ ਦੀ ਪ੍ਰਾਪਰਟੀ ਸੀਲ ਕਰ ਦਿੱਤੀ ਗਈ ਹੈ।

# ਡਾਇਰੈਕਟਰ ਢਿੱਲੋਂ ਨੇ ਲੋਕ ਮਿਲਣੀ ਦੌਰਾਨ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ ਦੇ ਡਾਇਰੈਕਟਰ (ਪ੍ਰਬੰਧਕੀ) ਜਸਬੀਰ ਸਿੰਘ ਢਿੱਲੋਂ ਨੇ ਆਪਣੇ ਗ੍ਰਹਿ ਪਿੰਡ ਸੁਰਸਿੰਘ ਵਿਖੇ ਲੋਕ ਮਿਲਣੀ ਪ੍ਰੋਗਰਾਮ ਤਹਿਤ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ।ਇਸ ਮੌਕੇ ਉਨ੍ਹਾਂ ਪਾਵਰਕਾਮ ਵਿਭਾਗ ਨਾਲ ਸੰਪਰਕ ਕਰਕੇ ਬਹੁ-ਗਿਣਤੀ ਲੋਕਾਂ ਦੀਆਂ ਮੁਸ਼ਕਲਾਂ ਦਾ ਮੌਕੇ ਤੇ ਨਿਪਟਾਰਾ ਵੀ ਕੀਤਾ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡਾਇਰੈਕਟਰ ਜਸਬੀਰ ਸਿੰਘ ਢਿੱਲੋਂ ਸੁਰਸਿੰਘ ਨੇ ਕਿਹਾ ਕਿ ਲੋਕਾਂ ਨੂੰ ਬਿਜਲੀ ਨਾਲ ਸੰਬੰਧਤ ਆਉਣ ਵਾਲੀਆਂ ਮੁਸ਼ਕਲਾਂ ਦਾ ਨਿਪਟਾਰਾ ਸਮੇਂ ਸਿਰ ਕੀਤਾ ਜਾਂਦਾ ਹੈ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਸੂਬੇ ਦੀ ਖੁਸ਼ਹਾਲੀ ਲਈ ਦਿਨ-ਰਾਤ ਮਿਹਨਤ ਕਰ ਰਹੀ ਹੈ।ਇਸ ਮੌਕੇ ਉਨ੍ਹਾਂ ਨੇ ਪਾਵਰਕਾਮ ਦੇ ਉੱਚ-ਅਧਿਕਾਰੀਆਂ ਨੂੰ ਹਦਾਇਤ ਦਿੱਤੀ ਕਿ ਇਲਾਕੇ ਦੇ ਲੋਕਾਂ ਦੇ ਕੰਮ ਸਮੇਂ ਸਿਰ ਕੀਤੇ ਜਾਣ।ਦੱਸਣਯੋਗ ਹੈ ਕਿ ਪਾਵਰਕਾਮ ਵਿਭਾਗ ਨਾਲ ਸੰਬੰਧਤ ਮਸਲੇ ਲੈ ਕੇ ਦੂਰੋਂ-ਨੇੜਿਓ ਆਏ ਹੋਏ ਲੋਕਾਂ ਨੇ ਡਾਇਰੈਕਟਰ ਸੁਰਸਿੰਘ ਦੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਲੋਕ ਮਿਲਣੀ ਦੌਰਾਨ ਉਨ੍ਹਾਂ ਦੇ ਮਸਲਿਆਂ ਦਾ ਨਿਪਟਾਰਾ ਬਿਨਾਂ ਕਿਸੇ ਖੱਜਲ-ਖੁਆਰੀ ਤੋਂ ਹੋ ਰਿਹਾ ਹੈ।ਇਸ ਮੌਕੇ ਆਪ ਆਗੂਆਂ ਤੇ ਵਰਕਰਾਂ ਵੱਲੋਂ ਜਸਬੀਰ ਸਿੰਘ ਢਿੱਲੋਂ ਨੂੰ ਸਿਰੋਪਾਓ ਭੇਟ ਕੀਤਾ ਗਿਆ।ਇਸ ਮੌਕੇ 'ਆਪ' ਆਗੂ ਸਤਨਾਮ ਸਿੰਘ ਅਮੀਸ਼ਾਹ, ਪਲਵਿੰਦਰ ਸਿੰਘ ਕੰਬੋਕੇ, ਕੰਵਲਜੀਤ ਸਿੰਘ, ਬਲਾਕ ਪ੍ਰਧਾਨ ਗੁਰਵਿੰਦਰ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਪਾਰਟੀ ਵਰਕਰ ਹਾਜ਼ਰ ਸਨ।



# ਸਨਾਤਨ ਚੇਤਨਾ ਮੰਚ ਵੱਲੋਂ ਜਨਮ ਅਸ਼ਟਮੀ ਸਮਾਗਮ ਦੀਆਂ ਤਿਆਰੀਆਂ ਮੁਕੰਮਲ



ਗੁਰਦਾਸਪੁਰ (ਜਨਕ ਮਹਾਜਨ)-ਸਨਾਤਨ ਚੇਤਨਾ ਮੰਚ ਗੁਰਦਾਸਪੁਰ ਵੱਲੋਂ ਸ਼੍ਰੀ ਕ੍ਰਿਸ਼ਨ ਮੰਦਿਰ ਮੰਡੀ ਵਿੱਚ ਸ਼੍ਰੀ ਕ੍ਰਿਸ਼ਨ ਜਨਮ ਅਸ਼ਟਮੀ ਨੂੰ ਮਨਾਉਣ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਇਹ ਜਾਣਕਾਰੀ ਸਨਾਤਨ ਚੇਤਨਾ ਮੰਚ ਦੇ ਕਨਵੀਨਰ ਜੁਗਲ ਕਿਸ਼ੋਰ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਸਮਾਗਮ ਦੌਰਾਨ ਸਾਰੇ ਮੈਂਬਰਾਂ ਦੀਆਂ ਵੱਖ-ਵੱਖ ਡਿਊਟੀਆਂ ਲਗਾਈਆਂ ਗਈਆਂ ਅਤੇ ਹਦਾਇਤ ਕੀਤੀ ਗਈ ਕਿ ਸਾਰੇ ਆਪਣੀ ਆਪਣੀ ਡਿਊਟੀ ਚੰਗੀ ਤਰ੍ਹਾਂ ਨਿਭਾਉਣ। ਇਸ ਮੌਕੇ ਵਿਕਾਸ ਮਹਾਜਨ ਨੇ ਦੱਸਿਆ ਕਿ 26 ਅਗਸਤ ਨੂੰ ਕੱਦਾਂ ਵਾਲੀ ਮੰਡੀ ਵਿਖੇ ਕ੍ਰਿਸ਼ਨ ਜਨਮ ਅਸ਼ਟਮੀ ਧੂਮਧਾਮ ਨਾਲ ਮਨਾਈ ਜਾਵੇਗੀ। ਸਮਾਗਮ ਪੂਰੀ ਤਰ੍ਹਾਂ ਨਾਲ ਧਾਰਮਿਕ ਰੰਗ ਵਿੱਚ ਰੰਗਿਆ ਹੋਵੇਗਾ ਅਤੇ ਕਿਸੇ ਵੀ ਤਰ੍ਹਾਂ ਦੀ ਹੁੱਲੜਬਾਜ਼ੀ ਨਹੀਂ ਹੋਣ ਦਿੱਤੀ ਜਾਵੇਗੀ। ਉਨ੍ਹਾਂ ਵੱਲੋਂ ਸ਼ਹਿਰ ਦੇ ਲੋਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਸਾਰੇ ਸ਼ਹਿਰਾਂ ਦੇ ਲੋਕ ਸ਼ਾਮਿਲ ਹੋ ਸ੍ਰੀ ਕ੍ਰਿਸ਼ਨ ਭਗਵਾਨ ਦਾ ਆਸ਼ੀਰਵਾਦ ਪ੍ਰਾਪਤ ਕਰਨ। ਇਸ ਮੌਕੇ ਸੁਭਾਸ਼ ਭੰਡਾਰੀ, ਭਾਰਤ ਗਾਬਾ, ਪੁਨੀਤ ਮਹਾਜਨ, ਅਨਮੋਲ ਸ਼ਰਮਾ, ਅਨੂ ਗੰਡੋਤਰਾ, ਰਿੰਕੂ ਮਹਾਜਨ, ਸੁਰਿੰਦਰ ਮਹਾਜਨ, ਅਤੁਲ ਮਹਾਜਨ, ਵਿਸ਼ਾਲ ਸ਼ਰਮਾ, ਤ੍ਰਿਭੁਵਨ, ਵਿਸ਼ਾਲ ਅਗਰਵਾਲ ਆਦਿ ਹਾਜ਼ਰ ਸਨ।

# ਚੀਫ਼ ਖ਼ਾਲਸਾ ਦੀਵਾਨ ਚੈਰੀਟੇਬਲ ਹਸਪਤਾਲ 'ਚ ਅਤਿ ਆਧੁਨਿਕ ਡੈਂਟਲ ਚੇਅਰ ਤੇ ਪੋਰਟੇਬਲ ਹੈਂਡੀ ਐਕਸ-ਰੇ ਮਸ਼ੀਨ ਦਾ ਉਦਘਾਟਨ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਸਿੱਖੀ ਸਿੱਖਿਆ ਦੇ ਨਾਲ-ਨਾਲ ਸੇਵਾ ਦੇ ਖੇਤਰ ਵਿਚ ਅਹਿਮ ਭੂਮਿਕਾ ਨਿਭਾਉਣ ਵਾਲੀ ਸਿੱਖ ਸੰਸਥਾ ਚੀਫ਼ ਖ਼ਾਲਸਾ ਦੀਵਾਨ ਵੱਲੋਂ ਸਮੇਂ-ਸਮੇਂ ਤੇ ਆਪਣੇ ਅਦਾਰਿਆਂ ਨੂੰ ਆਧੁਨਿਕ ਸਮੇਂ ਦਾ ਹਾਣੀ ਬਣਾਉਣ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਂਦੇ ਹਨ ਜਿਸ ਤਹਿਤ ਅੱਜ ਚੀਫ਼ ਖ਼ਾਲਸਾ ਦੀਵਾਨ ਹਸਪਤਾਲ ਵਿਖੇ ਚੱਲ ਰਹੇ ਡੈਂਟਲ ਵਿੰਗ ਵਿਚ ਅਤਿ-ਆਧੁਨਿਕ ਸੁਵਿਧਾਵਾਂ ਨਾਲ ਲੈਸ ਡੈਂਟਲ ਚੇਅਰ ਅਤੇ ਐਕਸ-ਰੇ ਮਸ਼ੀਨ ਦਾ ਉਦਘਾਟਨ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ ਦੇ ਕਰ-ਕਮਲਾਂ ਨਾਲ ਕੀਤਾ ਗਿਆ। ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਦੇ ਐਡੀ.ਆਨਰੇਰੀ ਸਕੱਤਰ ਅਤੇ ਹਸਪਤਾਲ ਦੇ ਮੈਂਬਰ ਇੰਚਾਰਜ ਜਸਪਾਲ ਸਿੰਘ ਢਿੱਲੋਂ, ਮੈਂਬਰ ਇੰਚਾਰਜ ਡਾ.ਆਤਮਜੀਤ ਸਿੰਘ ਬਸਰਾ ਅਤੇ ਡਾ.ਮਨਰੀਤ ਕੌਰ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਹਸਪਤਾਲ ਵਿਚ ਦੰਦਾਂ ਦੇ ਇਲਾਜ ਨੂੰ ਸੁਖਾਲਾ ਅਤੇ ਸੁਰੱਖਿਅਤ ਬਣਾਉਣ ਲਈ ਐਲ.ਈ.ਡੀ ਓਪਰੇਟਿੰਗ ਲਾਈਟ ਯੁਕਤ ਅਤਿ-ਆਧੁਨਿਕ ਡੈਂਟਲ ਚੇਅਰ ਲਗਾਈ ਗਈ ਹੈ ਜਿਸ ਵਿਚ ਹਾਈ ਸਪੀਡ, ਹਾਈ ਵੈਕਯੂਮ ਟਿਊਬ, ਮਲਟੀ ਪ੍ਰੋਗਰਾਮਿੰਗ ਪੀਸੀਬੀ, ਸੁਪਰੀਮ ਮਾਈਕਰੋ ਮੋਟਰ ਅਤੇ ਸੁਪਰੀਮ ਆਪਟਿਕ ਸਕੇਲਰ ਲਗਾਏ ਗਏ ਹਨ।

ਇਸ ਦੇ ਨਾਲ ਹੀ ਨਵੀਂ ਉੱਚ ਤਕਨੀਕੀ ਐਕਸ-ਰੇ ਮਸ਼ੀਨ ਜੋ ਕਿ ਪੁਰਾਣੀ ਰਿਵਾਇਤੀ ਮਸ਼ੀਨਾਂ ਤੋਂ ਹੱਟ ਕੇ ਇਕ ਹੈਂਡੀ ਮਸ਼ੀਨ ਹੈ, ਰਾਹੀਂ ਇਲਾਜ ਕਰਵਾ ਰਹੇ ਮਰੀਜ਼ ਦੇ ਨਜ਼ਦੀਕ ਲਿਜਾ ਕੇ ਸੌਖਿਆ ਹੀ ਐਕਸ-ਰੇ ਕੀਤਾ ਜਾ ਸਕਦਾ ਹੈ। ਉਨਾਂ ਨੇ ਦੱਸਿਆ ਕਿ ਇਸ ਐਕਸ-ਰੇ ਮਸ਼ੀਨ ਦੀ ਵਿਸ਼ੇਸ਼ਤਾਂ ਇਹ ਹੈ ਕਿ ਇਸ ਮਸ਼ੀਨ ਵਿਚ ਨੁਕਸਾਨ ਦੇਹ ਰੇਡੀਏਸ਼ਨ ਬਹੁਤ ਘੱਟ ਹੋਣ ਕਰਕੇ ਗਰਭਵਤੀ ਇਸਤਰੀਆਂ ਅਤੇ ਬੱਚਿਆਂ ਲਈ ਵੀ ਸੁਰੱਖਿਅਤ ਹੈ। ਉਨਾਂ ਨੇ ਕਿਹਾ ਕਿ ਦੰਦਾਂ ਦੀਆਂ ਆਮ ਸਮੱਸਿਆਵਾਂ ਦੇ ਨਾਲ-ਨਾਲ ਰੂਟ ਕਨਾਲ, ਦੰਦਾਂ ਦੀ ਬਲੀਚਿੰਗ ਅਤੇ ਵਾਈਟਨਿੰਗ, ਹੱਡੀਆਂ ਦੀ ਗ੍ਰਾਫਟਿੰਗ ਸਮੇਤ ਫਲੈਪ ਸਰਜਰੀ ਇਕ ਹੀ ਸੀਟਿੰਗ ਵਿਚ ਕਰ ਦਿੱਤੀ ਜਾਂਦੀ ਹੈ ਅਤੇ ਕੁਸ਼ਲ ਮਾਹਰ ਡਾਕਟਰਾਂ ਵੱਲੋਂ ਇੰਪਲਾਂਟ ਸਰਜਰੀ ਰਾਹੀਂ ਪੱਕੇ ਨਵੇਂ ਦੰਦ ਬਹੁਤ ਸੁਖਾਲੇ ਅਤੇ ਘੱਟ ਸਮੇਂ ਵਿਚ ਲਗਾ ਦਿੱਤੇ ਜਾਂਦੇ ਹਨ।



ਇਸ ਮੌਕੇ ਡਾ.ਇੰਦਰਬੀਰ ਸਿੰਘ ਨਿੱਜਰ, ਮੀਤ ਪ੍ਰਧਾਨ ਸ੍ਰ.ਜਗਜੀਤ ਸਿੰਘ, ਕਾਰਜਕਾਰੀ ਆਨਰੇਰੀ ਸਕੱਤਰ ਸ੍ਰ.ਸੁਖਜਿੰਦਰ ਸਿੰਘ ਪ੍ਰਿੰਸ ਨੇ ਹਸਪਤਾਲ ਮੈਂਬਰ ਸਾਹਿਬਾਨ ਅਤੇ ਸਟਾਫ ਨੂੰ ਵਧਾਈ ਦਿੰਦਿਆਂ ਸਫਲਤਾ ਲਈ ਸ਼ੁਭਕਾਮਨਾਵਾਂ ਦਿੱਤੀਆਂ। ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ ਨੇ ਕਿਹਾ ਕਿ ਆਉਣ ਵਾਲੇ ਤਕਨੀਕੀ ਸਮੇਂ ਵਿਚ ਚੀਫ਼ ਖ਼ਾਲਸਾ ਦੀਵਾਨ ਚੈਰੀਟੇਬਲ ਹਸਪਤਾਲ ਦੇ ਫਿਜ਼ਿਓਥੈਰਿਪੀ ਵਿੰਗ, ਹੋਮਿਓਪੈਥੀ ਵਿੰਗ, ਐਲੋਪੈਥੀ ਵਿੰਗ ਅਤੇ ਕਲੀਨਿਕਲ ਲੈਬਜ਼ ਨੂੰ ਵੀ ਹੋਰ ਵੀ ਨਵੇਂ ਅਲਟਰਾਮਾਡਰਨ ਮੈਡੀਕਲ ਉਪਕਰਨਾਂ ਅਤੇ ਉੱਚ ਪੱਧਰੀ ਤਕਨੀਕੀ ਮਸ਼ੀਨਾਂ ਨਾਲ ਸੁਸਜਿਤ ਕੀਤਾ ਜਾਵੇਗਾ ਤਾਂ ਜੋ ਮਰੀਜ ਆਪਣਾ ਇਲਾਜ ਆਧੁਨਿਕ ਤਰੀਕੇ ਨਾਲ ਬਹੁਤ ਸਹਿਜਤਾ, ਸਰਲਤਾ ਅਤੇ ਘੱਟ ਸਮੇਂ ਵਿਚ ਕਰਵਾ ਸਕਣ। ਇਸ ਮੌਕੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ, ਮੀਤ ਪ੍ਰਧਾਨ ਜਗਜੀਤ ਸਿੰਘ, ਕਾਰਜਕਾਰੀ ਆਨਰੇਰੀ ਸਕੱਤਰ ਸੁਖਜਿੰਦਰ ਸਿੰਘ ਪ੍ਰਿੰਸ, ਐਡੀ.ਆਨਰੇਰੀ ਸਕੱਤਰ ਅਤੇ ਹਸਪਤਾਲ ਦੇ ਮੈਂਬਰ ਇੰਚਾਰਜ ਜਸਪਾਲ ਸਿੰਘ ਢਿੱਲੋਂ, ਮੈਂਬਰ ਇੰਚਾਰਜ ਹਸਪਤਾਲ ਡਾ.ਆਤਮਜੀਤ ਸਿੰਘ ਬਸਰਾ, ਡਾ.ਮਨਰੀਤ ਕੌਰ ਅਤੇ ਹਸਪਤਾਲ ਦਾ ਸਮੂਹ ਸਟਾਫ ਹਾਜ਼ਰ ਸਨ।

## ਜਨਮ ਦਿਨ ਮੁਬਾਰਕ



ਅਨਾਇਆ ਭੁੱਲਰ ਤੇ ਅਨਾਇਤ ਭੁੱਲਰ



ਰਿਹਾਨ, ਨੂਰਮਹਿਲ



ਹੁਸਨਪ੍ਰੀਤ ਸਿੰਘ, ਪਿੰਡ ਗੰਡੀਵਿੰਡ



ਹਨੀ ਸ਼ਰਮਾ, ਬਟਾਲਾ

# ਦੇਰ ਰਾਤ ਕਾਲਾ ਸੰਘਿਆਂ 'ਚ ਲੁਟੇਰਿਆਂ ਨੇ ਦੁਕਾਨਦਾਰ 'ਤੇ ਚਲਾਈਆਂ ਗੋਲੀਆਂ



**ਕਾਲਾ ਸੰਘਿਆਂ (ਮਨਜੀਤ ਮਾਨ)** ਸਥਾਨਕ ਜਲੰਧਰ ਰੋਡ 'ਤੇ ਲੁਟੇਰਿਆਂ ਵੱਲੋਂ ਦੇਰ ਰਾਤ ਇੱਕ ਦੁਕਾਨਦਾਰ ਰਾਜੂ ਸਪਰਾ 'ਤੇ ਗੋਲੀਆਂ ਚਲਾ ਕੇ ਗੰਭੀਰ ਰੂਪ 'ਚ ਜ਼ਖ਼ਮੀ ਕਰਨ ਦੀ ਖ਼ਬਰ ਨਾਲ ਪਿੰਡ ਤੇ ਇਲਾਕੇ ਦੇ ਲੋਕਾਂ 'ਚ ਡਰ ਤੇ ਸਹਿਮ ਦਾ ਮਾਹੌਲ ਬਣ ਗਿਆ ਹੈ ਤੇ ਲੋਕ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ।ਇਸ ਸੰਬੰਧੀ ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਸਥਾਨਕ ਜਲੰਧਰ ਰੋਡ 'ਤੇ ਸਥਿਤ ਇੱਕ ਕਰਿਆਨੇ ਵਾਲੀ ਦੁਕਾਨ ਦੇ ਮਾਲਕ ਰਾਜੂ ਸਪਰਾ ਉੱਪਰ ਲੁੱਟ ਖੋਹ ਦੀ ਨੀਅਤ ਨਾਲ ਦੋ ਲੁਟੇਰਿਆਂ ਵੱਲੋਂ ਦੇਰ ਰਾਤ ਕਰੀਬ ਸਾਢੇ ਕੁ 10:30 ਵਜੇ ਦੁਕਾਨ 'ਚ ਵੜ੍ਹ ਕੇ ਹਮਲਾ ਕੀਤਾ ਗਿਆ ਤੇ ਉਨ੍ਹਾਂ ਵੱਲੋਂ ਦੁਕਾਨਦਾਰ ਦੀ ਲੱਤ ਦੇ ਵਿੱਚ ਗੋਲੀ ਮਾਰੇ ਜਾਣ ਦੀ ਖਬਰ ਹੈ ਤੇ ਬਾਅਦ ਦੇ ਵਿੱਚ ਇਨ੍ਹਾਂ ਲੁਟੇਰਿਆਂ ਨਾਲ ਗੁਥਮ ਗੁਥਾ ਹੁੰਦਿਆਂ ਵੇਖ ਕੇ ਰਸਤੇ 'ਚੋਂ ਲੰਘ ਰਹੇ ਨਿਹੰਗ ਸਿੰਘ ਜਥੇਦਾਰ ਹਰੀ ਸਿੰਘ ਕਲਿਆਣਪੁਰ ਵਾਲਿਆਂ ਵੱਲੋਂ ਜਦ ਉਕਤ ਦੋਸ਼ੀ ਨੌਜਵਾਨਾਂ ਨੂੰ ਕਾਬੂ ਕਰਨ ਦਾ ਯਤਨ ਕੀਤਾ ਗਿਆ ਤਾਂ ਪਤਾ ਲੱਗਾ ਹੈ ਕਿ ਉਨ੍ਹਾਂ ਦੇ ਉੱਪਰ ਵੀ ਭੱਜੇ ਜਾਂਦੇ ਲੁਟੇਰੇ ਵੱਲੋਂ ਗੋਲੀ ਚਲਾਉਣ ਦੀ ਖ਼ਬਰ ਹੈ, ਪਰ ਉਨ੍ਹਾਂ ਦਾ ਬਚਾਅ ਹੋ ਗਿਆ।ਇਸ ਘਟਨਾ ਦੇ 'ਚ ਕੁੱਲ ਤਿੰਨ ਫਾਇਰ ਹੋਣ ਦੀ ਖਬਰ ਸਾਹਮਣੇ ਆ ਰਹੀ ਹੈ, ਪਰ ਨਿਹੰਗ ਸਿੰਘਾਂ ਤੇ ਦੁਕਾਨਦਾਰ ਦੀ ਹਿੰਮਤ ਦੇ ਨਾਲ ਇੱਕ ਲੁਟੇਰਾ ਘਟਨਾ ਸਥਾਨ 'ਤੇ ਕਾਬੂ ਕਰ ਲਿਆ ਗਿਆ, ਜਿਸ ਨੇ ਆਪਣੀ ਪਛਾਣ ਦਲਜੀਤ ਪੰਮਾ ਵਾਸੀ ਪਿੰਡ ਔਜਲਾ ਦੱਸੀ ਹੈ ਜਦਕਿ ਉਸ ਨੇ ਦੱਸਿਆ ਕਿ ਉਸ ਦੇ ਨਾਲ ਉਸ ਦਾ ਸਾਥੀ ਰਾਜੂ ਅਹਿਮਦਪੁਰ ਸੀ, ਜਿਸ ਨੇ ਗੋਲੀਆਂ ਚਲਾਈਆਂ ਹਨ ਤੇ ਉਹ ਲਾਂਬੜੇ ਵੱਲ ਨੂੰ ਜਾ ਰਹੇ ਸਨ ਤੇ ਅਸਲਾ ਵੀ ਉਸਦੇ ਕੋਲ ਹੀ ਸੀ।ਇਹ ਦੋਵੇਂ ਲੁਟੇਰੇ ਮੋਟਰਸਾਈਕਲ 'ਤੇ ਸਵਾਰ ਸਨ ਤੇ ਮੋਟਰਸਾਈਕਲ ਵੀ ਕਾਬੂ ਕਰ ਲਿਆ ਗਿਆ ਹੈ। ਇਸੇ ਦੌਰਾਨ ਘਟਨਾ ਦੀ ਸੂਚਨਾ ਮਿਲਦੇ ਸਾਰ ਡੀ ਐਸ ਪੀ ਕਪੂਰਥਲਾ ਹਰਪ੍ਰੀਤ ਸਿੰਘ, ਐਸ ਐਚ ਓ ਸਦਰ ਸੋਨਮਦੀਪ ਕੌਰ ਤੇ ਸਥਾਨਕ ਚੌਂਕੀ ਇੰਚਾਰਜ ਅਮਰਜੀਤ ਸਿੰਘ ਏ ਐਸ ਆਈ ਸਮੇਤ ਪੁਲਸ ਪਾਰਟੀ ਨੇ ਮੌਕੇ 'ਤੇ ਪਹੁੰਚ ਕੇ ਲੁਟੇਰੇ ਨੂੰ ਹਿਰਾਸਤ 'ਚ ਲੈ ਲਿਆ। ਪੁਲਸ ਵੱਲੋਂ ਸੀ ਸੀ ਟੀ ਵੀ ਕੈਮਰਿਆਂ ਦੀ ਮੱਦਦ ਦੇ ਨਾਲ ਫਰਾਰ ਲੁਟੇਰੇ ਤੱਕ ਪੁੱਜਣ ਲਈ ਕਾਰਵਾਈ ਕੀਤੀ ਜਾ ਰਹੀ।

## ਲੱਖਾਂ ਰੁਪਏ ਠੱਗਣ ਵਾਲੇ ਟਰੈਵਲ ਏਜੰਟਾਂ ਖਿਲਾਫ ਮਾਮਲੇ ਦਰਜ

**ਟਾਂਡਾ ਉੜਮੁੜ ( ਜਸਵਿੰਦਰ ਸੰਧੂ, ਉਂਕਾਰ ਸਿੰਘ )**-ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ ਦੋ ਵੱਖ-ਵੱਖ ਪਰਵਾਰਾਂ ਕੋਲੋਂ ਲੱਖਾਂ ਰੁਪਏ ਦੀ ਠੱਗੀ ਕਰਨ ਵਾਲੇ 2 ਟਰੈਵਲ ਏਜੰਟਾਂ ਖਿਲਾਫ ਟਾਂਡਾ ਪੁਲਸ ਨੇ ਧੋਖਾਧੜੀ ਦਾ ਮਾਮਲਾ ਦਰਜ ਕੀਤਾ ਹੈ। ਡੀ.ਐਸ.ਪੀ ਸਬ ਡਵੀਜ਼ਨ ਟਾਂਡਾ ਦਵਿੰਦਰ ਸਿੰਘ ਬਾਜਵਾ ਤੇ ਥਾਣਾ ਮੁਖੀ ਟਾਂਡਾ ਇੰਸਪੈਕਟਰ ਗੁਰਿੰਦਰਜੀਤ ਸਿੰਘ ਨਾਗਰਾ ਨੇ ਦੱਸਿਆ ਕਿ ਜ਼ਿਲ੍ਹਾ ਪੁਲਸ ਮੁਖੀ ਨੂੰ ਦਿੱਤੀ ਗਈ ਸ਼ਿਕਾਇਤ ਵਿੱਚ ਭੁਪਿੰਦਰ ਸਿੰਘ ਪੁੱਤਰ ਬਲਕਾਰ ਸਿੰਘ ਵਾਸੀ ਪਿੰਡ ਨੰਗਲੀ ਜਲਾਲਪੁਰ ਨੇ ਦੱਸਿਆ ਕਿ ਉਕਤ ਟਰੈਵਲ ਏਜੰਟ ਦੰਪਤੀ ਨੇ ਉਸ ਦੇ ਪੁੱਤਰ ਨਵਤੇਜ ਸਿੰਘ ਨੂੰ ਅਮਰੀਕਾ ਭੇਜਣ ਦਾ ਝਾਂਸਾ ਦੇ ਕੇ ਅਵਤਾਰ ਸਿੰਘ ਪੁੱਤਰ ਗੁਰਬਖਸ਼ ਸਿੰਘ ਅਤੇ ਉਸ ਦੀ ਪਤਨੀ ਮਨਜੀਤ ਕੌਰ ਵਾਸੀ ਭੁਲੱਥ (ਕਪੂਰਥਲਾ) ਨੇ ਉਹਨਾਂ ਨਾਲ 9 ਲੱਖ 15 ਹਜ਼ਾਰ ਦੀ ਠੱਗੀ ਕੀਤੀ ਹੈ। ਟਾਂਡਾ ਪੁਲਸ ਨੇ ਉਕਤ ਟਰੈਵਲ ਦੰਪਤੀ ਖਿਲਾਫ ਧੋਖਾਧੜੀ ਅਤੇ ਇਮੀਗ੍ਰੇਸ਼ਨ ਐਕਟ ਅਧੀਨ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਇਸੇ ਤਰ੍ਹਾਂ ਹੀ ਦੂਸਰੇ ਮਾਮਲੇ ਵਿੱਚ ਹਰਦੀਪ ਸਿੰਘ ਪੁੱਤਰ ਜਗਤਾਰ ਸਿੰਘ ਵਾਸੀ ਧਾਮੀਆ ਖੁਰਦ ਵੱਲੋਂ ਜ਼ਿਲ੍ਹਾ ਪੁਲਸ ਮੁਖੀ ਨੂੰ ਦਿੱਤੀ ਗਈ ਸ਼ਿਕਾਇਤ ਵਿੱਚ ਟਾਂਡਾ ਪੁਲਸ ਨੇ ਸਵਰਨਾ ਰਾਮ ਪੁੱਤਰ ਬਤਨਾ ਰਾਮ ਬਾਸੀ ਕੁੰਟਾ ਹਰਿਆਣਾ ਦੇ ਖਿਲਾਫ ਧੋਖਾਧੜੀ ਤੇ ਇਮੀਗ੍ਰੇਸ਼ਨ ਐਕਟ ਅਧੀਨ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੀ ਗਈ ਸ਼ਿਕਾਇਤ ਵਿੱਚ ਹਰਦੀਪ ਸਿੰਘ ਨੇ ਦੱਸਿਆ ਕਿ ਉਕਤ ਟਰੈਵਲ ਏਜੰਟ ਨੇ ਉਸ ਦੇ ਪੁੱਤਰ ਕਰਨ ਜੋਤ ਸਿੰਘ ਨੂੰ ਪੁਰਤਗਾਲ ਭੇਜਣ ਦਾ ਝਾਂਸਾ ਦੇ ਕੇ ਉਸ ਨਾਲ ਇਕ ਲੱਖ ਰੁਪਏ ਦੀ ਠੱਗੀ ਕੀਤੀ ਹੈ। ਟਾਂਡਾ ਪੁਲਸ ਨੇ ਮਾਮਲਾ ਦਰਜ ਕਰਕੇ ਅਗਲੇਰੀ ਜਾਂਚ ਪੜਤਾਲ ਸ਼ੁਰੂ ਕਰ ਦਿੱਤੀ ਹੈ।

## ਏਰੀਆ ਯੂਥ ਅਲਾਇੰਸ ਬਲਾਚੌਰ ਵੱਲੋਂ ਬੀ ਏ ਵੀ ਸਕੂਲ 'ਚ ਖੇਡ ਸਮਾਗਮ




**ਬਲਾਚੌਰ (ਜਸਵਿੰਦਰ ਬੈਂਸ)** ਏਰੀਆ ਯੂਥ ਅਲਾਇੰਸ ਬਲਾਚੌਰ ਵੱਲੋਂ ਬੀ.ਏ.ਵੀ ਸਕੂਲ ਵਿੱਚ ਖੇਡ ਸਮਾਗਮ ਦਾ ਆਯੋਜਨ ਕੀਤਾ ਗਿਆ।ਜਿਸ ਵਿੱਚ ਲੜਕੀਆਂ ਅਤੇ ਲੜਕਿਆਂ ਵੱਲੋਂ ਦੌੜ, ਲੰਬੀ ਛਾਲ ਅਤੇ ਉੱਚੀ ਛਾਲ ਦਾ ਪ੍ਰਦਰਸ਼ਨ ਕੀਤਾ ਗਿਆ।ਏਰੀਆ ਯੂਥ ਅਲਾਇੰਸ ਦੇ ਮੈਂਬਰਾਂ ਨੇ ਦੱਸਿਆ ਕਿ ਅੱਜ ਕੱਲ੍ਹ ਪੰਜਾਬ ਵਿੱਚ ਸਾਡੀ ਨੌਜਵਾਨ ਪੀੜ੍ਹੀ ਨਸ਼ਿਆਂ ਵਿੱਚ ਫਸਦੀ ਜਾ ਰਹੀ ਹੈ, ਇਸ ਲਈ ਉਨ੍ਹਾਂ ਦੀ ਸੰਸਥਾ ਵੱਲੋਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਅਤੇ ਖੇਡਾਂ ਪ੍ਰਤੀ ਜਾਗਰੂਕ ਕਰਨ ਲਈ ਇਹ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਲੜਕੀਆਂ ਦੀ 800 ਮੀਟਰ ਦੌੜ ਕਰਵਾਈ ਅਤੇ ਲੜਕਿਆਂ ਨੇ 1600 ਮੀਟਰ ਦੌੜ ਦੌੜੀ।ਪਹਿਲਾਂ ਲੜਕਿਆਂ ਦੀ 1600 ਮੀਟਰ ਦੌੜ, ਫਿਰ ਲੜਕੀਆਂ ਦੀ 800 ਮੀਟਰ ਦੌੜ ਅਤੇ ਫਿਰ 45 ਸਾਲ ਤੋਂ ਵੱਧ ਉਮਰ ਦੇ ਵਿਅਕਤੀਆਂ ਦੀ 400 ਮੀਟਰ ਦੌੜ ਕਰਵਾਈ ਗਈ।ਇਸ ਤੋਂ ਬਾਅਦ ਲੜਕੀਆਂ ਦੇ ਲੰਬੀ ਛਾਲ ਅਤੇ ਲੜਕਿਆਂ ਦੇ ਲੰਬੀ ਛਾਲ ਦੇ ਮੁਕਾਬਲੇ, ਲੜਕੀਆਂ ਦੇ ਉੱਚੀ ਛਾਲ ਅਤੇ ਲੜਕਿਆਂ ਦੇ ਉੱਚੀ ਛਾਲ ਦੇ ਮੁਕਾਬਲੇ ਕਰਵਾਏ ਗਏ।ਇਸ ਮੌਕੇ ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਆਉਣ ਵਾਲੇ ਲੜਕੇ-ਲੜਕੀਆਂ ਦਾ ਏਰੀਆ ਯੂਥ ਅਲਾਇੰਸ ਦੀ ਟੀਮ ਵੱਲੋਂ ਮੈਡਲ ਅਤੇ ਟਰਾਫੀਆਂ ਦੇ ਕੇ ਸਵਾਗਤ ਕੀਤਾ ਗਿਆ। ਇਸ ਸਮਾਗਮ ਵਿੱਚ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਅਤੇ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਸਤਨਾਮ ਜਲਾਲਪੁਰ, ਸੀਨੀਅਰ ਆਗੂ ਅਸ਼ੋਕ ਕਟਾਰੀਆ, ਬਲਾਕ ਪ੍ਰਧਾਨ ਪ੍ਰਵੀਨ ਪੱਪਾ ਪੁਰੀ, ਕਾਂਗਰਸ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਅਜੈ ਮੰਗੂਪੁਰ, ਡੀ ਐਸ ਪੀ ਸ਼ਿਆਮ ਸੁੰਦਰ ਸ਼ਰਮਾ, ਥਾਣਾ ਸਿਟੀ ਦੇ ਐਸਐਚਓ ਸਤਨਾਮ ਸਿੰਘ, ਨਿਊ ਕੇਅਰ ਹਸਪਤਾਲ ਦੇ ਐਮ.ਡੀ.ਜਸਦੀਪ ਸੈਣੀ ਨਿਊਰੋ ਸਰਜਨ ਅਤੇ ਹੋਰ ਸਮਾਜ ਸੇਵੀ ਲੋਕ ਹਾਜ਼ਰ ਸਨ।

## ਮੁੰਨਾ ਵਿਖੇ ਛਿੰਝ ਮੇਲਾ 30 ਨੂੰ

**ਬੰਗਾ (ਅਵਤਾਰ ਕਲੇਰ)** ਬੰਗਾ ਹਲਕੇ ਦੇ ਪਿੰਡ ਮੁੰਨਾ ਵਿਖੇ ਗੁੱਗਾ ਜਾਹਰ ਪੀਰ ਨੂੰ ਸਮਰਪਿਤ ਸਲਾਨਾ ਛਿੰਝ ਮੇਲਾ 30 ਅਗਸਤ ਨੂੰ ਕਰਵਾਇਆ ਜਾ ਰਿਹਾ ਹੈ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਪ੍ਰਬੰਧਕਾਂ ਨੇ ਦੱਸਿਆ ਕਿ ਸਮੂਹ ਨਗਰ ਨਿਵਾਸੀਆਂ, ਐਨ ਆਰ ਆਈ ਵੀਰਾਂ ਅਤੇ ਛਿੰਝ ਕਮੇਟੀ ਦੀ ਮੀਟਿੰਗ ਸਾਂਝੇ ਤੌਰ 'ਤੇ ਕੀਤੀ ਗਈ। ਵਿਚਾਰ ਵਟਾਂਦਰਾ ਕਰਨ ਉਪਰੰਤ 30 ਅਗਸਤ ਨੂੰ ਛਿੰਝ ਮੇਲਾ ਕਰਵਾਉਣ ਦਾ ਫੈਸਲਾ ਕੀਤਾ ਗਿਆ। ਜਿਸ 'ਚ ਪਟਕੇ ਦੀ ਕੁਸ਼ਤੀ ਜਤਿੰਦਰ ਹਰਿਆਣਾ ਅਤੇ ਸ਼ਿਵਾ ਮਹਾਂਰਾਸ਼ਟਰ ਵਿਚਕਾਰ ਹੋਵੇਗੀ।ਦੂਸਰੇ ਨੰਬਰ ਦੀ ਕੁਸ਼ਤੀ ਪਹਿਲਵਾਨ ਅਭੀ ਗੋਲਬਾਗ ਤੇ ਜਸਵੀਰ ਮੇਹਲੀ ਵਿਚਕਾਰ ਹੋਵੇਗੀ।ਜੇਤੂ ਪਹਿਲਵਾਨਾਂ ਨੂੰ ਨਾਜਰ ਸਿੰਘ ਯੂ ਐਸ ਏ ਅਤੇ ਸਾਹਿਲ ਭੱਟੀ ਪੁੱਤਰ ਰਾਮ ਲੁਭਾਇਆ ਦੇ ਪਰਿਵਾਰ ਵਲੋ ਮੋਟਰਸਾਈਕਲਾਂ ਦੀ ਸੇਵਾ ਕੀਤੀ ਜਾਵੇਗੀ। ਪਹਿਲਵਾਨਾਂ ਨੂੰ ਅਖਾੜੇ ਚ ਖੁੱਲਾ ਸੱਦਾ ਦਿੱਤਾ ਗਿਆ ਹੈ।



## ਸਿੱਖਿਆ ਵਿਭਾਗ ਦਾ ਵਾਲੀਬਾਲ ਟੂਰਨਾਮੈਂਟ ਸ਼ੁਰੂ



**ਆਦਮਪੁਰ (ਪਰਮਜੀਤ ਸਿੰਘ)**-ਸਟੇਟ ਐਵਾਰਡੀ ਪ੍ਰਿੰਸੀਪਲ ਰਾਮ ਆਸਰਾ ਦੀ ਪ੍ਰਧਾਨਗੀ ਹੇਠ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਆਦਮਪੁਰ ਵਿਖੇ ਸਿੱਖਿਆ ਵਿਭਾਗ ਦੇ ਜ਼ੋਨਲ ਵਾਲੀਬਾਲ ਟੂਰਨਾਮੈਂਟ ਦਾ ਆਰੰਭ ਹੋਇਆ ਜਿਸ 'ਚ ਮੁੰਡਿਆਂ ਤੇ ਕੁੜੀਆਂ ਦੀਆਂ 21 ਟੀਮਾਂ ਨੇ ਹਿੱਸਾ ਲਿਆ।ਬਤੌਰ ਮੁੱਖ ਮਹਿਮਾਨ ਕੋਚ ਗੁਰਚਰਨ ਸਿੰਘ ਵਲੋਂ ਇਸ ਟੂਰਨਾਮੈਂਟ ਦਾ ਉਦਘਾਟਨ ਕੀਤਾ ਗਿਆ।ਵੱਖ ਵੱਖ ਟੀਮਾਂ ਵਿਚਕਾਰ ਬਹੁਤ ਫਸਵੇਂ ਮੁਕਾਬਲੇ ਹੋਏ।ਅੰਡਰ 14 ਸਾਲ ਉਮਰ ਵਰਗ ਦੇ ਮੁਕਾਬਲਿਆਂ ਵਿਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੰਦੋਲਾ ਦੀ ਟੀਮ ਪਹਿਲੇ 'ਤੇ ਸੈਕੰਡਰੀ ਸਕੂਲ ਕਪੂਰ ਪਿੰਡ ਦੀ ਟੀਮ ਦੂਜੇ ਸਥਾਨ 'ਤੇ ਰਹੀ।ਮੁੰਡਿਆਂ ਦੇ 19 ਸਾਲ ਵਰਗ ਵਿੱਚ ਸੰਤ ਬਾਬਾ ਭਾਗ ਸਿੰਘ ਸਕੂਲ ਦੀ ਟੀਮ ਪਹਿਲੇ 'ਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਆਦਮਪੁਰ ਦੀ ਟੀਮ ਦੂਜੇ ਸਥਾਨ 'ਤੇ ਰਹੀ।ਮੁੰਡਿਆਂ ਦੇ ਅੰਡਰ 17 ਸਾਲ ਉਮਰ ਵਰਗ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪੰਡੋਰੀ ਨਿੱਝਰਾਂ ਤੇ ਸੰਤ ਬਾਬਾ ਭਾਗ ਸਿੰਘ ਸਕੂਲ ਦੀਆਂ ਟੀਮਾਂ ਆਪਣੇ ਆਪਣੇ ਪੂਲ ਦੇ ਮੈਚ ਜਿੱਤ ਕੇ ਫਾਈਨਲ ਵਿੱਚ ਪੁੱਜ ਗਈਆਂ ਹਨ। ਪ੍ਰਿੰਸੀਪਲ ਸਤਿੰਦਰ ਕੌਰ, ਪ੍ਰਿੰਸੀਪਲ ਲਵਲੀਨ ਕੌਰ, ਲੈਕਚਰਾਰ ਗੁਰਿੰਦਰ ਸਿੰਘ ਤੇ ਸਮੂਹ ਅਧਿਆਪਕਾਂ ਨੇ ਇਸ ਟੂਰਨਾਮੈਂਟ ਵਾਸਤੇ ਕੀਤੇ ਵਧੀਆ ਪ੍ਰਬੰਧਾਂ ਲਈ ਜ਼ੋਨਲ ਕਮੇਟੀ ਦੇ ਪ੍ਰਧਾਨ ਪ੍ਰਿੰਸੀਪਲ ਰਾਮ ਆਸਰਾ, ਸਕੂਲ ਸਟਾਫ ਤੇ ਸਮੁੱਚੀ ਕਮੇਟੀ ਦਾ ਧੰਨਵਾਦ ਕੀਤਾ।

## ਲੱਚਰਤਾ ਨੂੰ ਹੱਲਾਸ਼ੇਰੀ ਦਿੰਦੀ ਗੀਤਕਾਰੀ ਤੇ ਗਾਇਕੀ ਨੂੰ ਠੱਲ੍ਹ ਪਾਉਣ ਲਈ ਇਪਟਾ ਦਾ ਵਫ਼ਦ ਸੰਧਵਾਂ ਨੂੰ ਮਿਲਿਆ

**ਚੰਡੀਗੜ੍ਹ (ਗੁਰਜੀਤ ਬਿੱਲਾ)** ਕਲਾ ਤੇ ਸਭਿਆਚਾਰ ਦੇ ਮਹੱਤਵ ਨੂੰ ਸਮਝਣ ਵਾਲੇ ਪੰਜਾਬ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਸੱਭਿਆਚਾਰਕ ਪ੍ਰਦੂਸ਼ਣ ਵਰਗੇ ਗੰਭੀਰ ਮਸਲੇ ਦੀ ਗੰਭੀਰਤਾ ਨੂੰ ਸਮਝਦਿਆਂ ਨਾਟਕਕਾਰ, ਨਾਟ-ਨਿਰਦੇਸ਼ਕ ਅਤੇ ਇਪਟਾ, ਪੰਜਾਬ ਦੇ ਪ੍ਰਧਾਨ ਸੰਜੀਵਨ ਸਿੰਘ ਦੀ ਰਹਿਨੁਮਾਈ ਹੇਠ ਮੀਤ ਪ੍ਰਧਾਨ ਅਮਨ ਭੋਗਲ, ਜ਼ਿਲ੍ਹਾ, ਮੁਹਾਲੀ ਦੇ ਪ੍ਰਧਾਨ ਨਰਿੰਦਰ ਪਾਲ ਨੀਨਾ, ਜਨਰਲ ਸਕੱਤਰ ਜਸਬੀਰ ਗਿੱਲ, ਸਰਘੀ ਕਲਾ ਕੇਂਦਰ ਦੀ ਵਿੱਤ ਸਕੱਤਰ ਨਰਿੰਦਰ ਨਸਰੀਨ (ਸਾਰੇ ਰੰਗਮੰਚ ਦੇ ਫਿਲਮਾਂ ਦੇ ਅਦਾਕਾਰ) ਦੀ ਸ਼ਮੂਲੀਅਤ ਵਾਲੇ ਵਫ਼ਦ ਨਾਲ ਲੱਚਰਤਾ, ਅਸ਼ਲੀਲਤਾ, ਨਸ਼ਿਆ ਅਤੇ ਹਿੰਸਾ ਨੂੰ ਹਲਾਸ਼ੇਰੀ ਦਿੰਦੀ ਗੀਤਕਾਰੀ ਤੇ ਗਾਇਕੀ ਨਾਲ ਨੌਜਵਾਨ ਵਿਚ ਆ ਰਹੇ ਵਿਗਾੜਾਂ ਤੇ ਨਿਘਾਰਾਂ ਬਾਰੇ ਖੁੱਲ ਕੇ ਚਰਚਾ ਕੀਤੀ। ਸੰਜੀਵਨ ਸਿੰਘ ਨੇ ਸਭਿਆਚਾਰਕ ਪ੍ਰਦੂਸ਼ਣ ਵਰਗੇ ਗੰਭੀਰ ਲੋਕ-ਮਸਲੇ ਲਈ ਤਿੰਨ ਦਹਾਕਿਆਂ ਵਿਚ ਪਹਿਲੀ ਵਾਰ ਕਿਸੇ ਰਾਜਨੀਤਿਕ ਆਗੂ ਵੱਲੋਂ ਮਿਲਣ ਲਈ ਸਮਾਂ ਦੇਣ 'ਤੇ ਸੰਤੁਸ਼ਟੀ ਤੇ ਖੁਸ਼ੀ ਜ਼ਾਹਿਰ ਕਰਦੇ ਕਿਹਾ ਕਿ ਕੁਲਤਾਰ ਸਿੰਘ ਸੰਧਵਾਂ ਹੋਰਾਂ ਇਪਟਾ ਦੇ ਕਾਰਕੁਨਾਂ ਨਾਲ ਗੱਲਬਾਤ ਦੌਰਾਨ ਸਭਿਆਚਾਰਕ ਪ੍ਰਦੂਸ਼ਣ ਵਰਗੇ ਸਮਾਜ ਲਈ ਘਾਤਿਕ ਮਸਲੇ ਬਾਰੇ ਭਾਰਤ ਸਰਕਾਰ ਦੇ ਸਬੰਧਤ ਮੰਤਰਾਲੇ ਨੂੰ ਅਰਧ ਸਰਕਾਰੀ ਪੱਤਰ ਲਿਖਣ ਲਈ ਕੀਤੀ ਗੁਜ਼ਾਰਿਸ਼ ਨੂੰ ਵਾਜਿਬ ਕਿਹਾ।ਸੰਧਵਾਂ ਸਾਹਿਬ ਇਹ ਵੀ ਕਿਹਾ, ਜਿਵੇ ਸਾਡਾ ਵਾਤਾਵਰਣ ਅਤੇ ਰਿਸ਼ਤੇ-ਨਾਤੇ ਪ੍ਰਦੂਸ਼ਤ ਹੋਣ ਤੋਂ ਬਚਾਉਣ ਲਈ ਵੱਡੇ ਉਪਰਾਲੇ ਕਰਨ ਦੀ ਲੋੜ ਹੈ। ਉਸੇ ਤਰ੍ਹਾਂ ਗੰਧਲੇ ਤੇ ਪਲੀਤ ਹੋ ਰਹੇ ਸਭਿਆਚਾਰ ਤੇ ਸਾਹਿਤ ਨੂੰ ਵੀ ਪ੍ਰਦੂਸ਼ਿਤ ਹੋਣ ਤੋਂ ਬਚਾਉਂਣ ਲਈ ਗੰਭੀਰ ਤੇ ਸੁਹਿਰਦ ਯਤਨ ਕਰਨੇ ਪੈਣਗੇ।

## ਰਵੀਸ਼ ਕੁਮਾਰ ਸੰਬੰਧੀ ਫ਼ਿਲਮ ਨੇ ਦਿੱਤਾ ਸੁਨੇਹਾ 'ਬੋਲ ਕਿ ਲਬ ਆਜ਼ਾਦ ਹੈਂ ਤੇਰੇ'

**ਜਲੰਧਰ** : ਪੀਪਲਜ਼ ਵਾਇਸ ਵੱਲੋਂ ਰਵੀਸ਼ ਕੁਮਾਰ ਦੇ ਪੱਤਰਕਾਰਤਾ ਦੇ ਸੰਗਰਾਮੀ ਜੀਵਨ ਸੰਬੰਧੀ ਵਿਨੈ ਸ਼ੁਕਲਾ ਦੁਆਰਾ ਬਣਾਈ ਫ਼ਿਲਮ 'ਵਾਈਲ ਵੂਈ ਵਾਚਡ' ਦੇਸ਼ ਭਗਤ ਯਾਦਗਾਰ ਹਾਲ 'ਚ ਬਣੇ ਦੇਸ਼ ਭਗਤ ਗੰਧਰਵ ਸੇਨ ਕੋਛੜ ਯਾਦਗਾਰੀ ਥੀਏਟਰ ਵਿੱਚ ਦਿਖਾਈ ਗਈ।ਇਹ ਫ਼ਿਲਮ ਕਾਰਪੋਰੇਟ ਘਰਾਣਿਆਂ ਦੀ ਅਜਾਰੇਦਾਰੀ ਬਣੇ ਗੋਦੀ ਮੀਡੀਆ ਦੀਆਂ ਪੈਰ ਪੈਰ 'ਤੇ ਗੁੰਝੀਆਂ ਅਤੇ ਜ਼ਾਹਰਾ ਰਮਜ਼ਾਂ ਉਪਰ ਤਿੱਖੇ ਕਟਾਖਸ਼ ਕੱਸਦੀ ਹੈ।ਇਹ ਫ਼ਿਲਮ ਹਨੇਰਿਆਂ ਦੇ ਦੌਰ ਅੰਦਰ ਪੱਤਰਕਾਰਤਾ ਦੇ ਸ਼ਾਨਾਮੱਤੇ ਸਫ਼ਰ ਦੀ ਇਤਿਹਾਸਕ ਗਾਥਾ ਹੈ।ਰਵੀਸ਼ ਕੁਮਾਰ ਵਰਗੇ ਲੋਕ ਸਰੋਕਾਰਾਂ ਅਤੇ ਨੈਤਿਕ ਕਦਰਾਂ ਕੀਮਤਾਂ ਨੂੰ ਪ੍ਰਨਾਏ ਪੱਤਰਕਾਰਾਂ ਨੂੰ ਪੈਰ ਪੈਰ 'ਤੇ ਕਿਵੇਂ ਅਨੇਕਾਂ ਦੁਸ਼ਵਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਇਸ ਦਾ ਮੂੰਹ ਬੋਲਦਾ ਸਫ਼ਰਨਾਮਾ ਹੈ।ਸਮਾਜਿਕ ਫਰਜ਼ਾਂ ਨੂੰ ਪ੍ਰਨਾਏ ਪੱਤਰਕਾਰਾਂ ਨੂੰ ਪਰਿਵਾਰਕ ਰਿਸ਼ਤਿਆਂ ਆਪਣੇ ਬੱਚਿਆਂ ਦੇ ਅੰਕੁਰ ਜਜ਼ਬਾਤਾਂ ਦੀ ਕਿਵੇਂ ਕੀਮਤ ਅਦਾ ਕਰਨੀ ਪੈਂਦੀ ਹੈ ਇਸਦਾ ਦ੍ਰਿਸਟਾਂਤ ਚਿੱਤਰਣ ਪੇਸ਼ ਕਰਦੀ ਫ਼ਿਲਮ ਦਰਸ਼ਕਾਂ ਨੂੰ ਕਈ ਵਾਰ ਭਾਵੁਕ ਕਰਦੀ ਹੈ।

ਫ਼ਿਲਮ ਦੀ ਸਕਰੀਨਿੰਗ ਮੌਕੇ ਪੀਪਲਜ਼ ਵਾਇਸ ਦੇ ਕੁਲਵਿੰਦਰ, ਅਰੁਨਦੀਪ, ਪਲਸ ਮੰਚ ਦੇ ਅਮੋਲਕ ਸਿੰਘ ਅਤੇ ਦਰਸ਼ਕਾਂ ਦੀ ਤਰਫ਼ੋਂ ਚਰਨਜੀਤ ਸਿੰਘ ਨੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਇਹ ਫ਼ਿਲਮ ਰਵੀਸ਼ ਕੁਮਾਰ ਦੀ ਪੱਤਰਕਾਰਤਾ ਦੀ ਵਿਲੱਖਣ ਦੁਨੀਆਂ ਅੰਦਰ ਸਮਾਜ ਪ੍ਰਤੀ ਸੁਹਿਰਦ ਨਜ਼ਰੀਏ ਅਤੇ ਕਾਰਜਸ਼ੀਲਤਾ ਦੀ ਖ਼ਤਰਿਆਂ ਭਰੀ ਜ਼ਿੰਦਗੀ ਸਾਡੇ ਸਮਿਆਂ ਅਤੇ ਆਉਣ ਵਾਲੇ ਕੱਲ੍ਹ ਦੀਆਂ ਚੁਣੌਤੀਆਂ ਨਾਲ਼ ਮੱਥਾ ਲਾਉਣ ਲਈ ਪ੍ਰਿੰਟ ਮੀਡੀਆ ਅਤੇ ਇਲੈਕਟ੍ਰਾਨਿਕ ਮੀਡੀਆ ਨੂੰ ਕਿਵੇਂ ਅੱਗ ਦਾ ਸਫ਼ਰ ਜਾਰੀ ਰੱਖਣ ਲਈ ਪ੍ਰਤੀਬੱਧਤਾ ਦੀ ਲੋੜ ਹੈ ਇਸਦੀ ਦਾਸਤਾਨ ਪੇਸ਼ ਕਰਦੀ ਹੈ।ਡੇਢ ਘੰਟੇ ਦੀ ਇਸ ਫ਼ਿਲਮ ਨੇ ਦਰਸ਼ਕਾਂ ਨੂੰ ਆਪਣੇ ਕਲਾਵੇ ਵਿਚ ਇਉਂ ਲਿਆ ਜਿਵੇਂ ਉਹ ਖੁਦ ਵੀ ਇਸ ਦਸਤਾਵੇਜ਼ੀ ਫ਼ਿਲਮ ਦੇ ਪਾਤਰ ਹੋਣ।ਇਹਨਾਂ ਬੁਲਾਰਿਆਂ ਨੇ ਕਿਹਾ ਕਿ ਆਉਣ ਵਾਲੇ ਕੱਲ੍ਹ ਨੂੰ ਫ਼ਿਰਕੂ ਫਾਸ਼ੀ ਹੱਲੇ ਦੀਆਂ ਚੁਣੌਤੀਆਂ ਸਾਡੇ ਸਿਰ ਵਡੇਰੀਆਂ ਜ਼ਿੰਮੇਵਾਰੀਆਂ ਦੇ ਸੰਕੇਤ ਦੇ ਰਹੀਆਂ ਜਿਨ੍ਹਾਂ ਸਬੰਧੀ ਰਵੀਸ਼ ਕੁਮਾਰ ਸੰਬੰਧੀ ਬਣੀ ਫ਼ਿਲਮ ਇਉਂ ਕਹਿੰਦੀ ਪ੍ਰਤੀਤ ਹੁੰਦੀ ਹੈ: 'ਬੋਲ ਕਿ ਲਵ ਆਜ਼ਾਦ ਹੈਂ ਤੇਰੇ...'

## 'ਖੇਡਾਂ ਵਤਨ ਪੰਜਾਬ ਦੀਆਂ-2024' ਸੀਜ਼ਨ-3 ਬਾਰੇ ਕੱਢੀ ਮਸ਼ਾਲ ਦਾ ਹੁਸ਼ਿਆਰਪੁਰ ਪਹੁੰਚਣ 'ਤੇ ਸਵਾਗਤ




**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)** 'ਖੇਡਾਂ ਵਤਨ ਪੰਜਾਬ ਦੀਆਂ-2024' ਸੀਜਨ-3 ਬਾਰੇ ਜਾਗਰੂਕਤਾ ਪੈਦਾ ਕਰਨ ਲਈ ਕੱਢੀ ਗਈ ਮਸ਼ਾਲ ਦਾ ਹੁਸ਼ਿਆਰਪੁਰ ਪਹੁੰਚਣ 'ਤੇ ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ, ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ, ਡਿਪਟੀ ਕਮਿਸ਼ਨਰ ਕੋਮਲ ਮਿੱਤਲ ਅਤੇ ਮੇਅਰ ਸੁਰਿੰਦਰ ਕੁਮਾਰ ਸਮੇਤ ਹੋਰ ਪਤਵੰਤਿਆਂ ਅਤੇ ਅੰਤਰਰਾਸ਼ਟਰੀ ਖਿਡਾਰੀਆਂ ਵੱਲੋਂ ਸ਼ਾਨਦਾਰ ਸਵਾਗਤ ਕੀਤਾ ਗਿਆ। ਇਹ ਮਸ਼ਾਲ ਲਾਜਵੰਤੀ ਸਟੇਡੀਅਮ, ਰਾਮਗੜ੍ਹੀਆ ਚੌਕ, ਮਹਾਰਾਣਾ ਪ੍ਰਤਾਪ ਚੌਕ ਤੋਂ ਹੁੰਦੇ ਹੋਏ ਜਲੰਧਰ ਲਈ ਰਵਾਨਾ ਕਰ ਦਿੱਤੀ ਗਈ।ਇਸ ਮੌਕੇ ਪਦਮਸ਼੍ਰੀ ਪ੍ਰੇਮ ਨਾਥ ਡੋਗਰਾ, ਅਰਜੁਨ ਅਵਾਰਡੀ ਸਰੋਜ ਬਾਲਾ, ਅੰਤਰਰਾਸ਼ਟਰੀ ਫੁੱਟਬਾਲ ਖਿਡਾਰੀ ਹਰਮਨਜੋਤ ਸਿੰਘ ਖਾਂਬੜਾ, ਏਸ਼ੀਅਨ ਮੈਡਲਿਸਟ ਪ੍ਰਦੀਪ ਡੋਗਰਾ, ਐਸ.ਪੀ ਮਨੋਜ ਠਾਕੁਰ, ਐਸ.ਡੀ.ਐਮ ਸੰਜੀਵ ਸ਼ਰਮਾ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਡਿਪਟੀ ਮੇਅਰ ਰਣਜੀਤ ਚੌਧਰੀ, ਹੁਸ਼ਿਆਰਪੁਰ ਸਹਿਕਾਰੀ ਬੈਂਕ ਦੇ ਚੇਅਰਮੈਨ ਵਿਕਰਮ ਸ਼ਰਮਾ ਵੀ ਮੌਜੂਦ ਸਨ।ਇਸ ਦੌਰਾਨ ਮਸ਼ਾਲ ਮਾਰਚ ਵਿਚ ਹਿੱਸਾ ਲੈ ਰਹੇ ਸਮੂਹ ਖੇਡ ਪ੍ਰੇਮੀਆਂ, ਖਿਡਾਰੀਆਂ ਅਤੇ ਕੋਚਾਂ ਦਾ ਲਾਜਵੰਤੀ ਸਟੇਡੀਅਮ ਵਿਚ ਸਵਾਗਤ ਕਰਦੇ ਹੋਏ ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਲਗਾਤਾਰ ਤੀਜੀ ਵਾਰ ਕਰਵਾਈਆਂ ਜਾ ਰਹੀਆਂ 'ਖੇਡਾਂ ਵਤਨ ਪੰਜਾਬ ਦੀਆਂ' ਸੂਬੇ ਵਿਚ ਖੇਡ ਸੱਭਿਆਚਾਰ ਪੈਦਾ ਕਰਨ ਵਿਚ ਆਪਣਾ ਅਹਿਮ ਯੋਗਦਾਨ ਦੇ ਰਹੀਆਂ ਹਨ।

## ਗੁਰੂ ਨਾਨਕ ਖਾਲਸਾ ਕਾਲਜ 'ਚ ਤੀਜ ਤੇ ਪ੍ਰਤਿਭਾ ਖੋਜ ਮੁਕਾਬਲੇ



**ਸੁਲਤਾਨਪੁਰ ਲੋਧੀ (ਹਨੀ)** ਗੁਰੂ ਨਾਨਕ ਖਾਲਸਾ ਕਾਲਜ ਸੁਲਤਾਨਪੁਰ ਲੋਧੀ ਵਿਖੇ ਵਿਦਿਆਰਥੀਆਂ ਦੇ ਪ੍ਰਤਿਭਾ ਖੋਜ ਮੁਕਾਬਲੇ ਅਤੇ ਤੀਜ ਸਮਾਗਮ ਕਰਵਾਇਆ ਗਿਆ।ਕਾਲਜ ਪ੍ਰਬੰਧਕ ਕਮੇਟੀ ਦੇ ਉਪ ਪ੍ਰਧਾਨ ਇੰਜੀਨੀਅਰ ਹਰਨਿਆਮਤ ਕੌਰ ਦਾ ਸਮਾਗਮ 'ਚ ਬਤੌਰ ਮੁੱਖ ਮਹਿਮਾਨ ਵਜੋਂ ਪਹੁੰਚਣ 'ਤੇ ਸਟਾਫ਼ ਮੈਂਬਰਾਂ ਅਤੇ ਵਿਦਿਆਰਥੀਆਂ ਵਲੋਂ ਸਵਾਗਤ ਕੀਤਾ ਗਿਆ।ਇਸ ਦੌਰਾਨ ਵਿਦਿਆਰਥੀਆਂ ਵੱਡੀ ਗਿਣਤੀ ਵਿੱਚ ਸ਼ਿਰਕਤ ਕਰਦਿਆਂ ਸ਼ਬਦ ਗਾਇਨ, ਗੀਤ, ਲੋਕ ਗੀਤ, ਕਵਿਤਾ, ਸੋਲੋ ਡਾਂਸ, ਗਰੁੱਪ ਡਾਂਸ, ਭੰਗੜਾ, ਗਿੱਧਾ ਆਦਿ ਆਈਟਮਾਂ ਵਿੱਚ ਹਿੱਸਾ ਲਿਆ।ਕਾਰਜਕਾਰੀ ਪ੍ਰਿੰਸੀਪਲ ਜਸਬੀਰ ਕੌਰ ਨੇ ਇਹਨਾਂ ਵੱਖ-ਵੱਖ ਮੁਕਾਬਲਿਆਂ 'ਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੱਤੀ।ਬੀ ਏ ਭਾਗ ਤੀਜਾ ਦੀ ਕਿਰਨਦੀਪ ਮਿਸ ਤੀਜ ਦਾ ਖਿਤਾਬ ਹਾਸਲ ਕਰਨ 'ਚ ਸਫਲ ਰਹੀ।ਬੀ ਏ ਭਾਗ ਤੀਜਾ ਦੀ ਨਵਨੀਤ ਕੌਰ ਫਸਟ ਰਨਰਅੱਪ ਰਹੀ, ਜਦਕਿ ਜਸਲੀਨ ਕੌਰ ਬੀ. ਕਾਮ ਭਾਗ ਤੀਜਾ, ਕੋਮਲਪ੍ਰੀਤ ਕੌਰ ਬੀ. ਸੀ. ਏ ਭਾਗ ਪਹਿਲਾ ਅਤੇ ਪ੍ਰਿਅੰਕਾ ਬੀ ਸੀ ਏ ਭਾਗ ਪਹਿਲਾ ਸਾਂਝੇ ਤੌਰ 'ਤੇ ਸੈਕਿੰਡ ਰਨਰਅੱਪ ਰਹੀਆਂ।ਕਵਿਤਾ ਉਚਾਰਨ ਮੁਕਾਬਲੇ 'ਚ ਬੀ ਸੀ ਏ ਭਾਗ ਦੂਜਾ ਦੀ ਸਿਮਰਨਪ੍ਰੀਤ ਕੌਰ ਪਹਿਲੇ, ਐਮ ਏ ਪੰਜਾਬੀ ਭਾਗ ਪਹਿਲਾ ਦੀ ਅਨਿਕੇਤ ਕੌਰ ਦੂਜੇ ਅਤੇ ਐਮ ਏ ਪੰਜਾਬੀ ਭਾਗ ਪਹਿਲਾ ਦਾ ਧਰਮਪ੍ਰੀਤ ਸਿੰਘ ਤੀਸਰਾ ਸਥਾਨ 'ਤੇ ਰਹੀ।ਗੀਤ ਅਤੇ ਲੋਕ-ਗੀਤ ਮੁਕਾਬਲੇ 'ਚ ਹਰਪ੍ਰੀਤ ਕੌਰ ਅਤੇ ਚੰਨਪ੍ਰੀਤ ਕੌਰ ਬੀ. ਏ ਭਾਗ ਪਹਿਲਾ ਨੇ ਪਹਿਲਾ, ਇਰਫਾਨ ਅਲੀ ਬੀ. ਕਾਮ ਭਾਗ ਪਹਿਲਾ ਨੇ ਦੂਸਰਾ ਅਤੇ ਗੁਲਸ਼ਨਪ੍ਰੀਤ ਕੌਰ ਬੀ ਏ ਭਾਗ ਦੂਜਾ ਨੇ ਤੀਸਰਾ ਸਥਾਨ ਹਾਸਲ ਕੀਤਾ।ਸੋਲੋ ਡਾਂਸ ਮੁਕਾਬਲੇ 'ਚ ਕੋਮਲਪ੍ਰੀਤ ਕੌਰ ਬੀ ਏ ਭਾਗ ਪਹਿਲਾ ਨੇ ਪਹਿਲਾ, ਗਗਨਪ੍ਰੀਤ ਕੌਰ ਬੀ ਏ ਭਾਗ ਤੀਜਾ ਨੇ ਦੂਸਰਾ, ਹਰਪ੍ਰੀਤ ਕੌਰ ਬੀ. ਕਾਮ ਭਾਗ ਤੀਜਾ ਨੇ ਤੀਸਰਾ ਸਥਾਨ ਹਾਸਲ ਕੀਤਾ।ਭੰਗੜੇ ਦੇ ਮੁਕਾਬਲੇ ਵਿੱਚ ਅਕਾਸ਼ਦੀਪ ਸਿੰਘ ਪੀ ਜੀ ਡੀ ਸੀ ਏ ਭਾਗ ਪਹਿਲਾ ਨੇ ਪਹਿਲਾ, ਇਰਫਾਨ ਅਲੀ ਬੀ ਏ ਭਾਗ ਪਹਿਲਾ ਨੇ ਦੂਸਰਾ ਅਤੇ ਧਰਮਪ੍ਰੀਤ ਸਿੰਘ ਐਮ ਏ ਪੰਜਾਬੀ ਭਾਗ ਪਹਿਲਾ ਨੇ ਤੀਸਰਾ ਸਥਾਨ ਹਾਸਿਲ ਕੀਤਾ।ਗਿੱਧੇ ਦੇ ਮੁਕਾਬਲੇ ਵਿੱਚ ਨਵਜੋਤ ਕੌਰ ਬੀ. ਸੀ. ਏ ਭਾਗ ਪਹਿਲਾ ਨੇ ਪਹਿਲਾ, ਰਮਨਪ੍ਰੀਤ ਕੌਰ ਪੀ. ਜੀ. ਡੀ. ਸੀ. ਏ ਭਾਗ ਪਹਿਲਾ ਨੇ ਦੂਸਰਾ ਅਤੇ ਮਨਏਕਪ੍ਰੀਤ ਕੌਰ ਬੀ. ਸੀ. ਏ ਭਾਗ ਤੀਜਾ, ਨਵਦੀਪ ਕੌਰ ਬੀ. ਸੀ. ਏ ਭਾਗ ਤੀਜਾ, ਜਸਲੀਨ ਕੌਰ ਬੀ. ਸੀ. ਏ ਭਾਗ ਤੀਜਾ ਸਾਂਝੇ ਤੌਰ 'ਤੇ ਤੀਸਰਾ ਸਥਾਨ ਹਾਸਲ ਕੀਤਾ।ਇਸ ਮੌਕੇ ਡਾ. ਮਨੀ ਛਾਬੜਾ, ਰਾਜਪ੍ਰੀਤ ਕੌਰ, ਰਾਜਦੀਪ ਕੌਰ ਜੋਸਨ, ਸੁਖਪਾਲ ਸਿੰਘ, ਗੁਰਪ੍ਰੀਤ ਕੌਰ, ਯੁਗਰਾਜ ਸਿੰਘ, ਸਿਮਰਜੀਤ ਕੌਰ, ਕੋਮਲਪ੍ਰੀਤ ਕੌਰ, ਇਸ਼ਿਤਾ ਸ਼ਰਮਾ, ਮਨਮੀਤ ਕੌਰ, ਨਿਵਿਆ ਸ਼ਰਮਾ, ਦਿਕਸ਼ਾ ਡੋਗਰਾ, ਹਰਦੀਸ਼ ਕੌਰ, ਵਿਸ਼ਵਪ੍ਰੀਤ ਸਿੰਘ, ਜਸਪ੍ਰੀਤ ਕੌਰ, ਹਰਪ੍ਰੀਤ ਸਿੰਘ, ਅਰਸ਼ਪ੍ਰੀਤ ਕੌਰ, ਸੰਦੀਪ ਕੌਰ, ਜਸਵੀਰ ਕੌਰ, ਸਰਬਜੀਤ ਕੌਰ, ਅਮਨਦੀਪ ਕੌਰ, ਹਰਜਾਪ ਸਿੰਘ, ਕਮਲਜੀਤ ਕੌਰ, ਅਮਨਦੀਪ ਕੌਰ, ਕਿਰਨਦੀਪ ਕੌਰ, ਰਾਜਕੁਮਾਰੀ, ਅਮਨਪ੍ਰੀਤ ਕੌਰ, ਸੋਨਮਪ੍ਰੀਤ ਕੌਰ, ਰਮਨਪ੍ਰੀਤ ਕੌਰ ਆਦਿ ਸਟਾਫ਼ ਮੈਂਬਰ ਹਾਜ਼ਰ ਸਨ।

## ਕੂੜਾਦਾਨ ਸ਼ੈੱਡ ਬਣ ਸਕਦਾ ਲੋਕਾਂ ਲਈ ਬਿਮਾਰੀ ਦਾ ਘਰ



**ਅੱਡਾ ਸਰਾਂ (ਜਸਵੀਰ ਕਾਜਲ)** ਪੰਜਾਬ ਸਰਕਾਰ ਦੁਆਰਾ ਪਿੰਡ ਪਿੰਡ ਵਿੱਚ ਸਵੱਛ ਮੁਹਿੰਮ ਤਹਿਤ ਕੂੜ ਦਾਨ ਸ਼ੈਡਾਂ ਲੋਕਾਂ ਦੀ ਸਹੂਲਤ ਲਈ ਬਣਾਈਆਂ ਗਈਆਂ ਸਨ।ਬਹੁਤ ਵਧੀਆ ਢੰਗ ਨਾਲ ਬਣਾਈਆਂ ਛੱਡਾਂ ਵਿੱਚ ਇੱਕ ਪਾਸਿਓਂ ਦੀ ਜਾ ਕੇ ਲੋਕ ਕੂੜਾ ਅੰਦਰ ਸੁੱਟ ਆਉਂਦੇ ਹਨ, ਪਰ ਬਹੁਤ ਸਾਰੇ ਪਿੰਡਾਂ ਵਿੱਚ ਸ਼ੈਡਾਂ ਪੂਰੀ ਤਰ੍ਹਾਂ ਕੂੜੇ ਨਾਲ ਭਰ ਚੁੱਕੀਆਂ ਹਨ।ਇਸ ਕੂੜੇ ਨੂੰ ਪਿੰਡ ਦੀਆਂ ਪੰਚਾਇਤਾਂ ਉਠਾਣਗੀਆਂ ਜਾਂ ਕੋਈ ਹੋਰ ਇਸ ਬਾਰੇ ਕੋਈ ਜਾਣਕਾਰੀ ਨਹੀਂ ਹੈ।ਇਸੇ ਤਰ੍ਹਾਂ ਪਿੰਡ ਕੰਧਾਲਾ ਜੱਟਾਂ ਵਿੱਚ ਇਹ ਕੂੜੇ ਲਈ ਸੈਂਡ ਬਣਾਈ ਗਈ ਸੀ ਪਿੰਡ ਕੰਧਾਲਾ ਜੱਟਾਂ ਦੀ ਵਸੋਂ ਜਿਆਦਾ ਹੋਣ ਕਰਕੇ ਇਹ ਸ਼ੈਡ 2 ਕੁ ਮਹੀਨਿਆਂ ਵਿੱਚ ਹੀ ਭਰ ਗਈਆਂ ਸਨ।ਹੁਣ ਤੇ ਕੂੜਾ ਸ਼ੈਡ ਤੋਂ ਬਾਹਰ ਭਰ ਕੇ ਵੀ ਸੜਕ ਤੱਕ ਪਹੁੰਚ ਚੁੱਕਾ ਹੈ ਜਦੋਂ ਮੀਂਹ ਦੇ ਦਿਨ ਹੁੰਦੇ ਹਨ ਇਸ ਕੂੜੇ ਵਿੱਚ ਬਹੁਤ ਜਿਆਦਾ ਬਦਬੂ ਆਉਂਦੀ ਹੈ।ਕੂੜੇ ਉੱਪਰ ਪਾਣੀ ਜਮ੍ਹਾਂ ਹੋਣ ਨਾਲ ਮੱਛਰ ਪੈਦਾ ਹੁੰਦਾ ਹੈ ਜਿਸ ਨਾਲ ਬਿਮਾਰੀ ਫੈਲਣ ਦਾ ਖਤਰਾ ਹੈ। ਇਸ ਕੂੜੇ ਨੂੰ ਕੌਣ ਉਠਾਏਗਾ ਇਸ ਦਾ ਤਾਂ ਪਤਾ ਨਹੀਂ ਪਰ ਕੁਝ ਦਿਨਾਂ ਤੱਕ ਬਿਮਾਰੀ ਜਰੂਰ ਫੈਲ ਸਕਦੀ ਹੈ।ਪੰਜਾਬ ਸਰਕਾਰ ਅੱਗੇ ਬੇਨਤੀ ਹੈ ਕਿ ਇਹਨਾਂ ਸ਼ੈਡਾਂ ਦੇ ਭਰ ਜਾਣ ਮਗਰੋਂ ਕੂੜਾ ਜਲਦ ਹੀ ਸੁੱਟਿਆ ਜਾਣਾ ਚਾਹੀਦਾ ਇਸ ਵੱਲ ਧਿਆਨ ਦੇਣ ਦੀ ਜਰੂਰਤ ਹੈ।ਸਰਕਾਰ ਇਸ ਸਮੱਸਿਆ ਦਾ ਹੱਲ ਜਲਦ ਤੋਂ ਜਲਦ ਕਰੇ ਇਹ ਪਿੰਡ ਵਾਸੀਆਂ ਦੀ ਬੇਨਤੀ ਹੈ

## ਭਾਰੀ ਬਾਰਸ਼ ਨਾਲ ਨੁਕਸਾਨੀ ਕੰਢੀ ਨਹਿਰ ਦੀ ਮੁਰੰਮਤ ਪੂਰੀ

**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)** ਕੰਢੀ ਕਨਾਲ ਦੇ ਐਸ ਈ ਨੇ ਦੱਸਿਆ ਕਿ ਪਿਛਲੇ ਦਿਨੀਂ 11 ਅਗਸਤ ਨੂੰ ਹਿਮਾਚਲ ਪ੍ਰਦੇਸ਼ ਦੇ ਜੇਜੋਂ ਹਲਕੇ ਵਿਚ ਭਾਰੀ ਬਾਰਸ਼ ਕਾਰਨ ਨਹਿਰ ਵਿੱਚ ਸ਼ੀਟ ਫਲੋਅ ਦੇ ਦਾਖਲ ਨਾਲ ਨੀਮ ਪਹਾੜੀ ਪਿੰਡਾਂ ਤੋਂ ਗੁਜਰਨ ਵਾਲੀ ਕੰਢੀ ਨਹਿਰ ਦੇ ਕਿਨਾਰਿਆਂ ਨੂੰ ਨੁਕਸਾਨ ਹੋਇਆ ਸੀ ਅਤੇ ਨਹਿਰ ਵਿੱਚ ਗਾਰ ਭਰ ਗਈ ਸੀ।ਇਸ ਤਰ੍ਹਾਂ ਕੰਢੀ ਨਹਿਰ ਸਟੇਜ-2 ਤਹਿਤ ਪਿੰਡ ਰਾਮਪੁਰ, ਖਾਨਪੁਰ ਅਤੇ ਸ਼ਾਹਪੁਰ ਦੇ ਤਿੰਨ ਥਾਵਾਂ ਤੋਂ ਨਹਿਰ ਟੁੱਟ ਗਈ ਅਤੇ ਕੁਝ ਥਾਵਾਂ 'ਤੇ ਤਰੇੜਾਂ ਪੈ ਗਈਆਂ ਸਨ। ਕੰਢੀ ਕਨਾਲ ਦੇ ਐਸ ਈ ਨੇ ਦੱਸਿਆ ਕਿ ਇਸ ਦੇ ਤੁਰੰਤ ਬਾਅਦ ਹੀ ਨਹਿਰੀ ਵਿਭਾਗ ਦੁਆਰਾ ਕਰਵਾਈ ਕਰਦੇ ਹੋਏ ਨਹਿਰ ਤੋਂ ਗਾਰ ਹਟਾਉਣ, ਦਰਾੜਾਂ ਨੂੰ ਭਰਨ ਅਤੇ ਨਹਿਰ ਦੇ ਨਿਰੀਖਣ ਮਾਰਗ/ਕਿਨਾਰਿਆਂ ਨੂੰ ਪੁਨਰ ਸਥਾਪਿਤ ਕਰਨ ਲਈ ਮੈਨਪਾਵਰ ਅਤੇ ਮਸ਼ੀਨਰੀ ਤਾਇਨਾਤ ਕਰ ਦਿੱਤੀ ਗਈ ਸੀ।ਹੁਣ ਇਹ ਕੰਮ ਪੂਰਾ ਕਰ ਲਿਆ ਗਿਆ ਹੈ ਅਤੇ ਵਰਤਮਾਨ ਸਮੇਂ ਨਹਿਰ ਵਿੱਚ ਪਾਣੀ ਛੱਡਿਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਨਹਿਰੀ ਵਿਭਾਗ ਨੇ ਇਸ ਕਾਰਜ ਨੂੰ ਪਹਿਲ ਦੇ ਆਧਾਰ 'ਤੇ ਪੂਰਾ ਕੀਤਾ, ਤਾਂ ਜੋ ਕਿਸਾਨਾਂ ਅਤੇ ਸਥਾਨਿਕ ਨਿਵਾਸੀਆਂ ਨੂੰ ਕਿਸੇ ਵੀ ਪ੍ਰਕਾਰ ਦੀ ਅਸੁਵਿਧਾ ਦਾ ਸਾਹਮਣਾ ਨਾ ਕਰਨਾ ਪਵੇ।

## ਧਾਰਮਿਕ ਅਸਥਾਨ ਦੇ ਕੋਲ ਕੂੜੇ ਦਾ ਡੰਪ ਬਣਾਉਣ 'ਤੇ ਪਿੰਡ ਵਾਸੀਆ 'ਚ ਭਾਰੀ ਰੋਸ



**ਫਗਵਾੜਾ (ਡਾ. ਰਮਨ)**-ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਸਾਹਿਬ ਪਿੰਡ ਚਹੇੜੂ ਤਹਿਸੀਲ ਫਗਵਾੜਾ ਜ਼ਿਲ੍ਹਾ ਕਪੂਰਥਲਾ ਅੱਗੇ ਕੂੜੇ ਤੋਂ ਖਾਦ ਬਣਾਉਣ ਦੇ ਪ੍ਰੋਜੈਕਟ ਨੂੰ ਬੰਦ ਕਰਵਾਉਣ ਨੂੰ ਲੈ ਕੇ ਪਿੰਡ ਵਾਸੀ ਸਤਨਾਮ ਸੰਧੂ, ਵਿਸ਼ਾਲ ਸੰਧੂ, ਚਰਨਜੀਤ, ਅਜੇ ਕੁਮਾਰ, ਮੈਡਮ ਸੋਹਣਾ, ਕਸ਼ਮੀਰੋ, ਲਿਲੀ, ਸ਼ਿੰਦੋ, ਦੀਸ਼ੋ, ਰੇਸ਼ਮੋ ਅਤੇ ਹੋਰ ਪਿੰਡ ਵਾਸੀ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨੇ ਯੁਵਾ ਵਿਕਾਸ ਮੋਰਚਾ ਪੰਜਾਬ ਦੇ ਸੂਬਾ ਪ੍ਰਧਾਨ ਅਨੂੰ ਸਹੋਤਾ ਅਤੇ ਜਨਰਲ ਸਕੱਤਰ ਅਸ਼ਵਨੀ ਸਹੋਤਾ ਦੀ ਯੋਗ ਅਗਵਾਈ ਹੇਠ ਐਸ ਡੀ ਐਮ ਫਗਵਾੜਾ ਨੂੰ ਇੱਕ ਮੰਗ ਪੱਤਰ ਭੇਟ ਕੀਤਾ। ਇਸ ਮੌਕੇ ਸੂਬਾ ਪ੍ਰਧਾਨ ਅਨੂੰ ਸਹੋਤਾ ਨੇ ਦੱਸਿਆ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੇ ਗੁਰਦੁਆਰਾ ਸਾਹਿਬ ਸਾਹਮਣੇ ਉਕਤ ਕੂੜੇ ਦਾ ਪ੍ਰੋਜੈਕਟ ਲਗਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਿੱਥੇ ਸ਼ਹਿਰ ਦਾ ਗੰਦਾ ਕੂੜਾ ਇਕੱਠਾ ਕਰਨ ਦਾ ਕੰਮ ਸ਼ੁਰੂ ਕੀਤਾ ਜਾ ਰਿਹਾ ਹੈ, ਜਿਸ ਪ੍ਰਤੀ ਸਾਨੂੰ ਬਹੁਤ ਹੀ ਭਾਰੀ ਰੋਸ ਹੈ। ਉਨ੍ਹਾਂ ਕਿਹਾ ਕਿ ਕਿਉਂਕਿ ਇਹ ਪ੍ਰੋਜੈਕਟ ਇੱਕ ਧਾਰਮਿਕ ਸਥਾਨ ਦੇ ਸਾਹਮਣੇ ਲਗਾਇਆ ਜਾ ਰਿਹਾ ਹੈ, ਦੂਸਰਾ ਇਹ ਸੰਘਣੀ ਆਬਾਦੀ ਵਿਚਕਾਰ ਆਉਦਾ ਹੈ, ਜਿਸ ਕਾਰਨ ਆਲੇ ਦੁਆਲੇ ਦੇ ਵਸਨੀਕਾਂ ਨੂੰ ਕਾਫੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਦਾ ਹੈ, ਕਿਉਂਕਿ ਇਸ ਕੂੜੇ ਦੀ ਬਦਬੂ ਕਾਰਨ ਇੱਥੇ ਰਹਿਣਾ ਮੁਸ਼ਕਲ ਹੋ ਜਾਵੇਗਾ। ਇਹ ਪ੍ਰੋਜੈਕਟ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਸਾਹਿਬ ਦੇ ਸਾਹਮਣੇ ਹੋਣ ਕਾਰਨ ਸਾਡੀ ਰਵਿਦਾਸੀਆ ਕੌਮ ਨੂੰ ਬਹੁਤ ਹੀ ਜ਼ਿਆਦਾ ਰੋਸ ਹੈ ਅਤੇ ਸਾਡੀਆਂ ਭਾਵਨਾਵਾਂ ਦੇ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ। ਇਸੇ ਸਬੰਧ ਵਿੱਚ ਸਬੰਧਤ ਪ੍ਰਸ਼ਾਸਨ ਅਧਿਕਾਰੀਆਂ ਵੱਲੋਂ ਪਿੰਡ ਦੀਆਂ ਰਵਿਦਾਸੀਆ ਸਮਾਜ ਦੀਆਂ ਔਰਤਾਂ ਜੋ ਕਿ ਇਸ ਪ੍ਰੋਜੈਕਟ ਦਾ ਵਿਰੋਧ ਕਰ ਰਹੀਆਂ ਸਨ। ਉਨ੍ਹਾਂ ਕਿਹਾ ਕਿ ਜੇਕਰ ਸਾਡੀਆ ਧਾਰਮਿਕ ਭਾਵਨਾਵਾਂ ਨੂੰ ਮੱਦੇਨਜ਼ਰ ਇਹ ਪ੍ਰੋਜੈਕਟ ਸਾਡੇ ਧਾਰਮਿਕ ਸਥਾਨ ਅਤੇ ਪਿੰਡ ਦੀ ਆਬਾਦੀ ਤੋਂ ਦੂਰ ਲਗਾਇਆ ਜਾਵੇ ਅਤੇ ਮੌਜੂਦਾ ਪ੍ਰੋਜੈਕਟ ਜਲਦ ਤੋਂ ਜਲਦ ਬੰਦ ਕਰਵਾਇਆ ਜਾਵੇ ਅਤੇ ਧਮਕੀਆਂ ਦੇਣ ਵਾਲੇ ਪ੍ਰਸ਼ਾਸਨਿਕ ਅਧਿਕਾਰੀ 'ਤੇ ਕਾਨੂੰਨੀ ਕਾਰਵਾਈ ਕੀਤੀ ਜਾਵੇ ਨਹੀਂ ਤਾਂ ਅਸੀਂ ਸੰਘਰਸ਼ ਕਰਨ ਲਈ ਮਜਬੂਰ ਹੋਵਾਂਗੇ।

## 'ਪੰਜਾਬ ਜਿਹਾ ਮੁਲਖ ਕੋਈ ਹੋਰ ਨਾਹ' ਰਿਲੀਜ਼



**ਚੰਡੀਗੜ੍ਹ (ਗੁਰਜੀਤ ਬਿੱਲਾ)** ਪੰਜਾਬੀ ਲੇਖਕ ਸਭਾ ਵੱਲੋਂ ਪੰਜਾਬ ਕਲਾ ਭਵਨ ਵਿਖੇ ਉੱਘੇ ਲੇਖਕ ਅਤੇ ਸਾਬਕਾ ਆਈ ਪੀ ਐੱਸ ਅਧਿਕਾਰੀ ਡਾ. ਮਨਮੋਹਨ ਦੀ ਨਵੀਂ ਪੁਸਤਕ 'ਪੰਜਾਬ ਜਿਹਾ ਮੁਲਖ ਕੋਈ ਹੋਰ ਨਾਹ' ਬਹੁਤ ਭਰਵੇਂ ਸਮਾਗਮ 'ਚ ਲੋਕ-ਅਰਪਣ ਹੋਈ।ਕਿਤਾਬ ਬਾਰੇ ਹੋਈ ਗੋਸ਼ਟੀ ਵਿੱਚ ਮਸ਼ਹੂਰ ਲੇਖਕਾਂ, ਬੁੱਧੀਜੀਵੀਆਂ, ਚਿੰਤਕਾਂ ਅਤੇ ਪੱਤਰਕਾਰਾਂ ਨੇ ਹਿੱਸਾ ਲਿਆ।ਸਮਾਗਮ ਵਿਚ ਹਾਜ਼ਰ ਸ਼ਖਸੀਅਤਾਂ ਦਾ ਸਵਾਗਤ ਕਰਦਿਆਂ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਬਲਕਾਰ ਸਿੱਧੂ ਨੇ ਕਿਹਾ ਕਿ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਜਿਹੇ ਮਹੱਤਵਪੂਰਨ ਮੁੱਦਿਆਂ ਬਾਰੇ ਗੰਭੀਰ ਚਰਚਾ ਅਤੇ ਚਿੰਤਨ ਜਿੰਨੀ ਵਾਰ ਵੀ ਹੋਵੇ, ਓਨਾ ਹੀ ਘੱਟ ਹੈ। ਜਨਰਲ ਸਕੱਤਰ ਭੁਪਿੰਦਰ ਸਿੰਘ ਮਲਿਕ ਨੇ ਕਿਹਾ ਕਿ ਕਿਸੇ ਵੀ ਭਾਸ਼ਾ ਦੀ ਅਮੀਰੀ ਉਸਦੇ ਸਾਹਿਤ ਵਿਚ ਪਈ ਹੁੰਦੀ ਹੈ।ਸੰਯੋਜਕ ਦੇ ਰੂਪ ਵਿੱਚ ਪ੍ਰੋ: ਪ੍ਰਵੀਨ ਕੁਮਾਰ ਨੇ ਕਿਹਾ ਕਿ ਸਮਾਜ 'ਚ ਬਿਰਤਾਂਤ ਮੌਖਿਕ ਪਰੰਪਰਾ 'ਚ ਸੰਚਾਰ ਦਾ ਮੁੱਖ ਪ੍ਰਾਰੂਪ ਹੈ।ਅਮਰਜੀਤ ਗਰੇਵਾਲ ਨੇ ਕਿਹਾ ਕਿ ਪੰਜਾਬ ਨੂੰ ਲੈ ਕੇ ਪੁਨਰ-ਉਸਾਰੀ, ਪੁਨਰ-ਸੋਚ ਅਤੇ ਪੁਨਰ-ਕਲਪਨਾ ਦੀ ਲੋੜ ਹੈ।ਪੰਜਾਬ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਮੁਖੀ ਪ੍ਰੋ. ਯੋਗ ਰਾਜ ਦਾ ਕਹਿਣਾ ਸੀ ਕਿ ਬੁੱਧੀਜੀਵੀ ਵਰਗ ਦਾ ਹੇਰਵਾ ਇਸ ਮੁੱਦੇ ਨੂੰ ਹੋਰ ਸੰਵੇਦਨਸ਼ੀਲ ਕਰਦਾ ਹੈ।ਯਾਦਵਿੰਦਰ ਕਰਫ਼ਿਊ ਨੇ ਕਿਹਾ ਕਿ ਪੰਜਾਬ ਦੀ ਪਹਿਚਾਣ ਸਮੇਂ ਸਮੇਂ ਬਦਲਦੀ ਰਹਿੰਦੀ ਹੈ। ਵਿਸ਼ੇਸ਼ ਮਹਿਮਾਨ ਅਸ਼ਵਨੀ ਚੈਟਲੇ ਨੇ ਕਿਹਾ ਕਿ ਮੌਕੇ ਦੀ ਨਜ਼ਾਕਤ ਇਹ ਕਹਿੰਦੀ ਹੈ ਕਿ ਹਰ ਪੰਜਾਬੀ ਨੂੰ ਅਵਾਜ਼ ਦੇਈਏ ਤਾਂ ਹੀ ਕੁਝ ਕਰ ਸਕਾਂਗੇ। ਦੂਜੇ ਵਿਸ਼ੇਸ਼ ਮਹਿਮਾਨ ਪ੍ਰੋ: ਕੁਲਦੀਪ ਸਿੰਘ ਨੇ ਕਿਹਾ ਕਿ ਗੁਆਚੇ ਹੋਏ ਪੰਜਾਬ ਨੂੰ ਲੱਭਣ ਦੀ ਲੋੜ ਹੈ ਜਿਸ ਲਈ ਸੰਵਾਦ ਵਧਾਉਣਾ ਪਵੇਗਾ।ਪੰਜਾਬ ਕਲਾ ਪ੍ਰੀਸ਼ਦ ਦੇ ਨਵ-ਨਿਯੁਕਤ ਚੇਅਰਮੈਨ ਸਵਰਨਜੀਤ ਸਵੀ ਨੇ ਮੁੱਖ ਮਹਿਮਾਨ ਵਜੋਂ ਬੋਲਦਿਆਂ ਕਿਹਾ ਕਿ ਡਾ. ਮਨਮੋਹਨ ਦੀ ਇਹ ਕਿਤਾਬ ਹਜ਼ਾਰਾਂ ਸੁਆਲ ਪੈਦਾ ਕਰਦੀ ਹੈ।'ਪੰਜਾਬ ਜਿਹਾ ਮੁਲਖ ਕੋਈ ਹੋਰ ਨਾਹ' ਕੀਤਾ ਦੇ ਲੇਖਕ ਡਾ. ਮਨਮੋਹਨ ਨੇ ਕਿਹਾ ਕਿ ਕਿਸੇ ਵੀ ਸਭਿਆਚਾਰਕ ਸਮੂਹ ਵਿਚ ਰੂਪਾਂਤਰਨ ਦੀ ਸਹਿਜ ਪ੍ਰਕਿਰਿਆ ਤਾਂ ਚਲਦੀ ਰਹਿੰਦੀ ਹੈ।

## ਸੰਤ ਬਾਬਾ ਸਤਪਾਲ ਸਿੰਘ ਦਾ ਪਹਿਲਾ ਬਰਸੀ ਸਮਾਗਮ ਮਨਾਇਆ



**ਆਦਮਪੁਰ (ਪਰਮਜੀਤ ਸਿੰਘ)**- ਹਲਕਾ ਆਦਮਪੁਰ ਦੇ ਅਧੀਨ ਆਉਂਦੇ ਪਿੰਡ ਖੋਜਕੀਪੁਰ ਨੰਗਲ ਸਲਾਲਾ ਦੇ ਗੁਰਦੁਆਰਾ ਬਾਵਾ ਟਾਹਲੀ ਸਾਹਿਬ ਵਿਖੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਬੰਸ ਸਿੰਘ ਦੀ ਦੇਖ-ਰੇਖ ਹੇਠ ਸਮੂਹ ਪ੍ਰਬੰਧਕ ਕਮੇਟੀ ਸਾਧ ਸੰਗਤ ਖੋਜਕੀਪੁਰ ਨੰਗਲ ਸਲਾਲਾ ਵੱਲੋਂ ਬ੍ਰਹਮ ਗਿਆਨੀ ਸੰਤ ਬਾਬਾ ਸਤਪਾਲ ਸਿੰਘ ਸਾਹਰੀ ਵਾਲਿਆਂ ਦਾ ਪਹਿਲਾ ਬਰਸੀ ਸਮਾਗਮ ਬਹੁਤ ਸ਼ਰਧਾ ਸਤਿਕਾਰ ਨਾਲ ਮਨਾਇਆ ਗਿਆ।ਰਹਿਰਾਸ ਸਾਹਿਬ ਦੇ ਭੋਗ ਪੈਣ ਉਪਰੰਤ ਦੀਵਾਨ ਸਜਾਏ ਗਏ।ਜਿਸ ਦੁਰਾਨ ਬੀਬੀ ਦਲੇਰ ਕੌਰ ਇੰਟਰਨੈਸ਼ਨਲ ਗੋਲਡ ਮੈਡਲਿਸਟ ਢਾਡੀ ਜੱਥਾ ਅਤੇ ਭਾਈ ਹਰਵਿੰਦਰ ਸਿੰਘ ਸੋਡੀ ਬਡਾਲਾ ਵਾਲਿਆਂ ਦੇ ਜੱਥਿਆਂ ਵੱਲੋਂ ਢਾਡੀ ਵਾਰਾਂ ਤੇ ਕੀਰਤਨ ਕਰ ਸੰਗਤਾਂ ਨੂੰ ਨਿਹਾਲ ਕੀਤਾ ਗਿਆ।ਪ੍ਰਬੰਧਕ ਕਮੇਟੀ ਵਲੋਂ ਰਾਗੀ ਜਥਿਆਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।ਹੈਡ ਗ੍ਰੰਥੀ ਜਸਵੀਰ ਸਿੰਘ ਵੱਲੋਂ ਰਾਗੀ ਜੱਥਿਆਂ ਤੇ ਆਈ ਹੋਈ ਸਭ ਸੰਗਤ ਦਾ ਧੰਨਵਾਦ ਕੀਤਾ। ਇਸ ਮੌਕੇ ਹਾਜਿਰ ਰਹੇ ਹਰਬੰਸ ਸਿੰਘ ਨੰਬਰਦਾਰ, ਸਾਬਕਾ ਸਰਪੰਚ ਕੇਵਲ ਸਿੰਘ, ਇੰਦਰਜੀਤ ਸਿੰਘ ਨੰਬਰਦਾਰ, ਮਹਿੰਗਾ ਸਿੰਘ, ਗੁਰਜੀਤ ਸਿੰਘ, ਅਮਨਦੀਪ ਸਿੰਘ ਨੰਬਰਦਾਰ ਸਲਾਲਾ, ਕੇਵਲ ਸਿੰਘ, ਜਗਵਿੰਦਰ ਸਿੱਖ ਸਿੱਧੂ, ਮਹਿੰਦਰ ਸਿੰਘ, ਦਲਵੀਰ ਸਿੰਘ, ਸਾਧੂ ਸਿੰਘ, ਨਗਰ ਨਿਵਾਸੀ ਤੇ ਸਮੂਹ ਸਾਧ ਸੰਗਤ ਹਾਜ਼ਰ ਰਹੇ।

## ਸ਼ਿਵ ਸੈਨਾ ਹਿੰਦ ਦੀ ਮੀਟਿੰਗ

**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)** ਸ਼ਿਵ ਸੈਨਾ ਹਿੰਦ ਦੀ ਮੀਟਿੰਗ ਪਾਰਟੀ ਦਫ਼ਤਰ ਚੰਡੀਗੜ੍ਹ ਰੋਡ ਵਿਖੇ ਹੋਈ, ਮੀਟਿੰਗ ਵਿਚ ਕੌਮੀ ਚੇਅਰਮੈਨ ਭਾਰਤੀ ਆਂਗਰਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਪ੍ਰਧਾਨਗੀ ਕੀਮਤੀ ਲਾਲ ਕਸ਼ਯਪ ਕੌਮੀ ਪ੍ਰਧਾਨ ਐਨ ਆਰ ਆਈ ਵਿੰਗ ਤੇ ਸ਼ਹਿਰੀ ਯੂਥ ਪ੍ਰਧਾਨ ਸੁਨੀਲ ਕੁਮਾਰ ਮੇਹਰਾ ਨੇ ਅਭੀਸ਼ੇਕ, ਮਨਜੀਤ ਸੰਜੇ ਕੁਮਾਰ, ਚੰਦਨ ਕੁਮਾਰ ਕਰਨਵੀਰ, ਹਰਸ ਮਾਨ ਸ਼ਿਵ ਸੈਨਾ ਹਿੰਦ ਨਾਲ ਹਿੰਦ ਪਰਵਾਰ ਵਿਚ ਸ਼ਾਮਲ ਕੀਤਾ ਗਿਆ।ਇਸ ਮੌਕੇ ਸ਼ਿਵ ਸੈਨਾ ਹਿੰਦ ਦੀ ਮੈਂਬਰਸ਼ਿਪ ਸਵੀਕਾਰ ਕਰਦੇ ਹੋਏ ਸ਼ਿਵ ਸੈਨਾ ਹਿੰਦ ਦੀਆਂ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਸ਼ਿਵ ਸੈਨਾ ਹਿੰਦ ਪਰਵਾਰ ਦਾ ਹਿੱਸਾ ਬਣ ਗਏ ਹਾਂ।ਸ਼ਿਵ ਸੈਨਾ ਹਿੰਦ ਸਨਾਤਨ ਧਰਮ ਅਤੇ ਹਿੰਦੂਤਵ ਲਈ ਤਨ-ਮਨ ਨਾਲ ਕੰਮ ਕਰਾਂਗੇ ਅਤੇ ਸਨਾਤਨ ਪਰਵਾਰਾਂ ਨੂੰ ਵੀ ਇਸ ਵਿੱਚ ਸ਼ਾਮਲ ਕਰਾਂਗੇ।

## ਐਕਸੀਡੈਂਟ ਨੇ ਇੱਕ ਹੋਰ ਵਿਦਿਆਰਥਣ ਦੀ ਜਾਨ ਲਈ



**ਖਰੜ ( ਹਰਨਾਮ ਸਿੰਘ ਡੱਲਾ)** ਬੀਤੇ ਦਿਨੀ ਇੱਕ ਹਾਦਸੇ ਨੇ ਪ੍ਰਾਈਵੇਟ ਸਕੂਲ ਦੀ ਵਿਦਿਆਰਥਣ ਹਰਸਿਮਰਨ ਕੌਰ ਪੁਤਰੀ ਸੁਖਵਿੰਦਰ ਸਿੰਘ ਦੀ ਜਾਨ ਲੈ ਲਈ।ਮੁੰਡੀ ਖਰੜ ਦੇ ਰਹਿਣ ਵਾਲੀ ਇਸ ਵਿਦਿਆਰਥਣ ਨਾਲ ਉਸ ਦਾ ਵੱਡਾ ਭਰਾ ਵੀ ਐਕਟਿਵਾ ਸਕੂਟੀ 'ਤੇ ਸਵਾਰ ਸੀ।ਦੋਵੇਂ ਭੈਣ ਭਰਾ ਟਿਊਸ਼ਨ ਪੜ੍ਹਨ ਲਈ ਆਪਣੇ ਘਰੋਂ ਜਦੋਂ ਝੁੰਗੀਆਂ ਰੋਡ 'ਤੇ ਪਹੁੰਚੇ ਹੀ ਸਨ ਕਿ ਇੱਕ ਅਗਿਆਤ ਟੈਕਸੀ ਨੇ ਬੱਚੀ ਨੂੰ ਫੇਟ ਮਾਰ ਦਿੱਤੀ।ਸਿੱਟੇ ਵਜੋਂ ਸਕੂਟੀ ਚਲਾ ਰਹੀ ਹਰਸਿਮਰਨ ਕੌਰ ਇੱਟਾਂ ਦੀ ਭਰੀ ਟਰੈਕਟਰ ਟਰੈਲੀ ਵੱਲ ਡਿੱਗ ਪਈ ਤੇ ਵਿਦਿਆਰਥਣ ਦਾ ਟਾਇਰ ਹੇਠ ਆਉਣ ਕਰਕੇ ਸਿਰ ਫਿੱਸ ਗਿਆ।ਹਰਸਿਮਰਤ ਕੌਰ ਦੀ ਘਟਨਾ ਸਥਾਨ ਉੱਤੇ ਹੀ ਮੌਤ ਹੋ ਗਈ। ਬਦਕਿਸਮਤ ਮਿਰਤਕ ਲੜਕੀ ਦਾ ਭਰਾ ਇਸ ਹਾਦਸੇ ਵਿੱਚ ਵਾਲ ਵਾਲ ਬਚਿਆ ਹੈ। ਚਸ਼ਮਦੀਦ ਲੋਕਾਂ ਦਾ ਕਹਿਣਾ ਹੈ ਕਿ ਬੱਚੇ ਅਰਾਮ ਨਾਲ ਟ੍ਰੈਕਟਰ ਟਰਾਲੀ ਨੂੰ ਪਾਸ ਕਰ ਰਹੇ ਸਨ ਜਦੋਂ ਇੱਕ ਤੇਜ਼ ਰਫ਼ਤਾਰ ਅਗਿਆਤ ਟੈਕਸੀ ਨੇ ਉਨ੍ਹਾਂ ਨੂੰ ਫੇਟ ਮਾਰ ਦਿੱਤੀ। ਐਕਸੀਡੈਂਟ ਹੋਣ ਤੋਂ ਜਲਦੀ ਬਾਅਦ ਪੁਲਸ ਨੂੰ ਵੀ ਸੂਚਨਾ ਦੇ ਦਿੱਤੀ ਸੀ, ਪਰ ਪੁਲਸ ਕਾਫੀ ਦੇਰ ਨਾਲ ਘਟਨਾ ਸਥਾਨ 'ਤੇ ਪਹੁੰਚੀ।ਪੁਲਸ ਵਲੋਂ ਲਾਸ਼ ਨੂੰ ਸਿਵਲ ਹਸਪਤਾਲ ਖਰੜ ਦੀ ਮੌਸਚਰੀ ਵਿੱਚ ਪੋਸਟ ਮਾਰਟਮ ਲਈ ਰਖਵਾ ਦਿੱਤਾ ਗਿਆ ਹੈ।ਚੇਤੇ ਰਹੇ ਕਿ ਖਰੜ ਦੀਆਂ ਸਮਾਜਿਕ ਜਥੇਬੰਦੀਆਂ ਅਤੇ ਰੈਜੀਡੈਂਟ ਵੈਲਫੇਅਰ ਐਸੋਸੀਏਸਨਾ ਵਾਰ ਵਾਰ ਪ੍ਰਸ਼ਾਸਨ ਤੋਂ ਮੰਗ ਕਰਦੀਆਂ ਵੀ ਆ ਰਹੀਆਂ ਹਨ ਕਿ ਸੜਕਾਂ 'ਤੇ ਦੁਕਾਨਦਾਰਾਂ ਵਲੋਂ ਕੀਤੇ ਗਏ ਕਬਜ਼ਿਆਂ ਨੂੰ ਹਟਾਇਆ ਜਾਣਾ ਚਾਹੀਦਾ ਹੈ।ਇਹਨਾਂ ਕਬਜ਼ਿਆਂ ਕਰਕੇ ਵੀ ਹਾਦਸਿਆ ਦਾ ਡਰ ਬਣਿਆ ਰਹਿੰਦਾ ਹੈ। ਨਗਰ ਕੌਂਸਲ ਦੇ ਅਧਿਕਾਰੀਆਂ ਦੀ ਮਿਲੀ ਭੁਗਤ ਨਾਲ ਨਵੀਆਂ ਉਸਾਰੀਆਂ ਕਰਦੇ ਸਮੇਂ ਪਾਰਕਿੰਗ ਰੂਲ ਸਿੱਕੇ ਟੰਗ ਦਿੱਤੇ ਜਾਂਦੇ ਹਨ, ਜਿਸ ਕਰਕੇ ਵਾਹਨ ਸੜਕ ਕਿਨਾਰੇ ਖੜ੍ਹੇ ਕਰਨ ਕਰਕੇ ਵੀ ਟਰੈਫਿਕ ਜਾਮ ਲਗਦੇ ਹਨ।ਪਰ ਇਸ 'ਤੇ ਕਾਰਵਾਈ ਕਰਨ ਲਈ ਖਰੜ ਪ੍ਰਸ਼ਾਸਨ ਕਦੋਂ ਹਰਕਤ ਵਿੱਚ ਆਵੇਗਾ?

## ਦੇਸ਼ ਭਗਤ 'ਵਰਸਿਟੀ ਨੇ ਐੱਮ ਬੀ ਬੀ ਐੱਸ ਪ੍ਰੋਗਰਾਮ ਲਈ ਅਮਰੀਕਾ 'ਚ ਨਵੇਂ ਕੈਂਪਸ ਨਾਲ ਵਿਸ਼ਵ ਪੱਧਰ 'ਤੇ ਕੀਤਾ ਵਿਸਥਾਰ




**ਰੋਪੜ (ਮੋਹਨ ਅੱਗਰਵਾਲ)**: ਦੇਸ਼ ਭਗਤ ਯੂਨੀਵਰਸਿਟੀ ਨੇ ਉੱਤਰੀ ਅਮਰੀਕਾ ਮਹਾਂਦੀਪ ਵਿੱਚ ਸਥਿਤ ਸੇਂਟ ਵਿਨਸੈਂਟ ਅਤੇ ਗ੍ਰੇਨਾਡਾਈਨਜ਼ ਵਿੱਚ ਇੱਕ ਦੂਜਾ ਕੈਂਪਸ ਦੇਸ਼ ਭਗਤ ਯੂਨੀਵਰਸਿਟੀ ਅਮਰੀਕਾ ਸਕੂਲ ਆਫ਼ ਮੈਡੀਸਨ ਸਥਾਪਿਤ ਕਰਕੇ ਆਪਣੀ ਪਹੁੰਚ ਦਾ ਵਿਸਥਾਰ ਕੀਤਾ ਹੈ।ਇਹ ਨਵਾਂ ਕੈਂਪਸ ਵਿਦਿਆਰਥੀਆਂ ਨੂੰ ਮੈਡੀਕਲ ਡਿਗਰੀ (ਐੱਮ ਬੀ ਬੀ ਐੱਸ ਪ੍ਰੋਗਰਾਮ) ਨੂੰ ਅੱਗੇ ਵਧਾਉਣ ਦਾ ਮੌਕਾ ਪ੍ਰਦਾਨ ਕਰਦਾ ਹੈ, ਜੋ ਕਿ ਮੈਡੀਸਨ ਦੇ ਖੇਤਰ ਵਿੱਚ ਮਿਆਰੀ ਸਿੱਖਿਆ ਪ੍ਰਦਾਨ ਕਰਨ ਲਈ ਯੂਨੀਵਰਸਿਟੀ ਦੀ ਵਚਨਬੱਧਤਾ ਨੂੰ ਅੱਗੇ ਵਧਾਉਂਦਾ ਹੈ।ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ ਨੇ ਕਿਹਾ ਕਿ ਵਿਦਿਆਰਥੀ ਕਈ ਕਾਰਨਾਂ ਕਰਕੇ ਦੇਸ਼ ਭਗਤ ਯੂਨੀਵਰਸਿਟੀ (ਡੀ.ਬੀ.ਯੂ.) ਅਮਰੀਕਾ ਸਕੂਲ ਆਫ਼ ਮੈਡੀਸਨ ਵਿੱਚ ਸ਼ਾਮਲ ਹੋਣ ਦੀ ਚੋਣ ਕਰ ਸਕਦੇ ਹਨ। ਪ੍ਰੋਗਰਾਮ ਵਿਦਿਆਰਥੀਆਂ ਲਈ ਸੰਯੁਕਤ ਰਾਜ ਅਮਰੀਕਾ ਵਿੱਚ ਕਲੀਨਿਕਲ ਰੋਟੇਸ਼ਨਾਂ ਦਾ ਪਿੱਛਾ ਕਰਨ, ਯੂ ਐਸ ਹੈਲਥਕੇਅਰ ਸਿਸਟਮ ਵਿੱਚ ਕੀਮਤੀ ਅੰਤਰਰਾਸ਼ਟਰੀ ਐਕਸਪੋਜ਼ਰ ਅਤੇ ਅਨੁਭਵ ਪ੍ਰਦਾਨ ਕਰਨ ਲਈ ਮਾਰਗ ਪੇਸ਼ ਕਰਦਾ ਹੈ। ਦੇਸ਼ ਭਗਤ ਯੂਨੀਵਰਸਿਟੀ ਅਮਰੀਕਾ ਸਕੂਲ ਆਫ਼ ਮੈਡੀਸਨ ਸੰਬੰਧਿਤ ਅਥਾਰਟੀਆਂ ਦੁਆਰਾ ਮਾਨਤਾ ਪ੍ਰਾਪਤ ਹੈ, ਇਹ ਯਕੀਨੀ ਬਣਾਉਂਦਾ ਹੈ ਕਿ ਪ੍ਰਦਾਨ ਕੀਤੀ ਗਈ ਸਿੱਖਿਆ ਗੁਣਵੱਤਾ ਦੇ ਮਿਆਰਾਂ ਨੂੰ ਪੂਰਾ ਕਰਦੀ ਹੈ, ਜੋ ਕਿ ਭਵਿੱਖ ਦੇ ਲਾਇਸੈਂਸ ਅਤੇ ਅਭਿਆਸ ਲਈ ਜ਼ਰੂਰੀ ਹੈ।

## ਕ੍ਰਿਸ਼ਨ ਜਨਮ ਅਸ਼ਟਮੀ ਮਨਾਈ



**ਜਲੰਧਰ (ਇਕਬਾਲ ਸਿੰਘ ਉਭੀ)**-ਸੇਂਟ ਸੋਲਜਰ ਗਰੁੱਪ ਆਫ ਇੰਸਟੀਚਿਊਸ਼ਨਜ਼ ਦੀਆਂ ਵੱਖ-ਵੱਖ ਸਕੂਲਾਂ ਦੀਆਂ ਸ਼ਾਖਾਵਾਂ ਨੇ ਕ੍ਰਿਸ਼ਨ ਜਨਮ ਅਸ਼ਟਮੀ ਦਾ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ।ਜਿਸ ਦੀ ਅਗਵਾਈ ਗਰੁੱਪ ਵਾਈਸ ਚੇਅਰਪਰਸਨ ਸੰਗੀਤਾ ਚੋਪੜਾ ਦੀ ਦੇਖ-ਰੇਖ ਹੇਠ ਕੀਤੀ ਗਈ।ਸਕੂਲ ਦੀਆਂ ਸਾਰੀਆਂ ਸ਼ਾਖਾਵਾਂ ਵਿੱਚ ਭਗਵਾਨ ਸ਼੍ਰੀ ਕ੍ਰਿਸ਼ਨ ਦੀਆਂ ਕਹਾਣੀਆਂ ਦਾ ਆਪੋ-ਆਪਣੇ ਢੰਗ ਨਾਲ ਵਰਣਨ ਕੀਤਾ ਗਿਆ।ਛੋਟੇ-ਛੋਟੇ ਵਿਦਿਆਰਥੀ ਆਪਣੇ ਘਰਾਂ ਤੋਂ ਸ਼੍ਰੀ ਰਾਧਾ ਕ੍ਰਿਸ਼ਨ ਦੇ ਰੂਪ 'ਚ ਸਕੂਲ ਪਹੁੰਚੇ।ਪ੍ਰੋਗਰਾਮ ਵਿੱਚ ਕਿੰਡਰਗਾਰਟਨ ਤੋਂ ਲੈ ਕੇ ਉੱਚ ਜਮਾਤਾਂ ਤੱਕ ਦੀਆਂ ਸਾਰੀਆਂ ਸ਼ਾਖਾਵਾਂ ਦੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ।ਇਸ ਮੌਕੇ ਗਰੁੱਪ ਚੇਅਰਮੈਨ ਅਨਿਲ ਚੋਪੜਾ ਅਤੇ ਵਾਈਸ ਚੇਅਰਪਰਸਨ ਸੰਗੀਤਾ ਚੋਪੜਾ ਨੇ ਸਮੂਹ ਸਟਾਫ਼ ਨੂੰ ਜਨਮ ਅਸ਼ਟਮੀ ਦੇ ਤਿਉਹਾਰ ਦੀਆਂ ਵਧਾਈ ਦਿੰਦਿਆਂ ਹੋਏ ਕਿਹਾ ਕਿ ਆਓ ਇਸ ਜਨਮ ਅਸ਼ਟਮੀ 'ਤੇ ਰਲ-ਮਿਲ ਕੇ ਰਹਿਣ ਦਾ ਪ੍ਰਣ ਕਰੀਏ, ਤਾਂ ਜੋ ਸਮਾਜ ਵਿੱਚ ਏਕਤਾ ਅਤੇ ਪਿਆਰ ਬਣਿਆ ਰਹੇ।